ਸਿਰਜਣਾ

ਜਨਵਰੀ-ਮਾਰਚ 2015 (ਅੰਕ 175)

January- March 2015

ਸੰਪਾਦਕ: ਰਘਬੀਰ ਸਿੰਘ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਨਿੱਜੀ ਲਾਇਬ੍ਰੇਰੀ ਵਿੱਚੋਂ।

ਇਜਾਜ਼ਤ
Permission

ਮੈਂ ਰਘੁਬੀਰ ਸਿੰਘ ਸੰਪਾਦਕ ਸਿਰਜਣਾ ਸੁਖਵੰਤ ਹੁੰਦਲ (13286 55 A Ave. Surrey, BC, Canada) ਨੂੰ ਸਿਰਜਣਾ ਦੇ ਸਾਰੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਦੀ ਇਜਾਜ਼ਤ ਦਿੰਦਾ ਹਾਂ। ਇਹ ਇਜਾਜ਼ਤ ਸਿਰਫ ਸਿਰਜਣਾ ਦੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਲਈ ਹੀ ਹੈ। ਸਿਰਜਣਾ ਦੀ ਸਮੱਗਰੀ ਦੇ ਕਾਪੀਰਾਈਟ ਅਤੇ ਹੋਰ ਸਾਰੇ ਹੱਕ ਰਘਬੀਰ ਸਿੰਘ ਸੰਪਾਦਕ ਸਿਰਜਣਾ ਦੇ ਹਨ।

I Raghbir Singh editor Sirjana hearby grant permission to Sukhwant Hundal (13286 55 A Ave. Surrey, BC, Canada) to upload online all issues of Sirjana in PDF format. This permission is only for uploading issues online in PDF format. The copyright and all other rights for Sirjana's content remains with Raghbir Singh, editor Sirjana.

ਦਸਖਤ –Sign: [signature]

ਪਤਾ –Address:
1728, ਸੈਕਟਰ 43-ਬੀ, ਚੰਡੀਗੜ੍ਹ - 160022
1728, Sector 43-B, Chandigarh - 160022 India

ਤਾਰੀਕ –Date: 25-10-2014

ਸਿਰਜਣਾ

ਜਨਵਰੀ-ਮਾਰਚ 2015 **175** 40 ਰੁਪਏ

ਸਿਰਜਣਾ

175

ਜਨਵਰੀ-ਮਾਰਚ 2015

ਸੰਪਾਦਕ : ਰਘਬੀਰ ਸਿੰਘ

Editor : Raghbir Singh

1728, ਸੈਕਟਰ 43-ਬੀ,
ਚੰਡੀਗੜ੍ਹ-160 022
ਫੋਨ : +91-172-2601693

SIRJANA
1728, Sector 43-B,
Chandigarh-160 022
INDIA
Phone : +91-172-2601693
E-mail :
raghbirssirjana@yahoo.com

Sirjana is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966

ਇਸ ਅੰਕ ਵਿਚ

ਰਘਬੀਰ ਸਿੰਘ / ਸੰਪਾਦਕੀ /ਢਾਹਾਂ ਇਨਾਮ /1

ਜਸਵਿੰਦਰ/ਨਿਬੰਧ/ ਮੇਰੀ ਗ਼ਜ਼ਲ ਅਤੇ ਸਾਹਿਤ ਅਕਾਦਮੀ ਐਵਾਰਡ/ 3 / ਗ਼ਜ਼ਲਾਂ / 5

ਤ੍ਰੈਲੋਚਨ 'ਲੋਚੀ'/ ਦੋਹੇ / 9

ਗੁਰਪ੍ਰੀਤ / ਸੱਤ ਕਵਿਤਾਵਾਂ / 10

ਸਾਧੂ ਬਿਨਿੰਗ / ਕਵਿਤਾ / ਨਾਸਤਿਕ ਹੋਣ ਬਾਅਦ/14

ਫਿੱਲ ਜ਼ੁਕਰਮੈਨ/ਨਿਬੰਧ/ਬਿਨਾਂ ਧਰਮ ਇਕ ਕਾਮਯਾਬ ਸਮਾਜ /16

ਜਰਨੈਲ ਸਿੰਘ/ ਕਹਾਣੀ/ ਕਾਲ਼ੇ ਵਰਕੇ / 19

ਬਲਜੀਤ ਬਾਸੀ / ਕਹਾਣੀ/ ਲਾਹੌਰ ਦਾ ਸ਼ੌਕੀਨ / 39

ਪ੍ਰੇਮ ਮਾਨ/ ਕਹਾਣੀ/ ਸਕੂਨ/ 44

ਹਮਦਰਦਵੀਰ ਨੌਸ਼ਹਿਰੀ/ਸਵੈ ਕਥਨ/ਘਰ ਦਾ ਰਾਹ ਤਲਾਸ਼ਦਿਆਂ/ 54

ਬਲਬੀਰ ਪਰਵਾਨਾ / ਨਿਬੰਧ / ਕਮਿਊਨਿਸਟ ਲਹਿਰ ਬਾਰੇ ਮੇਰੀ ਨਾਵਲ ਚੌਲੜੀ / 58

ਸੁਰਜੀਤ ਹਾਂਸ/ਨਿਬੰਧ/ਜਨ-ਪਰਵਾਸ/66

ਤਾਰਾ ਸਿੰਘ/ਨਿਬੰਧ/ਸੰਤ ਸਿੰਘ ਸੇਖੋਂ ਦੇ ਨਾਵਲਾਂ ਵਿਚ ਕਿਸਾਨੀ ਸੰਕਟ/ 74

ਰਘਬੀਰ ਸਿੰਘ/ਰਿਵਿਊ ਨਿਬੰਧ/ ਦਰਸ਼ਨ ਸਿੰਘ ਦਾ ਨਾਵਲ 'ਲੋਟਾ'/ 80

ਗੁਲਜ਼ਾਰ ਸਿੰਘ ਸੰਧੂ/ ਰਿਵਿਊ/ ਠੰਢੀ ਧਰਤੀ ਤਪਦੇ ਲੋਕ/86

ਅਵਤਾਰ ਸਿੰਘ ਬਿਲਿੰਗ/ਰਿਵਿਊ/ਬੇਗ਼ਾਨੇ/88

ਚੰਦਰ ਮੋਹਨ/ਰਿਵਿਊ/ਸੁਪਨੀਂਦੇ/90/ਬਾਤਾਂ ਸ਼ਾਤਾਂ/92

ਮਨਦੀਪ ਸਿੰਘ/ਰਿਵਿਊ/ਰਾਹਾਂ ਦੀ ਤਪਸ਼/95

ਸਤਿੰਦਰ ਸਿੰਘ ਬਾਵਾ/ਰਿਵਿਊ/ਮਾਟੀ ਕੁਦਮ ਕਰੇਂਦੀ ਯਾਰ/97

ਪੱਤਰ/ਕੁਲਵੰਤ ਸਿੰਘ ਸੰਘਾ, ਅਮਰਜੀਤ ਕੌਰ, ਬਰਿੰਦਰ ਕੌਰ, ਡਾ. ਗੁਰਦੀਪ ਕੌਰ, ਡਾ. ਕਰਮਜੀਤ ਸਿੰਘ ਨਡਾਲਾ, ਜੈ ਪਾਲ

ਟਾਈਟਲ ਚਿੱਤਰ : ਦੇਵ   ਟਾਈਪ-ਸੈਟਿੰਗ ਅਤੇ ਟਾਈਟਲ ਡਿਜ਼ਾਈਨਿੰਗ: ਰਾਜਪ੍ਰੀਤ ਸਿੰਘ

ਚੰਦਾ-ਦਸ ਅੰਕ : ਦੇਸ : 400 ਰੁਪਏ, ਪੰਜ ਸਾਲ: 800 ਰੁਪਏ
ਵਿਦੇਸ਼-ਹਵਾਈ ਡਾਕ ਰਾਹੀਂ : ਦਸ ਅੰਕ: 25 ਪੌਂਡ, 50 ਡਾਲਰ, ਪੰਜ ਸਾਲ : 50 ਪੌਂਡ, 100 ਡਾਲਰ

ਢਾਹਾਂ ਇਨਾਮ

ਕੈਨੇਡਾ ਵਿਚ ਸਥਾਪਤ ਹੋਇਆ ਢਾਹਾਂ ਇਨਾਮ ਪੰਜਾਬੀ ਭਾਸ਼ਾ ਤੇ ਸਾਹਿਤ ਲਈ ਇਕ ਸ਼ੁਭ ਵਰਤਾਰਾ ਸਮਝਿਆ ਜਾਣਾ ਚਾਹੀਦਾ ਹੈ। ਪੰਜਾਬੀ ਵਿਚ ਸਰਬ ਸ੍ਰੇਸ਼ਟ ਗਲਪ ਰਚਨਾ ਨੂੰ ਮਾਨਤਾ ਦੇਣ ਲਈ ਦੇਸ਼ਾਂ ਦੇ ਹੱਦਬੰਨਿਆਂ ਤੋਂ ਅਗਾਂਹ ਕੌਮਾਂਤਰੀ ਪੱਧਰ 'ਤੇ ਸਾਹਿਤ-ਸਿਰਜਣਾ ਨੂੰ ਉਤਸ਼ਾਹਤ ਕਰਨ ਦੇ ਐਲਾਨੇ ਉਦੇਸ਼ ਨਾਲ ਸਥਾਪਤ ਕੀਤਾ ਗਿਆ ਇਹ ਇਨਾਮ ਨਾ ਸਿਰਫ ਸਾਡੀ ਜ਼ੁਬਾਨ ਵਿਚ ਸਗੋਂ ਦੱਖਣੀ ਏਸ਼ੀਆ ਦੀ ਕਿਸੇ ਵੀ ਭਾਸ਼ਾ ਵਿਚ ਸਭ ਤੋਂ ਵੱਡਾ ਸਾਹਿਤਕ ਇਨਾਮ ਹੈ। 25 ਹਜ਼ਾਰ ਕੈਨੇਡੀਅਨ ਡਾਲਰ ਦੀ ਇਸਦੇ ਪਹਿਲੇ ਨੰਬਰ ਦੇ ਇਨਾਮ ਦੀ ਰਾਸ਼ੀ ਅੱਜੋਕੇ ਦਰ ਨਾਲ ਭਾਰਤੀ ਮੁਦਰਾ ਵਿਚ ਲਗਪਗ ਚੌਦਾਂ ਪੰਦਰਾਂ ਲੱਖ ਰੁਪਏ ਦੇ ਬਰਾਬਰ ਪਹੁੰਚਦੀ ਹੈ। ਭਾਰਤ ਵਿਚ ਸਾਹਿਤ ਅਕਾਦਮੀ, ਗਿਆਨਪੀਠ ਅਤੇ ਬਿਰਲਾ ਫਾਊਂਡੇਸ਼ਨ ਦੇ ਸਾਹਿਤ-ਸਿਰਜਣਾ ਲਈ ਸਥਾਪਤ ਹੋਏ ਹੁਣ ਤਕ ਦੇ ਸਭ ਵੱਡੇ ਇਨਾਮ ਰਕਮ ਦੇ ਪੱਖੋਂ ਇਸ ਤੋਂ ਹੇਠਾਂ ਹਨ। ਪਾਕਿਸਤਾਨ, ਬੰਗਲਾਦੇਸ਼ ਵਰਗੇ ਗੁਆਂਢੀ ਦੇਸ਼ਾਂ ਵਿਚ ਵੀ ਏਨੇ ਵੱਡੇ ਕਿਸੇ ਸਾਹਿਤਕ ਇਨਾਮ ਦੀ ਕਨਸੋਅ ਨਹੀਂ। ਦੂਜੇ ਨੰਬਰ 'ਤੇ ਦਿੱਤੇ ਜਾਣ ਵਾਲੇ ਦੋ ਢਾਹਾਂ ਇਨਾਮਾਂ ਦੀ ਪੰਜ ਪੰਜ ਹਜ਼ਾਰ ਕੈਨੇਡੀਅਨ ਡਾਲਰ ਦੀ ਇਨਾਮ ਦੀ ਰਾਸ਼ੀ ਵੀ ਕੋਈ ਛੋਟੀ ਨਹੀਂ। ਢਾਹਾਂ ਇਨਾਮ ਵਾਸਤੇ ਗੁਰਮੁਖੀ ਜਾਂ ਸ਼ਾਹਮੁਖੀ ਕਿਸੇ ਵੀ ਲਿੱਪੀ ਵਿਚ ਛਪੀਆਂ ਪੰਜਾਬੀ ਗਲਪ ਦੀਆਂ ਤਿੰਨ ਪੁਸਤਕਾਂ ਨੂੰ ਹਰ ਸਾਲ ਇਸ ਤਰ੍ਹਾਂ ਚੁਣਿਆ ਜਾਂਦਾ ਹੈ ਕਿ ਹਰ ਲਿੱਪੀ ਦੇ ਹਿੱਸੇ ਇਕ ਇਨਾਮ ਜ਼ਰੂਰ ਆਵੇ।

ਮਹਿਜ਼ ਇਨਾਮ ਦੀ ਵੱਡੀ ਰਾਸ਼ੀ ਹੀ ਪੰਜਾਬੀ ਸਾਹਿਤ ਜਾਂ ਕਿਸੇ ਵੀ ਜ਼ੁਬਾਨ ਦੇ ਸਾਹਿਤ ਦੇ ਪ੍ਰਫੁਲਨ ਦੀ ਜ਼ਾਮਨ ਨਹੀਂ ਹੋ ਸਕਦੀ। ਤਦ ਵੀ ਇਸ ਹਕੀਕਤ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਸ ਤਰ੍ਹਾਂ ਦਾ ਇਨਾਮ ਸਾਹਿਤ-ਸਿਰਜਣਾ ਲਈ ਉਤਸ਼ਾਹ ਵਾਲਾ ਮਾਹੌਲ ਜ਼ਰੂਰ ਸਿਰਜਦਾ ਹੈ। ਪੁਸਤਕਾਂ ਦੀ ਰਚਨਾ ਦੇ ਨਾਲ ਉਹਨਾਂ ਦੇ ਪ੍ਰਕਾਸ਼ਨ ਤੇ ਵਿਤਰਨ ਅਤੇ ਪਾਠਕਾਂ ਦੇ ਪੁਸਤਕਾਂ ਵੱਲ ਧਿਆਨ ਆਕਰਸ਼ਤ ਹੋਣ ਦੇ ਪੱਖ ਤੋਂ ਅਜਿਹੇ ਇਨਾਮ ਦਾ ਚੋਖਾ ਮਹੱਤਵ ਹੈ। ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਪ੍ਰਾਂਤ ਵਿਚ ਵੈਨਕੂਵਰ ਵਿਚ ਪ੍ਰਵਾਨ ਚੜ੍ਹੇ ਸਫਲ ਕਾਰੋਬਾਰੀ ਮਨੁੱਖ, ਉੱਘੇ ਦਾਨੀ ਅਤੇ ਸੋਸ਼ਲ ਵਰਕਰ ਬਰਜ ਢਾਹਾਂ ਦਾ ਆਪਣੀ ਭਾਸ਼ਾ ਤੇ ਸਾਹਿਤ ਨਾਲ ਲਗਾਉ ਨਿਸਚੈ ਹੀ ਪ੍ਰਸ਼ੰਸਾ ਦਾ ਅਧਿਕਾਰੀ ਹੈ। ਆਪਣੀ ਪਤਨੀ ਰੀਟਾ ਢਾਹਾਂ, ਦੂਜੇ ਸਕੇ ਸੰਬੰਧੀਆਂ ਅਤੇ ਨੇੜਲੇ ਮਿੱਤਰਾਂ ਨਾਲ ਸਲਾਹ ਮਸ਼ਵਰੇ ਤੇ ਹਮਾਇਤ ਨਾਲ ਉਸਨੇ ਇਹ ਇਨਾਮ ਸ਼ੁਰੂ ਕਰਨ ਦਾ ਉਦਮ ਕੀਤਾ ਹੈ। ਉਸ ਰਾਹੀਂ ਕੈਨੇਡਾ-ਇੰਡੀਆ ਐਜੂਕੇਸ਼ਨ ਸੁਸਾਇਟੀ ਵੱਲੋਂ ਯੂਨੀਵਰਸਿਟੀ ਔਫ ਬ੍ਰਿਟਿਸ਼ ਕੋਲੰਬੀਆ ਦੇ ਸਹਿਯੋਗ ਨਾਲ ਸ਼ੁਰੂ ਕੀਤੇ ਗਏ ਇਸ ਇਨਾਮ ਦੀ ਪ੍ਰਕਿਰਿਆ ਵੀ ਬਹੁਤ ਸਾਫ ਸੁਥਰੀ ਹੈ। ਬਰਜ ਢਾਹਾਂ ਨੇ ਇਹ ਇਨਾਮ ਸ਼ੁਰੂ ਕਰਨ ਲਈ ਪੰਜਾਬੀ ਭਾਸ਼ਾ ਦੇ ਪ੍ਰਫੁਲਨ ਦੇ ਇਕੋ ਇਕ ਉਦੇਸ਼ ਨੂੰ ਮੁਖ ਰਖਦਿਆਂ ਹੋਇਆਂ ਇਨਾਮ ਲਈ ਚੋਣ ਦੀ ਪ੍ਰਕਿਰਿਆ ਤੋਂ ਆਪਣੇ ਆਪ ਨੂੰ ਪੂਰੀ ਤਰ੍ਹਾਂ ਵੱਖ ਰੱਖਿਆ ਹੈ।

ਇਨਾਮ ਲਈ ਪੁਸਤਕ ਅਤੇ ਲੇਖਕ ਦੀ ਚੋਣ ਕਰਨ ਦਾ ਸਾਰਾ ਅਮਲ ਇਨਾਮ ਦੀ ਸਲਾਹਕਾਰ ਕਮੇਟੀ ਦੇ ਰੂਪ ਵਿਚ ਸਾਹਿਤਕਾਰਾਂ ਅਤੇ ਪੰਜਾਬੀ ਸਾਹਿਤ ਨਾਲ ਵਾਹ-ਵਾਸਤਾ ਰੱਖਣ ਵਾਲੇ ਵਿਦਵਾਨਾਂ ਦੇ ਹਵਾਲੇ ਕੀਤਾ ਗਿਆ ਹੈ। ਇਨਾਮ ਦੇ ਸ਼ੁਰੂ ਦੇ ਸਾਲ ਵਿਚ ਸਲਾਹਕਾਰ ਕਮੇਟੀ ਦੀ ਚੇਅਰਪਰਸਨ ਵਜੋਂ ਯੂਨੀਵਰਸਿਟੀ ਔਫ ਬ੍ਰਿਟਿਸ਼

ਕੋਲੰਬੀਆ ਦੇ ਸਾਊਥ ਏਸ਼ੀਅਨ ਸਟੱਡੀਜ਼ ਵਿਭਾਗ ਵਿਚ ਐਸੋਸ਼ੀਏਟ ਪ੍ਰੋਫੈਸਰ ਡਾ. ਐਨ ਮਰਫੀ ਨੇ ਇਨਾਮ ਦੀ ਪ੍ਰਕਿਰਿਆ ਲਈ ਅਜਿਹੇ ਨੇਮ ਉਲੀਕੇ ਹਨ, ਜੋ ਇਨਾਮ ਨੂੰ ਠੀਕ ਦਿਸ਼ਾ ਵਿਚ ਲਿਜਾਣ ਲਈ ਮਜ਼ਬੂਤ ਨੀਂਹ ਦਾ ਕੰਮ ਕਰ ਸਕਦੇ ਹਨ। ਆਇਰਸ਼ ਮੂਲ ਦੀ ਵਿਦਵਾਨ ਡਾ. ਐਨ ਮਰਫੀ ਦਾ ਪੰਜਾਬੀ ਸਾਹਿਤ ਸਭਿਆਚਾਰ ਨਾਲ ਲਗਾਉ ਆਪਣੇ ਆਪ ਵਿਚ ਮਹੱਤਵਪੂਰਨ ਹੈ। ਹਰ ਸਾਲ ਦੇ ਇਨਾਮ ਲਈ ਉਸਤੋਂ ਪਹਿਲੇ ਸਾਲ ਦੌਰਾਨ ਛਪੀ ਮੌਲਿਕ ਗਲਪ ਪੁਸਤਕ ਇਨਾਮ ਲਈ ਵਿਚਾਰੀ ਜਾਂਦੀ ਹੈ। ਲੇਖਕ ਖੁਦ ਜਾਂ ਉਸ ਵੱਲੋਂ ਲਿਖਤੀ ਆਗਿਆ ਸਹਿਤ ਕੋਈ ਹੋਰ ਵਿਅਕਤੀ ਛਪੀ ਹੋਈ ਪੁਸਤਕ ਦੀਆਂ ਦੋ ਕਾਪੀਆਂ ਅਤੇ ਉਸਦਾ ਇਲੈਕਟ੍ਰਾਨਿਕ ਰੂਪ ਭੇਜਕੇ ਨਾਮਜ਼ਦਗੀ ਭਰ ਸਕਦਾ ਹੈ। ਸਾਰੀਆਂ ਨਾਮਜ਼ਦ ਹੋਈਆਂ ਪੁਸਤਕਾਂ ਦੇ ਪਹਿਲਾਂ ਦੋ ਜਿਊਰੀਆਂ ਦੁਆਰਾ ਵਿਚਾਰੇ ਜਾਣ ਅਤੇ ਉਹਨਾਂ ਦੀਆਂ ਸਿਫਾਰਸ਼ਾਂ ਅਨੁਸਾਰ ਫਿਰ ਅੰਤਮ ਸੈਂਟਰਲ ਜਿਊਰੀ ਵੱਲੋਂ ਫੈਸਲਾ ਲਏ ਜਾਣ ਦੀ ਇਕ ਲੰਮੀ ਤੇ ਘੋਖਵੀਂ ਪ੍ਰਕਿਰਿਆ ਹੈ।

ਪਲੇਠਾ ਢਾਹਾਂ ਸਰਬ ਸ੍ਰੇਸ਼ਟ ਇਨਾਮ ਅਵਤਾਰ ਸਿੰਘ ਬਿਲਿੰਗ ਨੂੰ ਉਸਦੇ ਨਾਵਲ 'ਖਾਲੀ ਖੂਹਾਂ ਦੀ ਕਥਾ' ਉੱਤੇ ਦਿੱਤਾ ਗਿਆ ਸੀ ਜਦਕਿ ਦੋ ਦੂਜੇ ਇਨਾਮਾਂ ਲਈ ਪਾਕਿਸਤਾਨ ਦੇ ਲੇਖਕ ਜ਼ੁਬੇਰ ਅਹਿਮਦ ਅਤੇ ਜਸਬੀਰ ਭੁੱਲਰ ਦੀਆਂ ਕਹਾਣੀਆਂ ਦੀਆਂ ਪੁਸਤਕਾਂ ਕ੍ਰਮਵਾਰ 'ਕਬੂਤਰ ਬਨੇਰੇ ਤੇ ਗ਼ਲੀਆਂ' ਅਤੇ 'ਇਕ ਰਾਤ ਦਾ ਸਮੁੰਦਰ' ਚੁਣੀਆਂ ਗਈਆਂ ਸਨ। ਇਨਾਮ ਦੇਣ ਲਈ ਪਿਛਲੇ ਅਕਤੂਬਰ ਮਹੀਨੇ ਵੈਨਕੂਵਰ ਵਿਚ ਯੂਨੀਵਰਸਿਟੀ ਔਫ ਬ੍ਰਿਟਿਸ਼ ਕੋਲੰਬੀਆ ਦੇ ਮਿਊਜ਼ੀਅਮ ਵਿਚ ਇਕ ਸ਼ਾਨਦਾਰ ਸਮਾਗਮ ਕੀਤਾ ਗਿਆ ਸੀ ਜਿੱਥੇ ਇਨਾਮ-ਪ੍ਰਾਪਤ ਲੇਖਕਾਂ ਦਾ ਢੁਕਵਾਂ ਮਾਣ ਸਨਮਾਨ ਕੀਤਾ ਗਿਆ ਸੀ। ਸਾਡੀ ਜ਼ੁਬਾਨ ਦੇ ਮਾਣ-ਮੱਤੇ ਕਹਾਣੀ ਲੇਖਕ ਵਰਿਆਮ ਸੰਧੂ ਨੂੰ ਇਸ ਸਮਾਗਮ ਦੇ ਵਿਸ਼ੇਸ਼ ਮਹਿਮਾਨ ਵਜੋਂ ਸੱਦਿਆ ਗਿਆ ਸੀ। ਹਰ ਸਾਲ ਅਕਤੂਬਰ ਦੇ ਮਹੀਨੇ ਜਸ਼ਨ ਦੇ ਰੂਪ ਵਿਚ ਇੰਝੇ ਹੀ ਇਨਾਮ ਸਮਾਗਮ ਰਚਣ ਦੀ ਯੋਜਨਾ ਹੈ। ਇਨਾਮ-ਪ੍ਰਾਪਤ ਪੁਸਤਕਾਂ ਦਾ ਦੋਵੇਂ ਲਿੱਪੀਆਂ ਵਿਚ ਰੂਪਾਂਤਰਣ ਕਰਕੇ ਭਾਰਤੀ ਤੇ ਪਾਕਿਸਤਾਨੀ ਪੰਜਾਬ ਅਤੇ ਦੇਸ਼ ਦੇਸ਼ਾਂਤਰ ਦੇ ਦੋਹਾਂ 'ਚੋਂ ਕਿਸੇ ਵੀ ਲਿੱਪੀ ਦੇ ਜਾਣਕਾਰ ਪੰਜਾਬੀ ਪਾਠਕਾਂ ਤਕ ਉਨ੍ਹਾਂ ਦੇ ਪੁੱਜਦੇ ਕਰਨ ਦਾ ਵੀ ਵਿਚਾਰ ਹੈ। ਅਤੇ ਨਾਲ ਹੀ ਵਿਉਂਤ ਹੈ ਅੰਗਰੇਜ਼ੀ ਵਿਚ ਅਨੁਵਾਦ ਰਾਹੀਂ ਪੰਜਾਬੀ ਸਾਹਿਤ ਦਾ ਵਡੇਰੇ ਸਾਹਿਤਕ ਜਗਤ ਨਾਲ ਪਰਿਚਯ ਕਰਾਉਣ ਦੀ।

ਉਦੇਸ਼ਾਂ ਅਤੇ ਵਿਉਂਤ ਦੇ ਪੱਖ ਤੋਂ ਇਹ ਸਾਰਾ ਕੁਝ ਏਨਾ ਜ਼ਿਆਦਾ ਸੁਖਾਵਾਂ ਅਹਿਸਾਸ ਉਤਪੰਨ ਕਰਨ ਵਾਲਾ ਹੈ ਕਿ ਇਸ 'ਤੇ ਯਕੀਨ ਕਰਨਾ ਕਠਿਨ ਜਾਪਦਾ ਹੈ। ਧਨ ਸੰਪਤੀ ਨਾਲ ਰੱਜੇ-ਪੁੱਜੇ ਲੋਕਾਂ ਦੀ ਪੰਜਾਬੀ ਜਗਤ ਵਿਚ ਕੋਈ ਕਮੀ ਨਹੀਂ। ਜੇ ਉਹ ਭ੍ਰਸ਼ਟਤਾ ਤੇ ਸੁਆਰਥ ਦੀ ਦਲਦਲ ਵਿਚ ਨਾ ਵੀ ਫਸੇ ਹੋਣ ਤਾਂ ਵੀ ਸਾਹਿਤ ਸਭਿਆਚਾਰ ਨਾਲ ਲਗਾਉ ਦੀ ਉਹਨਾਂ ਤੋਂ ਉਮੀਦ ਕਰਨਾ ਨਿਰਮੂਲ ਹੈ। ਅਜਿਹੇ ਮਾਹੌਲ ਵਿਚ ਜੇ ਬਰਜ ਢਾਹਾਂ ਵਰਗੇ ਮਨੁੱਖ ਵੱਲੋਂ ਸਾਹਿਤ ਦਾ ਇਹ ਵੱਡਾ ਇਨਾਮ ਸਥਾਪਤ ਕੀਤੇ ਜਾਣ ਦਾ ਅਚੰਭੇ ਵਰਗਾ ਕਾਰਨਾਮਾ ਵਾਪਰ ਸਕਦਾ ਹੈ ਤਾਂ ਇਹ ਉਮੀਦ ਵੀ ਲਾ ਲੈਣੀ ਮੂਲੋਂ ਨਿਰਾਧਾਰ ਨਹੀਂ ਕਿ ਇਹ ਇਨਾਮ ਸੱਚਮੁਚ ਕੋਈ ਸਾਰਥਕ ਪ੍ਰਾਪਤੀ ਕਰ ਸਕੇਗਾ। ਪੰਜਾਬੀ ਦੇ ਸਿਰਜਕਾਂ ਨੂੰ ਵੀ ਹੁਣ ਸਿਰਜਣਾ ਅਤੇ ਵਿਹਾਰ ਦੋਵੇਂ ਹੀ ਤਰ੍ਹਾਂ ਨਾਲ ਇਸ ਇਨਾਮ ਦੇ ਹਾਣ ਦਾ ਬਣਨ ਦੀ ਚੁਣੌਤੀ ਦਾ ਸਾਹਮਣਾ ਹੈ।□□

–ਰਘਬੀਰ ਸਿੰਘ

ਮੇਰੀ ਗ਼ਜ਼ਲ ਅਤੇ ਸਾਹਿਤ ਅਕਾਦਮੀ ਐਵਾਰਡ : ਜਸਵਿੰਦਰ

ਇਸ ਵਰ੍ਹੇ ਦਾ ਸਾਹਿਤ ਅਕਾਦਮੀ ਪੁਰਸਕਾਰ ਜਸਵਿੰਦਰ ਨੂੰ ਉਸ ਦੀ ਗ਼ਜ਼ਲਾਂ ਦੀ ਪੁਸਤਕ 'ਅਗਰਬੱਤੀ' ਲਈ ਦਿੱਤਾ ਗਿਆ ਹੈ। ਇਸ ਪ੍ਰਾਪਤੀ 'ਤੇ ਅਸੀਂ ਜਸਵਿੰਦਰ ਨੂੰ ਅਤੇ ਸੁਚੱਜੇ ਨਿਰਣੇ ਲਈ ਸਾਹਿਤ ਅਕਾਦਮੀ ਨੂੰ ਮੁਬਾਰਕਬਾਦ ਦਿੰਦੇ ਹਾਂ - ਸੰਪਾਦਕ

ਭਾਰਤੀ ਸਾਹਿਤ ਅਕਾਦਮੀ ਐਵਾਰਡ ਮਿਲਣ ਬਾਰੇ ਪਤਾ ਲੱਗਣ ਮਗਰੋਂ ਕੁਝ ਦਿਨ ਤਾਂ ਮੈਨੂੰ ਆਪਣੇ ਆਪ ਕੋਲ ਬਹਿ ਕੇ ਹੈਰਾਨ ਹੋਣ ਦਾ ਵੀ ਵਕਤ ਨਹੀਂ ਮਿਲਿਆ। ਲਗਾਤਾਰ ਫ਼ੋਨ ਕਾਲਾਂ, ਵਧਾਈ ਸੰਦੇਸ਼। ਸਭ ਕੁਝ ਏਨਾ ਵੱਖਰਾ ਕਿ ਜਿਵੇਂ ਮੈਂ ਰਾਤੋ ਰਾਤ ਕਿਸੇ ਹੋਰ ਦੁਨੀਆ ਵਿਚ ਦਾਖ਼ਲ ਹੋ ਗਿਆ ਹੋਵਾਂ। ਮੈਂ ਜ਼ਮੀਨ ਦਾ ਬੰਦਾ ਹਾਂ, ਤੇ ਹੁਣ ਵੀ ਜ਼ਮੀਨ 'ਤੇ ਹੀ ਹਾਂ। ਹੋਰ ਥੋੜ੍ਹੇ ਦਿਨਾਂ ਤਕ ਸਭ ਸ਼ਾਂਤ ਹੋ ਜਾਏਗਾ। ਮੈਂ ਆਪਣੀ ਓਸੇ ਅਸਲ ਦੁਨੀਆ ਵਿਚ ਪਰਤ ਆਵਾਂਗਾ, ਜਿਸ ਵਿਚ ਮੇਰੇ ਰਾਹਾਂ 'ਚ ਫੁੱਲਾਂ ਦੇ ਨਾਲ ਕੰਡੇ ਵੀ ਨੇ, ਜਿਥੇ ਦੁੱਖ ਸੁੱਖ ਬਾਂਹ 'ਚ ਬਾਂਹ ਪਾ ਕੇ ਮੇਰੇ ਨਾਲ-ਨਾਲ ਚਲਦੇ ਨੇ। ਮੈਨੂੰ ਆਪਣੀ ਸੁਭਾਵਕ ਸਹਿਜ ਅਵਸਥਾ ਵਿਚ ਸਾਹ ਲੈਣਾ ਹੀ ਆਸਾਨ ਲਗਦਾ ਹੈ। ਪਿਛਲੇ ਦਿਨੀਂ ਪਿਸ਼ਾਵਰ ਵਿਚ ਹੋਏ ਮਾਸੂਮਾਂ ਦੇ ਕਤਲੇਆਮ ਕਾਰਨ ਪੂਰੀ ਮਾਨਵਜਾਤੀ ਸ਼ਰਮਸਾਰ ਮਹਿਸੂਸ ਕਰ ਰਹੀ ਸੀ। ਹੋਰਾਂ ਵਾਂਗੂ ਮੇਰੀ ਚੇਤਨਾ ਵੀ ਪਥਰਾ ਗਈ ਸੀ। ਏਸੇ ਦੌਰਾਨ ਐਵਾਰਡ ਦੀ ਖ਼ਬਰ ਮਿਲੀ। ਸਮਝ ਨਾ ਆਈ ਇਸ ਸੋਗੀ ਘੜੀ ਵਿਚ ਜਸ਼ਨ ਕਿਵੇਂ ਮਨਾਵਾਂ। ਸ਼ਿਅਰ ਯਾਦ ਆਇਆ :

> ਜ਼ਿੰਦਗੀ ਦੀ ਵਾਟ ਹੈ ਰੰਗੀਨ ਵੀ ਗ਼ਮਗੀਨ ਵੀ
> ਪੈਰ ਇਕ ਫੁੱਲਾਂ 'ਤੇ ਦੂਜਾ ਕੱਚ 'ਤੇ ਧਰਨਾ ਪਿਆ।

ਮੈਂ ਸੋਚ ਰਿਹਾ ਹਾਂ ਕਿ ਮੈਂ ਕਵੀ ਕਿਉਂ ਹਾਂ, ਗ਼ਜ਼ਲ ਕਿਉਂ ਲਿਖਦਾ ਹਾਂ? ਦੂਰ ਪਿੱਛੇ ਨਿਗਾਹ ਮਾਰਦਾ ਹਾਂ ਤਾਂ ਦਿਸਦਾ ਹੈ ਕਿ ਕਵਿਤਾ ਬਚਪਨ ਤੋਂ ਹੀ ਮੇਰੇ ਇਰਦ-ਗਿਰਦ ਵਿਚਰਦੀ ਰਹੀ ਹੈ। ਪਿੰਡ ਦੇ ਡੇਰੇ ਵਿਚ ਬੋਹੜਾਂ ਦੀ ਛਾਂ ਹੇਠਾਂ ਵਾਰਿਸ ਦੀ ਹੀਰ ਪੜ੍ਹਦੇ ਸੰਤ ਬਸੰਤ ਮੁਨੀ ਕੋਲ ਬੈਠੇ ਸਿਆਣਿਆਂ ਦੇ ਆਸ-ਪਾਸ ਅਸੀਂ ਨਿਆਣੇ ਵੀ ਜਾ ਬਹਿੰਦੇ। ਕਿਤੇ ਓਸੇ ਮਾਹੌਲ ਵਿਚ ਹੀ ਮੇਰੇ ਜ਼ਿਹਨ 'ਚ ਕਵਿਤਾ ਦੇ ਬੀਜ ਬੀਜੇ ਗਏ। ਖੇਡਣ ਦੀ ਉਮਰੇ ਮੈਂ ਆਪਣੇ ਹਾਣੀਆਂ ਤੋਂ ਅਲੱਗ ਇਕੱਲਖੋਰਾ ਸੀ। ਸਾਹਿਤ ਨਾਲ ਪੱਕੀ ਆੜੀ ਪਾ ਕੇ ਮੈਂ ਅੱਖਰਾਂ ਨੂੰ ਆਪਣੇ ਹਾਣੀ ਬੇਲੀ ਬਣਾ ਲਿਆ। ਕਵਿਤਾ ਦੀਆਂ ਕਿਤਾਬਾਂ ਵਿਸ਼ੇਸ਼ ਖਿੱਚ ਪਾਉਂਦੀਆਂ। ਸਰੋਦੀ ਸ਼ਾਇਰੀ ਸਦੀਆਂ ਤੋਂ ਪੰਜਾਬ ਦੇ ਖ਼ਮੀਰ ਵਿਚ ਰਚੀ ਵਸੀ ਪਈ ਹੈ। ਸਾਡੇ ਮਹਾਨ ਗੁਰੂਆਂ, ਭਗਤਾਂ, ਸੂਫ਼ੀਆਂ ਦੀਆਂ ਅਮਰ ਰਚਨਾਵਾਂ ਪੰਜਾਬ ਦੀ ਫ਼ਿਜ਼ਾ ਵਿਚ ਦੇਰ ਕਾਲ ਤੋਂ ਗੂੰਜ ਰਹੀਆਂ ਨੇ। ਪੰਜਾਬੀ ਕਵਿਤਾ ਅਨੇਕਾਂ ਖ਼ੂਬਸੂਰਤ ਮੋੜਾਂ ਵਿਚੋਂ ਗੁਜ਼ਰਦੀ ਹੋਈ ਮੇਰੇ ਜ਼ਮਾਨੇ ਤੀਕ ਪਹੁੰਚੀ ਹੈ।

ਬਚਪਨ ਤੋਂ ਹੀ ਸਰੋਦੀ ਕਵਿਤਾ ਨਾਲ ਲਗਾਓ ਹੋਣ ਕਰ ਕੇ ਗ਼ਜ਼ਲ ਨੇ ਮੈਨੂੰ ਆਪਣੇ ਵੱਲ ਖਿੱਚਿਆ। ਮੈਨੂੰ ਕਦੇ ਵੀ ਨਹੀਂ ਲੱਗਿਆ ਕਿ ਗ਼ਜ਼ਲ ਕਿਸੇ ਹੋਰ ਮੁਲਕ 'ਚੋਂ ਪੰਜਾਬ ਵਿਚ ਲਿਆਂਦੀ ਗਈ ਕੋਈ ਪਰਾਈ ਵਿਧਾ ਹੈ। ਬਾਬਾ ਫ਼ਰੀਦ ਦੇ ਸ਼ਲੋਕਾਂ ਵਿਚ ਵੀ ਮੈਨੂੰ ਗ਼ਜ਼ਲ ਦਿਸਦੀ ਹੈ। ਗ਼ਜ਼ਲ ਦੀ ਖ਼ੂਬੀ ਇਹ ਹੈ ਕਿ ਦੋ ਸਤਰਾਂ ਵਿਚ ਡੂੰਘਾ ਅਸਰ ਕਰਨ ਵਾਲੀ ਗੱਲ ਆਖੀ ਜਾ ਸਕਦੀ ਹੈ, ਇਸ ਵਿਧਾ ਵਿਚ ਮੇਰੀ ਵਿਸ਼ੇਸ਼ ਦਿਲਚਸਪੀ ਦਾ ਅਸਲ ਕਾਰਨ ਏਹੀ ਹੈ। ਗ਼ਜ਼ਲ ਪ੍ਰਤੀ ਲਗਨ ਤੇ ਅਭਿਆਸ ਕਾਰਨ ਤਿੰਨ ਦਹਾਕਿਆਂ ਦਾ ਸਫ਼ਰ ਤੈਅ ਕਰਕੇ ਮੈਂ ਇਸ ਮੋੜ 'ਤੇ ਆਇਆ ਹਾਂ। ਪੰਜਾਬੀ ਪਾਠਕਾਂ ਵੱਲੋਂ ਮੈਨੂੰ ਹਮੇਸ਼ਾ ਸ਼ਾਬਾਸ਼ੇ ਮਿਲੀ ਹੈ। ਮੈਨੂੰ ਅਹਿਸਾਸ ਹੈ ਕਿ ਮੈਂ ਓਨੀ ਘਾਲਣਾ ਨਹੀਂ ਘਾਲ਼ੀ, ਜਿੰਨਾ ਮਾਣ ਸਤਿਕਾਰ,

ਪਿਆਰ ਮੈਨੂੰ ਸਾਹਿਤ ਪ੍ਰੇਮੀਆਂ ਕੋਲੋਂ ਮਿਲਿਆ ਹੈ।

ਗ਼ਜ਼ਲ ਮੇਰੇ ਲਈ ਜ਼ਿਹਨੀ ਸੰਤੁਸ਼ਟੀ ਵਾਸਤੇ ਹਲਕਾ ਮਨੋਰੰਜਨ ਨਹੀਂ ਹੈ। ਇਹ ਮੇਰੇ ਲਈ ਭਾਵਨਾ ਦੀਆਂ ਡੂੰਘੀਆਂ ਤਹਿਆਂ 'ਚ ਲਹਿ ਕੇ ਸੰਭਾਵਨਾਵਾਂ ਤਲਾਸ਼ਣ ਦੀ ਕੋਸ਼ਿਸ਼ ਹੈ। ਚੰਗੇਰੇ ਭਵਿੱਖ ਲਈ ਮਾਨਵਤਾ ਦੀ ਜ਼ਖ਼ਮੀ ਹੋਣੀ ਦੀ ਸ਼ਨਾਖ਼ਤ ਕਰਨੀ ਹੀ ਪੈਣੀ ਹੈ। ਮੈਂ ਲਿਖਿਆ ਸੀ :

ਜੋ ਨਾ ਦੇਹੀ ਨਾਲ ਸੜਦੇ, ਹਸ਼ਰ ਤਕ ਜੋ ਰਹਿਣ ਬਲ਼ਦੇ
ਓਹਨਾਂ ਜ਼ਖ਼ਮਾਂ ਦੀ ਸ਼ਨਾਖ਼ਤ ਕਰਨ ਖ਼ਾਤਰ ਲਿਖ ਰਿਹਾ ਹਾਂ।

ਵੇਲੇ ਦਾ ਸੱਚ ਇਹ ਹੈ ਕਿ ਜ਼ਮੀਨੀ ਹਕੀਕਤਾਂ ਬੇਹੱਦ ਤਲਖ਼ ਨੇ। ਵਿਸ਼ਵ ਅਰਥਚਾਰੇ ਦੇ ਗ਼ੈਰ-ਕੁਦਰਤੀ, ਗ਼ੈਰ-ਮਨੁੱਖੀ ਰੁਝਾਨ ਨੇ ਮੱਧ ਵਰਗ ਦੀ ਜੀਵਨ ਜਾਚ ਗ਼ਲਤ ਦਿਸ਼ਾ ਵੱਲ ਮੋੜ ਦਿੱਤੀ ਹੈ। ਨਿਮਨ ਵਰਗ ਨਰਕੀ ਜੀਵਨ ਜਿਉਣ ਲਈ ਮਜਬੂਰ ਹੈ। ਮਾਰੂ ਹਨੇਰੀ ਚੱਲ ਰਹੀ ਹੈ, ਜਿਸ ਵਿਚ ਸਾਹਿਤ, ਕਲਾ, ਸਭਿਆਚਾਰ ਸਭ ਕੁਝ ਉਡਦਾ ਜਾ ਰਿਹਾ ਹੈ। ਇਸ ਫ਼ਿਜ਼ਾ ਵਿਚ ਬੰਦੇ ਕੋਲ ਕਵਿਤਾ ਦੀ ਸੂਖ਼ਮਤਾ ਨਾਲ ਜੁੜਨ ਲਈ ਕਿੰਨੀ ਕੁ ਸਪੇਸ ਬਚਦੀ ਹੈ, ਬੜਾ ਹੀ ਮੁਸ਼ਕਲ ਸਵਾਲ ਹੈ। ਸਾਧਾਰਨ ਬੰਦੇ ਦੀ ਕਵਿਤਾ ਨਾਲੋਂ ਦੂਰੀ ਦੀ ਇਕ ਨਿੱਜੀ ਮਿਸਾਲ ਦਿਆਂਗਾ। ਮੇਰੀ ਕਰਮਭੂਮੀ ਰੋਪੜ ਵਿਚ ਮੇਰੀ ਪਛਾਣ ਕਵੀ ਵਜੋਂ ਨਹੀਂ ਆਮ ਮੁਲਾਜ਼ਮ ਵਜੋਂ ਹੈ। ਜੇ ਕਿਸੇ ਨੂੰ ਮੇਰੇ ਕਵੀ ਹੋਣ ਦਾ ਪਤਾ ਵੀ ਹੈ ਤਾਂ ਉਹਨੂੰ ਲਗਦੈ ਕਿ ਕਵਿਤਾ ਲਿਖਣਾ ਮੇਰਾ ਸਾਈਡ ਬਿਜ਼ਨਸ ਹੈ। ਇਕ ਦਿਨ ਦਸ ਸਾਲ ਮੇਰਾ ਗੁਆਂਢੀ ਰਿਹਾ ਇਕ ਭਾਈ ਕਹਿੰਦਾ, ''ਸਰਦਾਰ ਜੀ ਤੁਸੀਂ ਕੋਈ ਪਾਰਟੀ ਵੀ ਬਣਾਈ ਹੈ?'' ਉਹਦੀ ਗੱਲ ਮੇਰੇ ਸਮਝ ਨਾ ਆਈ। ਸਪੱਸ਼ਟ ਕਰਨ ਲਈ ਕਿਹਾ ਤਾਂ ਬੋਲਿਆ, ''ਮੇਰਾ ਮਤਲਬ ਤੁਸੀਂ ਕਵੀ ਹੋ, ਬਾਹਰ ਪ੍ਰੋਗਰਾਮ ਦਿੰਦੇ ਹੋਵੋਗੇ, ਸਾਜ਼ਾਂ ਵਾਲਿਆਂ ਦੀ ਕੋਈ ਪਾਰਟੀ ਹੋਏਗੀ ਤੁਹਾਡੇ ਨਾਲ, ਕਿੰਨੀ ਕੁ ਕਮਾਈ ਹੋ ਜਾਂਦੀ ਐ, ਇਕ ਪ੍ਰੋਗਰਾਮ 'ਚੋਂ?'' ਉਹਦੇ ਸਵਾਲ ਨੇ ਮੈਨੂੰ ਝੰਜੋੜ ਦਿੱਤਾ ਤੇ ਮੈਂ ਮੱਥਾ ਫੜ ਕੇ ਬੈਠ ਗਿਆ।

ਜ਼ਿੰਦਗੀ ਦੇ ਹਰ ਖੇਤਰ ਵਿਚ ਤੇਜ਼ ਰਫ਼ਤਾਰੀ ਤੋਂ ਮੈਨੂੰ ਬੜਾ ਡਰ ਲਗਦਾ ਹੈ। ਏਨਾ ਤੇਜ਼ ਚੱਲ ਕੇ ਆਖ਼ਰ ਅਸੀਂ ਜਾਣਾ ਕਿੱਥੇ ਹੈ? ਜਿਨ੍ਹਾਂ ਸੜਕਾਂ 'ਤੇ ਕੁਝ ਵਰ੍ਹੇ ਪਹਿਲਾਂ ਬੱਚੇ ਗੁੱਲੀ ਡੰਡਾ ਖੇਡਦੇ ਸੀ, ਅੱਜ ਏਨੀ ਟ੍ਰੈਫ਼ਿਕ ਹੋ ਗਈ ਹੈ ਕਿ ਉਨ੍ਹਾਂ ਨੂੰ ਪੈਦਲ ਪਾਰ ਕਰਨਾ ਮੁਸ਼ਕਲ ਹੈ। ਅਸੀਂ ਪੋਸਟ ਕਾਰਡਾਂ ਤੋਂ ਈਮੇਲਾਂ, ਫ਼ੈਕਸਾਂ ਤੀਕ ਅੱਖ ਝਪਕਦਿਆਂ ਪਹੁੰਚ ਗਏ ਹਾਂ। ਪਿੰਡਾਂ ਨੂੰ ਸ਼ਹਿਰਾਂ ਨੇ ਖਾ ਲਿਐ। ਬਚੇ ਖੁਚੇ ਪਿੰਡ ਵੀ ਹਾਈਟੈਕ ਹੋ ਰਹੇ ਨੇ। ਮੇਰਾ ਪਿੰਡ ਕਲਾਲਵਾਲਾ ਪੰਜਾਬ ਦੀ ਇਕ ਅਣਜਾਣੀ ਨੁੱਕਰ ਵਿਚ ਹੈ, ਜਿੱਥੋਂ ਨੇੜਲਾ ਸ਼ਹਿਰ ਮਾਨਸਾ ਪੈਂਤੀ ਕਿਲੋਮੀਟਰ ਹੈ। ਇਸ ਦੁਰਾਡੇ ਪਿੰਡ ਵਿਚ ਵੀ ਇੰਟਰਨੈੱਟ ਆਮ ਜਿਹੀ ਗੱਲ ਹੈ। ਮੇਰੇ ਤਾਏ ਦਾ ਪੋਤਾ ਆਪਣੀ ਮਾਂ ਨੂੰ ਕਹਿੰਦਾ, ''ਬੇਬੇ ਕੱਲ ਨੂੰ ਮਾਨਸਾ ਨਾ ਜਾਈਂ ਓਥੇ ਮੀਂਹ ਪੈਣੈ, ਮੈਂ ਨੈੱਟ 'ਤੇ ਦੇਖ ਲਿਐ।'' ਮੈਂ ਸੋਚਦਾ ਹਾਂ ਕੀ ਏਸੇ ਦਾ ਨਾਂ ਤਰੱਕੀ ਹੈ? ਇਸ ਅਖੌਤੀ ਤਰੱਕੀ ਵਿਚ ਮਨੁੱਖ ਦਾ ਮਾਨਸਿਕ ਬੌਧਿਕ ਵਿਕਾਸ ਕਿੱਥੇ ਕੁ ਖੜ੍ਹਾ ਹੈ? ਰਿਸ਼ਤਿਆਂ ਵਿਚਲਾ ਨਿੱਘ ਕਿੱਧਰ ਗਿਆ? ਇਹ ਸਾਰਾ ਮੰਜ਼ਰ ਹੈਰਾਨੀ ਨਾਲ ਦੇਖਦਾ ਹੋਇਆ ਮੈਂ ਇਸ ਤੇਜ਼ ਰਫ਼ਤਾਰੀ ਨਾਲ ਕਦੇ ਵੀ ਇਕਸੁਰ ਨਹੀਂ ਹੋ ਸਕਿਆ। ਮੈਂ ਜੀਵਨ ਵਿਚ ਵੀ ਤੇ ਕਾਵਿ ਸਿਰਜਣਾ ਵਿਚ ਵੀ ਬੇਹੱਦ ਧੀਮਾ ਹਾਂ। ਉਤਪਾਦਕਤਾ ਨਾਲੋਂ ਰਚਨਾਤਮਕਤਾ ਨੂੰ ਪਹਿਲ ਦਿੰਦਾ ਹਾਂ। ਗਿਣਤੀ ਨਾਲੋਂ ਗੁਣ ਨੂੰ। ਤੀਹ ਵਰ੍ਹਿਆਂ ਵਿਚ

ਗ਼ਜ਼ਲ ਦੀਆਂ ਤਿੰਨ ਕਿਤਾਬਾਂ ਹੀ ਲਿਖ ਸਕਿਆ ਹਾਂ।

ਐਵਾਰਡ ਵਾਲੀ ਕਿਤਾਬ 'ਅਗਰਬੱਤੀ' ਵਿਚ ਮੇਰੇ ਉਪਰੋਕਤ ਫ਼ਿਕਰਾਂ ਦੀ ਹੀ ਹੂਕ ਹੈ। ਮੇਰੀਆਂ ਅਧੂਰੀਆਂ ਖ਼ਾਹਿਸ਼ਾਂ ਦਾ ਪਟਾਰਾ। ਮੇਰੀ ਸਭ ਤੋਂ ਵੱਡੀ ਹਸਰਤ ਹੈ ਕਿ ਹਰ ਮਨੁੱਖ ਨੂੰ ਇੱਜ਼ਤ ਦੀ ਰੋਟੀ ਅਤੇ ਖੁਲ੍ਹ ਕੇ ਜੀਣ-ਥੀਣ ਲਈ ਸਾਜ਼ਗਾਰ ਮਾਹੌਲ ਮਿਲੇ। ਅੱਜ ਇਉਂ ਹੋਣ ਦੀ ਸੰਭਾਵਨਾ ਮੱਧਮ ਲਗਦੀ ਹੈ ਪਰ ਦੁਸ਼ਵਾਰੀਆਂ ਅਤੇ ਵਿਪਰੀਤ ਹਾਲਾਤ ਦੇ ਬਾਵਜੂਦ ਬੰਦੇ ਅੰਦਰਲੀ ਅਥਾਹ ਰਚਨਾਤਮਕ ਊਰਜਾ ਵਿਚ ਮੇਰਾ ਗਹਿਰਾ ਵਿਸ਼ਵਾਸ ਹੈ। ਐਟਮੀ ਹਥਿਆਰਾਂ ਦੇ ਹੁੰਦਿਆਂ ਵੀ ਜ਼ਿੰਦਗੀ ਦੇ ਮਾਰੂਥਲਾਂ ਵਿਚ ਹਰੀਆਂ ਭਰੀਆਂ ਗੁਲਜ਼ਾਰਾਂ ਉੱਗ ਹੀ ਪੈਣਗੀਆਂ।

ਹਨੇਰਾ ਹੋ ਗਿਆ ਤਾਂ ਖੌਫ਼ ਕਾਹਦਾ, ਚਿਰਾਗਾਂ ਦਾ ਅਜੇ ਪਰਿਵਾਰ ਜਾਗੇ
ਜੇ ਸੂਰਜ ਸੌਂ ਗਿਆ ਤਾਂ ਫੇਰ ਕੀ ਹੈ, ਮੇਰੇ ਮੱਥੇ 'ਚ ਇਕ ਸੰਸਾਰ ਜਾਗੇ।

ਮੈਂ ਕਦੇ ਵੀ ਪ੍ਰਾਜੈਕਟ ਬਣਾ ਕੇ ਗ਼ਜ਼ਲ ਨਹੀਂ ਲਿਖੀ। ਖ਼ਿਆਲਾਂ ਦੇ ਝਲਕਾਰੇ ਪੈਂਦੇ ਨੇ। ਕਦੇ ਸ਼ਿਅਰਾਂ ਦੀ ਜ਼ੱਦ ਵਿਚ ਆ ਜਾਂਦੇ ਨੇ, ਕਦੇ ਨਹੀਂ। ਕਈ ਵਾਰੀ ਆਮ ਜਿਹੀ ਗੱਲ, ਘਟਨਾ ਜਾਂ ਸੋਚ ਖ਼ੂਬਸੂਰਤ ਸ਼ਿਅਰ ਬਣਾ ਜਾਂਦੀ ਹੈ। ਕਈ ਵਾਰ ਸੀਨਾ ਚੀਰਵਾਂ ਅਹਿਸਾਸ ਵੀ ਗ਼ਜ਼ਲ ਦੇ ਕੋਲ ਦੀ ਬੇਗਾਨਗੀ ਨਾਲ ਲੰਘ ਜਾਂਦਾ ਹੈ। ਮੈਂ ਕਿਸੇ ਦੀ ਮੰਗ ਅਨੁਸਾਰ ਜਾਂ ਜ਼ੋਰ ਲਾ ਕੇ ਕਦੇ ਨਹੀਂ ਲਿਖਿਆ। ਸ਼ਿਅਰਾਂ ਵਿਚ ਜਾਨ ਪਾਉਣ ਲਈ ਜ਼ੋਰ ਲਾਉਣ ਦੀ ਜ਼ਰੂਰਤ ਨਹੀਂ ਹੁੰਦੀ।

ਮੇਰੇ ਕਲਾਮ 'ਚ ਜੇ ਜਾਨ ਹੋਈ ਦਿਸ ਪੈਣੀ
ਹਰੇਕ ਲਫ਼ਜ਼ 'ਤੇ ਕਾਹਤੋਂ ਫ਼ਜ਼ੂਲ ਜ਼ੋਰ ਦਿਆਂ।

ਮੈਨੂੰ ਖ਼ੁਸ਼ੀ ਹੈ ਕਿ ਸਾਹਿਤ ਅਕਾਦਮੀ ਐਵਾਰਡ ਨੇ ਮੇਰੇ ਪਾਠਕਾਂ ਦੇ ਹਾਂਦਰੂ ਹੁੰਗਾਰੇ 'ਤੇ ਮੋਹਰ ਲਾਈ ਹੈ ਅਤੇ ਮੇਰੇ ਵਿਸ਼ਵਾਸ ਵਿਚ ਵਾਧਾ ਕੀਤਾ ਹੈ। ਇਸ ਵੇਲੇ ਮੈਨੂੰ ਅਨੇਕ ਲੇਖਕਾਂ, ਵਿਦਵਾਨਾਂ, ਪਾਠਕਾਂ, ਸਾਹਿਤ ਪ੍ਰੇਮੀਆਂ, ਸੱਜਣਾਂ ਪਿਆਰਿਆਂ ਦੇ ਵਧਾਈ ਸੰਦੇਸ਼ ਆਏ ਨੇ ਤੇ ਆ ਰਹੇ ਨੇ। ਸਾਰਿਆਂ ਦਾ ਨਿੱਜੀ ਤੌਰ 'ਤੇ ਧੰਨਵਾਦ ਕਰਨਾ ਮੇਰੇ ਲਈ ਸੰਭਵ ਨਹੀਂ। ਸੋ ਇਨ੍ਹਾਂ ਸ਼ਬਦਾਂ ਰਾਹੀਂ ਮੈਂ ਸਭ ਦਾ ਤਹਿ ਦਿਲੋਂ ਸ਼ੁਕਰੀਆ ਅਦਾ ਕਰਦਾ ਹਾਂ।□□

ਸ਼ਾਇਰ ਜਸਵਿੰਦਰ ਦੀਆਂ ਗ਼ਜ਼ਲਾਂ

1.

ਅਸੀਂ ਦਿਲ ਛੱਡ ਗਏ ਹੋਈਏ ਅਜੇਹਾ ਵੀ ਨਹੀਂ ਲਗਦਾ,
ਪਤਾ ਨਈਂ ਫੇਰ ਕਿਉਂ ਸਾਡਾ ਕਿਤੇ ਵੀ ਜੀਅ ਨਹੀਂ ਲਗਦਾ।

ਕਦੇ ਲਗਦੇ ਨੇ ਤਾਰੇ, ਫੁੱਲ, ਪੰਛੀ ਆਪਣੇ ਵਰਗੇ,
ਕਦੇ ਸ਼ੀਸ਼ੇ 'ਚ ਆਪਣਾ ਅਕਸ ਆਪਣਾ ਹੀ ਨਹੀਂ ਲਗਦਾ।

ਕਿਵੇਂ ਇਕ ਨਾਮ ਦੇਈਏ ਇਸ 'ਚ ਸਭ ਰਿਸ਼ਤੇ ਸਮੋਏ ਨੇ,
ਲਹੂ ਵਿਚ ਦਰਦ ਜੋ ਘੁਲ਼ਿਆ ਹੈ, ਸਾਡਾ ਕੀ ਨਹੀਂ ਲਗਦਾ।

ਕਿਸੇ ਨੂੰ ਜਗ ਰਹੀ ਹਰ ਚੀਜ਼ 'ਚੋਂ ਸੂਰਜ ਨਜ਼ਰ ਆਵੇ,
ਕਿਸੇ ਨੂੰ ਪੁੰਨਿਆਂ ਦਾ ਚੰਨ ਵੀ ਅਸਲੀ ਨਹੀਂ ਲਗਦਾ।

ਜਦੋਂ ਤਕ ਹੋਸ਼ ਆਉਂਦੀ ਕੁਝ ਨਹੀਂ ਬਚਦਾ ਸੰਭਾਲਣ ਨੂੰ,
ਪਤਾ ਮੁੱਠੀ 'ਚੋਂ ਕਿਰਦੀ ਰੇਤ ਦਾ ਛੇਤੀ ਨਹੀਂ ਲਗਦਾ।

ਛਿੜੇ ਜਦ ਕੰਬਣੀ ਖ਼ਾਬਾਂ 'ਚ ਉਸ ਵੇਲੇ ਸਮਝ ਆਉਂਦੀ,
ਕਿ ਪਾਲ਼ਾ ਸਿਰਫ ਖੁੱਲ੍ਹੀਆਂ ਬਾਰੀਆਂ ਵਿਚਦੀ ਨਹੀਂ ਲਗਦਾ।

ਘੜੀ ਵਿਚ ਨੁਕਸ ਹੈ ਜਾਂ ਵਕਤ ਹੀ ਬੇਵਕਤ ਹੋ ਚੱਲਿਆ,
ਸਵੇਰਾ ਹੋ ਗਿਆ ਪਰ ਦਿਨ ਤਾਂ ਚੜ੍ਹਿਆ ਹੀ ਨਹੀਂ ਲਗਦਾ।

2.

ਉੱਚੇ ਟਿੱਬੇ ਤੋਂ ਸੁਰੀਲੀ ਤਾਨ ਸੁਣ ਕੇ,
ਵੱਗ ਹੀ ਮੁੜਦੇ ਨੇ ਹੋ ਗੋਪਾਲ ਤੇਰੇ।
ਮੁਕਟ ਲਾਹ ਕੇ ਜੇ ਵਜਾਉਂਦਾ ਬੰਸਰੀ ਤੂੰ,
ਸਾਰਾ ਜੰਗਲ ਝੂਮਣਾ ਸੀ ਨਾਲ ਤੇਰੇ।

ਪੰਛੀਆਂ ਵਰਗਾ ਸੁਦਾਮੇ ਦਾ ਕਬੀਲਾ,
ਰਿਜ਼ਕ ਆਪਣਾ ਨਾਮ ਤੇਰੇ ਕਰ ਰਿਹਾ ਹੈ
ਬਹੁਤ ਗੁੰਝਲਦਾਰ ਹੈ ਤੇਰਾ ਤਲਿੱਸਮ,
ਬਹੁਤ ਹੀ ਬਾਰੀਕ ਨੇ ਇਹ ਜਾਲ ਤੇਰੇ।

ਸੁੱਕੀਆਂ ਝੀਲਾਂ 'ਚ ਕੀ ਹੰਸਾਂ ਦੀ ਹੋਣੀ,
ਰੋੜ ਖਾ ਖਾ ਕੇ ਕਦੋਂ ਤਕ ਜੀਣਗੇ ਇਹ
ਆਉਣਗੇ ਤੇ ਕਰਨਗੇ ਖ਼ਾਲੀ ਕਿਸੇ ਦਿਨ,
ਮੋਤੀਆਂ ਦੇ ਨਾਲ ਲੱਦੇ ਥਾਲ ਤੇਰੇ।

ਕਿਸ ਤਰ੍ਹਾਂ ਦਾ ਹੈ ਭਲਾ ਇਹ ਅਹਿਦ ਤੇਰਾ,
ਫੁੱਲ ਤਾਂ ਸਭ ਦੇ ਨੇ ਪਰ ਇਹ ਸ਼ਹਿਦ ਤੇਰਾ,
ਘੇਰਦੇ ਰਹਿੰਦੇ ਨੇ ਭੀਲਾਂ ਨੂੰ ਯੁਗਾਂ ਤੋਂ,
ਗੁੰਬਦਾਂ 'ਚੋਂ ਉੱਡ ਕੇ ਮਖਿਆਲ ਤੇਰੇ।

ਜਲ ਵੀ ਓਹੀ, ਪਉਣ ਓਹੀ, ਰੇਤ ਓਹੀ,
ਜ਼ਖ਼ਮ ਵੀ ਓਹੀ ਤੇ ਸਿੰਮਦੀ ਰੱਤ ਓਹੀ
ਤੇਰੀ ਸ਼ਹਿ 'ਤੇ ਜੋ ਕੁਰੁਖੇਤਰ 'ਚ ਚੱਲੇ,
ਭਰ ਕੇ ਹੁਣ ਵੀ ਵਗਣ ਓਹੀ ਖਾਲ ਤੇਰੇ।

ਓਹੀ ਸੀਨੇ, ਸੀਨਿਆਂ ਵਿਚ ਤੀਰ ਓਹੀ,
ਦਰਦ ਓਹੀ, ਦਰਦ ਦੀ ਤਾਸੀਰ ਓਹੀ,
ਫ਼ਰਕ ਬਸ ਏਨਾ ਪਿਆ ਕਲਯੁਗ 'ਚ ਆ ਕੇ,
ਬਣ ਗਏ ਕੌਰਵ ਵੀ ਭਾਈਵਾਲ ਤੇਰੇ।

3.

ਅੱਗ ਹੈ, ਪਾਣੀ ਹੈ, ਇਹ ਆਕਾਸ਼ ਹੈ ਜਾਂ ਪਉਣ ਹੈ।
ਮੇਰੇ ਚੇਤਨ ਤੇ ਅਚੇਤਨ ਦੇ ਵਿਚਾਲੇ ਕੌਣ ਹੈ।

ਮਨ ਦੀਆਂ ਰੁੱਤਾਂ ਦੇ ਇਸ ਕੋਲਾਜ ਨੂੰ ਕੀ ਨਾਂ ਦਿਆਂ,
ਮੇਰੀਆਂ ਅੱਖਾਂ 'ਚ ਅੱਧਾ ਹਾੜ੍ਹ ਅੱਧਾ ਸਉਣ ਹੈ।

ਪੈਲ ਪਾ ਕੇ ਨੱਚਣਾ ਤੈਨੂੰ ਬੜਾ ਮਹਿੰਗਾ ਪਿਆ,
ਨੱਚਦੀਆਂ ਛੁਰੀਆਂ 'ਚ ਹੁਣ ਮੋਰਾ ਵੇ ਤੇਰੀ ਧੌਣ ਹੈ।

ਤੇਰੇ ਜਤ ਸਤ ਤੋਂ ਜ਼ਿਆਦਾ, ਤੇਰੇ ਤਰਲੇ ਤੋਂ ਵਧੀਕ,
ਪੂਰਨਾ ਇਸ ਕਲਯੁਗੀ ਖੂਹ ਦੀ ਉਚੇਰੀ ਮੌਣ ਹੈ।

ਸਾੜ ਕੇ ਮੇਰਾ ਲਹੂ ਮਹਿਕਾਂ ਫ਼ਿਜ਼ਾ ਵਿਚ ਵੰਡਦੀ,
ਮੇਰੇ ਅੰਦਰ ਧੁਖ਼ ਰਹੀ ਇਹ ਅਗਰਬੱਤੀ ਕੌਣ ਹੈ।

4.

ਸ਼ਾਮ ਨੂੰ ਦਰਵੇਸ਼ ਪੰਛੀ ਜਾਣਗੇ ਕਿਹੜੇ ਘਰੇ।
ਕੇਸਰੀ ਨ੍ਹੇਰੀ ਉਡਾ ਕੇ ਲੈ ਗਈ ਪੱਤੇ ਹਰੇ।

ਕਾਲੀਆਂ ਪਉਣਾਂ ਅਜੇ ਇਕ ਇਕ ਨੂੰ ਸੈਂਸਰ ਕਰਦੀਆਂ,
ਪਿਆਸ ਨੇ ਬਰਸਾਤ ਨੂੰ ਜੋ ਖ਼ਤ ਲਿਖੇ ਦੁੱਖਾਂ ਭਰੇ।

ਕਿਸ ਤਰ੍ਹਾਂ ਦਾ ਹੈ ਤੁਹਾਡਾ ਕੋਸ਼ ਇਸ ਅਨੁਸਾਰ ਤਾਂ,
ਖ਼ਾਸ ਹੀ ਸਿਰ ਸੀਸ ਨੇ ਤੇ ਆਮ ਸਿਰ ਨੇ ਠੀਕਰੇ।

ਕੀ ਪਤੈ ਉਹ ਸਿੱਧ ਕੀ ਕਰਨਾ ਹੈ ਚਾਹੁੰਦਾ ਇਸ ਤਰ੍ਹਾਂ,
ਛਾਂ ਦੀ ਪੂਜਾ ਕਰਨ ਪਿੱਛੋਂ ਬਿਰਖ ਦੀ ਹੱਤਿਆ ਕਰੇ।

ਹੋਰ ਕੀ ਬਚਿਆ ਹੈ ਜਿਸ ਦੀ ਭਾਲ ਵਿਚ ਪਾਗਲ ਹਵਾ,
ਜਿਉਂਦਿਆਂ ਦੇ ਸਾਹ ਫਰੋਲੇ ਮੁਰਦਿਆਂ ਦੇ ਮਕਬਰੇ।

ਖ਼ੂਬ ਹੈ ਤੇਰੀ ਕਲਾ ਪਰ ਕਰ ਨਾ ਏਨੀ ਵੀ ਕਮਾਲ,
ਨਾ ਬਣਾ ਜੈਤੂਨ ਦੀ ਪੱਤੀ ਦੁਆਲੇ ਉਸਤਰੇ।

ਬਾਂਸ ਦੀ ਪੋਰੀ 'ਚੋਂ ਜਿਹੜੀ ਪਉਣ ਕਢਦੀ ਹੈ ਸੁਰਾਂ,
ਬਾਂਸ ਦਾ ਜੰਗਲ ਉਸੇ ਹੀ ਪਉਣ ਦੇ ਵਗਣੋਂ ਡਰੇ।

5.

ਬਾਰੀਂ ਬਰਸੀਂ ਖੱਟਣ ਗਿਆ ਸੀ, ਖੱਟਣ ਗਿਆ ਨਾ ਆਇਆ।
ਮਾਂ ਵੀ ਭੁੱਲਿਆ, ਮਾਂ-ਬੋਲੀ ਵੀ ਭੁੱਲਿਆ ਮਾਂ ਦਾ ਜਾਇਆ।

ਪੈਰਾਂ ਹੇਠਾਂ ਅੱਗ ਸੀ ਏਨੀ ਦਿਲ ਤਕ ਛਾਲੇ ਹੋਏ,
ਆਖ਼ਰ ਤਪਦੀ ਮਿੱਟੀ ਛੱਡ ਕੇ ਬਰਫ਼ਾਂ ਵੱਲ ਉਹ ਧਾਇਆ।

ਸੂਲੀ ਚੜ੍ਹ ਪਰਦੇਸੀ ਰੁੱਖ ਤੋਂ ਪੌਂਡ ਬਥੇਰੇ ਤੋੜੇ,
ਰੂਹ ਨੂੰ ਚੜ੍ਹਿਆ ਤਾਪ ਨਾ ਟੁੱਟਿਆ, ਹੋਇਆ ਦੂਣ ਸਵਾਇਆ।

ਵਤਨੋਂ ਆਈ ਚਿੱਠੀ ਸੌਵੀਂ ਵਾਰ ਪੜ੍ਹਨ ਤੋਂ ਪਿਛੋਂ,
ਅੱਥਰੂ ਪੀ ਕੇ ਉਸ ਨੇ ਕੌੜਾ ਪਾਣੀ ਮੂੰਹ ਨੂੰ ਲਾਇਆ।

ਯਾਦ ਬੜਾ 'ਹੈਰੀ' ਨੂੰ ਆਇਆ ਉਹ 'ਹਰਦੇਵ' ਨਿਆਣਾ,
ਸੁਫ਼ਨੇ ਵਿਚ ਜਦ ਲਾਡ ਲਡਾਉਂਦਾ ਦਿਸਿਆ ਅਰਜਣ ਤਾਇਆ।

ਤਨ ਦੀ ਪਿਆਸ ਬੁਝੀ, ਮਨ ਤੜਪੇ, ਜੜ ਉਖੜੀ, ਪੱਤ ਪੀਲੇ,
ਰੋਜ਼ ਹਿਸਾਬ ਕਰੇ ਉਹ ਉੱਠ ਕੇ ਕੀ ਖੋਇਆ ਕੀ ਪਾਇਆ।

6.

ਦਰਦ ਦੀ ਪੁਸਤਕ ਪੜ੍ਹਨ ਵੇਲੇ ਜ਼ਰਾ ਰੱਖੀਂ ਖ਼ਿਆਲ।
ਕੁਝ ਕੁ ਅਣਲਿਖਿਆ ਵੀ ਹੈ ਹਰ ਹਾਸ਼ੀਏ ਦੇ ਨਾਲ਼ ਨਾਲ਼।

ਬਲ਼ਦਿਆਂ ਬੱਦਲਾਂ ਦੀ ਸਿਰ 'ਤੇ ਗਸ਼ਤ ਇਹ ਚੰਗੀ ਨਹੀਂ,
ਇਕ ਕਣੀ ਦੇ ਨਾਲ ਆ ਸਕਦੈ ਸਮੁੰਦਰ ਨੂੰ ਉਬਾਲ਼।

ਜੇ ਤੁਹਾਡੇ ਸ਼ਬਦਕੋਸ਼ਾਂ ਵਿਚ ਨਹੀਂ ਇਕ ਵੀ ਕਣੀ,
ਔੜ ਦੀ ਭਾਸ਼ਾ 'ਚ ਤਾਂ ਪੁੱਛੋ ਨਾ ਫਸਲਾਂ ਨੂੰ ਸਵਾਲ।

ਸੁਰਖ਼ਰੂ ਹੋਏ ਹਾਂ ਕੰਧਾਂ 'ਤੇ ਬਣਾ ਕੇ ਸੂਲੀਆਂ,
ਇਉਂ ਅਸੀਂ ਈਸਾ ਬਣਨ ਤੋਂ ਬਚ ਗਏ ਹਾਂ ਵਾਲ਼ ਵਾਲ਼।

ਬੁਰਜ ਦੇ ਅੰਦਰ ਅਜੇ ਵੀ ਸਲਤਨਤ ਨ੍ਹੇਰੇ ਦੀ ਹੈ,
ਬੁਰਜੀਆਂ ਉੱਤੇ ਮਸ਼ਾਲਾਂ ਜਗਦੀਆਂ ਨੇ ਬੇਮਿਸਾਲ।

ਖ਼ੂਬ ਰੋਂਦੇ ਨੇ ਤੇ ਸੁਰਮਾ ਵੀ ਖੁਰਨ ਦਿੰਦੇ ਨਹੀਂ,
ਲੋਕ ਮਾਤਮ ਕਰਨ ਵੇਲ਼ੇ ਵੀ ਬੜਾ ਰੱਖਣ ਖ਼ਿਆਲ।

ਤੇਰੇ ਦਿਲ ਢਾਹੂ ਜਵਾਬਾਂ ਨਾਲ ਮੈਂ ਮੁੱਕਿਆ ਨਾ ਸੀ,
ਮੈਂ ਉਦੋਂ ਮੁੱਕਿਆ ਜਦੋਂ ਸੀ ਮੁੱਕ ਗਏ ਮੇਰੇ ਸਵਾਲ।

ਜੇ ਲਹੂ ਵਿਚ ਖ਼ੌਫ਼ ਰੂਹ ਅੰਦਰ ਰਹੇ ਵੀਰਾਨਗੀ,
ਧੜਕਣਾਂ ਵੀ ਲਗਦੀਆਂ ਫਿਰ ਹਾਦਸੇ ਦੀ ਪੈੜ-ਚਾਲ।

ਸਮਝਣਾ ਔਖੇ ਕਿਵੇਂ ਹੈ ਜ਼ਹਿਰ ਕੱਟਦਾ ਜ਼ਹਿਰ ਨੂੰ,
ਪੈਰ ਦਾ ਕੰਡਾ ਕਿਵੇਂ ਨਿਕਲਦਾ ਹੈ ਕੰਡੇ ਦੇ ਨਾਲ।❏❏

(653, ਟਾਈਪ 3, ਨੂਹੋਂ ਕਲੋਨੀ, ਡਾਕ. ਘਨੌਲੀ, ਰੋਪੜ-140 133)

ਦੋਹੇ : ਤ੍ਰੈਲੋਚਨ 'ਲੋਚੀ'

ਦਸ ਨੌਹਾਂ ਦੀ ਕਿਰਤ ਕਮਾਈ, ਬਾਬੇ ਦੇ ਪੁੱਤ ਭੁੱਲੇ
ਇਹਨਾਂ ਦੇ ਪਕਵਾਨ 'ਚੋਂ ਤਾਂ ਹੀ ਅੱਜ ਵੀ ਰੱਤ ਪਈ ਡੁੱਲ੍ਹੇ।

ਰੱਜੇ-ਪੁੱਜੇ ਜੀਆਂ ਦੇ ਹੱਥ, ਮਹਿੰਗੇ ਛਾਪਾਂ ਛੱਲੇ
ਸੰਗਮਰਮਰ ਤੋਂ ਤਿਲਕੀ ਜਾਵਣ, ਸਾਰੇ ਕੱਲ-ਮ-ਕੱਲੇ।

ਅੰਨ੍ਹੀਆਂ ਖਾਹਿਸ਼ਾਂ ਦੇ ਜੰਗਲ ਵਿਚ, ਹਰ ਕੋਈ ਗਰਜ਼ ਪਰੁੱਤਾ
ਤਨ ਤੇ ਧਨ ਦੀ ਦੌੜ ਨਾ ਮੁੱਕੀ, ਮਨ ਕਬਰੀਂ ਜਾ ਸੁੱਤਾ।

ਆਪੋ ਆਪਣੇ ਕਮਰੇ ਦੇ ਵਿਚ ਘੂਕ ਪਏ ਸਭ ਸੁੱਤੇ
ਅੰਮ੍ਰਿਤ-ਵੇਲਾ ਮਾਂ ਜੀ ਜਾਗੇ ਚੁੱਲ੍ਹਿਉਂ ਧੂੰਆਂ ਉੱਠੇ।

ਖ਼ੂਨ 'ਚ ਰਲੀ ਮਿਲਾਵਟ ਏਨੀ, ਤੱਕਾਂ ਆਲ-ਦੁਆਲੇ
ਬੇਬੇ-ਬਾਪੂ ਕੱਲ-ਮ-ਕੱਲੇ, ਪੁੱਤਰ ਟੱਬਰਾਂ ਵਾਲੇ।

ਅੰਨ੍ਹੀ ਰਈਅਤ ਗਿਆਨ-ਵਿਹੂਣੀ ਹੋਈ ਗੂੰਗੀ ਬਹਿਰੀ
ਦੋ ਨੰਬਰ ਦੀ ਕਰਨ ਕਮਾਈ ਇਕ ਨੰਬਰ ਦੇ ਸ਼ਹਿਰੀ।

ਸੁੱਖ-ਆਰਾਮ ਦੀ ਹਰ ਸ਼ੈਅ ਘਰ ਵਿਚ ਘਰ ਦੇ ਜੀਅ ਹੀ ਬਿਖਰੇ
ਸੰਗਮਰਮਰ ਦੀ ਲਿਸ਼ਕ ਚੁਫੇਰੇ, ਘਰ ਦੀ ਰੂਹ ਨਾ ਕਿਧਰੇ।

ਸਿੱਖ ਅੰਗਰੇਜ਼ੀ ਲਿਖ ਅੰਗਰੇਜ਼ੀ ਇਹ ਵੀ ਇਕ ਅਮੀਰੀ
ਜਿਉਣ-ਜੋਗਿਆ ਭੁੱਲੀਂ ਨਾ ਪਰ, ਊੜਾ-ਆੜਾ-ਈੜੀ।❏❏

**(20, ਸੈਕਿੰਡ ਫਲੋਰ, ਐਚ. ਆਈ ਜੀ. ਰਾਜਗੁਰੂ ਨਗਰ,
ਲੁਧਿਆਣਾ, ਮੋਬਾਇਲ : 98142 53315)**

ਸੱਤ ਕਵਿਤਾਵਾਂ : ਗੁਰਪ੍ਰੀਤ

ਕਣ ਜਿੱਡੀ ਕਥਾ

ਮੇਰੀ ਕਥਾ
ਕਣ ਤੋਂ ਛੋਟੀ ਹੈ - ਕਾਇਨਾਤ ਤੋਂ ਵੱਡੀ

ਹੈਰਾਨ ਨਾ ਹੋਵੋ

ਨਾ ਸੁਣੋ ਤਾਂ ਮੁੱਕਣੀ ਨਹੀਂ
ਸੁਣਨ ਲੱਗੋ ਤਾਂ ਖਤਮ ਸਮਝੋ

ਕੁਝ ਦਿਨ ਪਹਿਲਾਂ ਡਿੱਗੀ ਇਕ ਬਹੁ-ਮੰਜ਼ਲੀ
ਇਮਾਰਤ ਦੇ ਮਲਬੇ ਹੇਠੋਂ
ਕੱਢਿਆ ਜਦੋਂ ਬਹੱਤਰ ਘੰਟਿਆਂ ਬਾਅਦ
ਤਾਂ ਸਭ ਤੋਂ ਪਹਿਲਾਂ ਪੁੱਛਿਆ ਮੈਂ-
ਕਿੱਥੇ ਨੇ ਚੱਪਲਾਂ ਮੇਰੀਆਂ ?

ਉਹ ਡੌਰ ਭੌਰ ਦੇਖਣ ਮੇਰੇ ਵੱਲ

ਮੈਂ ਕਿਹਾ-
ਮੈਨੂੰ ਨਹੀਂ ਲੱਭਣਾ - ਮੇਰੀਆਂ ਚੱਪਲਾਂ ਲੱਭੋ
ਮੈਂ ਅਗਲੇ ਸਫਰ 'ਤੇ ਜਾਣਾ ਹੈ
ਫਿਰ ਕਿਸੇ ਇਮਾਰਤ ਦੇ ਢਹਿ ਜਾਣ 'ਤੇ
ਮਲਬੇ ਹੇਠ ਸਾਹ ਲੈਣਾ ਹੈ

ਮੇਰੀਆਂ ਚੱਪਲਾਂ ਲੱਭੋ ...
ਮੇਰੀ ਕਥਾ ਭਾਵੇਂ ਕਣ ਜਿੱਡੀ ਹੈ
ਸਫਰ ਕਾਇਨਾਤ ਤੋਂ ਵੱਡਾ ਹੈ ॥

ਫੋਟੋ

ਫੋਟੋ ਵਿਚ ਉਹ ਨਹੀਂ
ਜਿਸ ਨੇ ਆਪਣੇ ਮੋਢਿਆਂ 'ਤੇ
ਚੁੱਕਿਆ ਹੈ ਖਰਗੋਸ਼

ਤੇ ਸੁਣ ਰਹੀ ਹੈ ਰੇਸ਼ਮਾਂ
ਕੰਨਾਂ 'ਚ ਲਾ ਕੇ ਈਅਰਫੋਨ

ਨਾ ਛੂਹੋ
ਤਾਂ ਵੀ ਛੂਹ ਲੈਂਦੀਆਂ ਨੇ ਅੱਖਾਂ
ਉਹਦਾ ਕੂਲਾਪਣ ਤੇ ਰੇਸ਼ਮ ਵਰਗੀ ਆਵਾਜ਼

ਫੋਟੋ ਵਿਚੋਂ ਨਿੱਕਲ
ਉਹ ਤਾਂ ਖੁਦ ਹੀ
ਉਹਦੇ ਮੋਢਿਆਂ 'ਤੇ ਚੜ੍ਹੀ ਬੈਠੀ ਹੈ

ਦੌੜ ਰਿਹਾ ਹੈ ਦੁਧੀਆ ਸਫੇਦ ਸੱਚ ...॥

ਨੀਲਾ

ਕੀ ਦੱਸਾਂ ?

ਕੋਈ ਦਿਲਚਸਪੀ ਨਹੀਂ ਇਹ ਜਾਨਣ 'ਚ ਮੈਨੂੰ
ਕਿ ਮੈਂ ਮੁਖਾਤਿਬ ਹਾਂ ਤੈਨੂੰ ਜਾਂ ਕਿਸੇ ਹੋਰ ਨੂੰ

ਕੀ ਮੈਂ ਖੁਦ ਨੂੰ ਹੀ
'ਤੈਨੂੰ' ਸੰਬੋਧਨ ਨਾਲ ਸੰਬੋਧਤ ਹੋ ਸਕਦੈਂ ?

ਮੈਂ ਉਸ ਦ੍ਰਿਸ਼ ਨੂੰ ਚਿਤਰਦਾਂ ਤੇਰੇ ਸਾਹਵੇਂ
ਨੀਲੇ ਰੰਗ ਦੀ ਕੈਨਵਸ 'ਤੇ
ਕਿਸੇ ਹੋਰ ਨੀਲੇ ਰੰਗ ਨਾਲ

ਮੈਂ ਜਿੰਨੇ ਵਾਰੀ ਵੀ ਲਿਖਦਾਂ ਬੋਲਦਾਂ
ਨੀਲਾ..ਨੀਲਾ...ਨੀਲਾ....

ਹਰ ਵਾਰ ਉਹ ਉਹੋ ਜਿਹਾ ਨਹੀਂ ਹੁੰਦਾ
ਨੀਲਾ

ਮੈਨੂੰ ਨਾ ਕੁਝ ਦੱਸਣਾ ਆਉਂਦਾ ਹੈ
ਨਾ ਬੁੱਝਣਾ

ਮੈਂ ਕਹਿੰਦਾ ਹਾਂ ॥

ਮਹਿਕ

ਬਾਰਸ਼ ਹੋ ਰਹੀ ਹੈ
ਮੈਂ ਸੁਣਦਾਂ

ਇਕ ਲਹਿਰਦੀ ਆ ਵਾ ਜ਼

ਆਕਾਸ਼ ਦੀਆਂ ਉਂਗਲਾਂ
ਧਰਤੀ ਦੇ ਹਰਮੋਨੀਅਮ 'ਤੇ
ਕਿਵੇਂ ਨੱਚ ਰਹੀਆਂ ਹਨ

ਮੈਨੂੰ ਉਂਗਲਾਂ ਤੋਂ ਬਿਨਾਂ ਹਰਮੋਨੀਅਮ
ਤੇ ਹਰਮੋਨੀਅਮ ਤੋਂ ਬਿਨਾਂ
ਉਂਗਲਾਂ ਯਾਦ ਆਉਂਦੀਆਂ ਹਨ

ਇਸ ਵੇਲ਼ੇ ਮੈਂ ਉਸ ਮਹਿਕ ਨੂੰ ਦੇਖਣਾ ਹੈ
ਜੋ ਧਰਤੀ ਦੇ ਪਿੰਡੇ 'ਚੋਂ ਆ ਰਹੀ ਹੈ

ਬਾਰਸ਼ ਹੋ ਰਹੀ ਹੈ॥

ਮੇਲਾ

ਅਸੀਂ ਮਿਲੇ ਇਕ ਦੂਜੇ ਨੂੰ
ਤੇਹ ਲੱਗੀ ਉਹਨੂੰ
ਮੇਰੇ ਅੰਦਰ ਪੁੱਟਿਆ ਗਿਆ ਖੂਹ
ਮੇਰੀ ਭੁੱਖ ਦਾ ਉਹਨੂੰ ਪਤਾ ਹੋਵੇਗਾ
ਉਹ ਬਣ ਗਈ ਟੀਸੀ ਦਾ ਬੇਰ॥

ਉਹਦੀ 'ਤੱਕਣੀ'

॥ਦੇਵ ਲਈ॥
ਸ਼ਬਦ ਬਾਰੀ ਖੋਲ੍ਹਦੇ

ਚੇਤਿਆਂ ਦੇ ਰੁੱਖ ਤੋਂ
ਝੜਦੇ ਸਿਮਰਤੀਆਂ ਦੇ ਪੱਤੇ

ਹੁਣ
ਹੁਣੇ ਹੀ ਜਾ ਡਿੱਗਿਆ
ਭੂਤ ਦੀ ਕੋਠੜੀ 'ਚ

ਜੋੜ ਘਟਾਓ ਗੁਣਾਂ ਤਕਸੀਮ ਦੀ ਕਥਾ ਬੇਪਰਵਾਹ ਨਹੀਂ

ਖੰਭ
ਸੁਪਨੇ
ਸਫਰ
ਸਰਾਂ
ਤੇ ਮੱਥੇ ਕਰਕੇ ਹੈ ਉਹ
ਜੋ ਵੀ ਹੈ
ਨਾਮ ਦੇਵ ਹੈ
ਰੰਗਾਂ ਤੇ ਸ਼ਬਦਾਂ ਦੀ ਖੰਡ ਖੀਰ

ਹੈਰਾਨ ਹੋਣਾ ਭਉਂਦਾ ਮੈਨੂੰ
ਇਸੇ ਲਈ
ਸੂਰਜ ਵੱਲ ਦੀ ਯਾਤਰਾ ਕਰਨ ਖਾਤਰ
ਉਹਦੀ ਚੁੱਪ ਦੀ ਉਂਗਲ ਫੜਦਾ ਹਾਂ
ਤੇ ਉਸ ਤੋਂ ਅੱਗੇ ਨਿਕਲ ਜਾਂਦਾ ਹਾਂ
ਤਾਂ ਕਿ ਬਣੀ ਰਹੇ ਉਹਦੀ 'ਤੱਕਣੀ' ॥

ਖੁਦ ਨੂੰ

ਨਕਾਬ ਲਾਹ ਕੇ
ਪਰੇ ਵਗਾਹ ਮਾਰੇ
ਤੇ ਆਖਿਆ ਇਕ ਦੂਜੇ ਨੂੰ

ਅੱਜ ਆਪਾਂ ਲੜਨਾ ਹੈ

ਨੰਗੇ ਧੜ
ਬਿਨ ਢਾਲ
ਬਿਨ ਤਲਵਾਰ

ਹੈਰਾਨ ਦੋਵੇਂ ਅਸੀਂ

ਸਾਡੇ ਸਾਹਵੇਂ ਲੜ ਰਹੇ ਸਨ
ਦੋਹਾਂ ਦੇ ਨਕਾਬ - ਲਹੂ ਲਹਾਨ॥ ❑❑

(ਵਾਰਡ 1, ਸ਼ਰਮਾ ਸਟਰੀਟ, ਲਿੰਕ ਰੋਡ, ਮਾਨਸਾ-151505
ਫੋਨ : 9872375898)

ਨਾਸਤਿਕ ਹੋਣ ਬਾਅਦ : ਸਾਧੂ ਬਿਨਿੰਗ

ਨਾਸਤਿਕ ਹੋਣ ਬਾਅਦ
ਜੀਣ ਦਾ ਮਜ਼ਾ ਹੀ ਕੁਝ ਹੋਰ ਹੁੰਦਾ ਹੈ
ਚਾਲ ਤਾਂ ਭਾਵੇਂ ਪਹਿਲਾਂ ਵੀ ਮਾੜੀ ਨਾ ਹੋਵੇ
ਫੇਰ ਤਾਂ ਹੁਲਾਰਾ ਹੀ ਕੁਝ ਹੋਰ ਹੁੰਦਾ ਹੈ

ਨਾਸਤਿਕ ਹੋਣ ਬਾਅਦ
ਸਦੀਆਂ ਤੋਂ ਸਿਰ ਚੜ੍ਹਿਆ ਭਾਰ ਲਹਿ ਜਾਂਦਾ ਹੈ
ਹਲਕੇ ਸੁਰਖਰੂ ਹੋਣ ਦਾ ਮਿੱਠਾ ਜਿਹਾ ਅਹਿਸਾਸ, ਬਾਕੀ ਰਹਿ ਜਾਂਦਾ ਹੈ

ਨਾਸਤਿਕ ਹੋਣ ਬਾਅਦ ਚੱਲੇ ਪਤਾ
ਡਰ ਡਰ ਕੇ ਜੀਣ ਵਿਚ ਨਹੀ ਕੋਈ ਮਜ਼ਾ
ਇਹ ਜੀਵਨ ਨਾ ਚੰਗੇ ਕਰਮਾਂ ਦਾ ਫ਼ਲ, ਨਾ ਮਾੜੇ ਕਰਮਾਂ ਦੀ ਸਜ਼ਾ
ਨਾ ਸਵਰਗਾਂ ਦੀ ਆਸ, ਨਾ ਨਰਕਾਂ ਦਾ ਡਰ
ਬਸ ਜੀਓ ਤੇ ਜੀਣ ਦਿਓ, ਨਾ ਕਿਸੇ ਤੋਂ ਡਰੋ ਨਾ ਡਰਾਓ

ਨਾਸਤਿਕ ਹੋਣ ਬਾਅਦ
ਲੱਗਦਾ ਹੈ ਪਤਾ ਇਹ ਸਿਰ ਸੋਚਣ ਲਈ
ਤੇ ਸੋਚ ਕਾਰਨ ਹੀ ਬਣਿਆ ਹੈ
ਇਹ ਨਹੀਂ ਬਣਿਆਂ ਕਿਸੇ ਅੱਗੇ ਝੁਕਾਉਣ ਲਈ
ਟੋਪੀਆਂ, ਪੱਗਾਂ ਅਤੇ ਕਲਗੀਆਂ ਸਜਾਉਣ ਲਈ

ਨਾਸਤਿਕ ਹੋਣ ਬਾਅਦ ਆਉਂਦਾ ਹੈ
ਆਨੰਦ ਖਾਣ ਤੇ ਹੰਢਾਉਣ ਦਾ
ਸਾਰੀਆਂ ਬੇਹੂਦੀਆਂ ਬੰਦਸ਼ਾਂ ਤੋਂ ਆਜ਼ਾਦ
ਕੀ ਖਾਣਾ ਤੇ ਕੀ ਨਹੀਂ
ਕਿਹੜੇ ਦਿਨ ਖਾਣਾ ਤੇ ਕਿਹੜੇ ਨਹੀਂ
ਪਿੰਡੇ 'ਤੇ ਕੀ ਪਾਉਣਾ ਹੈ ਕੀ ਨਹੀਂ
ਸਿਰ ਮੂੰਹ 'ਤੇ ਉੱਗੇ ਵਾਲ਼ਾਂ ਨੂੰ ਹੈ ਰੱਖਣਾ ਕੱਟਣਾ
ਜਾਂ ਇਸ ਤਰ੍ਹਾਂ ਉਸ ਤਰ੍ਹਾਂ ਵਾਹੁਣਾ

ਨਾਸਤਿਕ ਹੋਣ ਬਾਅਦ
ਪੈਂਦੀ ਹੈ ਸਮਝ ਇਨਸਾਨ ਬਣ ਕੇ ਜੀਣ ਦੀ

ਤੇ ਦੂਜਿਆਂ ਨੂੰ ਇਨਸਾਨ ਦੇਖਣ ਦੀ
ਬੜਾ ਅਜੀਬ ਹੁੰਦਾ ਹੈ ਅਨੁਭਵ
ਕੋਈ ਹਿੰਦੂ, ਮੁਸਲਮਾਨ, ਸਿੱਖ, ਇਸਾਈ ਨਹੀਂ
ਕੋਈ ਵੱਡੀ ਤੇ ਛੋਟੀ ਜਾਤ ਨਹੀਂ
ਕੋਈ ਕਾਲ਼ਾ ਗੋਰਾ ਭੂਰਾ ਤੇ ਪੀਲ਼ਾ ਨਹੀਂ
ਸਿਰਫ ਤੇ ਸਿਰਫ ਇਨਸਾਨ, ਤੁਹਾਡੇ ਵਾਂਗ ਹੱਡ ਮਾਸ ਦੇ ਬਣੇ
ਤੁਹਾਡੇ ਵਾਲੀ ਹਵਾ 'ਚ ਸਾਹ ਲੈਂਦੇ, ਤੁਹਾਡੇ ਵਾਂਗ ਹੀ ਹੱਸਦੇ ਖੇਲਦੇ
ਇਹ ਕੋਈ ਛੋਟੀ ਜਿਹੀ ਨਹੀਂ ਗੱਲ
ਇਹ ਜੀਵਨ 'ਚ ਹੌਸਲੇ ਨਾਲ ਮਾਰੀ , ਬਹੁਤ ਵੱਡੀ ਛਾਲ ਹੁੰਦੀ ਹੈ
ਇਸ ਛਾਲ ਬਾਅਦ ਧਰਤੀ 'ਤੇ ਮੁੜ ਲੱਗੇ ਪੈਰ
ਵੱਖਰੀ ਹੀ ਲੈਅ ਵਿਚ
ਵੱਖਰੀ ਹੀ ਖੁਸ਼ੀ ਵਿਚ ਨੱਚਦੇ ਹਨ

ਨਾਸਤਿਕ ਹੋਣ ਬਾਅਦ
ਮਨੁੱਖੀ ਇਤਿਹਾਸ ਤੋਂ ਹੈਰਾਨ ਰਹਿ ਜਾਂਦੇ ਹੋ
ਜਦ ਮਿਲਦੇ ਹੋ ਸਦੀਆਂ ਪਹਿਲਾਂ ਹੋਏ
ਚਾਰਵਾਕ, ਬੁੱਧ, ਐਪੀਕਿਊਰੀਅਸ, ਸਿਸਰੋ, ਸੈਨੇਕਾ ਜਿਹੇ
ਨਾਸਤਿਕ ਬਾਣੀ ਦੇ ਰਚੇਤਾਵਾਂ ਨੂੰ
ਜਿਨ੍ਹਾਂ ਨੇ ਸਿੰਜਿਆ ਹੈ ਇਸ ਮਹਿਕਦੀ ਸੋਚ ਨੂੰ
ਤੇ ਕਈਆਂ ਇਸ ਵਿਚ ਡੋਲ੍ਹਿਆ ਹੈ ਆਪਣਾ ਖ਼ੂਨ ਵੀ

ਨਾਸਤਿਕ ਹੋਣ ਬਾਅਦ
ਤੁਸੀ ਅੰਬਰਾਂ ਵੱਲ ਵੱਖਰੀ ਨੀਝ ਨਾਲ ਦੇਖਦੇ ਹੋ
ਇਹ ਜਾਣ ਕੇ ਕਿ ਅਰਬਾਂ ਖਰਬਾਂ ਤਾਰਿਆਂ ਸਿਤਾਰਿਆਂ ਮੁਕਾਬਲੇ
ਧਰਤੀ ਦੀ ਹੋਂਦ ਤਾਂ ਰੇਤ ਦੇ ਕਿਣਕੇ ਜਿੰਨੀ ਵੀ ਨਹੀ
ਹੌਲੀ ਹੌਲੀ ਗੱਲ ਨੂੰ ਸਮਝ
ਅਸਲੋਂ ਹੀ ਨਵੇਂ ਅਹਿਸਾਸ ਨਾਲ ਭਰ ਜਾਂਦੇ ਹੋ

ਨਾਸਤਿਕ ਹੋਣ ਬਾਅਦ
ਜਦੋਂ ਅਸਲੀਅਤ ਸਾਹਮਣੇ ਆਵੇ
ਧਰਤੀ ਉਤਲਾ ਸਮੁੱਚਾ ਜੀਵਨ ਇਕ ਲੜੀ 'ਚ ਪਰੋਇਆ
ਪਸ਼ੂ ਪੰਛੀ ਰੁੱਖ ਵੇਲ ਬੂਟੇ, ਫੇਰ ਰਤਾ ਲੱਗਣ ਨਾ ਪਰਾਏ

ਨਾਸਤਿਕ ਹੋਣ ਬਾਅਦ

ਬਦਲ ਜਾਂਦਾ ਹੈ
ਆਸਾ ਪਾਸਾ ਤੇ ਖੁਦ ਤੁਹਾਡਾ ਖਾਸਾ ਵੀ
ਵਾਹ ਵਾਹ ਕਰ ਉਠਦੇ ਹੋ ਤੁਸੀਂ
ਤੇ ਆਪ ਮੁਹਾਰੇ ਗਾਉਣ ਲਗਦੇ ਹੋ
ਇਸ ਨੂੰ ਕਹਿੰਦੇ ਹਨ ਜ਼ਿੰਦਗੀ, ਆਜ਼ਾਦੀ
ਹਰ ਕਿਸਮ ਦੇ ਵਹਿਮਾਂ ਭਰਮਾਂ ਤੋਂ ਮੁਕਤ

ਪਰ ਇਸ ਗੱਲ ਦੀ ਸਮਝ
ਸਿਰਫ ਸੁਣਿਆਂ ਨਹੀਂ ਪੈਂਦੀ
ਇਸ ਨੂੰ ਤਾਂ ਜਾਣਿਆਂ ਜਾ ਸਕਦਾ ਹੈ
ਖੁਦ ਹੰਢਾ ਕੇ ਹੀ
ਨਾਸਤਿਕ ਹੋਣ ਬਾਅਦ □□

[4333, Portland Street, Burnaby, B.C. V5J 2N5, Canada]

ਬਿਨਾਂ ਧਰਮ ਇਕ ਕਾਮਯਾਬ ਸਮਾਜ? : ਫਿੱਲ ਜ਼ੁਕਰਮੈਨ

(ਫਿੱਲ ਜ਼ੁਕਰਮੈਨ ਕਲੇਅਰਮੌਂਟ, ਕੈਲੇਫੋਰਨੀਆ ਵਿਚ ਪਿਟਜ਼ਰ ਕਾਲਿਜ ਵਿਚ ਸਮਾਜਕ ਵਿਗਿਆਨ ਅਤੇ ਅਸੰਪ੍ਰਦਾਇਕ (secular) ਅਧਿਅਨ ਦਾ ਪ੍ਰੋਫੈਸਰ ਹੈ। ਇਹ ਸ਼ਾਇਦ ਇਕੋ ਇਕ ਥਾਂ ਹੈ ਜਿੱਥੇ ਅਸੰਪ੍ਰਦਾਇਕ ਅਧਿਅਨ ਵਿਚ ਡਿਗਰੀ ਤਕ ਦੀ ਪੜ੍ਹਾਈ ਕੀਤੀ ਜਾ ਸਕਦੀ ਹੈ। ਜ਼ੁਕਰਮੈਨ ਆਪਣੇ ਖੇਤਰ ਸਮਾਜ-ਵਿਗਿਆਨ ਦਾ ਇਕ ਬਹੁ-ਚਰਚਤ ਚਿੰਤਕ ਤੇ ਲੇਖਕ ਹੈ। ਇਹ ਲੇਖ ਉਸ ਨੇ ਅਮਰੀਕਾ ਦੇ ਇਸਾਈ ਮੱਤ ਦੇ ਲੋਕਾਂ ਨੂੰ ਧਿਆਨ ਵਿਚ ਰੱਖ ਕੇ ਲਿਖਿਆ ਹੈ।)

ਕਿਸੇ ਅਜਿਹੇ ਥਾਂ ਦੀ ਕਲਪਨਾ ਕਰੋ ਜਿੱਥੇ ਤਕਰੀਬਨ ਕੋਈ ਵੀ ਚਰਚ ਨਾ ਜਾਂਦਾ ਹੋਵੇ, ਲੋਕਾਂ ਦੀ ਬਹੁ-ਗਿਣਤੀ ਰੱਬ ਵਿਚ ਯਕੀਨ ਨਾ ਕਰਦੀ ਹੋਵੇ, ਅਤੇ ਜਿਹੜੇ ਕੁਝ ਲੋਕ ਕਰਦੇ ਵੀ ਹੋਣ ਉਨ੍ਹਾਂ ਦਾ ਯਕੀਨ ਵੀ ਬੜਾ ਪੇਤਲਾ ਜਿਹਾ ਹੋਵੇ। ਇਹੋ ਜਿਹੇ ਸਮਾਜ ਦਾ ਕਿਆਸ ਕਰੋ ਜਿੱਥੇ ਲੋਕ ਈਸਾ ਨੂੰ ਸ਼ਾਇਦ ਇਕ ਚੰਗੇ ਇਨਸਾਨ ਵਜੋਂ ਭਾਵੇਂ ਦੇਖਦੇ ਹੋਣ, ਜਿਹਨੇ ਕਈ ਚੰਗੀਆਂ ਗੱਲਾਂ ਦੀ ਸਿੱਖਿਆ ਦਿੱਤੀ ਹੋਵੇ, ਪਰ ਉਹ ਇਸ ਗੱਲ ਨੂੰ ਭਲੀਭਾਂਤ ਸਮਝਦੇ ਹੋਣ ਕਿ ਉਹ ਕਰਾਮਾਤਾਂ ਕਰਨ ਵਾਲਾ ਰੱਬ ਦਾ ਪੁੱਤਰ ਨਹੀਂ ਸੀ। ਅੱਜੋਕੀ ਦੁਨੀਆ ਦੇ ਕਿਸੇ ਅਜਿਹੇ ਕੋਨੇ ਬਾਰੇ ਸੋਚਣ ਦੀ ਕੋਸ਼ਸ਼ ਕਰੋ ਜਿੱਥੇ ਧਰਮ ਦਾ ਸਿਆਸਤ ਵਿਚ ਕੋਈ ਸਥਾਨ ਨਾ ਹੋਵੇ, ਤਕਰੀਬਨ ਹਰ ਕੋਈ ਉਤਪਤੀ ਦੇ ਸਿਧਾਂਤ (evolution) ਨੂੰ ਸਿੱਧ ਕਰਨ ਵਾਲੇ ਸਬੂਤਾਂ ਨੂੰ ਮੰਨਦਾ ਹੋਵੇ, ਤਕਰੀਬਨ ਹਰ ਕਿਸੇ ਨੂੰ ਇਸ ਗੱਲ ਦਾ ਪਤਾ ਹੋਵੇ ਕਿ ਬਾਈਬਲ ਮਨੁੱਖਾਂ ਦੁਆਰਾ ਲਿਖੀ ਗਈ ਸੀ ਨਾ ਕਿ ਕਿਸੇ ਇਲਾਹੀ ਸ਼ਕਤੀ ਵੱਲੋਂ, ਅਤੇ ਤਕਰੀਬਨ ਹਰ ਕੋਈ ਇਸ ਗੱਲ ਦੀ ਸਮਝ ਰੱਖਦਾ ਹੋਵੇ ਕਿ ਸਦਾਚਾਰ ਅਤੇ ਨੈਤਿਕ ਕੀਮਤਾਂ ਧਰਮ ਤੋਂ ਆਜ਼ਾਦ ਵਿਚਰਦੀਆਂ ਹਨ। ਇਸ ਕਿਸਮ ਦੇ ਸੱਭਿਆਚਾਰ ਵਿਚ, ਧਰਮ ਬੇਹੱਦ ਕਮਜ਼ੋਰ ਹੁੰਦਾ ਹੈ, ਹਾਸ਼ੀਏ 'ਤੇ ਹੁੰਦਾ ਹੈ, ਅਤੇ ਉਂਝ ਹੀ ਏਨੀ ਵਿਚਿੱਤਰ ਜਿਹੀ ਸਥਿਤੀ ਵਿਚ ਹੁੰਦਾ ਹੈ ਕਿ ਲੋਕੀਂ ਧਰਮ ਦੇ ਵਿਰੋਧੀ ਵੀ ਨਹੀਂ ਹੁੰਦੇ। ਉਹ ਪਰਵਾਹ ਹੀ ਨਹੀਂ ਕਰਦੇ ਅਤੇ ਸ਼ਾਇਦ ਇਸ ਵਿਚ ਕੋਈ ਦਿਲਚਸਪੀ ਵੀ ਨਾ ਰੱਖਦੇ ਹੋਣ।

ਪਰ ਤੁਹਾਨੂੰ ਅਸਲ ਵਿਚ ਇਸ ਬਾਰੇ ਬਹੁਤੇ ਕਿਆਸ ਲਾਉਣ ਦੀ ਲੋੜ ਨਹੀਂ ਹੈ - ਚੁੱਪ ਕਰਕੇ ਡੈਨਮਾਰਕ ਜਾਣ ਲਈ ਜਹਾਜ਼ 'ਤੇ ਜਾ ਚੜ੍ਹੋ। ਇਸ ਕਿਸਮ ਦਾ ਅਸੰਪ੍ਰਦਾਇਕ (secular) ਸਵਰਗ ਅਸਲ ਵਿਚ ਹੈ, ਏਥੇ ਅਤੇ ਇਸ ਵਕਤ। ਅੱਜੋਕਾ ਡੈਨਮਾਰਕ ਇਸ ਵੇਲੇ ਦੁਨੀਆ ਭਰ ਵਿਚੋਂ ਸਭ ਤੋਂ ਘੱਟ ਧਾਰਮਿਕ ਬਿਰਤੀ ਵਾਲਾ ਮੁਲਕ ਹੈ, ਤੇ ਸੰਭਵ ਹੈ ਕਿ ਦੁਨੀਆ ਭਰ ਦੇ ਇਤਿਹਾਸ ਵਿਚ ਇਹ ਪਹਿਲਾ ਹੋਵੇ।

ਮੈਂ ਹੁਣ ਮੁੜ ਕੇ ਏਥੇ ਆਇਆ ਹਾਂ, ਇਕ ਸਾਲ ਹੋਰ ਆਰਹੱਸ, ਡੈਨਮਾਰਕ ਦੇ ਦੂਜੇ ਵੱਡੇ ਸ਼ਹਿਰ, ਵਿਚ ਰਹਾਂਗਾ। ਇਹ ਮੇਰੀ ਏਥੇ ਸਕੈਂਡੇਨੇਵੀਆ ਵਿਚ ਦੂਜੀ ਲੰਮੀ ਰਿਹਾਇਸ਼ ਹੋਵੇਗੀ। ਪਿਛਲੀ ਵਾਰ ਦੀ ਤਰ੍ਹਾਂ ਹੀ ਹੁਣ ਵੀ ਇਹ ਦੇਖ ਕੇ ਮੇਰਾ ਦਿਮਾਗ਼ ਘੁੰਮਦਾ ਹੈ ਕਿ ਏਥੇ ਸਭ ਕੁਝ ਕਿੰਨਾ ਤਰਕਪੂਰਨ, ਉਦਾਰ, ਸਿਸ਼ਟਾਚਾਰੀ, ਸੁਰੱਖਿਅਤ ਅਤੇ ਸ਼ਾਂਤੀ ਵਾਲਾ ਹੈ। ਮੈਨੂੰ ਇਸ ਦੀਆਂ ਕੁਝ ਉਦਾਹਰਣਾਂ ਦੇਣ ਦਿਓ:

ਮੇਰੀ ਵੱਡੀ ਬੇਟੀ ਨੂੰ ਕੁਝ ਦੇਰ ਪਹਿਲਾਂ ਖੰਘ ਹੋ ਗਈ, ਇਸ ਲਈ ਮੈਂ ਉਹਨੂੰ ਡਾਕਟਰ ਕੋਲ ਲੈ ਗਿਆ। ਉੱਥੇ ਕੋਈ ਉਡੀਕ ਨਾ ਕਰਨੀ ਪਈ, ਡਾਕਟਰ ਦਾ ਮਰੀਜ਼ਾਂ ਨੂੰ ਦੇਖਣ ਵਾਲਾ ਥਾਂ ਸਾਫ ਸੁਥਰਾ ਤੇ ਦੇਖਣ ਨੂੰ ਸੁੰਦਰ ਸੀ, ਡਾਕਟਰ ਪੂਰੀ ਤਰ੍ਹਾਂ ਪੇਸ਼ਾਵਰ ਸੀ ਪਰ ਫੇਰ ਵੀ ਬੜਾ ਮਿਲਣਸਾਰ। ਅਤੇ ਇਹ ਸਭ ਕੁਝ ਬਿਲਕੁਲ ਬਿਨਾਂ ਕਿਸੇ ਕਿਸਮ ਦੀ ਫੀਸ ਵਗੈਰਾ ਦੇ। ਸਿਹਤ-ਸੰਭਾਲ ਏਥੇ ਸਭ ਲਈ ਮੁਫਤ ਹੈ, ਟੈਕਸ ਦੇ ਪੈਸੇ ਨਾਲ ਸਰਕਾਰ ਦੁਆਰਾ ਚਲਾਈ ਜਾਂਦੀ ਹੈ, ਇਹਦੇ ਨਾਲੋਂ ਕੁਝ ਵੀ ਬਿਹਤਰ ਹੋ ਹੀ ਨਹੀਂ ਸੀ ਸਕਦਾ(ਤੇ ਮੀਲਾਂ ਤਕ ਕਿਸੇ ਪਾਸੇ ਮੌਤ ਵਰਗੀ ਸ਼ੈਅ ਦੀ ਕੋਈ ਨਿਸ਼ਾਨੀ ਨਹੀਂ ਦਿਸਦੀ)

ਮੇਰੀ ਛੋਟੀ ਬੇਟੀ ਬੋਲੀ ਸਿੱਖਣ ਵਾਲੇ ਸਕੂਲ ਜਾਂਦੀ ਹੈ ਜੋ ਸ਼ਹਿਰ ਦੇ ਦੂਜੇ ਪਾਸੇ ਪੈਂਦਾ ਹੈ। ਮਾੜੀ ਕਿਸਮਤ ਨੂੰ ਸਾਡੇ ਕੋਲ ਕਾਰ ਨਹੀਂ ਹੈ। ਕੋਈ ਸਮੱਸਿਆ ਨਹੀਂ: ਇਹ ਮੁਲਕ ਮੇਰੀ ਬੇਟੀ ਵਾਸਤੇ ਬਿਲਕੁਲ ਮੁਫਤ ਟੈਕਸੀ ਦੀ ਸੇਵਾ ਦਾ ਪ੍ਰਬੰਧ ਕਰਦਾ ਹੈ। ਅਤੇ ਟੈਕਸੀ ਚਾਲਕ ਸਾਰੇ ਯੂਨੀਅਨ ਦੇ ਮੈਂਬਰ ਹਨ, ਇਸ ਲਈ ਉਨ੍ਹਾਂ ਨੂੰ ਚੰਗੀ ਚੋਖੀ ਤਨਖਾਹ ਮਿਲਦੀ ਹੈ, ਨਾਲ ਬਹੁਤ ਵਧੀਆ ਭੱਤੇ (benefits) ਮਿਲਦੇ ਹਨ, ਕਾਫੀ ਸਾਰੀਆਂ ਛੁੱਟੀਆਂ ਵੀ। ਇਸ ਕਰਕੇ ਉਹ ਮੁਕਾਬਲਤਨ ਹਮੇਸ਼ਾ ਚੰਗੇ ਸੁਹਾਣੇ ਰੌਂਅ ਵਿਚ ਹੁੰਦੇ ਹਨ। ਉਨ੍ਹਾਂ ਦੇ ਕੱਪੜੇ ਵੀ ਵਧੀਆ ਪਾਏ ਹੁੰਦੇ ਹਨ ਤੇ ਉਨ੍ਹਾਂ ਦੀਆਂ ਟੈਕਸੀਆਂ ਤਾਂ ਇਸ ਤੋਂ ਵਾਧੂ ਸਾਫ ਹੋ ਹੀ ਨਹੀਂ ਸਕਦੀਆਂ।

ਏਥੇ ਅਸੰਪ੍ਰਦਾਇਕ ਸਕੈਂਡੇਨੇਵੀਆ ਵਿਚ ਸਾਈਕਲਾਂ ਦੇ ਰਾਹ ਚੌੜੇ ਤੇ ਸੁਰੱਖਿਅਤ ਹਨ ਅਤੇ ਮੈਂ ਜਦੋਂ ਹਰ ਰੋਜ਼ ਸਾਈਕਲ 'ਤੇ ਕੰਮ 'ਤੇ ਜਾਂਦਾ ਹਾਂ, ਇਹ ਦੇਖ ਕੇ ਹੈਰਾਨ ਹੁੰਦਾ ਹਾਂ ਕਿ ਕਿਸ ਤਰ੍ਹਾਂ ਕਾਰਾਂ ਵਾਲੇ ਸਾਈਕਲਾਂ ਵਾਲਿਆਂ ਨੂੰ ਗਾਲ੍ਹਾਂ ਕੱਢਣ ਦੀ ਥਾਂ ਉਸੇ ਵੇਲੇ ਰਾਹ ਦੇ ਦਿੰਦੇ ਹਨ। ਏਥੇ ਕੋਈ ਬੇਘਰੇ ਲੋਕ ਨਹੀਂ, ਕੋਈ ਮੰਗਤਾ ਨਹੀਂ। ਰੋਟੀ (bread) ਏਥੇ ਸਿਰੇ ਦੀ ਹੱਦ ਤਕ ਵਧੀਆ ਹੈ ਤੇ ਉੱਤੇ ਲਾਉਣ ਵਾਲੇ ਮੁਰੱਬੇ (jam) ਵੀ ਘੱਟ ਨਹੀਂ। ਤੇ ਦਹੀਂ (yogurt), ਗੱਲਾਂ ਈ ਛੱਡ ਦਿਓ। ਮੈਂ ਤਾਂ ਇਸ ਕਿਸਮ ਦੇ ਗੁਣ ਲੰਮਾ ਸਮਾਂ ਗਾ ਸਕਦਾ ਹਾਂ।

ਮੇਰੇ ਆਪਣੇ ਜਾਤੀ ਤਜਰਬੇ ਪਾਸੇ ਰੱਖ ਤੁਸੀਂ ਸਿਰਫ ਸਮਾਜਕ ਤੱਤਾਂ ਵੱਲ ਦੇਖ ਸਕਦੇ ਹੋ: ਤਕਰੀਬਨ ਹਰ ਪ੍ਰਮਾਣਿਕ ਮਾਪਦੰਡ ਅਤੇ ਤਕਰੀਬਨ ਹਰ ਅੰਤਰਰਾਸ਼ਟਰੀ ਸੂਚੀ 'ਤੇ, ਆਰਥਿਕ ਬਿਹਤਰੀ ਤੋਂ ਪੜ੍ਹਾਈ ਦੀ ਪ੍ਰਾਪਤੀ ਤਕ, ਜੁਰਮਾਂ ਦੀ ਘੱਟ ਦਰ ਤੋਂ ਘੱਟ

ਬੇਰੁਜ਼ਗਾਰੀ ਤਕ, ਜੀਵਨ ਦੀ ਖੂਬੀ ਤੋਂ ਖੁਸ਼ੀ ਤਕ ਅਤੇ ਤਸੱਲੀਬਖਸ਼ ਜੀਵਨ ਤਕ, ਧਰਮ ਪੱਖੋਂ ਪੇਤਲੀ ਇਹ ਧਰਤੀ ਦੁਨੀਆ ਵਿਚਲੇ ਸਭ ਤੋਂ ਵਧੀਆ ਥਾਵਾਂ ਵਿਚੋਂ ਹੈ।

ਕੀ ਇੱਥੇ ਕੋਈ ਸਮੱਸਿਆਵਾਂ ਵੀ ਹਨ? ਹਾਂ ਬਿਲਕੁਲ ਹਨ। ਕੋਈ ਵੀ ਸਮਾਜ ਆਪਣੀਆਂ ਮੁਸ਼ਕਲਾਂ ਤੇ ਵੰਗਾਰਾਂ ਬਿਨਾਂ ਨਹੀਂ ਹੁੰਦਾ। ਪਰ ਤੁਸੀਂ ਇਸ ਗੱਲ ਦਾ ਪੱਕ ਰੱਖਿਓ ਕਿ ਏਥੇ ਡੈਨਮਾਰਕ ਵਿਚ, ਮੁਸ਼ਕਲਾਂ ਤੇ ਵੰਗਾਰਾਂ ਨੂੰ ਮਨੁੱਖੀ ਕਾਰਨਾਂ, ਤਰਕ, ਸੰਵਾਦ, ਬਹਿਸ, ਸਮਾਨ-ਅਨੁਭੂਤੀ (empathy), ਨਿਰੀਖਣ, ਅਤੇ ਤਰਕਵਾਦੀ ਤਰੀਕੇ ਨਾਲ ਨਜਿੱਠਿਆ ਜਾਂਦਾ ਹੈ - ਨਾ ਕਿ ਅਰਦਾਸ ਜਾਂ ਵਿਸ਼ਵਾਸ ਨਾਲ।

ਡੈਨਮਾਰਕ ਦੀ ਹੋਂਦ (ਅਤੇ ਏਸੇ ਤਰ੍ਹਾਂ ਦੂਜੇ ਅਸੰਪ੍ਰਦਾਇਕ, ਕਾਮਯਾਬ ਸਮਾਜਾਂ ਵਾਂਗ ਜਿਵੇਂ ਕਿ ਸਵੀਡਨ, ਜਾਪਾਨ ਆਦਿ) ਕਈ ਕਾਰਨਾਂ ਕਰਕੇ ਧਿਆਨ ਦੀ ਮੰਗ ਕਰਦੀ ਹੈ।

ਪਹਿਲਾ, ਗਲੈੱਨ ਬੈੱਕ, ਕ੍ਰਿਸਟੀਨ ਓ'ਡੌਨਿਲ, ਅਤੇ ਉਨ੍ਹਾਂ ਦੀਆਂ ਰੂੜ੍ਹੀਵਾਦੀ ਭੇਡਾਂ ਗ਼ਲਤ ਹਨ: ਕਿਸੇ ਸਮਾਜ ਲਈ ਕਾਮਯਾਬ ਅਤੇ ਵਧੀਆ ਵਰਤਾਰੇ ਵਾਲਾ ਬਣਨ ਲਈ ਧਾਰਮਿਕ ਵਿਸ਼ਵਾਸ ਜ਼ਰੂਰੀ ਨਹੀਂ ਹੈ। ਰੱਬ ਵਿਚ ਯਕੀਨ, ਈਸਾ ਨਾਲ ਪਿਆਰ, ਅਰਦਾਸ, ਅਤੇ ਬਾਈਬਲ ਦੀ ਪੜ੍ਹਾਈ - ਕਿਸੇ ਮੁਲਕ ਦੀ ਖੁਸ਼ੀ ਅਤੇ ਖੁਸ਼ਹਾਲੀ ਲਈ ਇਨ੍ਹਾਂ ਚੀਜ਼ਾਂ ਦੀ ਸਾਫ ਤੌਰ 'ਤੇ ਕੋਈ ਲੋੜ ਨਹੀਂ ਹੈ। ਇਹ ਤਾਂ ਸਗੋਂ ਸ਼ਾਇਦ ਵਿਘਨ ਪਾਉਣ ਵਾਲੀਆਂ ਬੇਲੋੜੀਆਂ ਚੀਜ਼ਾਂ ਹੋਣ।

ਦੂਜਾ, ਇਹ ਗੱਲ ਵੀ ਸਾਫ ਹੈ ਕਿ ਲੋਕ ਧਾਰਮਿਕ ਚੱਕਰ ਤੋਂ ਬਾਹਰ ਵੀ ਆਪਣੇ ਜੀਵਨ ਦੇ ਅਰਥ ਭਾਲ ਸਕਦੇ ਹਨ। ਬੰਦੇ ਅਤੇ ਔਰਤਾਂ ਆਪਣੇ ਰਿਸ਼ਤਿਆਂ ਵਿਚ, ਪਰਿਵਾਰਾਂ ਅਤੇ ਦੋਸਤਾਂ ਦਰਮਿਆਨ, ਆਪਣੇ ਕੰਮਾਂ ਕਾਰਾਂ 'ਤੇ, ਬਾਹਰਲੇ ਸੈਰ ਸਪਾਟੇ ਦੇ ਪਿਆਰ ਵਿਚੋਂ, ਆਪਣੇ ਸ਼ੌਕਾਂ ਅਤੇ ਨਿਜੀ ਭਾਲ ਵਿਚੋਂ ਜੀਵਨ ਦੇ ਅਰਥ ਲੱਭ ਸਕਦੇ ਹਨ। ਇਸ ਗ੍ਰਹਿ 'ਤੇ ਸਿਰਫ ਧਰਮ ਹੀ ਇਕੋ ਇਕ ਸ਼ੈਅ ਨਹੀਂ ਹੈ ਜਿਹੜੀ ਲੋਕਾਂ ਨੂੰ ਜੀਵਨ ਵਿਚ ਕਿਸੇ ਮਕਸਦ ਦਾ ਅਹਿਸਾਸ ਦਿਵਾ ਸਕਦਾ ਹੈ।

ਤੀਜਾ, ਅਤੇ ਸ਼ਾਇਦ ਸਭ ਤੋਂ ਜ਼ਿਆਦਾ ਮਹੱਤਵਪੂਰਨ ਹੈ ਕਿ ਲੋਕ ਧਾਰਮਿਕ ਵਿਸ਼ਵਾਸ ਤੋਂ ਬਿਨਾਂ ਵੀ ਸੱਚੇ-ਸੁੱਚੇ, ਸਾਊ, ਅਤੇ ਇਨਸਾਫ-ਪਸੰਦ ਹੋ ਸਕਦੇ ਹਨ। ਅੱਜੋਕੇ ਸੰਸਾਰ ਵਿਚ ਡੈਨਮਾਰਕ ਧਰਤੀ 'ਤੇ ਵਸਿਆ ਸਿਰਫ ਇਕ ਬੇਹੱਦ ਸੁਰੱਖਿਅਤ ਮੁਲਕ ਹੀ ਨਹੀਂ ਸਗੋਂ ਇਹ ਸਭ ਤੋਂ ਵੱਧ ਸਦਾਚਾਰਕ ਅਤੇ ਨੈਤਿਕਤਾ ਪੱਖੋਂ ਚੇਤੰਨ ਸੱਭਿਆਚਾਰ ਵੀ ਹੈ। ਬੱਚਿਆ ਦੀ ਵਧੀਆ ਪਰਵਰਿਸ਼ ਹੁੰਦੀ ਹੈ, ਬਜ਼ੁਰਗਾਂ ਦੀ ਸੋਹਣੀ ਦੇਖਭਾਲ, ਜਿਸਮਾਨੀ ਤੇ ਦਿਮਾਗ਼ੀ ਪੱਖੋਂ ਵੰਗਾਰ ਵਾਲੇ ਲੋਕਾਂ ਦੀ ਦੇਖਭਾਲ, ਯਤੀਮਾਂ, ਬਿਮਾਰਾਂ ਅਤੇ ਦੁਖੀਆਂ ਦੀ ਹਰ ਪੱਖੋਂ ਸਹਾਇਤਾ। ਬਰਾਬਰੀ, ਆਜ਼ਾਦੀ ਅਤੇ ਲੋਕਤੰਤਰ - ਇਨ੍ਹਾਂ ਚੀਜ਼ਾਂ ਨੂੰ ਸਿਰਫ ਬੇਹੱਦ ਕੀਮਤੀ ਹੀ ਨਹੀਂ ਸਮਝਿਆ ਜਾਂਦਾ ਸਗੋਂ ਪੂਰੀ ਕਾਮਯਾਬੀ ਨਾਲ ਹਾਸਲ ਵੀ ਕੀਤਾ ਜਾਂਦਾ ਹੈ। ਅਤੇ ਇਹ ਸਭ ਕੁਝ ਸਵਰਗਾਂ ਵਿਚ ਵਸੇਵੇ ਦੀ ਆਸ ਜਾਂ ਤਸੀਹਿਆਂ ਵਾਲੇ ਨਰਕ ਦੇ ਡਰ ਬਾਰੇ ਬਹੁਤਾ ਫਿਕਰ ਕੀਤਿਆਂ ਬਿਨਾਂ ਹੀ ਕੀਤਾ ਜਾਂਦਾ ਹੈ।

ਜੋਹਨ ਲੈਨਨ ਨੇ ਸਾਨੂੰ ਕਿਹਾ ਸੀ ਕਿ ਜ਼ਰਾ ਕਲਪਨਾ ਕਰੋ ਕਿ ਕੋਈ ਧਰਮ ਨਾ ਹੋਵੇ। ਮੈਂ ਸਿਰਫ ਇਹਦੀ ਕਲਪਨਾ ਹੀ ਨਹੀਂ ਕਰ ਰਿਹਾ, ਮੈਂ ਤਾਂ ਇਹ ਜੀਅ ਰਿਹਾ ਹਾਂ। ਅਤੇ ਮੈਂ ਇਹਦਾ ਪੂਰਾ ਆਨੰਦ ਲੈ ਰਿਹਾ ਹਾਂ।□□

ਅਨੁਵਾਦ : ਸਾਧੂ ਬਿਨਿੰਗ

ਕਾਲ਼ੇ ਵਰਕੇ : ਜਰਨੈਲ ਸਿੰਘ

ਅੱਜ ਮਾਈਕਲ ਦੇ ਕੇਸ ਦੀ ਸੁਣਵਾਈ ਹੈ, ਕੇਸ ਜੋ ਉਸਨੇ ਕਨੇਡਾ ਸਰਕਾਰ 'ਤੇ ਕੀਤਾ ਹੋਇਆ ਏ; ਇੰਡੀਅਨ ਰੈਜ਼ਿਡੈਂਸ਼ੀਅਲ ਸਕੂਲ ਵਿਚ ਉਸ ਨਾਲ਼ ਹੋਈਆਂ ਬੇਇਨਸਾਫੀਆਂ, ਬਦਸਲੂਕੀਆਂ ਤੇ ਹੇਠੀਆਂ ਬਾਬਤ।

ਸੁਣਵਾਈ ਦਾ ਸਥਾਨ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸ਼ਹਿਰ ਪ੍ਰਿੰਸ ਜਾਰਜ ਦੇ ਹੋਟਲ ਦਾ ਇਕ ਕਮਰਾ ਹੈ। ਮੈਂ ਮਾਈਕਲ ਨੂੰ ਸੁਣਵਾਈ-ਕਮਰੇ 'ਚ ਬਿਠਾ ਕੇ ਵੇਟਿੰਗ-ਰੂਮ 'ਚ ਆ ਬੈਠਾ ਹਾਂ। ਅਦਾਲਤ-ਨੁਮਾ ਕਮਰੇ ਅੰਦਰ ਕਨੇਡਾ ਸਰਕਾਰ ਵੱਲੋਂ ਨਿਯੁਕਤ ਐਡਜੁਡੀਕੇਟਰ,ਜੱਜ ਦੀ ਕੁਰਸੀ 'ਤੇ ਬਿਰਾਜਮਾਨ ਹੈ। ਉਸਦੇ ਨਾਲ ਵਾਲੀ ਕੁਰਸੀ 'ਤੇ ਸਰਕਾਰੀ ਵਕੀਲ ਬੈਠਾ ਹੈ। ਉਨ੍ਹਾਂ ਦੇ ਸਾਹਮਣੇ ਮਾਈਕਲ ਤੇ ਉਸਦਾ ਵਕੀਲ ਬੈਠੇ ਹਨ। ਸੁਣਵਾਈ ਦੌਰਾਨ ਮਾਈਕਲ ਆਪਣੀ ਦਰਦਨਾਕ ਗਾਥਾ ਬਿਆਨ ਕਰੇਗਾ ਅਤੇ ਐਡਜੁਡੀਕੇਟਰ ਤੇ ਸਰਕਾਰੀ ਵਕੀਲ ਦੇ ਸਵਾਲਾਂ ਦੇ ਜਵਾਬ ਦੇਵੇਗਾ।

ਮੈਂ ਮਾਈਕਲ ਦਾ ਕਾਊਂਸਲਰ ਹਾਂ। ਨਾਲ਼ ਇਸ ਕਰਕੇ ਆਇਆਂ ਕਿ ਸੁਣਵਾਈ ਦੌਰਾਨ ਜੇ ਉਹ ਘਬਰਾ ਜਾਵੇ ਜਾਂ ਕ੍ਰੋਧ 'ਚ ਆ ਜਾਏ ਤਾਂ ਉਸਨੂੰ ਸਹਿਜ ਰਹਿਣ ਲਈ ਪ੍ਰੇਰਨਾ ਹੈ। ਮਾਈਕਲ ਨਾਲ਼ ਹੋਈਆਂ-ਬੀਤੀਆਂ ਮੈਂ ਸਭ ਜਾਣਦਾ ਹਾਂ। ਇੰਡੀਅਨ ਰੈਜ਼ਿਡੈਂਸ਼ੀਅਲ ਸਕੂਲਾਂ ਬਾਰੇ ਵੀ ਮੈਨੂੰ ਪਤਾ ਹੈ। ਕਨੇਡਾ ਦੇ ਮੁਢਲੇ ਵਸਨੀਕਾਂ ਦੀ ਪੜ੍ਹਾਈ ਵਾਸਤੇ, ਸਰਕਾਰੀ ਸਕੀਮ ਅਨੁਸਾਰ ਕਨੇਡਾ ਭਰ ਵਿਚ ਇਸ ਕਿਸਮ ਦੇ130 ਦੇ ਕਰੀਬ ਸਕੂਲ ਖੋਲ੍ਹੇ ਗਏ ਸਨ। ਫੰਡ ਕਨੇਡਾ ਸਰਕਾਰ ਮੁਹੱਈਆ ਕਰਦੀ ਸੀ ਅਤੇ ਸਕੂਲਾਂ ਦੇ ਪ੍ਰਬੰਧ ਅਤੇ ਪੜ੍ਹਾਈ ਦੇ ਕੰਮ-ਕਾਜ ਰੋਮਨ ਕੈਥੋਲਿਕ ਚਰਚ ਅਤੇ ਐਂਗਲੀਕਨ ਚਰਚ ਦੀਆਂ ਸੰਸਥਾਵਾਂ ਨਿਭਾਉਂਦੀਆਂ ਸਨ। ਉਨ੍ਹਾਂ ਸਕੂਲਾਂ ਵਿਚ ਵਿਦਿਆਰਥੀਆਂ ਨਾਲ ਗੈਰ-ਮਨੁੱਖੀ ਵਿਹਾਰ ਸ਼ੁਰੂ ਹੋ ਗਿਆ ਜੋ ਕਿ ਲੰਮਾ ਸਮਾਂ ਚਲਦਾ ਰਿਹਾ। ਉਸ ਵਿਹਾਰ ਦੀਆਂ ਦੱਬੀਆਂ-ਘੁੱਟੀਆਂ ਸ਼ਿਕਾਇਤਾਂ ਤੇ ਖਬਰਾਂ ਆਖਰਕਾਰ ਲਾਵੇ ਵਾਂਗ ਫੁੱਟ ਪਈਆਂ।

ਇੰਕੁਆਰੀਆਂ-ਪੜਤਾਲਾਂ ਹੋਈਆਂ...ਕਨੇਡਾ ਸਰਕਾਰ ਨੇ ਸਾਰੇ ਇੰਡੀਅਨ ਰੈਜ਼ਿਡੈਂਸ਼ੀਅਲ ਸਕੂਲ ਬੰਦ ਕਰ ਦਿੱਤੇ। ਸਾਬਕਾ ਵਿਦਿਆਰਥੀਆਂ ਦੇ ਜ਼ਖਮਾਂ 'ਤੇ ਮਲ੍ਹਮ ਲਾਉਣ ਦੀ ਨੀਤੀ ਤਹਿਤ ਮੁਆਵਜ਼ਾ ਦੇਣ ਦੀ ਸਕੀਮ ਬਣਾਈ ਗਈ। ਮੁਆਵਜ਼ਾ ਹਰ ਵਿਦਿਆਰਥੀ ਨੂੰ ਮਿਲਣਾ ਸੀ, ਉਸਦੇ ਸਕੂਲ 'ਚ ਬਿਤਾਏ ਸਾਲਾਂ ਦੇ ਹਿਸਾਬ ਨਾਲ਼। ਜਿਹੜੇ ਵਿਦਿਆਰਥੀ ਗੰਭੀਰ ਦੁਰਾਚਾਰ ਦਾ ਸ਼ਿਕਾਰ ਹੋਏ ਸਨ, ਉਹ ਕਨੇਡਾ ਸਰਕਾਰ 'ਤੇ ਕੇਸ ਕਰਕੇ ਵੱਧ ਮੁਆਵਜ਼ਾ ਮੰਗ ਸਕਦੇ ਸਨ।

ਮਾਈਕਲ ਵਰਗੇ ਕੁਝ ਲੋਕਾਂ ਨੇ ਮੁਆਵਜ਼ਾ ਕਲੇਮ ਨਾ ਕੀਤਾ। ਸੰਬੰਧਤ ਵਿਭਾਗ ਵੱਲੋਂ ਅਜਿਹੇ ਲੋਕਾਂ ਨਾਲ ਸੰਪਰਕ ਕੀਤਾ ਗਿਆ। ਮਾਈਕਲ ਨੂੰ ਵੀ ਫੋਨ ਆਇਆ। ਵਿਭਾਗ ਦੇ ਕਰਮਚਾਰੀ ਨੇ ਜਦੋਂ ਉਸਨੂੰ ਕਲੇਮ ਭੇਜਣ ਲਈ ਜ਼ੋਰ ਪਾਇਆ ਤਾਂ ਮਾਈਕਲ ਰੋਹ 'ਚ ਆ ਗਿਆ।ਚੰਗਿਆੜੇ ਛੱਡਦੀ ਆਵਾਜ਼ 'ਚ ਬੋਲਿਆ, "ਸਾਡੇ ਜ਼ਖਮ ਬਹੁਤ ਡੂੰਘੇ ਹਨ। ਮੁਆਵਜ਼ੇ ਨਾਲ਼ ਨਹੀਂ ਭਰੇ ਜਾਣੇ। ਇਹ ਤਾਂ ਨੇਟਿਵਾਂ ਦੀਆਂ ਰੂਹਾਂ 'ਤੇ ਸਦੀਆਂ ਤੱਕ ਰਿਸਦੇ ...।" ਅੱਗ-ਭਬੂਕਾ ਹੋਇਆ ਮਾਈਕਲ ਕਈ ਕੁਝ ਬੋਲ ਗਿਆ।

ਕਰਮਚਾਰੀ ਨੇ ਉਸਦੀ ਫਾਈਲ 'ਚ ਲਿਖ ਦਿੱਤਾ ਕਿ ਇਹ ਬੰਦਾ ਬਹੁਤ ਜ਼ਿਆਦਾ ਅਪਸੈੱਟ ਹੈ,ਇਸਦੀ ਕਾਊਂਸਲਿੰਗ ਕਰਵਾਈ ਜਾਏ। ਉਸ ਵਿਭਾਗ ਨੇ ਸਾਡੀ ਕਾਊਂਸਲਿੰਗ-ਏਜੰਸੀ ਨੂੰ ਲਿਖਿਆ। ਕੇਸ ਮੇਰੀ ਕੋਲੀਗ ਐਮਿਲੀ ਨੂੰ ਦਿੱਤਾ ਗਿਆ। ਪਰ ਮਾਈਕਲ ਵੱਲੋਂ ਸਹਿਯੋਗ ਨਾ ਮਿਲਿਆ। ਐਮਿਲੀ ਨੇ ਕਾਊਂਸਲਿੰਗ ਬੰਦ ਕਰ ਦਿੱਤੀ। ਉਸਦੇ ਦੋ ਕੁ ਸੈਸ਼ਨਾਂ ਦਾ ਸਾਰ-ਅੰਸ਼ ਇਹ ਸੀ, 'ਮਾਈਕਲ ਅੰਦਰ ਮਾਨਸਿਕ ਤੇ ਭਾਵਨਾਤਮਕ ਗੁੰਝਲਾਂ ਹਨ ਪਰ ਉਹ ਦੱਸਦਾ ਨਹੀਂ। ਜਦੋਂ ਮੈਂ

ਪੁਛੱਦੀ ਹਾਂ ਜਾਂ ਤਾਂ ਪੱਥਰ ਜਿਹਾ ਬਣ ਜਾਂਦਾ ਹੈ ਤੇ ਜਾਂ ਫਿਰ ਭੜਕ ਉੱਠਦਾ ਹੈ।'

ਚੁਣੌਤੀ ਵਾਲਾ ਇਹ ਕੇਸ ਮੈਨੇਜਰ ਨੂੰ ਕਹਿ ਕੇ ਮੈਂ ਲੈ ਲਿਆ। ਮਾਈਕਲ ਨਾਲ ਪਹਿਲੀ ਮੁਲਾਕਾਤ ਮੈਂ ਉਨ੍ਹਾਂ ਦੇ ਬੈਂਡ ਦੇ ਦਫਤਰ ਵਿਚ ਕੀਤੀ। ਬਵੰਜਾ ਸਾਲਾ ਮਾਈਕਲ ਦੇ ਹੱਥ ਮਿਲਾਉਣ ਤੇ 'ਹਾਇ' ਆਖਣ ਵਿਚ ਕੋਈ ਗਰਮਜੋਸ਼ੀ ਨਹੀਂ ਸੀ। ਚਿਹਰੇ ਦੀ ਬੇਰੌਣਕੀ ਉਸਨੂੰ ਸੱਠਾਂ ਤੋਂ ਉਪੱਰਦਾ ਦਿਖਾ ਰਹੀ ਸੀ। ਕੁਰਸੀਆਂ 'ਤੇ ਆਹਮੋ-ਸਾਹਮਣੇ ਬੈਠ ਮੈਂ ਸਹਿਜ ਰਉਂ 'ਚ ਗੱਲ ਸ਼ੁਰੂ ਕੀਤੀ,"ਮੇਰਾ ਨਾਂ ਗੁਰਬਾਜ਼ ਸਿੰਘ ਸਹੋਤਾ ਹੈ। ਤੂੰ ਬਾਜ਼ ਕਹਿ ਸਕਦਾਂ। ਮੇਰੀ ਡਿਊਟੀ ਤੇਰੀ ਕਾਊਂਸਲਿੰਗ ਕਰਨ ਵਾਸਤੇ ਲੱਗੀ ਹੈ। ਤੂੰ ਮੈਨੂੰ ਆਪਣਾ ਦੋਸਤ ਸਮਝ। ਮੈਂ ਤੇਰੀ ਹਰ ਗੱਲ ਸੁਣਾਂਗਾ,ਤੇਰੇ ਕ੍ਰੋਧ ਭਰੇ ਬੋਲ ਵੀ। ਆਪਣੀ ਕੋਈ ਵੀ ਗੱਲ ਤੇਰੇ 'ਤੇ ਨਹੀਂ ਠੋਸਾਂਗਾ। ਸਿਰਫ ਸੁਝਾਓ ਦਿਆਂਗਾ... ਸਿਆਣੇ ਆਖਦੇ ਹਨ ਕਿ ਸਾਡੇ ਨਾਲ ਹੋਏ ਅਨਿਆਂ ਜੇ ਅਸੀਂ ਅੰਦਰ ਹੀ ਦੱਬੀ ਰਖਾਂਗੇ ਤਾਂ ਉਹ ਦੀਰਘ ਰੋਗ ਬਣ ਸਕਦੇ ਹਨ। ਆਪਣੇ ਦੁੱਖ-ਦਰਦ ਜਦੋਂ ਤੂੰ ਦੂਜਿਆਂ ਕੋਲ ਫੋਲੇਂਗਾ ਤਾਂ ਉਹ ਵੰਡੇ ਜਾਣਗੇ, ਤੇਰਾ ਮਨ ਹਲਕਾ ਹੋ ਜਾਏਗਾ। ਦੂਜਿਆਂ ਦੀ ਹਮਦਰਦੀ ਨਾਲ ਦਿਲ ਨੂੰ ਢਾਰਸ ਮਿਲੇਗਾ... ਬੀਤੇ ਨੂੰ ਭੁਲਾ ਕੇ ਤੈਨੂੰ ਵਰਤਮਾਨ ਤੇ ਭੱਵਿਖ ਬਾਰੇ ਸੋਚਣਾ ਚਾਹੀਦੈ।"

ਮਾਈਕਲ ਦੇ ਚਿਹਰੇ 'ਤੇ ਉਕਤਾਹਟ ਮਹਿਸੂਸ ਕਰਦਿਆਂ ਮੈਂ ਆਪਣੀ ਗੱਲ ਬੰਦ ਕਰ ਦਿੱਤੀ। ਉਸਦੇ ਕੰਮ-ਕਾਜ ਬਾਰੇ ਪੁੱਛਿਆ। ਉਸਨੇ ਦੱਸਿਆ ਕਿ ਉਹ 'ਕਾਰਪੈਂਟਰ' ਸੀ। ਕੁਰਸੀਆਂ, ਮੇਜ਼ ਤੇ ਬੈਂਡ ਵਗੈਰਾ ਬਣਾਉਣ ਦਾ ਉਹ ਵਧੀਆ ਕਾਰੀਗਰ ਸੀ। ਪਰ ਨਿੱਠ ਕੇ ਕੰਮ ਕਰਨਾ ਉਸਦੇ ਵੱਸ ਦੀ ਗੱਲ ਨਹੀਂ ਸੀ।

ਫਿਰ ਮੈਂ ਉਸਦੇ ਬੈਂਡ ਬਾਰੇ ਪੁੱਛਣ ਲੱਗ ਪਿਆ। ਗੱਲਾਂ ਕਰਦਿਆਂ ਮੇਰਾ, ਉਹਦਾ ਬੈਂਡ ਦੇਖਣ ਦਾ ਮੂਡ ਬਣ ਗਿਆ। ਮੇਰੇ ਕਹਿਣ'ਤੇ ਉਹ ਮੈਨੂੰ ਲੈ ਟੁਰਿਆ। ਅੱਸੀ ਕੁ ਖਿੱਲਰਵੇਂ ਘਰਾਂ ਵਾਲਾ ਮਾਈਕਲ ਹੁਰਾਂ ਦਾ ਬੈਂਡ ਜਿਸਨੂੰ ਪਿੰਡ ਕਿਹਾ ਜਾ ਸਕਦਾ ਹੈ-ਬਰੂਨੋ ਦਰਿਆ ਦੇ ਕਿਨਾਰੇ ਸੱਥਿਤ ਹੈ। ਬੈਂਡ ਦੇ ਮੈਦਾਨੀ ਤੇ ਛੋਟੀਆਂ-ਛੋਟੀਆਂ ਪਹਾੜੀਆਂ ਵਾਲੇ ਸੈਂਕੜੇ ਘੁਮਾਵਾਂ ਦੇ ਰਿਜ਼ਰਵ ਯਾਅਨੀ ਰਕਬੇ ਵਿਚ ਉਚੇ-ਲੰਮੇ ਚੀਲ੍ਹ, ਵ੍ਹਾਈਟ ਸਪਰੂਸ ਤੇ ਕੰਬਦੇ ਪੱਤਿਆਂ ਵਾਲੇ ਐਪਸਨ ਦੇ ਦਰਖਤਾਂ, ਦਰਿਆ ਬਰੂਨੋ ਤੇ ਸਾਫ-ਸੁਥਰੇ ਪਾਣੀ ਦੀ ਝੀਲ ਦੇ ਆਲ਼ੇ-ਦੁਆਲ਼ੇ ਘੁੰਮਦਿਆਂ ਕੁਦਰਤ ਦੇ ਕਈ ਖੂਬਸੂਰਤ ਨਜ਼ਾਰੇ ਮੇਰੇ ਨਜ਼ਰੀਂ ਪਏ। ਇਸ ਰਿਜ਼ਰਵ ਤੋਂ ਅਗਾਂਹ ਛੋਟੀਆਂ-ਵੱਡੀਆਂ ਕਈ ਝੀਲਾਂ, ਦਰਿਆਵਾਂ ਅਤੇ ਭਾਂਤ-ਸੁਭਾਂਤੇ ਦਰਖਤਾਂ ਦੇ ਜੰਗਲਾਂ ਵਾਲੀ ਸੈਂਕੜੇ ਮੀਲਾਂ ਤਕ ਪਸਰੀ ਧਰਤੀ 'ਤੇ ਨੇਟਿਵਾਂ ਦੇ ਹੋਰ ਬੈਂਡ ਵਸਦੇ ਹਨ। ਮਾਈਕਲ ਦੇ ਦੱਸਣ ਅਨੁਸਾਰ ਇਹ ਧਰਤੀ ਕਿਸੇ ਜ਼ਮਾਨੇ 'ਚ ਪ੍ਰਦੂਸ਼ਣ-ਰਹਿਤ ਹੁੰਦੀ ਸੀ ਪਰ ਹੁਣ ਲੱਕੜ-ਮਿੱਲਾਂ ਤੇ ਖਾਨਾਂ ਨੇ ਉਹ ਗੱਲ ਨਹੀਂ ਸੀ ਰਹਿਣ ਦਿੱਤੀ।

ਅਗਲੇ ਸੈਸ਼ਨਾਂ ਵਿਚ ਮਾਈਕਲ ਨੇ ਦੱਸਿਆ ਕਿ ਜਦੋਂ ਉਹ ਛੇ ਸਾਲ ਦਾ ਹੋਇਆ ਤਾਂ ਉਹਦਾ ਡੈਡ ਮੋਰਿਸ ਲਈ ਉਸਨੂੰ ਰੈਜ਼ਿਡੈਂਸ਼ਿਅਲ ਸਕੂਲ ਭੇਜਣ ਲਈ ਪ੍ਰੇਰਨ ਲੱਗ ਪਿਆ। ਪਰ ਮਾਈਕਲ ਦੀ ਘਰ ਦਿਆਂ ਤੋਂ ਦੂਰ ਹੋਣ ਨੂੰ ਰੂਹ ਨਹੀਂ ਸੀ ਮੰਨਦੀ। ਉਹ ਅਜਿਹੇ ਸਕੂਲ 'ਚ ਪੜ੍ਹਨਾ ਚਾਹੁੰਦਾ ਸੀ ਜਿੱਥੋਂ ਹਰ ਰੋਜ਼ ਘਰ ਆ ਸਕੇ। ਜਦੋਂ ਡੈਡ ਗੱਲ ਛੇੜਦਾ ਤਾਂ ਉਹ ਦਾਦੀ ਦੇ ਗਲ਼ ਲੱਗ ਕੇ ਰੋਣ ਲੱਗ ਜਾਂਦਾ। ਪੋਤਰੇ ਨੂੰ ਆਪਣੇ ਨਾਲ ਘੁੱਟਦੀ ਹੋਈ ਦਾਦੀ ਆਪਣੇ ਪੁੱਤਰ ਨੂੰ ਆਖਦੀ, "ਵੇ ਮੋਰਿਸ! ਪਹਿਲਾਂ ਤੂੰ ਮੇਰੀ ਲਾਡਲੀ ਪੋਤੀ ਮੈਥੋਂ ਦੂਰ ਕੀਤੀ ਹੁਣ ਇਹਨੂੰ ਵੀ ਭੇਜਣ ਦੀਆਂ ਸਕੀਮਾਂ ਬਣਾਉਣ ਲੱਗ ਪਿਐਂ। ਐਨੀ ਕਾਹਲ ਕਾਹਦੀ ਏ? ਅਜੇ ਇਹ ਮਸਾਂ ਗਿੱਠ ਭਰ ਤਾਂ ਹੈਗੈ।"

"ਹੋਰ ਚਾਰ ਸਾਲਾਂ ਤਾਈਂ ਇਹਨੇ ਮੇਰੇ ਮੋਢਿਆਂ ਤਕ ਪਹੁੰਚ ਜਾਣੈ, ਮੌਮ ਨੂੰ ਗਿੱਠ ਭਰ ਹੀ ਦੀਹਦੈ।" ਮੋਰਿਸ ਹੱਸਦਾ ਹੋਇਆ ਆਖਦਾ।

"ਵੇ! ਹੁੰਦੜਹੇਲ ਹੈ, ਇਹ ਵੀ ਤੇ ਰੋਜ਼ੈਨ ਵੀ। ਹੈ ਵੀ ਦੋਨੋਂ ਸੁਨੱਖੇ। ਆਪਣੀ ਮਾਂ 'ਤੇ ਗਏ

ਆ।" ਦਾਦੀ ਆਖਦੀ।

ਪੁੱਤਰ ਦੇ ਹੰਝੂ ਵੇਖਦਿਆਂ, ਮਾਈਕਲ ਦੀ ਮੌਮ ਦਾ ਦਿਲ ਵੀ ਥੋੜ੍ਹਾ ਹੋਣ ਲੱਗ ਪੈਂਦਾ। ਉਹ ਪਤੀ ਨੂੰ ਆਖਦੀ, "ਸਾਡੀ ਮੌਮ ਠੀਕ ਕਹਿੰਦੀ ਏ। ਆਪਾਂ ਅਟਕ ਲੈਂਦੇ ਹਾਂ। ਰੋਜ਼ੈਨ ਨੂੰ ਆਪਾਂ ਸੱਤ ਸਾਲ ਦੀ ਨੂੰ ਭੇਜਿਆ ਸੀ।"

"ਕਹਿੰਦੇ ਆ ਪਈ ਹੁਣ ਸਖਤੀ ਹੋ ਗਈ ਹੈ।" ਮੋਰਿਸ ਫਿਕਰ ਜ਼ਾਹਰ ਕਰਦਾ। ਪਰ ਫਿਰ ਆਪ ਹੀ "ਚਲੋ ਦੇਖੀ ਜਾਊ" ਆਖਦਿਆਂ ਗੱਲ ਨੂੰ ਛੱਡ ਦੇਂਦਾ।

ਅਜੇ ਦੋ ਕੁ ਮਹੀਨੇ ਹੀ ਬੀਤੇ ਸਨ ਕਿ ਇਕ ਦਿਨ ਅਚਾਨਕ ਹੀ ਸਰਕਾਰੀ ਏਜੰਟ ਉਨ੍ਹਾਂ ਦੇ ਘਰ ਆ ਧਮਕਿਆ। ਕਾਰ 'ਚੋਂ ਉੱਤਰਦਾ ਹੀ ਮੋਰਿਸ 'ਤੇ ਰੋਹਬ ਝਾੜਦਾ ਬੋਲਿਆ, "ਕਾਨੂੰਨ ਮੁਤਾਬਿਕ ਤੁਹਾਨੂੰ ਆਪਣਾ ਪੁੱਤਰ ਰੈਜ਼ਿਡੈਂਸ਼ਿਅਲ ਸਕੂਲ 'ਚ ਭੇਜਣਾ ਚਾਹੀਦਾ ਸੀ। ਹੁਣ ਤਕ ਭੇਜਿਆ ਕਿਉਂ ਨਹੀਂ?"

ਮਾਈਕਲ ਦੀ ਦਾਦੀ ਨੂੰ ਏਜੰਟ ਜ਼ਹਿਰ ਦਿਖਈ ਦਿੱਤਾ ਸੀ। ਉਸਦੀ ਮੌਮ ਦੇ ਚਿਹਰੇ 'ਤੇ ਗੁੱਸੇ ਅਤੇ ਡਰ ਦੇ ਹਾਵ-ਭਾਵ ਸਨ।

"ਜਿਗਰ ਦੇ ਟੋਟੇ ਨੂੰ ਏਨੀ ਛੋਟੀ ਉਮਰੇ ਅੱਖਾਂ ਤੋਂ ਦੂਰ ਕਰਨ ਦਾ ਹੀਆ ਨਹੀਂ ਪਿਆ।" ਮੋਰਿਸ ਨੇ ਕਿਹਾ ਸੀ।

"ਮੈਂ ਇਹਨੂੰ ਲੈਣ ਆਇਆਂ।" ਏਜੰਟ ਬੋਲਿਆ।

"ਲੈ ਜਾ।"

"ਮੈਂ ਨਹੀਂ ਜਾਣਾ...ਮੈਂ ਨਹੀਂ ਜਾਣਾ।" ਮਾਈਕਲ ਰੋਣ ਡਹਿ ਪਿਆ ਸੀ।

ਉਸਦੇ ਮੌਮ-ਡੈਡ ਨੇ ਪਤਿਆ ਕੇ ਉਸਨੂੰ ਕਾਰ ਵੱਲ ਤੋਰ ਲਿਆ ਸੀ। ਹਿਰਖੇ ਹੋਏ ਮਨ ਨਾਲ਼ ਉਸਨੇ ਮਾਪਿਆਂ ਵੱਲ ਤੱਕਿਆ ਸੀ। ਮੌਮ ਦੀਆਂ ਅੱਖਾਂ ਵਿਚ ਹੰਝੂ ਸਨ। ਡੈਡ ਦੇ ਚਿਹਰੇ ਦੀ ਉਦਾਸੀ ਨੂੰ ਤਾਂ ਉਹ ਸਮਝ ਗਿਆ ਸੀ ਪਰ ਉਦਾਸੀ ਦੇ ਨਾਲ਼ ਉੱਭਰੀ ਚੰਗੇਰੇ ਭੱਵਿਖ ਦੀ ਹਸਰਤ ਨੂੰ ਉਸਦਾ ਬਾਲ-ਮਨ ਸਮਝ ਨਹੀਂ ਸੀ ਸਕਿਆ। ਪੁੱਤ ਨੂੰ ਕਾਰ 'ਚ ਬਿਠਾ ਕੇ ਮੌਮ-ਡੈਡ ਨੇ ਬੜੀ ਮੁਸ਼ਕਲ ਨਾਲ਼ ਉਸ ਤੋਂ ਆਪਣੇ ਹੱਥ ਛੁਡਾਏ ਸਨ। ਦਾਦੀ ਦਰਾਂ 'ਚ ਖੜ੍ਹੀ ਰੋ ਰਹੀ ਸੀ। "ਗਰੈਨੀ!" ਉਸ ਵੱਲ ਬਾਹਾਂ ਉਲਾਰਦਿਆਂ ਮਾਈਕਲ ਦੀ ਚੀਖ ਨਿਕਲ ਗਈ ਸੀ। ਕਾਰ ਝਟਕਾ ਮਾਰ ਕੇ ਦੌੜ ਪਈ ਸੀ।

ਏਜੰਟ ਨੇ ਦੂਜੇ ਬੈਂਡਾਂ ਦੇ ਪਰਿਵਾਰਾਂ ਵਿਚੋਂ ਚਾਰ ਬੱਚੇ ਹੋਰ ਚੁੱਕੇ ਸਨ। ਤਿੰਨ ਕੁ ਘੰਟੇ ਬਾਅਦ ਕਾਰ ਸਕੂਲ ਪਹੁੰਚ ਗਈ ਸੀ। ਲੜਕੇ-ਲੜਕੀਆਂ ਅਲੱਗ-ਅਲੱਗ ਕਰਨ ਬਾਅਦ ਮਾਈਕਲ ਹੁਰਾਂ ਦੀਆਂ ਹਜਾਮਤਾਂ ਸ਼ੁਰੂ ਹੋ ਗਈਆਂ। ਵਾਲ਼ਾਂ ਨੂੰ ਨੇੜਿਓਂ ਕੱਟ ਕੇ ਸਾਰਿਆਂ ਦੇ ਸਿਰ ਫੌਜੀਆਂ ਵਾਂਗ ਇੱਕੋ ਸ਼ਕਲ ਦੇ ਬਣਾਏ ਜਾ ਰਹੇ ਸਨ। ਮਾਈਕਲ ਨੂੰ ਆਪਣੀ ਭੈਣ ਰੋਜ਼ੈਨ ਤੇ ਉਸਦੀ ਸਹੇਲੀ ਕਲੈਰਾ ਸਵੈਕਮ ਦੀ ਗੱਲ ਚੇਤੇ ਆ ਗਈ ਸੀ। ਉਹ ਦੋਵੇਂ ਆਪਣੇ ਵਾਲ਼ਾਂ ਨੂੰ ਬਹੁਤ ਪਿਆਰ ਕਰਦੀਆਂ ਸਨ। ਉਨ੍ਹਾਂ ਨੇ ਹਜਾਮਤਾਂ ਤੋਂ ਛੋਟ ਮੰਗੀ ਸੀ। ਪਰ ਕੈਂਚੀ ਚਲਾ ਰਹੀ ਟੀਚਰ ਨੇ ਉਨ੍ਹਾਂ ਦੇ ਲੰਮੇ-ਸੁਹਣੇ ਵਾਲ਼ ਕੱਟ ਕੇ ਔਹ ਮਾਰੇ ਸਨ ਤੇ ਜੂੰਆਂ ਨਾ ਹੋਣ ਦੇ ਬਾਵਜੂਦ ਵੀ ਉਨ੍ਹਾਂ ਦੇ ਸਿਰਾਂ 'ਚ ਬਦਬੂਦਾਰ ਪਾਊਡਰ ਪਾ ਦਿੱਤਾ ਸੀ

ਮਾਈਕਲ ਹੁਰਾਂ ਦੇ ਗਰੁੱਪ ਵਿਚ ਵੀ ਜੂੰਆਂ ਤਾਂ ਸ਼ਾਇਦ ਇਕ-ਦੋ ਲੜਕਿਆਂ ਦੇ ਹੀ ਹੋਣਗੀਆਂ ਪਰ ਜੂੰ-ਮਾਰ ਪਾਊਡਰ ਹਰੇਕ ਦੇ ਸਿਰ 'ਚ ਪਾਇਆ ਗਿਆ। ਨਹਾਉਣ ਬਾਅਦ ਉਨ੍ਹਾਂ ਨੂੰ ਸਕੂਲ ਦੇ ਕੱਪੜੇ ਪਹਿਨਾਏ ਗਏ। ਫਿਰ ਇਕ ਟੀਚਰ ਜਿਸਦਾ ਨਾਂ ਅਲਬਰਟ ਸੀ; ਉਨ੍ਹਾਂ ਦੀ ਭਾਸ਼ਾ ਵਿਚ ਹਦਾਇਤਾਂ ਦੇਣ ਲੱਗ ਪਿਆ, "ਤੁਸੀਂ ਸਕੂਲ ਦੀ ਹੱਦ ਤੋਂ ਬਾਹਰ ਪੈਰ ਨਹੀਂ ਧਰਨਾ। ਤੁਹਾਡੀ ਬੋਲ-

ਚਾਲ, ਤੁਹਾਡਾ ਪੜ੍ਹਨ-ਲਿਖਣ ਤੁਹਾਡੀ ਭਾਸ਼ਾ ਵਿਚ ਨਹੀਂ, ਅੰਗ੍ਰੇਜ਼ੀ ਵਿਚ ਹੋਵੇਗਾ। ਆਪਸੀ ਗੱਲਬਾਤ ਵੀ ਤੁਸੀਂ ਅੰਗ੍ਰੇਜ਼ੀ ਵਿਚ ਹੀ ਕਰਨੀ ਹੈ। ਤੁਸੀਂ ਆਪਣੇ ਘਰਾਂ ਤੋਂ ਲਿਆਂਦੇ ਕੱਪੜੇ ਨਹੀਂ ਪਾਉਣੇ। ਸਕੂਲ ਦੀਆਂ ਡਰੈਸਾਂ ਹੀ ਪਾਉਣੀਆਂ ਹਨ। ਜੇ ਕੋਈ ਬੱਚਾ ਸਕੂਲ ਦੇ ਨਿਯਮਾਂ ਦੀ ਉਲੰਘਣਾ ਕਰੇਗਾ, ਉਸਨੂੰ ਸਖਤ ਸਜ਼ਾ ਦਿੱਤੀ ਜਾਏਗੀ।''

ਸ਼ਾਮ ਪੈ ਚੁੱਕੀ ਸੀ। ਨਵੀਂ ਕਲਾਸ ਦੇ ਪਹਿਲਾਂ ਲਿਆਂਦੇ ਲੜਕਿਆਂ ਨਾਲ ਲਾਈਨ ਬਣਾ ਕੇ ਮਾਈਕਲ ਹੁਰਾਂ ਨੂੰ ਰਾਤ ਦੇ ਖਾਣੇ ਵਾਸਤੇ ਲਿਜਾਇਆ ਗਿਆ। ਮਾਈਕਲ ਨੇ ਇਕ ਬੁਰਕੀ ਵੀ ਮੂੰਹ 'ਚ ਨਹੀਂ ਸੀ ਪਾਈ। ਮੈੱਸ ਵਿੱਚੋਂ ਉਨ੍ਹਾਂ ਨੂੰ ਸੌਣ ਵਾਲੇ ਹਾਲ ਵਿਚ ਲਿਆਂਦਾ ਗਿਆ। ਹਾਲ ਦੇ ਦੋਨੀਂ ਪਾਸੀਂ ਦੀਵਾਰਾਂ ਦੇ ਨਾਲ਼-ਨਾਲ਼, ਲਾਈਨਾਂ ਵਿਚ ਬੈੱਡ ਲਗਾਏ ਹੋਏ ਸਨ। ਸੌਣ ਦਾ ਆਰਡਰ ਹੋਣ 'ਤੇ ਮਾਈਕਲ ਦੇ ਵੈਰਾਗੇ ਦਿਲ 'ਚੋਂ ਲੂਲੜੀ ਨਿਕਲੀ, ''ਮੈਂ ਆਪਣੀ ਭੈਣ ਕੋਲ਼ ਸੌਣਾ ਹੈ।'' ਬਰੱਦਰ ਜੈਰੀ ਨਾਂ ਦੇ ਟੀਚਰ ਨੇ ਉਸਨੂੰ ਸਮਝਾਇਆ ਸੀ ਕਿ ਲੜਕੇ-ਲੜਕੀਆਂ ਦੇ ਬਲਾਕ ਅਲੱਗ-ਅਲੱਗ ਸਨ। ਕੋਲ਼ ਸੌਣਾ ਤਾਂ ਇਕ ਪਾਸੇ ਰਿਹਾ,ਭੈਣ-ਭਰਾ, ਬਿਨਾਂ ਕਿਸੇ ਖਾਸ ਕਾਰਨ ਦੇ ਇਕ-ਦੂਜੇ ਨੂੰ ਮਿਲ਼ ਵੀ ਨਹੀਂ ਸਕਦੇ।

ਹਾਲ ਦੀ ਲਾਈਟ ਬੁਝਾ ਦਿੱਤੀ ਗਈ ਸੀ। ਦਿਓ ਰੂਪ ਹਨੇਰਾ ਜਿਵੇਂ ਮਾਈਕਲ ਨੂੰ ਖਾਣ ਆ ਰਿਹਾ ਹੋਵੇ... ਘਰ ਵਿਚ ਉਹ ਦਾਦੀ ਨਾਲ਼ ਸੌਂਦਾ ਹੁੰਦਾ ਸੀ। ਉਹ ਕਦੀ ਉਸ ਨੂੰ ਬਾਤਾਂ ਸੁਣਾਉਂਦੀ ਤੇ ਕਦੀ ਸਵੱਰਗਵਾਸੀ ਦਾਦੇ-ਪੜਦਾਦੇ ਦੀਆਂ ਸ਼ਿਕਾਰ ਖੇਡਣ, 'ਫਰ' ਇਕੱਠਾ ਕਰਨ ਤੇ ਮੱਛੀਆਂ ਫੜਨ ਦੀਆਂ ਦਿਲਚਸਪ ਗੱਲਾਂ ਸੁਣਾਉਂਦੀ। ਮਾਈਕਲ ਵੀ ਆਪਣੇ ਵੱਡੇ-ਵਡੇਰਿਆਂ ਵਰਗੀ ਬੇਪਰਵਾਹ ਜ਼ਿੰਦਗੀ ਦੇ ਸੁਪਨੇ ਲੈਣ ਲੱਗ ਪਿਆ ਸੀ...।

ਪਰ ਹੁਣ ਘਰਦਿਆਂ ਤੋਂ ਦੂਰ; ਕੈਦੀਆਂ ਵਾਂਗ ਡੱਕਿਆ ਉਹ ਹੇਰਵੇ, ਉਦਾਸੀ ਤੇ ਬੇਬਸੀ ਦੇ ਡੂੰਮ੍ਹ ਵਿਚ ਗੋਤੇ ਖਾ ਰਿਹਾ ਸੀ। ਨਾਲ਼ ਦੇ ਬੈੱਡ ਵਾਲ਼ੇ ਲੜਕੇ ਦੀਆਂ ਸਿਸਕੀਆਂ ਸੁਣ ਕੇ ਉਸਦਾ ਵੀ ਰੋਣ ਨਿਕਲ਼ ਗਿਆ। ਹੋਰ ਵੀ ਕਈ ਬੈੱਡਾਂ ਤੋਂ ਸਿਸਕੀਆਂ ਸੁਣਾਈ ਦੇ ਰਹੀਆਂ ਸਨ। ਬਰੱਦਰ ਜੈਰੀ ਨੇ ਹਾਲ 'ਚ ਆ ਕੇ ਦਬਕਾ ਮਾਰਿਆ ਸੀ, ''ਰੋਣਾ ਬੰਦ ਕਰੋ, ਚੁੱਪ-ਚਾਪ ਸੌਂ ਜਾਓ।'' ਸਿਸਕੀਆਂ ਬੰਦ ਹੋ ਗਈਆਂ ਸਨ ਪਰ ਹੰਝੂ ਨਹੀਂ ਰੁਕੇ ਸਨ... ਮਾਈਕਲ ਵਾਂਗ ਹੋਰ ਬੱਚੇ ਵੀ ਰੋਂਦੇ-ਰੋਂਦੇ ਹੀ ਸੌਂ ਗਏ ਸਨ।

ਮਾਈਕਲ ਦਾ ਸੌਣ ਵੇਲੇ ਦਾ ਰੋਣ ਕਈ ਦਿਨ ਚਲਦਾ ਰਿਹਾ। ਉਸਦੇ ਬਾਲ-ਮਨ ਵਿਚ ਕਈ ਤਰ੍ਹਾਂ ਦੇ ਸਵਾਲ ਉੱਭਰ ਪੈਂਦੇ, 'ਸਕੂਲ ਦੇ ਟੀਚਰ ਮੈਨੂੰ ਪਿਆਰ ਕਿਉਂ ਨਹੀਂ ਕਰਦੇ? ਮੌਮ-ਡੈਡ ਨੇ ਮੈਨੂੰ ਤੇ ਰੋਜ਼ੈਨ ਨੂੰ ਇਸ ਸਕੂਲ 'ਚ ਕਿਉਂ ਭੇਜਿਆ? ਕੀ ਸਾਨੂੰ ਕੋਈ ਸਜ਼ਾ ਦਿੱਤੀ ਗਈ ਏ? ਪਰ ਅਸੀਂ ਤਾਂ ਏਦਾਂ ਦੀ ਕੋਈ ਗਲਤੀ ਹੀ ਨਹੀਂ ਕੀਤੀ...।'

ਦਸ ਮਹੀਨੇ ਬਾਅਦ ਗਰਮੀਆਂ ਦੀਆਂ ਛੁੱਟੀਆਂ ਹੋਈਆਂ। ਮਾਈਕਲ ਜਿਵੇਂ ਜਿਹਲ 'ਚੋਂ ਛੁੱਟਿਆ ਹੋਵੇ। ਪਰ ਉਹ ਦੋ ਮਹੀਨੇ ਝੱਟ ਹੀ ਬੀਤ ਗਏ। ਉਹ ਜਿਹੋ ਜਿਹਾ ਸਕੂਲੋਂ ਗਿਆ ਸੀ,ਉੱਖੜਿਆ-ਉੱਖੜਿਆ, ਉਹੋ ਜਿਹਾ ਹੀ ਪਰਤ ਆਇਆ।

ਹਰ ਸਾਲ ਦੀਆਂ ਦੋ ਮਹੀਨੇ ਦੀਆਂ ਛੁੱਟੀਆਂ ਦੌਰਾਨ ਮੌਮ ਚਾਵਾਂ ਨਾਲ ਮਾਈਕਲ ਤੇ ਰੋਜ਼ੈਨ ਦੀਆਂ ਪਸੰਦੀਦਾ ਚੀਜ਼ਾਂ ਬਣਾਉਂਦੀ ਅਤੇ ਹੱਥੀਂ ਖੁਆਉਂਦੀ। ਦਾਦੀ ਵੀ ਬੜੇ ਲਾਡ ਕਰਦੀ।

ਮਾਈਕਲ ਦਾ ਡੈਡ ਮੋਰਿਸ ਆਪਣੇ ਭਾਈਬੰਦਾਂ ਨਾਲ ਮਿਲ ਕੇ ਪੈਡਲਾਂ ਵਾਲੀਆਂ ਕਿਸ਼ਤੀਆਂ ਬਣਾਉਂਦਾ ਸੀ। ਮਾਈਕਲ ਦੀ ਮੌਮ ਤੇ ਦਾਦੀ, ਬੈਂਡ ਦੀਆਂ ਕੁਝ ਹੋਰ ਔਰਤਾਂ ਵਾਂਗ,ਘਰ 'ਚ ਹੀ; ਮਣਕਿਆਂ ਨੂੰ ਗੁੰਦ ਕੇ ਵੰਨ-ਸੁਵੰਨੇ ਹਾਰ ਬਣਾਉਂਦੀਆਂ। ਜਦੋਂ ਇਹ ਕੰਮ ਮੰਦਾ ਪੈ ਜਾਂਦਾ ਤਾਂ ਉਹ

ਬੈਂਤ ਦੀਆਂ ਟਾਹਣੀਆਂ ਅਤੇ 'ਬਰਚ' ਦੇ ਦਰਖਤਾਂ ਦੀਆਂ ਛਿੱਲਾਂ ਦੀਆਂ ਟੋਕਰੀਆਂ ਬਣਾਉਂਦੀਆਂ। ਇਹ ਸਾਰੇ ਕੰਮ-ਕਾਜ ਸਾਲ ਦੇ ਕੁਝ ਮਹੀਨੇ ਹੀ ਚਲਦੇ ਸਨ ਜਿਸ ਕਰਕੇ ਉਨ੍ਹਾਂ ਦਾ ਹੱਥ ਤਰ ਨਹੀਂ ਸੀ ਹੁੰਦਾ। ਸਾਦੇ ਜੀਵਨ ਦੀਆਂ ਲੋੜਾਂ ਹੀ ਮਸਾਂ ਪੂਰੀਆ ਹੁੰਦੀਆਂ ਸਨ।

ਵਿਹਲੇ ਦਿਨੀਂ ਮੋਰਿਸ ਜਾਲ਼ ਨਾਲ਼ ਸਹਿਆਂ ਦਾ ਸ਼ਿਕਾਰ ਕਰਦਾ ਜਾਂ ਮੱਛੀਆਂ ਫੜਦਾ। ਮਾਈਕਲ ਦੀਆਂ ਛੁੱਟੀਆਂ 'ਚ ਉਸਨੂੰ ਵੀ ਨਾਲ਼ ਲੈ ਜਾਂਦਾ। ਮਾਈਕਲ ਜੰਗਲ 'ਚ ਘੁੰਮਦੇ ਹਿਰਨਾਂ, ਭਾਲੂਆਂ,ਬਾਰਾਂਸਿੰਗਿਆਂ ਆਦਿ ਨੂੰ ਚਾਅ ਅਤੇ ਨੀਝ ਨਾਲ਼ ਵੇਖਦਾ। ਇਕ ਵੇਰਾਂ ਜਦੋਂ ਉਹ ਆਕਾਸ਼ ਦੀਆਂ ਉਚਾਈਆਂ ਸਰ ਕਰ ਰਹੇ ਉਕਾਬ ਨੂੰ ਵੇਖ ਕੇ, ਆਚੰਭਤ ਹੋਇਆ 'ਓ ਵਾਓ,ਓ ਵਾਓ' ਕਰ ਰਿਹਾ ਸੀ ਤਾਂ ਦਰਿਆ ਵਿੱਚੋਂ ਮੱਛੀਆਂ ਦਾ ਜਾਲ਼ ਧੂਹ ਰਹੇ ਉਸਦੇ ਡੈਡ ਨੇ ਕਿਹਾ ਸੀ, ''ਮੇਰੇ ਪਿਆਰੇ ਪੁੱਤਰ! ਤੂੰ ਵੀ ਉਡਿਆ ਕਰੇਂਗਾ ਜਹਾਜ਼ਾਂ ਵਿਚ, ਬੱਸ ਮਨ ਮਾਰ ਕੇ ਪੜ੍ਹ ਲੈ।''ਮਾਈਕਲ ਨੂੰ ਉਤਸ਼ਾਹੀ ਰਉਂ 'ਚ ਇੰਝ ਲੱਗਾ ਸੀ ਜਿਵੇਂ ਉਸਦੇ ਤਨ 'ਤੇ ਪਰ ਉੱਗ ਪਏ ਹੋਣ। ਪਰ ਜਾਲ਼ 'ਚ ਫਸੀਆਂ ਮੱਛੀਆਂ ਵੇਖ ਕੇ ਉਹ ਉਦਾਸ ਜਿਹਾ ਹੋ ਗਿਆ ਸੀ।

ਮਾਈਕਲ ਦੀ ਦਾਦੀ ਉਸਨੂੰ ਤੇ ਰੋਜ਼ੈਨ ਨੂੰ ਜੰਗਲੀ ਬਲੂਬੈਰੀਆਂ ਖੁਆਉਣ ਲੈ ਜਾਂਦੀ। ਬੇਰੀਆਂ ਖਾ ਕੇ ਉਹ ਝੀਲ ਵਿਚ ਤੈਰਦੇ ਅਤੇ ਫਿਰ ਧੁੱਪ-ਛਾਂ 'ਚ ਬੈਠ ਆਰਾਮ ਕਰਦੇ। ਉਨ੍ਹਾਂ ਦੀ ਨਿਗ੍ਹਾ ਉੱਡਦੇ ਫਿਰਦੇ ਅਤੇ ਦਰਖਤਾਂ 'ਤੇ ਬੈਠੇ ਪੰਛੀਆਂ ਵੱਲ ਖਿੱਚੀ ਜਾਂਦੀ। ਲੰਮੀ-ਤਿੱਖੀ ਚੁੰਝ ਨਾਲ਼ ਦ੍ਰਖਤ ਦਾ ਤਣਾ ਖੋਦ ਰਹੇ ਚੱਕੀਰਾਹੇ, ਹਿੱਲਣਾ-ਜੁੱਲਣਾ ਭੁੱਲ ਗਏ ਸਿੰਗਾਂ ਵਾਲ਼ੇ ਉੱਲੂ ਤੇ ਬਗਲਿਆਂ ਵਰਗੇ ਹਰੇ ਰੰਗ ਦੇ 'ਹੀਰੋਨ' ਆਦਿ ਨੂੰ ਤੱਕਦਿਆਂ ਅਤੇ ਅਮਰੀਕਨ ਚਿੜੀ ਦੀ ਮਿੱਠੀ-ਗੂੰਜਵੀਂ ਆਵਾਜ਼ ਸੁਣਦਿਆਂ ਉਹ ਏਦਾਂ ਮਸਤ ਹੁੰਦੇ ਕਿ ਆਪਣੀ ਸੁੱਧ-ਬੁੱਧ ਹੀ ਭੁੱਲ ਜਾਂਦੇ।

ਮਈਕਲ ਕਦੀ-ਕਦੀ ਰੋਜ਼ੈਨ ਨਾਲ਼ ਆਪਣੇ ਗੁਆਂਢੀ ਬੈਂਡ ਵਿਚ ਕਲੈਰਾ ਦੇ ਘਰ ਚਲੇ ਜਾਂਦਾ। ਕਦੀ ਕਲੈਰਾ ਵੀ ਉਨ੍ਹਾਂ ਵੱਲ ਗੇੜਾ ਮਾਰ ਜਾਂਦੀ।

ਛੁੱਟੀਆਂ ਜਦੋਂ ਮੁੱਕਣ 'ਤੇ ਆਉਂਦੀਆਂ ਤਾਂ ਭੈਣ-ਭਰਾ ਉਦਾਸ ਹੋ ਜਾਂਦੇ। ਮੌਮ-ਡੈਡ ਨੂੰ ਜਿਹਲ ਵਰਗੇ ਸਕੂਲ ਦੀਆਂ ਤਕਲੀਫਾਂ ਦੱਸਣ ਲਗਦੇ। ਡੈਡ ਉਨ੍ਹਾਂ ਵੱਲ ਉਤਸ਼ਾਹੀ ਨਜ਼ਰ ਸੁਟਦਾ ਆਖਦਾ, ''ਜਦੋਂ ਤੁਹਾਡੀ ਜ਼ਿੰਦਗੀ ਵਧੀਆ ਬਣ ਗਈ ਇਹ ਸਾਰੀਆਂ ਤਕਲੀਫਾਂ ਤੁਹਾਨੂੰ ਭੁੱਲ ਜਾਣਗੀਆਂ।''

''ਵਧੀਆ ਜ਼ਿੰਦਗੀ ਕੀ?'' ਭੋਲ਼ਾ ਜਿਹਾ ਮਾਈਕਲ ਪੁੱਛਦਾ।

''ਸੁਹਣਾ ਘਰ, ਚੰਗਾ ਖਾਣ-ਪਹਿਨਣ, ਗੋਰਿਆਂ ਵਰਗੀ ਸਹੂਲਤਾਂ ਵਾਲ਼ੀ ਜ਼ਿਦਗੀ।'' ਡੈਡ ਜਵਾਬ ਦੇਂਦਾ।

ਮਾਈਕਲ ਸਮਝ ਗਿਆ ਸੀ ਕਿ ਸਕੂਲ ਤੋਂ ਉਸਦਾ ਛੁਟਕਾਰਾ ਨਹੀਂ ਹੋ ਸਕਣਾ। ਉਸਨੇ ਆਪਣੇ ਆਪ ਨੂੰ ਸਕੂਲ ਦੇ ਰੁਟੀਨ 'ਚ ਢਾਲਣਾ ਸ਼ੁਰੂ ਕਰ ਦਿੱਤਾ। ਸਵੇਰੇ ਸਾਢੇ ਛੇ ਵਜੇ ਦਾ ਬਜ਼ਰ ਸੁਣ ਕੇ ਸਾਰੇ ਲੜਕੇ ਉੱਠ ਪੈਂਦੇ। ਆਪੋ ਆਪਣੇ ਬੈੱਡ ਦੀ ਸਾਈਡ ਤੋਂ ਐਕਸ਼ਨਾਂ ਤੇ ਆਵਾਜ਼ਾਂ ਦੀ ਇਕਸਾਰਤਾ ਵਿਚ ਈਸਾਈਆਂ ਵਾਲ਼ੀ ਪ੍ਰਾਰਥਨਾ ਕਰਦੇ। ਫਿਰ ਮਾਈਕਲ ਬੈੱਡਸ਼ੀਟ ਦੇ ਵਲ਼ ਕਢਦਾ ਤੇ ਕੰਬਲ ਦੀ ਚਿਣਵੀਂ ਤਹਿ ਲਾ ਕੇ ਪੈਂਦ 'ਤੇ ਸਜਾ ਦਿੰਦਾ। ਬਰੱਦਰ ਅਲਬਰਟ-ਜੋ ਉਨ੍ਹਾਂ ਦਾ ਡੌਰਮਿਟਰੀ ਇੰਚਾਰਜ ਤੇ ਖੇਡਾਂ ਦਾ ਅਧਿਆਪਕ ਸੀ-ਨਿਰੀਖਣ ਕਰਦਾ। ਜਿਸ ਦਾ ਬੈੱਡ ਨਿਯਮਾਂ ਅਨੁਸਾਰ ਨਾ ਸੁਆਰਿਆ ਹੁੰਦਾ ਉਸਦੇ ਚਪੇੜਾਂ ਪੈਂਦੀਆਂ। ਨਹਾ-ਧੋ ਕੇ ਸਾਰੇ ਬੱਚੇ ਮੈੱਸ 'ਚ ਪਹੁੰਚ ਜਾਂਦੇ। ਨਾਸ਼ਤੇ ਬਾਅਦ ਪੜ੍ਹਾਈ ਸ਼ੁਰੂ ਹੋ ਜਾਂਦੀ। ਉਸ ਤੋਂ ਬਾਅਦ ਦੁਪਹਿਰ ਦਾ ਖਾਣਾ।

ਖਾਣੇ ਉਪਰੰਤ ਕੰਮਾਂ ਵਾਸਤੇ ਗਰੁੱਪ ਬਣਾ ਦਿੱਤੇ ਜਾਂਦੇ। ਮਾਈਕਲ ਆਪਣੇ ਗਰੁੱਪ ਨਾਲ਼ ਲੱਗ ਕੇ ਕਦੀ ਬਗੀਚਿਆਂ 'ਚ ਲਾਏ ਫੁੱਲਾਂ ਤੇ ਸਬਜ਼ੀਆਂ ਦੀ ਸਾਂਭ-ਸੰਭਾਲ, ਕਦੀ ਵਿਹੜਿਆਂ ਦੀ ਸਫਾਈ

ਤੇ ਕਦੀ ਰਸੋਈ ਵਾਸਤੇ ਲੱਕੜਾਂ ਢੋਣ ਦੀਆਂ ਡਿਊਟੀਆਂ ਨਿਭਾਉਂਦਾ। ਜਦ ਨੂੰ ਖੇਡਾਂ ਦਾ ਟਾਈਮ ਹੋ ਜਾਂਦਾ। ਮਾਈਕਲ ਬਾਸਕਿਟਬਾਲ ਖੇਡਦਾ। ਸੱਤ ਵਜੇ ਰਾਤ ਦੇ ਖਾਣੇ ਦਾ ਅਤੇ ਅੱਠ ਵਜੇ ਸੌਣ ਦਾ ਬਜ਼ਰ ਹੋ ਜਾਂਦਾ।

ਮਾਈਕਲ ਜਾਣਦਾ ਸੀ ਕਿ ਆਮ ਲੜਕੇ ਰੁਟੀਨ ਦੇ ਸਾਰੇ ਕੰਮ ਸ਼ੌਕ ਨਾਲ਼ ਨਹੀਂ ਬੱਧੇ-ਰੁੱਧੇ ਹੀ ਕਰਦੇ ਸਨ। ਮੈੱਸ ਦੇ ਖਾਣੇ ਵੀ ਉਹ ਚਾਹ ਕੇ ਨਹੀਂ ਸਨ ਖਾਂਦੇ। ਢਿੱਡ ਭਰਨ ਵਾਲ਼ੀ ਗੱਲ ਸੀ। ਜੌਆਂ ਦੇ ਦਲ਼ੀਏ ਅਤੇ ਪਾਊਡਰ-ਦੁੱਧ ਦਾ ਨਾਸ਼ਤਾ ਕਰਦਿਆਂ, ਮਾਈਕਲ ਨੂੰ ਘਰ ਦਾ ਨਾਸ਼ਤਾ ਯਾਦ ਆ ਜਾਂਦਾ। ਉਸਦੀ ਮੌਮ ਆਪਣੇ ਹੱਥੀਂ ਜਵੀ ਦੇ ਆਟੇ ਦਾ ਤਾਜ਼ਾ ਰੋਟ ਬਣਾ ਕੇ ਇਕ ਹਿੱਸੇ ਵਿਚ ਘਰ ਦਾ ਬਣਾਇਆ ਜੈਮ ਤੇ ਦੂਜੇ ਹਿੱਸੇ ਵਿਚ ਬਟਰ ਲਾ ਕੇ ਸਲਾਈਸ ਕੱਟ ਦੇਂਦੀ। ਕਿੰਨਾ ਸੁਆਦ ਹੁੰਦਾ ਸੀ ਉਨ੍ਹਾਂ ਸਲਾਈਸਾਂ ਤੇ ਚਾਹ ਦਾ ਨਾਸ਼ਤਾ। ਮੈੱਸ 'ਚ ਦੁਪਹਿਰ ਤੇ ਰਾਤ ਦੇ ਖਾਣਿਆਂ ਵਿਚ ਸੁੱਕਾ ਜਿਹਾ ਬੇਲੱਜਤ ਮੀਟ, ਠੰਢੇ ਆਲੂ, ਢੇਰ ਸਾਰੇ ਪਾਣੀ ਵਿਚ ਰਿੰਨ੍ਹੀ ਹੋਈ ਮੱਛੀ ਤੇ ਫਿਕਲ਼ੀਆਂ ਸਬਜ਼ੀਆਂ ਖਾਂਦਿਆਂ, ਮਾਈਕਲ ਨੂੰ ਘਰ ਦੇ ਪਕਵਾਨ ਯਾਦ ਆ ਜਾਂਦੇ। ਕਦੀ ਭੁੰਨੀ ਹੋਈ ਜਾਂ ਥੋੜ੍ਹੀ ਕੁ ਤਰੀ ਵਾਲ਼ੀ ਮੱਛੀ, ਕਦੀ ਸਬਜ਼ੀਆਂ ਜਾਂ ਮੀਟ ਦਾ ਸ਼ੋਰਬਾ ਤੇ ਕਦੀ ਮੱਠੀ-ਮੱਠੀ ਅੱਗ 'ਤੇ ਰਿੰਨ੍ਹਿਆਂ ਖਰਗੋਸ਼ ਜਾਂ ਹਿਰਨ ਦਾ ਮਾਸ।

ਇਕ ਦਿਨ ਉਹ ਤੇ ਉਸਦਾ ਦੋਸਤ ਅਰਨੀ ਫੋਰਟੀਅਰ ਆਪਣੀ ਭਾਸ਼ਾ ਵਿਚ ਮੈੱਸ ਦੇ ਖਾਣਿਆਂ ਦੀ ਨੁਕਤਾਚੀਨੀ ਕਰ ਰਹੇ ਸਨ। ਬਰੱਦਰ ਅਲਬਰਟ ਨੇ ਓਹਲੇ ਹੋ ਕੇ ਸੁਣ ਲਿਆ। ਕਚੀਚੀਆਂ ਵਟਦਾ ਬੋਲਿਆ, "ਤੁਸੀਂ ਦੋ ਕਸੂਰ ਕੀਤੇ ਹਨ, ਇਕ ਮੈੱਸ ਦੇ ਖਾਣਿਆਂ ਨੂੰ ਨਿੰਦਿਆ ਤੇ ਦੂਜਾ ਤੁਸੀਂ ਆਪਣੀ ਭਾਸ਼ਾ ਵਿਚ ਗੱਲਾਂ ਕੀਤੀਆਂ ਹਨ।" ਉਸਨੇ ਦੋਨਾਂ ਨੂੰ ਚਮੜੇ ਦੇ ਪਟੇ ਨਾਲ਼ ਏਨਾ ਕੁੱਟਿਆ ਕਿ ਉਹ ਕਈ ਰਾਤਾਂ ਸੁਪਨਿਆਂ 'ਚ ਬਰੜਾ-ਬਰੜਾ ਉੱਠਦੇ ਰਹੇ।

ਮਾਈਕਲ ਨੇ ਸਕੂਲ ਦੀਆਂ ਪ੍ਰਾਰਥਨਾਵਾਂ ਬਾਰੇ ਵੀ ਗੱਲ ਕੀਤੀ ਸੀ।ਸਵੇਰੇ ਬੈੱਡ ਤੋਂ ਉੱਠ ਕੇ, ਫਿਰ ਨਾਸ਼ਤੇ, ਦੁਪਹਿਰ ਤੇ ਰਾਤ ਦੇ ਖਾਣਿਆਂ ਸਮੇਂ ਅਤੇ ਫਿਰ ਸੌਣ ਵੇਲੇ ਵੀ ਉਨ੍ਹਾਂ ਨੂੰ ਪ੍ਰਾਰਥਨਾ ਕਰਨੀ ਪੈਂਦੀ ਸੀ। ਸਕੂਲ ਦੇ ਚਰਚ ਵਿਚ ਵੀ ਪ੍ਰਾਰਥਨਾਵਾਂ ਦਾ ਸਿਲਸਿਲਾ ਚਲਦਾ ਰਹਿੰਦਾ ਸੀ।

ਜਦੋਂ ਮਾਈਕਲ ਸਕੂਲ ਦਾ ਰੁਟੀਨ ਦੱਸ ਹਟਿਆ ਤਾ ਮੈਂ ਆਖਿਆ, "ਮਾਈਕ! ਤੁਹਾਡੇ ਸਕੂਲ 'ਚ ਤਾਨਾਸ਼ਹੀ ਤਾਂ ਸੀ ਪਰ ਕੁਝ ਚੀਜ਼ਾਂ ਚੰਗੀਆਂ ਵੀ ਸਨ।"

"ਕਿਹੜੀਆਂ?"

"ਜਿਵੇਂ ਪ੍ਰਾਰਥਨਾ। ਪ੍ਰਾਰਥਨਾ ਸਾਡੇ ਅੰਦਰ ਪ੍ਰਭੂ-ਪਿਆਰ ਪੈਦਾ ਕਰਦੀ ਹੈ। ਉਸ ਪਿਆਰ ਸਦਕਾ ਬੰਦੇ ਅੰਦਰ ਸ਼ੁੱਧਤਾ ਆਉਂਦੀ ਹੈ।"

"ਬਾਜ਼! ਪ੍ਰਾਰਥਨਾ ਅਸੀਂ ਪ੍ਰਭੂ ਨਾਲ਼ ਪਿਆਰ ਦੇ ਨਾਤੇ ਨਹੀਂ ਸੀ ਕਰਦੇ,ਪ੍ਰਭੂ ਤੋਂ ਡਰਦੇ ਮਾਰੇ ਕਰਦੇ ਸੀ। ਸਕੂਲਾਂ ਵਿਚ ਤੇ ਬਾਹਰ ਚਰਚਾਂ ਵਿਚ ਇਹ ਸਿਖਾਇਆ ਜਾਂਦਾ ਸੀ ਕਿ ਜੇ ਅਸੀਂ ਈਸਾਈ ਧਰਮ ਦੇ ਉਪਦੇਸ਼ਾਂ 'ਤੇ ਨਹੀਂ ਚੱਲਾਂਗੇ, ਸਾਡੀ ਆਤਮਾ ਵਿਚ ਸ਼ੈਤਾਨ ਪ੍ਰਵੇਸ਼ ਕਰ ਜਾਏਗਾ ਤੇ ਪ੍ਰਭੂ ਸਾਨੂੰ ਨਰਕਾਂ 'ਚ ਸੁੱਟ ਦੇਵੇਗਾ ਇਸ ਤਰ੍ਹਾਂ ਸਾਨੂੰ ਇਕ ਡਰ ਪ੍ਰਭੂ ਦਾ ਹੁੰਦਾ ਸੀ ਤੇ ਦੂਜਾ ਡਰ ਹੁੰਦਾ ਸੀ ਫਾਦਰ ਤੇ ਟੀਚਰਾਂ ਦੀ ਕਰੜੀ ਨਜ਼ਰ ਦਾ। ਪ੍ਰਾਰਥਨਾ ਦੌਰਾਨ ਕਦੀ-ਕਦੀ ਬੇਧਿਆਨੀ 'ਚ ਸਾਡੀ ਨਜ਼ਰ ਆਸੇ-ਪਾਸੇ ਚਲੀ ਜਾਣੀ, ਪਤਾ ਉਦੋਂ ਲੱਗਣਾ ਜਦੋਂ ਨਿਗਰਾਨੀ ਕਰ ਰਹੇ ਟੀਚਰ ਨੇ ਧੌਣ 'ਚ ਮੁੱਕਾ ਜੜ ਦੇਣਾ। ਸੋ ਪ੍ਰਾਰਥਨਾ ਨੇ ਸਾਨੂੰ ਸਹਿਜ ਨਹੀਂ ਡਰਪੋਕ ਬਣਾਇਆ।"

"ਤੁਸੀਂ ਤਾਂ ਡਰਦੇ ਮਾਰੇ ਸਾਰਾ ਕੁਝ ਕਰੀ ਜਾਂਦੇ ਸੀ ਪਰ ਤੁਹਾਡੇ ਮਾਂ-ਬਾਪ ਅਤੇ ਦਾਦੇ-ਦਾਦੀਆਂ ਤਾਂ ਇਸ ਕਿਸਮ ਦੀ ਸਿੱਖਿਆ 'ਤੇ ਕਿੰਤੂ ਕਰ ਸਕਦੇ ਸਨ।" ਮੈਂ ਟਿੱਪਣੀ ਕੀਤੀ।

"ਉਹ ਤਾਂ ਕੈਥੋਲਿਕਾਂ ਵੱਲੋਂ ਕਰਵਾਈ ਜਾ ਰਹੀ ਸਾਡੀ ਪੜ੍ਹਾਈ ਨੂੰ ਆਪਣੇ ਉੱਤੇ ਪਰਉਪਕਾਰ ਸਮਝਦੇ ਸਨ। ਦਰਅਸਲ ਸਾਡੇ ਮਾਪੇ ਤੇ ਵਡਾਰੂ ਸਿੱਧੇ-ਸਾਦੇ ਸਨ ਜਦੋਂ ਕਿ ਪਾਦਰੀ, ਭਿਕਸ਼ੂ,ਭਿਕਸ਼ਣਾਂ, ਉਪਦੇਸ਼ ਦੇਣ 'ਚ ਮਾਹਰ ਧਰਮ-ਪ੍ਰਚਾਰਕ ਸਨ। ਉਨ੍ਹਾਂ ਦਾ ਚਿੱਟੇ ਜਾਂ ਕਾਲ਼ੇ ਗਾਊਨਾਂ ਦਾ ਪਹਿਰਾਵਾ ਵੀ ਉਨ੍ਹਾਂ ਨੂੰ ਸ੍ਰੇਸ਼ਟ ਬਣਾਉਂਦਾ ਸੀ। ਆਮ ਨੇਟਿਵਾਂ ਲਈ ਉਨ੍ਹਾਂ ਦੇ ਪ੍ਰਵਚਨ ਪ੍ਰਭੂ ਦੇ ਬੋਲ ਸਨ।ਨਾਲ਼ੇ ਸਰਕਾਰ ਵੀ ਉਨ੍ਹਾਂ ਦੀ ਪਿੱਠ 'ਤੇ ਸੀ।"

"ਉਹ ਕਿਵੇਂ?"

"ਸਰਕਾਰ ਸਾਡੇ ਨੇਟਿਵੀ ਮੂਲ ਨੂੰ ਖਤਮ ਕਰਕੇ ਸਾਨੂੰ ਯੂਰਪੀਨ-ਕਨੇਡੀਅਨ ਜੀਵਨ-ਸ਼ੈਲੀ 'ਚ ਤਬਦੀਲ ਕਰਨਾ ਚਾਹੁੰਦੀ ਸੀ। ਸਾਨੂੰ ਈਸਾਈ ਬਣਾ ਕੇ ਇਹ ਕਾਰਜ ਸੌਖਾ ਹੋ ਸਕਦਾ ਸੀ। ਪਰ ਸਾਡੇ ਸਕੂਲਾਂ ਵਿਚ ਇਸ ਧਰਮ ਦਾ ਪ੍ਰਚਾਰ ਸਨੇਹ ਨਾਲ਼ ਨਹੀਂ ਸੀ ਕੀਤਾ ਜਾਂਦਾ। ਸਕੂਲ ਦਾ ਸਟਾਫ ਮਿਸ਼ਨਰੀ ਹੋਣ ਕਰਕੇ ਟੀਚਰਾਂ ਨੂੰ ਬਰੱਦਰ,ਸਿਸਟਰ ਅਤੇ ਪ੍ਰਿੰਸੀਪਲ ਨੂੰ ਫਾਦਰ ਕਿਹਾ ਜਾਂਦਾ ਸੀ। ਪਰ ਵਿਦਿਆਰਥੀਆਂ ਨਾਲ਼ ਭਰਾ, ਭੈਣ ਤੇ ਪਿਤਾ ਵਰਗਾ ਪਿਆਰ ਕਰਨ ਵਾਲ਼ੇ ਟੀਚਰ ਬਹੁਤ ਥੋੜ੍ਹੇ ਸਨ। ਸਾਡੀ ਦਾਦੀ ਦੀ ਮੌਤ ਹੋਣ 'ਤੇ ਡੈਡ ਦਾ ਚਚੇਰਾ ਭਰਾ ਮੈਨੂੰ ਤੇ ਰੋਜ਼ੈਨ ਨੂੰ ਸਕੂਲੋਂ ਲੈਣ ਗਿਆ। ਪਰ ਪੱਥਰ-ਦਿਲ ਪ੍ਰਿੰਸੀਪਲਾਂ ਨੇ ਸਾਨੂੰ ਛੁੱਟੀ ਨਾ ਦਿੱਤੀ। ਸਾਡਾ ਦਾਦੀ ਨਾਲ਼ ਬਹੁਤ ਮੋਹ ਸੀ। ਇਕ ਉਸਦੀ ਮੌਤ ਦਾ ਸਦਮਾ ਦੂਜਾ ਆਖਰੀ ਸਮੇਂ ਉਹਦਾ ਮੂੰਹ ਨਾ ਦੇਖ ਸਕਣ ਦਾ ਝੋਰਾ, ਅਸੀਂ ਕਈ ਦਿਨ ਕੰਧਾਂ 'ਚ ਮੂੰਹ ਦੇ ਕੇ ਰੋਂਦੇ ਰਹੇ। ਰੋਜ਼ੈਨ ਨੇ ਤਾਂ ਬਹੁਤ ਹੀ ਮਹਿਸੂਸ ਕੀਤਾ ਸੀ।"

"ਇਸ ਤਰ੍ਹਾਂ ਦੇ ਮਾਮਲਿਆਂ 'ਚ ਪ੍ਰਿੰਸੀਪਲਾਂ ਨੂੰ ਦਇਆਵਾਨ ਹੋਣਾ ਚਾਹੀਦਾ ਸੀ," ਆਖ ਕੇ ਮੈਂ ਅਗਲੀ ਗੱਲ ਸ਼ੁਰੂ ਕਰ ਲਈ, "ਮਾਈਕ! ਤੁਹਾਥੋਂ ਜਿਹੜੇ ਕੰਮ ਕਰਵਾਏ ਜਾਂਦੇ ਸੀ, ਮੇਰੇ ਖਿਆਲ 'ਚ ਉਹ ਤਾਂ ਠੀਕ ਹੀ ਸਨ। ਬੰਦੇ ਨੂੰ ਬਚਪਨ ਤੋਂ ਹੀ ਕੰਮ ਕਰਨ ਦੀ ਆਦਤ ਪੈ ਜਾਂਦੀ ਹੈ।"

"ਉਹ ਕੰਮ ਪ੍ਰੇਰਨਾ ਨਾਲ਼ ਨਹੀਂ, ਹੁਕਮ ਨਾਲ਼ ਕਰਵਾਏ ਜਾਂਦੇ ਸੀ। ਅਸੀਂ ਆਪਣੀ ਮਰਜ਼ੀ ਨਾਲ਼ ਕੁਝ ਵੀ ਨਹੀਂ ਸੀ ਕਰ ਸਕਦੇ। ਜੇ ਕਿਸੇ ਲੜਕੇ ਨੇ ਆਪਣੇ ਤਰੀਕੇ ਨਾਲ਼ ਕੋਈ ਕੰਮ ਸ਼ੁਰੂ ਕਰਨਾ, ਉਹ ਤਰੀਕਾ ਭਾਵੇਂ ਕਿੰਨਾ ਬਿਹਤਰ ਹੋਵੇ, ਉਸਨੂੰ ਰੱਦ ਕਰ ਦਿੱਤਾ ਜਾਂਦਾ ਸੀ। ਸਕੂਲ ਦੇ ਰੁਟੀਨ ਵਿੱਚੋਂ ਪਹਿਲ-ਕਦਮੀ,ਉੱਦਮ ਤੇ ਉਤਸ਼ਾਹ ਵਰਗੇ ਕੋਈ ਵੀ ਗੁਣ ਅਸੀਂ ਗ੍ਰਹਿਣ ਨਾ ਕਰ ਸਕੇ। ਸਾਥੋਂ ਸਾਡੀ ਜ਼ਬਾਨ ਤੇ ਕਲਚਰ ਖੋਹ ਲਈਆਂ ਗਈਆਂ। ਪ੍ਰਿੰਸੀਪਲ ਤੇ ਟੀਚਰਾਂ ਦੇ ਬੂਟਾਂ ਦੇ ਠੁੱਡਿਆਂ,ਮੁੱਕਿਆਂ,ਚੁਪੇੜਾਂ ਤੇ ਚਮੜੇ ਦੇ ਪਟੇ ਦੀਆਂ ਕੁੱਟਾਂ ਨੇ ਸਾਨੂੰ ਡਰਪੋਕ ਤੇ ਘਟੀਆ ਜੀਵ ਬਣਾ ਦਿੱਤਾ। ਸਾਡੀ ਹੋਂਦ-ਹਸਤੀ ਵਿਚ ਗੌਰਵ ਨਾਂ ਦੀ ਕੋਈ ਚੀਜ਼ ਨਹੀਂ ਸੀ ਰਹਿ ਗਈ।"

"ਬਾਸਕਿਟਬਾਲ ਦਾ ਖਿਡਾਰੀ ਬਣ ਕੇ ਤਾਂ ਜ਼ਿੰਦਗੀ ਕੁਝ ਸੁਖਾਲੀ ਹੋ ਗਈ ਹੋਵੇਗੀ।" ਮਾਈਕਲ ਤੋਂ ਕੁਝ ਚੰਗਾ ਸੁਣਨ ਦੀ ਆਸ ਵਿਚ ਮੈਂ ਪੁੱਛਿਆ।"

"ਦੋ ਕੁ ਸਾਲ ਹੀ।"

"ਕਿਉਂ ਫਿਰ ਕੀ ਗੱਲ ਹੋ ਗਈ।"

"ਅਗਲੀ ਵਾਰ ਦੱਸਾਂਗਾ।"

"ਚਲੋ ਠੀਕ ਹੈ। ਅਗਲਾ ਸੈਸ਼ਨ ਕਿੱਦਣ ਦਾ ਰੱਖੀਏ।" ਲੈਪਟੌਪ ਬੰਦ ਕਰਦਿਆਂ ਮੈਂ ਪੁੱਛਿਆ।

"ਮੈਂ ਕਾਲ ਕਰਾਂਗਾ।" ਮਾਈਕਲ ਨੇ ਹੱਥ ਮਿਲ਼ਾਇਆ ਤੇ ਟੁਰ ਗਿਆ।

ਕਈ ਦਿਨ ਬੀਤ ਗਏ। ਉਸਦਾ ਫੋਨ ਨਾ ਆਇਆ। ਮੈਂ ਕੀਤਾ ਤਾਂ ਰੁੱਖੇ ਰਉਂ 'ਚ ਬੋਲਿਆ, "ਬਾਜ਼! ਮੈਨੂੰ ਕਾਊਂਸਲਿੰਗ ਨਹੀਂ ਚਾਹੀਦੀ।"

ਮੈਨੂੰ ਗੁੱਸਾ ਚੜ੍ਹ ਗਿਆ ਪਰ ਮੈਂ ਆਪੂੰ 'ਤੇ ਕਾਬੂ ਪਾ ਲਿਆ। ਦਿਲ 'ਚ ਉੱਠੀ ਆਵਾਜ਼ 'ਪੈ ਢੱਠੇ ਖੂਹ 'ਚ' ਅੰਦਰ ਹੀ ਦੱਬ ਲਈ ਤੇ ਸਨੇਹੀ ਸੁਰ 'ਚ ਆਖਿਆ, "ਓ ਕੇ ਮਾਈਕ, ਜਿਵੇਂ ਤੇਰੀ ਮਰਜ਼ੀ। ਤੂੰ ਖੁਸ਼ ਰਹਿ ਪਰ ਮੈਂ ਇਕ ਗੱਲ ਕਹਿਣੀ ਚਾਹੁੰਨਾਂ।"

"ਕਹਿ।"

"ਮੈਂ ਤੈਨੂੰ ਆਪਣਾ ਦੋਸਤ ਸਮਝਦਾਂ। ਕੀ ਦੋਸਤੀ ਦੇ ਨਾਤੇ, ਆਪਾਂ ਕਦੀ-ਕਦੀ ਮਿਲ ਸਕਦੇ ਹਾਂ।"

"ਸ਼ਿਓਰ।" ਉਸਦਾ ਜਵਾਬ ਸੀ।

ਕਾਊਂਸਲਿੰਗ ਬੰਦ ਕਰਨੀ ਕੋਈ ਸਮੱਸਿਆ ਨਹੀਂ ਸੀ। ਮੇਰੇ ਬਾਕੀ ਕੇਸਾਂ ਦੀ ਪ੍ਰੋਗਰੈਸ ਠੀਕ ਪੈ ਰਹੀ ਸੀ। ਪਰ ਮਾਈਕਲ ਦਾ ਚੁਣੌਤੀਪੂਰਨ ਕੇਸ ਮੇਰੇ ਲਈ ਜ਼ਿਆਦਾ ਮਹੱਤਵਪੂਰਨ ਸੀ। ਉਸਦੀ ਲੀਹੋਂ ਲੱਥੀ ਜ਼ਿੰਦਗੀ ਨੂੰ ਮੁੜ ਲੀਹ 'ਤੇ ਪਾ ਦੇਣ ਨਾਲ ਮੈਨੂੰ ਜਿਹੜਾ ਚਿਰਜੀਵੀ ਸਕੂਨ ਮਿਲਣਾ ਸੀ, ਮੈਨੂੰ ਉਸਦੀ ਲੋਚਾ ਸੀ।

ਦੋ ਕੁ ਮਹੀਨੇ ਲੰਘਾ ਕੇ ਮੈਂ ਉਸਨੂੰ ਫੋਨ ਕੀਤਾ ਤੇ ਪੁੱਛਿਆ, "ਮਾਈਕ! ਤੂੰ ਕਦੀ ਭਾਰਤੀ ਖਾਣੇ ਖਾਧੇ ਹਨ?"

"ਨਹੀਂ।"

"ਆਉਂਦੇ ਸ਼ਨੀਵਾਰ ਮੈਂ ਤੈਨੂੰ ਭਾਰਤੀ ਰੈਸਟੋਰੈਂਟ 'ਚ ਲੰਚ ਕਰਵਾਉਣਾ ਚਾਹੁੰਨਾਂ।"

"ਕਿੱਥੇ?"

"ਪ੍ਰਿੰਸ ਜੌਰਜ ਵਿਖੇ। ਆਏਂਗਾ?"

ਕੁਝ ਪਲਾਂ ਦੀ ਚੁੱਪ ਬਾਅਦ ਉਸਨੇ 'ਹਾਂ' ਕਰ ਦਿੱਤੀ। ਮੈਂ ਉਸਨੂੰ 'ਕੁਆਲਿਟੀ ਇੰਡੀਅਨ ਰੈਸਟੋਰੈਂਟ' ਦਾ ਐਡਰੈਸ ਦੇ ਦਿੱਤਾ।

ਉਹ ਮਿਥੇ ਸਮੇਂ 'ਤੇ ਪਹੁੰਚ ਗਿਆ। ਅਸੀਂ ਇਕ ਕੈਬਿਨ 'ਚ ਬੈਠ ਗਏ। ਆਪਣੇ ਕਲਾਇੰਟ ਨਾਲ ਇਸ ਤਰ੍ਹਾਂ ਖਾਣਾ-ਪੀਣਾ ਮੇਰੀ ਜੌਬ ਦੇ ਨਿਯਮਾਂ ਦੇ ਵਿਰੁੱਧ ਸੀ। ਪਰ ਉਸਨੂੰ ਹਨ੍ਹੇਰੇ ਅਤੀਤ ਵਿਚੋਂ ਬਾਹਰ ਕੱਢਣ ਦੀ ਮੇਰੀ ਦ੍ਰਿੜਤਾ ਅੱਗੇ ਨਿਯਮ ਬੇਮਾਅਨਾ ਹੋ ਗਏ। ਉਹ ਹਾਲੀਵੁਡ ਦੀਆਂ ਮਾਰਧਾੜ ਵਾਲੀਆਂ ਫਿਲਮਾਂ ਦਾ ਸ਼ੌਕੀਨ ਸੀ। ਮੈਂ ਉਨ੍ਹਾਂ ਬਾਰੇ ਗੱਲਾਂ ਛੇੜ ਲਈਆਂ। ਮਾਂਹ ਦੀ ਦਾਲ,ਬਟਰ ਚਿਕਨ,ਮਟਰ ਪਨੀਰ,ਦਹੀਂ ਭੱਲੇ ਤੇ ਨਾਨ ਦਾ ਜ਼ਾਇਕੇਦਾਰ ਭੋਜਨ ਅਤੇ ਉਸਦੀਆਂ ਪਸੰਦੀਦਾ ਫਿਲਮਾਂ ਦੀਆਂ ਗੱਲਾਂ, ਉਹ ਛੇਤੀ ਹੀ ਚਹਿਕਵੇਂ ਮੂਡ 'ਚ ਹੋ ਗਿਆ।

"ਤੈਨੂੰ ਕੈਨੇਡਾ ਆਇਆਂ ਕਿੰਨਾ ਚਿਰ ਹੋ ਗਿਆ?" ਫਿਲਮੀ ਗੱਲਾਂ ਮੁੱਕਣ 'ਤੇ ਉਸਨੇ ਪੁੱਛਿਆ।

"ਪੰਦਰਾਂ ਸਾਲ। ਮੈਂ ਪੁਆਇੰਟ ਸਿਸਟਮ 'ਤੇ ਪਰਿਵਾਰ ਸਮੇਤ ਏਥੇ ਆਇਆ ਸੀ। ਇੰਡੀਆ 'ਚ ਕਾਊਂਸਲਰ ਦੀ ਜੌਬ 'ਤੇ ਸੀ। ਏਥੇ ਆ ਕੇ ਆਪਣੀ ਪੜ੍ਹਾਈ ਅਪਡੇਟ ਕੀਤੀ ਤੇ ਉਹੀ ਜੌਬ ਲੈ ਲਈ।"

"ਕੀ ਮੈਂ ਤੇਰੇ ਪਰਿਵਾਰ ਬਾਰੇ ਪੁੱਛ ਸਕਦਾਂ?"

"ਹਾਂ ਹਾਂ। ਮੇਰੇ ਪਰਿਵਾਰ ਵਿਚ ਮੇਰੀ ਪਤਨੀ, ਤਿੰਨ ਬੱਚੇ ਅਤੇ ਮੇਰੇ ਮੌਮ-ਡੈਡ ਹਨ।"

"ਬਾਜ਼! ਜਿਵੇਂ ਤੂੰ ਦੱਸਿਆ ਪਹਿਲਾਂ ਸਾਡੇ ਵੀ ਸੰਯੁਕਤ ਪਰਿਵਾਰ ਹੁੰਦੇ ਸਨ ਪਰ ਹੁਣ ਨਹੀਂ।"

"ਸਾਡੇ ਵੀ ਪਹਿਲਾਂ ਨਾਲੋਂ ਕਾਫੀ ਘਟ ਗਏ ਹਨ... ਮਾਈਕ! ਮੈਂ ਤੁਹਾਡੇ ਲੋਕਾਂ ਨਾਲ ਕਈ ਸਾਲਾਂ ਤੋਂ ਕੰਮ ਕਰ ਰਿਹਾਂ। ਮੈਂ ਦੇਖਿਐ ਤੁਹਾਡੇ ਪਰਿਵਾਰਕ ਤੇ ਭਾਈਚਾਰਕ ਜੀਵਨ ਦੇ ਕਈ ਪਹਿਲੂ ਸਾਡੇ ਨਾਲ ਮਿਲਦੇ-ਜੁਲਦੇ ਹਨ।"

"ਜਿਵੇਂ?"

"ਜਿਵੇਂ ਕਿ ਦਾਦਾ-ਦਾਦੀ ਤੇ ਨਾਨਾ-ਨਾਨੀ ਦਾ ਸਤਿਕਾਰ, ਭੈਣ-ਭਰਾਵਾਂ ਦਾ ਆਪਸੀ ਮੋਹ। ਰਿਸ਼ਤੇਦਾਰਾਂ ਤੇ ਭਾਈਚਾਰੇ ਵੱਲੋਂ ਇਕ-ਦੂਜੇ ਦੇ ਦੁੱਖ-ਸੁੱਖ ਵਿਚ ਸ਼ਾਮਲ ਹੋਣਾ...।"

"ਬਾਜ਼! ਮੈਨੂੰ ਤੂੰ ਆਪਣਿਆਂ ਵਰਗਾ ਲੱਗਾ ਏਂ। ਖਾਣਾ ਵੀ ਬਹੁਤ ਸੁਆਦ ਸੀ। ਥੈਂਕ ਯੂ ਵ੍ਹੈਰੀ ਮਚ।" ਪਲੇਟਾਂ ਖਾਲੀ ਕਰਦਾ ਮਾਈਕਲ ਬੋਲਿਆ।

"ਮਾਈਕ ਤੇਰੇ ਨਾਲ ਬੈਠ ਕੇ ਖਾਣ-ਪੀਣ ਤੇ ਗੱਲਾਂ ਕਰਨ ਦਾ ਮੈਨੂੰ ਵੀ ਬਹੁਤ ਮਜ਼ਾ ਆਇਆ। ਤੇਰਾ ਵੀ ਸ਼ੁਕਰੀਆ। ਕੌਫੀ ਹੁਣੇ ਪੀਣੀ ਹੈ ਜਾਂ ਠਹਿਰ ਕੇ।" ਮੈਂ ਪੁੱਛਿਆ।

"ਠਹਿਰ ਕੇ। ਮੌਸਮ ਵਧੀਆ ਹੈ। ਆਪਾਂ ਨਾਲ ਵਾਲੇ ਪਾਰਕ 'ਚ ਚਲਦੇ ਹਾਂ।"

"ਓ ਕੇ।" ਆਖਦਿਆਂ ਮੈਂ ਨਾਲ ਤੁਰ ਪਿਆ।

ਪਾਰਕ 'ਚ ਅਸੀਂ ਮੇਪਲ ਦੀ ਸੰਘਣੀ ਛਾਂ ਹੇਠ ਬੈਂਚ 'ਤੇ ਜਾ ਬੈਠੇ। ਮਾਈਕਲ ਨੇ ਗੱਲ ਸ਼ੁਰੂ ਕਰ ਲਈ, "ਬਾਜ਼! ਮੈਂ ਕਿਤੇ ਪੜ੍ਹਿਆ ਸੀ ਕਿ ਸ਼ੁਰੂ 'ਚ ਜਿਹੜੇ ਭਾਰਤੀ ਏਥੇ ਆਏ, ਉਸ ਸਮੇਂ ਦੀ ਗੋਰਾ ਸਰਕਾਰ ਨੇ ਉਨ੍ਹਾਂ ਨਾਲ ਮਾੜਾ ਵਰਤਾਓ ਕੀਤਾ।"

"ਬਹੁਤ ਮਾੜਾ। ਉਹ ਨਸਲਵਾਦ ਦਾ ਸ਼ਿਕਾਰ ਹੋਏ। ਉਨ੍ਹਾਂ ਨਾਲ ਪੈਰ-ਪੈਰ 'ਤੇ ਵਿਤਕਰਾ ਹੋਇਆ। ਨਾ ਕੋਈ ਸਹੂਲਤ ਨਾ ਕੋਈ ਹੱਕ-ਹਕੂਕ। ਪਰ ਸਾਡੇ ਲੋਕਾਂ ਨੇ ਲੰਮੀ ਲੜਾਈ ਲੜੀ ਹੈ ਉਦੋਂ ਭਾਰਤ ਇੰਗਲੈਂਡ ਦੀ ਕਾਲੋਨੀ ਸੀ। ਸਾਡੇ ਮੁਢਲੇ ਪਰਵਾਸੀ-ਜਿਨ੍ਹਾਂ ਨੂੰ ਗਦਰੀ ਬਾਬੇ ਕਿਹਾ ਜਾਂਦੈ-ਭਾਰਤ ਨੂੰ ਆਜ਼ਾਦ ਕਰਵਾਉਣ ਲਈ ਏਥੋਂ ਵਾਪਸ ਚਲੇ ਗਏ। ਕਈ ਫਾਂਸੀਆਂ 'ਤੇ ਚੜ੍ਹ ਗਏ, ਕਈਆਂ ਨੇ ਉਮਰਾਂ ਜੇਹਲਾਂ 'ਚ ਗਾਲ ਦਿੱਤੀਆਂ। ਉਨ੍ਹਾਂ ਤੋਂ ਅਗਲੇ ਭਾਰਤੀ ਕਨੇਡੀਅਨਾਂ ਨੇ ਆਪਣੀ ਆਰਥਿਕ ਮਜ਼ਬੂਤੀ ਅਤੇ ਹੱਕ ਹਾਸਲ ਕਰਨ ਲਈ ਲੰਮੀ ਜੱਦੋਜਹਿਦ ਕੀਤੀ।" ਮੈਂ ਮਾਣ ਨਾਲ ਦੱਸਿਆ।

"ਇਹਦਾ ਮਤਲਬ ਗੋਰਿਆਂ ਨੇ ਘੱਟ ਕਿਸੇ ਨਾਲ ਵੀ ਨਹੀਂ ਕੀਤੀ। ਸਾਡੇ ਦੇਸ਼ 'ਚ ਆ ਕੇ ਸਾਡੀਆਂ ਹੀ ਜੜ੍ਹਾਂ ਉਖੇੜ ਦਿੱਤੀਆਂ। ਏਥੇ ਸ਼ੁਰੂ 'ਚ ਆਉਣ ਵਾਲੇ ਚੀਨਿਆਂ ਤੇ ਜਾਪਾਨੀਆਂ ਨਾਲ ਵੀ ਇਨ੍ਹਾਂ ਨੇ ਧੱਕੇਸ਼ਾਹੀ ਕੀਤੀ।" ਮਾਈਕਲ ਦੇ ਚਿਹਰੇ 'ਤੇ ਗੁੱਸੇ ਦੇ ਚਿੰਨ੍ਹ ਉੱਭਰ ਪਏ।

"ਮਾਈਕ ਤੂੰ ਠੀਕ ਕਿਹੈ। ਪਰ ਚੀਨਿਆਂ-ਜਾਪਾਨੀਆਂ ਨੇ ਵੀ ਭਾਰਤੀਆਂ ਵਾਂਗ ਆਪਣੇ ਹੱਕਾਂ ਤੇ ਬਰਾਬਰਤਾ ਲਈ ਜੱਦੋਜਹਿਦ ਕੀਤੀ। ਸਭ ਤੋਂ ਮਾੜਾ ਵਰਤਾਓ ਅਫਰੀਕਨਾਂ ਨਾਲ ਹੋਇਆ। ਉਹ ਗੁਲਾਮ ਬਣਾਏ ਗਏ। ਜਾਨਵਰਾਂ ਵਾਂਗ ਉਨ੍ਹਾਂ ਦੀ ਵਿੱਕਰੀ ਹੋਈ। ਪਰ ਉਨ੍ਹਾਂ ਦੀ ਮਹਾਨਤਾ ਇਹ ਹੈ ਕਿ ਉਹ ਲਗਾਤਾਰ ਜੂਝਦੇ ਰਹੇ... ਤੇ ਦੇਖ ਲੈ, ਅੱਜ ਉਨ੍ਹਾਂ ਦਾ ਪੁੱਤਰ ਅਮਰੀਕਾ ਦਾ ਰਾਸ਼ਟਰਪਤੀ ਬਣਿਆ ਹੋਇਐ। ਸੋ ਜ਼ਿੰਦਗੀ ਖੜੋਤ ਵਿਚ ਨਹੀਂ ਤੁਰਦੇ ਰਹਿਣ ਵਿਚ ਹੈ।"

ਮੈਨੂੰ ਗਹੁ ਨਾਲ ਸੁਣ ਰਿਹਾ ਮਾਈਕਲ, ਸਿਰ ਹਿਲਾ-ਹਿਲਾ ਮੇਰੀ ਹਾਂ ਵਿਚ ਹਾਂ ਮਿਲਾ ਰਿਹਾ ਸੀ। ਢੁਕਵਾਂ ਮੌਕਾ ਦੇਖ ਕੇ ਮੈਂ ਗੱਲ ਉਹਦੇ ਵੱਲ ਨੂੰ ਮੋੜ ਲਈ, "ਮਾਈਕ ਪਿਆਰੇ! ਤੈਨੂੰ ਵੀ ਹਨ੍ਹੇਰੇ ਅਤੀਤ ਵਿਚੋਂ ਬਾਹਰ ਨਿਕਲਣਾ ਚਾਹੀਦੈ।"

"ਬੜਾ ਔਖੈ।" ਮਾਈਕਲ ਨੇ ਕਸੀਸ ਵੱਟੀ।

"ਔਖਾ ਕੁਝ ਨਹੀਂ ਹੁੰਦਾ, ਲੋੜ ਦ੍ਰਿੜਤਾ ਦੀ ਹੈ। ਔਖੇ ਵਕਤਾਂ, ਔਖੀਆਂ ਸੱਥਿਤੀਆਂ ਨਾਲ ਭਿੜ ਕੇ ਹੀ ਅਗਾਂਹ ਲੰਘਿਆ ਜਾ ਸਕਦੈ। ਨਾਲੇ ਹੁਣ ਤਾਂ ਇਕ ਤਰ੍ਹਾਂ ਨਾਲ ਸਮਾਂ ਵੀ ਤੇਰਾ ਮੱਦਦਗਾਰ ਹੈ। ਮੇਰਾ ਮਤਲਬ ਕਨੇਡਾ ਦੀ ਮੌਜੂਦਾ ਸਰਕਾਰ ਨੇ ਇੰਡੀਅਨ ਰੈਜ਼ੀਡੈਂਸ਼ਿਅਲ ਸਕੂਲਾਂ ਦੇ ਵਿਦਿਆਰਥੀਆਂ ਨਾਲ ਹੋਏ ਦੋਸ਼ਪੂਰਨ ਵਿਹਾਰ ਬਾਰੇ ਨੇਟਿਵ ਭਾਈਚਾਰੇ ਤੋਂ ਮੁਆਫੀ ਮੰਗ ਲਈ ਹੈ। ਇਤਿਹਾਸ ਦੇ ਕਾਲ਼ੇ ਵਰਕਿਆਂ 'ਚ ਉਲਝੇ ਰਹਿਣਾ ਠੀਕ ਨਹੀਂ, ਲੋੜ ਨਵੇਂ ਵਰਕੇ ਪਲਟਣ ਦੀ ਹੈ। ਤੁਹਾਡੇ ਨਾਲ ਜੋ ਮਾੜਾ ਹੋਇਆ, ਉਸਨੂੰ ਹੁਣ ਬਦਲਿਆ ਨਹੀਂ ਜਾ ਸਕਦਾ। ਲੋੜ ਉਸ ਤੋਂ ਅਗਾਂਹ ਟੁਰਨ ਦੀ ਹੈ। ਮੈਂ ਤੈਨੂੰ ਕਾਊਂਸਲਰ ਦੇ ਤੌਰ 'ਤੇ ਨਹੀਂ ਦੋਸਤ ਦੇ ਨਾਤੇ ਕਹਿ ਰਿਹਾ ਜਿਹੜੀਆਂ ਬੇਇਨਸਾਫੀਆਂ ਬਾਰੇ ਸੋਚ-ਸੋਚ ਤੂੰ ਮੰਦੇ ਹਾਲੀਂ ਹੋਇਆ ਪਿਐਂ, ਉਨ੍ਹਾਂ ਨੂੰ ਬਾਹਰ ਕੱਢ ਦੇ... ਜਦੋਂ ਤੂੰ ਆਪਣੇ ਦੁੱਖ-ਦਰਦ ਮੇਰੇ ਕੋਲ਼ ਫੋਲੇਂਗਾ, ਤੇਰਾ ਮਨ ਹਲਕਾ ਹੋ ਜਾਏਗਾ। ਜ਼ਿੰਦਗੀ ਚੰਗੀ ਲੱਗਣ ਲੱਗ ਪਏਗੀ। ਮੈਨੂੰ ਮਾਣ ਹੋਵੇਗਾ ਕਿ ਮੇਰੇ ਮਿੱਤਰ ਨੇ ਮੇਰੀ ਗੱਲ ਮੰਨ ਲਈ ਹੈ। ਤੈਨੂੰ ਜ਼ਿੰਦਗੀ ਨਾਲ ਜੁੜਿਆ ਵੇਖ ਕੇ ਮੈਨੂੰ ਚਿਰਜੀਵੀ ਸਕੂਨ ਮਿਲੇਗਾ।"

ਮਾਈਕਲ ਦੇ ਚਿਹਰੇ 'ਤੇ ਅਪਣੱਤ ਉੱਭਰ ਪਈ। ਮੇਰਾ ਹੱਥ ਆਪਣੇ ਹੱਥ 'ਚ ਲੈ ਕੇ ਸਨੇਹ ਭਰੀ ਸੁਰ 'ਚ ਬੋਲਿਆ, "ਪਿਆਰੇ ਬਾਜ਼! ਤੇਰੀਆਂ ਜੱਦੋਜਹਿਦ ਦੀਆਂ ਗੱਲਾਂ ਨੇ ਮੇਰੇ ਮਨ 'ਚ ਪ੍ਰੇਰਨਾ ਭਰੀ ਹੈ। ਅਤੇ ਤੇਰੀ ਦੋਸਤੀ ਨੇ, ਸੁਹਿਰਦਤਾ ਨੇ ਮੇਰੀ ਬੇਚੈਨ ਰੂਹ 'ਤੇ ਠੰਢੀ ਫੁਹਾਰ ਵਰਗਾ ਅਸਰ ਕੀਤਾ ਹੈ। ਮੇਰੀ ਰੂਹ ਆਖਦੀ ਏ ਕਿ ਤੂੰ ਮੇਰਾ ਆਪਣਾ ਹੈਂ, ਖਾਸ ਆਪਣਾ। ਜੋ ਵੀ ਪੁੱਛੇਂਗਾ,ਦੱਸਾਂਗਾ।"

"ਥੈਂਕ ਯੂ ਡੀਅਰ! ਪਿਛਲੀ ਵਾਰ ਜਿੱਥੇ ਗੱਲ ਛੱਡੀ ਸੀ, ਓਥੋਂ ਸ਼ੁਰੂ ਕਰ।"

"ਗੱਲ ਬੜੀ ਘਿਨਾਉਣੀ ਏ... ਸਾਡੇ ਨਹਾਉਣ ਲਈ ਲਾਈਨਾਂ ਵਿਚ ਛੋਟੇ-ਛੋਟੇ ਵਾਸ਼ਰੂਮ ਬਣੇ ਹੋਏ ਸਨ। ਦਰਵਾਜ਼ਿਆਂ ਦੀ ਥਾਂ ਪਲਾਸਟਿਕ ਦੇ ਪਰਦੇ ਹੁੰਦੇ ਸਨ। ਅਸੀਂ ਨਗਨ ਹੋ ਕੇ ਨਹਾਉਂਦੇ ਸਾਂ। ਕਦੀ-ਕਦੀ ਬਰੱਦਰ ਅਲਬਰਟ ਆ ਕੇ ਸਾਡੀਆਂ ਪਿੱਠਾਂ ਮਲਣ ਲੱਗ ਪੈਂਦਾ। ਸਾਨੂੰ ਸਰੀਰ ਦੇ ਹਰ ਹਿੱਸੇ ਤਕ ਹੱਥ ਲਿਜਾ ਕੇ ਮਲਣ ਲਈ ਆਖਦਾ ਹੋਇਆ, ਉਹ ਸਾਡੀਆਂ ਪਿੱਠਾਂ 'ਤੇ ਸਾਬਣ ਲਾ ਕੇ ਪਹਿਲਾਂ ਨਰਮ ਜਿਹਾ ਬੁਰਸ਼ ਵਰਤਦਾ ਤੇ ਫਿਰ ਹੱਥਾਂ ਨਾਲ ਮਲਣ ਲੱਗ ਪੈਂਦਾ। ਅਸੀਂ ਉਸਦੇ ਇਸ ਕਾਰਜ ਨੂੰ ਸਿਹਤ-ਸਿੱਖਿਆ ਵਜੋਂ ਲੈਂਦੇ ਸਾਂ। ਖੇਡਾਂ ਦਾ ਅਧਿਆਪਕ ਜੁ ਸੀ ਉਹ। ਇਕ ਦਿਨ ਮੇਰੀ ਪਿੱਠ ਮਲ਼ਦਿਆਂ ਉਸਦੇ ਉਤੇਜਤ ਹੋਏ ਹੱਥ ਕਮਰ ਤੋਂ ਹੇਠਲੇ ਹਿੱਸੇ ਦੀਆਂ ਮੁੱਠੀਆਂ ਭਰਨ ਲੱਗ ਪਏ। ਹੈਰਾਨੀ ਤੇ ਘਬਰਾਹਟ ਵਿਚ ਮੇਰੇ ਦਿਲ ਦੀ ਧੜਕਣ ਤੇਜ਼ ਹੋ ਗਈ। ਤੇ ਜਦੋਂ ਉਸਨੇ ਕਿਹਾ, 'ਨਹਾ ਕੇ ਮੇਰੇ ਕਮਰੇ 'ਚ ਆਈਂ,' ਮੇਰਾ ਸਾਹ ਸੁੱਕ ਗਿਆ। ਸਹਿਮਿਆ-ਸੁੰਗੜਿਆ ਮੈਂ ਉਸਦੇ ਕਮਰੇ 'ਚ ਚਲਾ ਗਿਆ।"

"ਹਾਂ ਹਾਂ।" ਮੈਂ ਹੁੰਗਾਰਾ ਭਰਿਆ।

"ਉਸਨੇ ਬੜੇ ਹੇਜ ਨਾਲ਼ ਮੈਨੂੰ ਆਪਣੇ ਬੈੱਡ 'ਤੇ ਬਿਠਾ ਲਿਆ ਅਤੇ ਖਾਣ ਲਈ ਚਾਕਲੇਟ ਦਿੱਤੀਆਂ...ਮਿੱਠੀਆਂ-ਮਿੱਠੀਆਂ ਗੱਲਾਂ ਕਰਦਿਆਂ ਉਸਨੇ ਪਹਿਲਾਂ ਮੇਰੇ ਅਤੇ ਫਿਰ ਆਪਣੇ ਕੱਪੜੇ ਉਤਾਰ ਦਿੱਤੇ...ਅਤੇ ਮੈਨੂੰ ਆਪਣੀ ਹਵਸ ਦਾ ਸ਼ਿਕਾਰ ਬਣਾ ਲਿਆ। ਮੇਰਾ ਤਨ-ਮਨ ਝੰਬਿਆ ਗਿਆ... ਖ਼ੂਨ ਜਿਵੇਂ ਪਾਣੀ ਬਣ ਗਿਆ ਹੋਵੇ... ਮੈਂ ਕੰਬੀ ਜਾ ਰਿਹਾ ਸਾਂ। ਉਸਨੇ ਮੈਨੂੰ ਛਾਤੀ ਨਾਲ਼ ਲਾ ਕੇ ਮੇਰੀ ਪਿੱਠ ਪਲੋਸੀ ਤੇ ਆਖਿਆ ਮੇਰੇ ਬਹੁਤ ਹੀ ਪਿਆਰੇ ਮਾਈਕ! ਘਬਰਾ ਕਿਉਂ ਗਿਐਂ? ਮੈਂ ਤੈਨੂੰ ਹਰਟ ਨਹੀਂ ਕੀਤਾ, ਪਿਆਰ ਕੀਤਾ ਹੈ। ਤੂੰ ਇਹ ਗੱਲ ਕਿਸੇ ਨੂੰ ਨਹੀਂ ਦੱਸਣੀ। ਜੇ ਦੱਸੀ ਤੇਰੇ 'ਤੇ ਗੰਭੀਰ ਦੋਸ਼ ਲਾ ਕੇ ਸਕੂਲੋਂ ਕਢਵਾ ਦਿਆਂਗਾ। ਕੋਈ ਵੀ ਸਕੂਲ ਤੈਨੂੰ ਦਾਖਲਾ ਨਹੀਂ ਦੇਵੇਗਾ। ਸੋ ਗੁਪਤ ਰਹਿਣੈ। ਅੱਜ ਤੋਂ ਮੈਂ ਤੈਨੂੰ ਆਪਣਾ ਖਾਸ ਵਿਦਿਆਰਥੀ ਬਣਾ ਲਿਐ। ਤੈਨੂੰ ਬਾਸਕਿਟਬਾਲ

ਟੀਮ ਦਾ ਵਾਈਸ ਕੈਪਟਨ ਬਣਾ ਦਿਆਂਗਾ, ਹੋਰ ਸਹੂਲਤਾਂ ਵੀ ਮਿਲਣਗੀਆਂ। ਓ ਕੇ।"

"ਉਹ ਬੰਦਾ ਨਹੀਂ ਜਾਨਵਰ ਸੀ।" ਮੈਂ ਅਲਬਰਟ ਪ੍ਰਤੀ ਆਪਣੀ ਘਿਰਣਾ ਦਾ ਗੁਬਾਰ ਕੱਢਿਆ।

"ਉਹ ਰਾਤ ਤੇ ਉਸ ਤੋਂ ਅਗਲੀਆਂ ਕਈ ਰਾਤਾਂ ਮੈਂ ਸੌਂ ਨਾ ਸਕਿਆ। ਮਲੀਨਤਾ ਦੇ ਅਹਿਸਾਸ ਵਿਚ ਮੈਨੂੰ ਸਵੈ ਤੋਂ ਬਦਬੂ ਆ ਰਹੀ ਸੀ... ਸਾਹ ਚੱਲ ਰਿਹਾ ਸੀ ਪਰ ਮੈਂ ਆਪਣੇ ਆਪ ਨੂੰ ਮਰ ਗਿਆ ਮਹਿਸੂਸ ਕਰ ਰਿਹਾ ਸਾਂ... ਢੱਠੇ ਹੋਏ ਮਨ 'ਚ ਇਹ ਗੱਲ ਬੈਠ ਗਈ ਸੀ ਕਿ ਅਸੀਂ ਨੇਟਿਵ ਘਟੀਆ ਲੋਕ ਹਾਂ ਤੇ ਗੋਰੇ ਵਧੀਆ ਅਤੇ ਸ਼ਕਤੀਸ਼ਾਲੀ, ਇਹ ਸਾਡੇ ਨਾਲ ਜੋ ਮਰਜ਼ੀ ਕਰ ਸਕਦੇ ਹਨ... ਚੜ੍ਹਦੀ ਜਵਾਨੀ ਦੇ ਮੇਰੇ ਉਹ ਦਿਨ ਹੱਸਣ-ਖੇਡਣ ਦੇ ਸਨ ਪਰ ਮੈਂ ਜਿਉਂਦਿਆਂ ਹੀ ਮਰ ਜਾਣ ਦਾ ਸੰਤਾਪ ਭੋਗ ਰਿਹਾ ਸਾਂ।"

"ਕੀ ਉਹ ਹੋਰ ਲੜਕਿਆਂ ਨਾਲ਼ ਵੀ ਇਹ ਗੰਦਾ ਕੰਮ ਕਰਦਾ ਸੀ?"

"ਹਾਂ ਕਰਦਾ ਸੀ। ਉਹਦਾ ਸ਼ਿਕਾਰ ਬਣੇ ਲੜਕੇ ਦੂਜਿਆਂ ਤੋਂ ਲੁਕੋਅ ਰੱਖਦੇ ਸਨ। ਸ਼ਰਮ ਕਿਹੜੀ ਥੋੜ੍ਹੀ ਸੀ। ਕੁਝ ਲੜਕੇ ਢੀਠ ਵੀ ਬਣ ਗਏ ਸਨ। ਅਜਿਹਾ ਇਕ ਸਾਡੀ ਬਾਸਕਿਟਬਾਲ ਟੀਮ ਦਾ ਖਿਡਾਰੀ ਸੀ। ਉਹ ਕਿਹਾ ਕਰਦਾ ਸੀ ਬਰੱਦਰ ਅਲਬਰਟ ਮੈਨੂੰ ਬਹੁਤ ਲਾਈਕ ਕਰਦੈ। ਸਪੈਸ਼ਲ ਡਾਈਟ ਲੁਆ ਦਿੱਤੀ ਹੋਈ ਏ। ਕੋਈ ਫਾਲਤੂ ਕੰਮ ਨਹੀਂ ਕਰਨਾ ਪੈਂਦਾ। ਮੈਂ ਤਾਂ ਉਹਦੇ ਸਿਰ 'ਤੇ ਐਸ਼ ਕਰਦਾਂ।"

ਮਾਈਕਲ ਘੜੀ ਵੇਖ ਕੇ ਉੱਠ ਪਿਆ। ਉਹਨੂੰ ਘਰ ਵਿਚ ਕੋਈ ਕੰਮ ਸੀ।

"ਅਗਲਾ ਸੈਸ਼ਨ ਕਦੋਂ ਰੱਖੀਏ?" ਮੈਂ ਪੁੱਛਿਆ।

"ਤੂੰ ਦੱਸ ਦੇ।"

ਮੈਂ ਆਪਣੀ ਡਾਇਰੀ ਚੈੱਕ ਕਰਕੇ ਆਖਿਆ, "ਸਤਾਰਾਂ ਜੁਲਾਈ ਸਵੇਰੇ ਦਸ ਵਜੇ, ਮੇਰੇ ਦਫਤਰ 'ਚ, ਠੀਕ ਹੈ?"

"ਠੀਕ ਹੈ।" ਮਾਈਕ ਨੇ ਤਪਾਕ ਨਾਲ਼ ਹੱਥ ਮਿਲਾਇਆ ਤੇ "ਬਾਇ" ਆਖ ਕੇ ਟੁਰ ਗਿਆ।

"ਹਾਇ ਬਾਜ਼!" ਇਹ ਆਵਾਜ਼ ਮਾਈਕਲ ਦੀ ਹੈ। ਵੇਟਿੰਗ-ਰੂਮ 'ਚ ਉਹ ਮੇਰੇ ਸਾਹਮਣੇ ਆ ਖਲੋਇਆ ਹੈ।

"ਕਿਵੇਂ ਚੱਲ ਰਹੀ ਹੈ ਸੁਣਵਾਈ?" ਉਤਸੁਕ ਹੋਇਆ ਮੈਂ ਪੁੱਛਦਾ ਹਾਂ।

"ਪਹਿਲਾਂ ਘਬਰਾਹਟ ਹੋਈ ਸੀ। ਪਰ ਐਡਜੁਡੀਕੇਟਰ ਤੇ ਸਰਕਾਰੀ ਵਕੀਲ ਬਹੁਤ ਚੰਗੇ ਹਨ। ਕਹਿਣ ਲੱਗੇ, 'ਘਬਰਾਉਣਾ ਨਹੀਂ। ਅਸੀਂ ਤੇਰਾ ਦੁੱਖ-ਦਰਦ ਸੁਣਨ ਲਈ ਬੈਠੇ ਹਾਂ। ਜੋ ਵੀ ਮਨ 'ਚ ਹੈ ਬੇਝਿਜਕ ਹੋ ਕੇ ਕਹਿ ਦੇ।' ਮੇਰਾ ਹੌਸਲਾ ਵਧ ਗਿਆ... ਹੁਣ ਬਰੇਕ ਹੋਈ ਏ।"

ਵੇਟਿੰਗ-ਰੂਮ 'ਚੋਂ ਉੱਠ ਅਸੀਂ ਲਾਗਲੇ ਕੈਫੇਟੇਰੀਆ 'ਚ ਚਲੇ ਗਏ। ਦੋਨਾਂ ਨੇ ਹਲਕਾ ਜਿਹਾ ਲੰਚ ਕੀਤਾ। ਉਪਰੰਤ ਉਹ ਆਪਣੀ ਗਾਥਾ ਸੁਣਾਉਣ ਅੰਦਰ ਚਲਾ ਗਿਆ ਤੇ ਮੇਰੇ ਦਿਲ-ਦਿਮਾਗ 'ਚ ਰਿਕਾਰਡ ਹੋਈ ਉਸਦੀ ਗਾਥਾ ਮਨ ਦੀ ਸਕਰੀਨ 'ਤੇ ਮੁੜ ਚੱਲ ਪਈ।

ਅਗਲਾ ਸੈਸ਼ਨ ਮੇਰੇ ਇਸ ਸਵਾਲ ਤੋਂ ਸ਼ੁਰੂ ਹੋਇਆ, "ਮਾਈਕ! ਕੀ ਤੁਹਾਡੇ ਸਕੂਲ 'ਚ ਲੜਕੀਆਂ ਨਾਲ ਵੀ ਖੇਹ-ਖਰਾਬੀ ਹੋਈ?"

ਮਈਕਲ ਨੇ ਦੱਸਿਆ ਕਿ ਲੜਕੀਆਂ ਦਾ ਬਲਾਕ ਉਨ੍ਹਾਂ ਦੇ ਬਲਾਕ ਤੋਂ ਅਲੱਗ ਸੀ। ਟੀਚਰ ਕੁਝ ਸਾਂਝੇ ਸਨ, ਕੁਝ ਵੱਖਰੇ-ਵੱਖਰੇ। ਉਨ੍ਹਾਂ ਦਾ ਪ੍ਰਿੰਸੀਪਲ ਹੋਰ ਸੀ ਤੇ ਲੜਕਿਆਂ ਦਾ ਹੋਰ। ਉਨ੍ਹਾਂ ਦੀ

ਮੈੱਸ ਤੇ ਕਲਾਸ-ਰੂਮ ਵਗੈਰਾ ਵੀ ਵੱਖਰੇ ਸਨ। ਜਿਸ ਕਰਕੇ ਮਾਈਕਲ ਨੂੰ ਉਦੋਂ ਪਤਾ ਨਹੀਂ ਸੀ ਲੱਗਾ। ਸਕੂਲ ਛੱਡਣ ਬਾਅਦ ਕਲੈਰਾ ਨੇ ਉਸਨੂੰ ਦੱਸਿਆ ਸੀ ਕਿ ਉਨ੍ਹਾਂ ਦਾ ਪ੍ਰਿੰਸੀਪਲ ਕੁਕਰਮੀ ਸੀ। ਜਿਹੜੀ ਲੜਕੀ ਉਸਦੀ ਨਿਗ੍ਹਾ ਚੜ੍ਹ ਜਾਂਦੀ ਉਸਨੂੰ ਉਹ ਆਪਣੇ ਦਫਤਰ 'ਚ ਸੱਦ ਲੈਂਦਾ। ਪੜ੍ਹਾਈ ਜਾਂ ਵਿਹਾਰ ਪੱਖੋਂ ਉਸਦੀ ਪ੍ਰਸ਼ੰਸਾ ਕਰਕੇ ਮਾੜੀ-ਮੋਟੀ ਸਹੂਲਤ ਦਾ ਚੋਗਾ ਪਾ ਦੇਂਦਾ। ਫਿਰ ਸ਼ਹਿਜ਼ਾਦੀ, ਰਾਜਕੁਮਾਰੀ ਵਰਗੇ ਵਿਸ਼ੇਸ਼ਣਾਂ ਨਾਲ਼ ਉਸਨੂੰ ਹਵਾ 'ਚ ਉਛਾਲ ਦੇਂਦਾ। ਲੜਕੀਆਂ ਅਲ੍ਹੜ ਸਨ, ਉਸਦੇ ਜਾਲ਼ 'ਚ ਫਸ ਜਾਂਦੀਆਂ। ਇਹ ਗੇਮ ਉਹਨੇ ਕਲੈਰਾ ਨਾਲ਼ ਵੀ ਖੇਡਣ ਦੀ ਕੋਸ਼ਿਸ਼ ਕੀਤੀ ਪਰ ਸਫਲ ਨਾ ਹੋਇਆ...ਜਦੋਂ ਉਹ ਕਲੈਰਾ ਨੂੰ ਜੱਫੀ ਪਾਉਣ ਲੱਗਾ ਤਾਂ ਉਹਨੇ ਉਸਦੀ ਬਾਂਹ 'ਤੇ ਏਨੇ ਜ਼ੋਰ ਨਾਲ਼ ਦੰਦੀ ਵੱਢੀ ਕਿ ਖ਼ੂਨ ਨਿਕਲ਼ ਆਇਆ।

ਪ੍ਰਿੰਸੀਪਲ ਨੇ ਕਲੈਰਾ ਨੂੰ ਇਕਲਵਾਂਝੇ ਕਮਰੇ 'ਚ ਬੰਦ ਕਰ ਦਿੱਤਾ ਤਾਂ ਕਿ ਉਸਦਾ ਹੋਰ ਵਿਦਿਆਰਥਣਾਂ ਨਾਲ਼ ਸੰਪਰਕ ਨਾ ਹੋ ਸਕੇ। ਤੇ ਉਸੇ ਵਕਤ ਉਸਨੇ ਕਲੈਰਾ ਦੇ ਡੈਡ ਨੂੰ ਚਿੱਠੀ ਲਿਖੀ ਕਿ ਉਹ ਸਕੂਲ ਦਾ ਡੱਸਿਪਲਨ ਭੰਗ ਕਰਦੀ ਹੈ, ਜਿਸ ਕਰਕੇ ਉਸਨੂੰ ਸਕੂਲ 'ਚੋਂ ਕੱਢਿਆ ਜਾ ਰਿਹਾ ਹੈ। ਖੜ੍ਹੇ ਪੈਰ ਇਕ ਅਧਿਆਪਕ ਦੀ ਡਿਊਟੀ ਲਾ ਕੇ ਉਸ ਨਾਲ਼ ਕਲੈਰਾ ਘਰ ਨੂੰ ਤੋਰ ਦਿੱਤੀ। ਕਲੈਰਾ ਦੇ ਮੌਮ-ਡੈਡ ਨੂੰ ਪੁਲਿਸ 'ਚ ਰਿਪੋਰਟ ਕਰਨੀ ਚਾਹੀਦੀ ਸੀ ਪਰ ਉਹ ਇਸ ਪਾਸੇ ਨੂੰ ਤੁਰੇ ਹੀ ਨਾ। ਕਲੈਰਾ ਦੀ ਭੂਆ ਇਕ ਡੇਅ-ਸਕੂਲ 'ਚ ਸਫਾਈ ਦਾ ਕੰਮ ਕਰਦੀ ਸੀ। ਉਸਨੇ ਪ੍ਰਿੰਸੀਪਲ ਨੂੰ ਬੇਨਤੀ ਕੀਤੀ। ਉਹ ਨੇਕ ਕੈਥੋਲਿਕ ਸੀ। ਉਸਨੇ ਕਲੈਰਾ ਨੂੰ ਦਾਖਲ ਕਰ ਲਿਆ। ਕਲੈਰਾ ਨੇ ਬਾਰਾਂ ਜਮਾਤਾਂ ਓਥੇ ਹੀ ਪੂਰੀਆਂ ਕੀਤੀਆਂ ਸਨ।

"ਕੀ ਕਲੈਰਾ ਨੂੰ ਹੋਰ ਲੜਕੀਆਂ ਬਾਰੇ ਵੀ ਪਤਾ ਸੀ?" ਮੈਂ ਪ੍ਰਸ਼ਨ ਕੀਤਾ।

"ਹਾਂ ਪਤਾ ਸੀ, ਉਨ੍ਹਾਂ ਵਿਚੋਂ ਇਕ...।" ਅਗਲੀ ਗੱਲ ਜਿਵੇਂ ਮਾਈਕਲ ਦੇ ਸੰਘ 'ਚ ਫਸ ਗਈ ਹੋਵੇ। ਪਲ ਵਿਚ ਹੀ ਉਸਦੀਆਂ ਅੱਖਾਂ ਅੰਗਿਆਰ ਬਣ ਗਈਆਂ... ਚਿਹਰਾ ਤਮਤਮਾ ਉੱਠਿਆ, ਸਾਹ ਤੇਜ਼ ਹੋ ਗਿਆ। ਮੈਂ ਉਸ ਵੱਲ ਪਾਣੀ ਦੀ ਬੋਤਲ ਵਧਾਈ। ਉਸਨੇ ਵਗਾਹ ਕੇ ਪਰੇ ਸੁੱਟ ਦਿੱਤੀ। ਮੈਂ ਉੱਠ ਕੇ ਪਾਸੇ ਹੋ ਗਿਆ। ਟੇਢੀ ਨਜ਼ਰੇ ਉਸ ਵੱਲ ਤੱਕਿਆ। ਉਸਦੀ ਨਿਗ੍ਹਾ ਮੇਰੇ ਦਫਤਰ ਚੋਂ ਦਿਸਦੇ ਦਰਿਆ 'ਤੇ ਟਿਕੀ ਹੋਈ ਸੀ, ਆਪਣੇ ਅੰਦਰਲਾ ਜਵਾਰਭਾਟਾ ਜਿਵੇਂ ਉਹ ਦਰਿਆ ਵਿਚ ਉਤਾਰ ਰਿਹਾ ਹੋਵੇ। ਕੁਝ ਦੇਰ ਬਾਅਦ ਉਹ ਮੇਰੇ ਬਰਾਬਰ ਆ ਖਲੋਇਆ ਤੇ ਗਲਘੋਟੂ ਜਿਹਾ ਲੈ ਕੇ ਬੋਲਿਆ, "ਬਾਜ਼! ਤੂੰ ਗੁੱਸਾ ਕਰ ਗਿਐਂ?"

"ਹਮਦਰਦ ਗੁੱਸਾ ਨਹੀਂ ਕਰਦੇ ਹੁੰਦੇ।" ਉਸਦੇ ਮੋਢੇ 'ਤੇ ਹੱਥ ਧਰਦਿਆਂ ਮੈਂ ਉਸਨੂੰ ਵੱਖੀ ਨਾਲ਼ ਲਾ ਲਿਆ।

"ਕੀ ਕਰਾਂ! ਜ਼ਖਮ ਹੈਨ ਹੀ ਬਹੁਤ ਗਹਿਰੇ। ਉਚੇੜਨ ਨਾਲ਼ ਦਰਦਾਂ ਦੀ ਤੜਫਾਹਟ ਮੁੜ ਸ਼ੁਰੂ ਹੋ ਜਾਂਦੀ ਏ...।"

ਤੇ ਮਾਈਕਲ ਨੇ ਦੱਸਿਆ ਸੀ ਕਿ ਸਕੂਲ ਦੀ ਪੜ੍ਹਾਈ ਖਤਮ ਕਰਕੇ ਉਸਨੇ ਕਿੱਤਾ ਕਾਲਿਜ ਵਿਚ ਤਰਖਾਣਾ-ਕੰਮ ਦਾ ਕੋਰਸ ਸ਼ੁਰੂ ਕਰ ਲਿਆ ਸੀ। ਉਸੇ ਕਾਲਜ ਵਿਚ ਕਲੈਰਾ ਕੰਪਿਊਟਰ ਦਾ ਕੋਰਸ ਕਰਨ ਆ ਲੱਗੀ ਸੀ। ਉਨ੍ਹਾਂ ਦਾ ਇਸ਼ਕ ਸ਼ੁਰੂ ਹੋ ਗਿਆ। ਰੋਜ਼ੈਨ ਦੀ ਅਗਾਂਹ ਪੜ੍ਹਨ 'ਚ ਦਿਲਚਸਪੀ ਨਹੀਂ ਸੀ। ਉਸਨੇ ਇਕ ਡੇਅਰੀ-ਫਾਰਮ 'ਚ ਨੌਕਰੀ ਕਰ ਲਈ। ਓਥੇ ਉਸਦੀ ਰੈਜ਼ੀਡੈਂਸ਼ਿਅਲ ਸਕੂਲ ਦੇ ਸਾਬਕਾ ਵਿਦਿਆਰਥੀ ਮਾਰਵਿਨ ਨਾਲ਼ ਦੋਸਤੀ ਪੈ ਗਈ ਸੀ।

ਕੋਰਸ ਪੂਰਾ ਹੋਣ 'ਤੇ ਮਾਈਕਲ ਨੇ ਜੌਬ ਲੱਭ ਲਈ ਸੀ।

ਰੋਜ਼ੈਨ ਤੇ ਮਾਰਵਿਨ ਦੇ ਵਿਆਹ 'ਤੇ ਮਾਈਕਲ ਹੁਰਾਂ ਦੇ ਭਾਈਚਾਰੇ ਅਤੇ ਰਿਸ਼ਤੇਦਾਰਾਂ ਨੇ

ਖੂਬ ਰੌਣਕਾਂ ਲਾਈਆਂ। ਭੈਣ ਦੇ ਵਿਆਹ ਵਿਚ ਉਸਨੇ ਦੌੜ-ਦੌੜ ਕੰਮ ਕੀਤਾ। ਚਾਵਾਂ ਨਾਲ਼ ਰੋਜ਼ੈਨ ਦਾ ਵਿਆਹ ਨਿਪਟਾ ਕੇ ਉਨ੍ਹਾਂ ਦੇ ਮੌਮ-ਡੈਡ, ਆਪਣੇ ਹੁਣ ਤਕ ਦੇ ਗ੍ਰਿਹਿਸਤੀ ਦੇ ਸਫਰ ਨੂੰ ਸੰਤੁਸ਼ਟੀ ਨਾਲ਼ ਵੇਖਦੇ ਸਨ। ਮਾਈਕਲ ਦਾ ਜੌਬ 'ਤੇ ਹੋਣਾ ਉਨ੍ਹਾਂ ਵਾਸਤੇ ਪਰਿਵਾਰਕ ਤਰੱਕੀ ਵਾਲ਼ੀ ਗੱਲ ਸੀ। ਉਨ੍ਹਾਂ ਦੀਆਂ ਲੋਕਾਂ ਨਾਲ਼ ਪੁੱਤਰ ਤੇ ਧੀ ਦੀਆਂ ਗੱਲਾਂ ਵਿਚੋਂ ਮਾਣ ਝਲਕਦਾ ਸੀ। ਉਸ ਮਾਣ ਤੇ ਤਰੱਕੀ ਦੇ ਅਹਿਸਾਸ ਨੇ ਮਾਈਕਲ ਅੰਦਰ ਪਈਆਂ ਦੁਖਦਾਈ ਯਾਦਾਂ ਮੱਧਮ ਪਾ ਦਿੱਤੀਆਂ। ਚੰਗੇ ਭੱਵਿਖ ਦੀ ਆਸ ਵਿਚ ਉਸਦੇ ਮਨ 'ਚ ਉਤਸ਼ਾਹ ਉੱਗਮ ਪਿਆ। ਉਸ ਉਤਸ਼ਾਹ ਦੇ ਬਲ ਹੀ ਉਸਨੇ, ਰੋਜ਼ੈਨ ਤੇ ਮਾਰਵਿਨ 'ਚ ਚੱਲ ਰਹੇ ਤਣਾਅ ਦੀ ਪ੍ਰਵਾਹ ਨਾ ਕੀਤੀ।... ਤੇ ਜਦੋਂ ਉਨ੍ਹਾਂ ਦਾ ਰਿਸ਼ਤਾ ਟੁੱਟਿਆ, ਦੁੱਖ ਤਾਂ ਹੋਇਆ ਪਰ ਉਹ ਦੁੱਖ ਉਸਨੇ ਮਨ ਨੂੰ ਨਾ ਲਾਇਆ। ਉਸਨੂੰ ਵਿਸ਼ਵਾਸ ਸੀ ਕਿ ਉਸਦੀ ਸੁਹਣੀ ਭੈਣ ਨੂੰ ਹੋਰ ਸਾਥੀ ਮਿਲ ਜਾਏਗਾ... ਤੇ ਉਸਦਾ ਵਿਸ਼ਵਾਸ ਠੀਕ ਹੀ ਸਾਬਤ ਹੋਇਆ... ਰੋਜ਼ੈਨ ਦਾ ਨਵਾਂ ਸਾਥੀ ਪਹਿਲੇ ਨਾਲ਼ੋਂ ਜ਼ਿਆਦਾ ਜਚਦਾ ਸੀ, ਖਾਸ ਕਰਕੇ ਬੋਲ-ਚਾਲ ਪੱਖੋਂ। ਘਰ ਦੇ ਖੁਸ਼ਗਵਾਰ ਹਾਲਾਤ ਸਨ ਜਾਂ ਪਤਾ ਨਹੀਂ ਕੀ ਕਿ ਮਾਈਕਲ ਦੇ ਬੁੱਲ੍ਹਾਂ 'ਤੇ ਰੁਮਾਂਚਿਕ ਗੀਤਾਂ ਦੀ ਗੁਣਗੁਣਾਹਟ ਸ਼ੁਰੂ ਹੋ ਗਈ। ਕਲੈਰਾ ਨਾਲ਼ ਉਸਦੀਆਂ ਮੁਲਾਕਾਤਾਂ ਰੰਗੀਨ ਹੋ ਗਈਆਂ... ਸਮੇਂ ਨੇ ਜਿਵੇਂ ਸ਼ੂਟ ਵੱਟ ਲਈ ਹੋਵੇ। ਪਰ ਜਦੋਂ ਰੋਜ਼ੈਨ ਦਾ ਰਿਸ਼ਤਾ ਦੂਜੀ ਵਾਰ ਟੁੱਟਿਆ ਤਾਂ ਸਮਾਂ ਜਿਵੇਂ ਪਿਛਲਖੁਰੀ ਮੁੜ ਪਿਆ ਹੋਵੇ। ਮਾਈਕਲ ਤੇ ਉਸਦੇ ਮੌਮ-ਡੈਡ ਵਾਸਤੇ ਬਹੁਤ ਵੱਡਾ ਝਟਕਾ ਸੀ ਉਹ। ਮਾਈਕਲ ਨੇ ਰੋਜ਼ੈਨ ਨੂੰ ਕਾਰਨ ਪੁੱਛਿਆ। ਪਰ ਉਸਨੇ ਕੁਝ ਨਾ ਦੱਸਿਆ। ਕਲੈਰਾ ਨਾਲ਼ ਉਸਦਾ ਸਹੇਲਪੁਣਾ ਪਹਿਲਾਂ ਵਾਂਗ ਹੀ ਸੀ। ਮਾਈਕਲ ਨੇ ਉਸ ਨਾਲ਼ ਗੱਲ ਕੀਤੀ। ਉਸਨੇ "ਪਤਾ ਨਹੀਂ" ਆਖ ਦਿੱਤਾ।

"ਤੇਰੀ ਸਹੇਲੀ ਐ ਪਤਾ ਕਰ। ਸ਼ਾਇਦ ਆਪਾਂ ਉਹਦੀ ਕੋਈ ਮੱਦਦ ਕਰ ਸਕੀਏ।" ਮਾਈਕਲ ਨੇ ਜ਼ੋਰ ਦੇ ਕੇ ਆਖਿਆ।

"ਆਪਣੀ ਮੱਦਦ ਤੋਂ ਬਾਹਰ ਦੀ ਗੱਲ ਹੈ।" ਉਹ ਬੋਲੀ

"ਇਹਦਾ ਮਤਲਬ ਤੈਨੂੰ ਪਹਿਲਾਂ ਹੀ ਪਤੈ।"

"ਪਤੈ ਪਰ ਉਹਨੇ ਮੈਨੂੰ ਕਿਸੇ ਹੋਰ ਨੂੰ ਦੱਸਣ ਤੋਂ ਮਨ੍ਹਾਂ ਕੀਤਾ ਹੋਇਐ।"

"ਕਲੈਰਾ ਡਾਰਲਿੰਗ ਮੈਂ 'ਕੋਈ ਹੋਰ' ਨਹੀਂ ਉਹਦਾ ਭਰਾ ਹਾਂ, ਦਰਦਮੰਦ ਭਰਾ...।"

ਤੇ ਕਲੈਰਾ ਤੋਂ ਭੈਣ ਨਾਲ ਵਾਪਰੀਆਂ ਸੁਣ ਕੇ ਉਸਨੂੰ ਇੰਝ ਲੱਗਾ ਸੀ ਜਿਵੇਂ ਉਸਦੀ ਜ਼ਿੰਦਗੀ ਦੀ ਹਨ੍ਹੇਰੀ ਸੁਰੰਗ 'ਚ ਉੱਗੀ ਰੌਸ਼ਨੀ ਭੜਾਕਾ ਮਾਰ ਕੇ ਬੁਝ ਗਈ ਹੋਵੇ... ਰੋਜ਼ੈਨ ਦਾ ਪ੍ਰਿੰਸੀਪਲ ਉਸਦਾ ਜਿਨਸੀ-ਸ਼ੋਸ਼ਣ ਕਰਦਾ ਰਿਹਾ ਸੀ। ਤੇ ਮਾਰਵਿਨ ਨਾਲ,ਮਾਈਕਲ ਵਾਂਗ, ਰੈਜ਼ੀਡੈਂਸ਼ਿਅਲ ਸਕੂਲ 'ਚ ਬਦਫੈਲੀ ਹੋਈ ਸੀ। ਦੋਨਾਂ ਦੇ ਮਨਾਂ ਵਿਚ ਦੱਬੀ ਹੋਈ ਜ਼ਲਾਲਤ ਕਾਰਨ ਉਹ ਆਪਸ 'ਚ ਖੁੱਲ੍ਹ ਨਾ ਸਕੇ। ਰਿਸ਼ਤਾ ਜਿਸਮਾਂ ਤਕ ਹੀ ਸੀਮਤ ਰਿਹਾ। ਦਿਲਾਂ ਦੀ ਇਕਮਿਕਤਾ ਨਾ ਬਣੀ। ਕੋਲ਼-ਕੋਲ਼ ਹੁੰਦੇ ਹੋਏ ਵੀ ਉਹ ਦੂਰੀਆਂ ਹੀ ਹੰਢਾਉਂਦੇ ਰਹੇ। ਰੋਜ਼ੈਨ ਨੇ ਦੂਜੇ ਸਾਥੀ ਨੂੰ, ਪਹਿਲੀਆਂ ਮੁਲਾਕਾਤਾਂ 'ਚ ਹੀ ਆਪਣੀ ਸਕੂਲੀ ਜ਼ਿੰਦਗੀ ਬਾਰੇ ਦੱਸ ਦਿੱਤਾ ਸੀ। ਉਸ ਬੰਦੇ ਨੇ ਫਰਾਖਦਿਲੀ ਦਿਖਾਉਂਦਿਆਂ ਰਿਸ਼ਤਾ ਗੰਢ ਲਿਆ। ਪਰ ਕੁਝ ਅਰਸੇ ਬਾਅਦ ਰੋਜ਼ੈਨ ਨੂੰ ਨੀਵੀਂ ਦਿਖਾਉਣ ਲੱਗ ਪਿਆ। ਮਾਨਸਿਕ ਤੇ ਭਾਵਨਾਤਮਕ ਕਲੇਸ਼ 'ਚ ਪਿੰਜ ਹੋ ਰਹੀ ਰੋਜ਼ੈਨ ਨੇ ਰਿਸ਼ਤਾ ਤੋੜ ਲਿਆ ਸੀ।

ਮਾਈਕਲ ਅੰਦਰੋਂ ਗੱਲਾਂ ਕੱਢਣ ਲਈ ਹੁਣ ਉਸਨੂੰ ਪਤਿਆਉਣ-ਪ੍ਰੇਰਨ ਦੀ ਲੋੜ ਨਹੀਂ ਸੀ। ਉਹ ਆਪਣੇ ਆਪ ਹੀ ਬਿਆਨ ਕਰੀ ਜਾਂਦਾ। ਮੈਂ ਚੁੱਪ-ਚਾਪ ਸੁਣਦਾ ਰਹਿੰਦਾ, ਵਿਚ ਉਦੋਂ ਹੀ ਬੋਲਦਾ ਜਦੋਂ ਸਾਈਡ 'ਤੇ ਰਹਿ ਗਈ ਕੋਈ ਗੱਲ ਪੁੱਛਣੀ ਹੁੰਦੀ। ਉਸਨੇ ਦੱਸਿਆ ਸੀ ਕਿ ਭੈਣ ਨੂੰ ਝੁਰਦੀ-ਟੁੱਟਦੀ ਦੇਖ ਉਸਦਾ ਆਪਾ ਕਿਰਨ-ਮਕਿਰਨੀ ਹੋਣ ਲੱਗ ਪੈਂਦਾ। ਅੰਦਰੋਂ ਉੱਠੀ ਚੀਸ ਉਸਦੀ ਰੂਹ

ਨੂੰ ਆਰੀ ਵਾਂਗ ਚੀਰਨ ਲਗਦੀ। ਭੈਣ ਦੀ ਮਾਰੂਥਲ ਬਣੀ ਜ਼ਿੰਦਗੀ ਦੀਆਂ ਹਵਾਵਾਂ ਉਸ ਅੰਦਰਲੇ ਮਾਰੂਥਲ ਨੂੰ ਤਪਾ ਜਾਂਦੀਆਂ। ਸੜਦਾ-ਭੁੱਜਦਾ ਉਹ ਮੌਮ-ਡੈਡ ਨਾਲ਼ ਖਹਿਬੜ ਪੈਂਦਾ ਕਿ ਉਨ੍ਹਾਂ ਨੇ ਰੋਜ਼ੈਨ ਤੇ ਉਸਨੂੰ ਰੈਜ਼ੀਡੈਂਸ਼ਿਅਲ ਸਕੂਲ ਕਿਉਂ ਭੇਜਿਆ। ਉਹ ਆਪਣੀ ਥਾਂ ਸੱਚੇ ਹੋਣ ਲੱਗ ਪੈਂਦੇ। ਬਹਿਸ-ਬਹਿਸਾਈ ਵਿਚ ਮੌਮ, ਡੈਡ ਨੂੰ ਦੋਸ਼ ਦੇਣ ਲੱਗ ਜਾਂਦੀ ਕਿ ਉਹ ਉਸ ਸਕੂਲ ਦੀ ਸਲਾਹੁਤਾ ਕਰਦਾ ਨਹੀਂ ਸੀ ਥੱਕਦਾ ਹੁੰਦਾ।

ਰੋਜ਼ੈਨ ਨੂੰ ਡਿਪਰੈਸ਼ਨ ਹੋ ਗਈ ਸੀ। ਉਹ ਚੁੱਪ-ਗੜੁੱਪ ਹੋ ਕੇ ਇਕ ਪਾਸੇ ਜਾ ਬੈਠਦੀ। ਪਰ ਅੰਦਰ ਝੁੱਲ ਰਿਹਾ ਝੱਖੜ ਉਸਦੇ ਚਿਹਰੇ 'ਤੇ ਉੱਘੜ ਰਿਹਾ ਹੁੰਦਾ।

ਮਾਈਕਲ ਤੇ ਉਸਦੇ ਮੌਮ-ਡੈਡ ਦੀ ਲੜਾਈ ਨਿੱਤ ਦਾ ਕਲੇਸ਼ ਬਣ ਗਈ।

ਉਨ੍ਹਾਂ ਹੀ ਦਿਨਾਂ 'ਚ ਇਕ ਘਟਨਾ ਹੋਰ ਵਾਪਰ ਗਈ। ਜਿਸ ਕੰਪਨੀ 'ਚ ਮਾਈਕਲ ਜੌਬ ਕਰਦਾ ਸੀ, ਉਸਦਾ ਕਾਰੋਬਾਰ ਠੰਢਾ ਪੈ ਗਿਆ। ਕੰਪਨੀ ਨੇ ਮਾਈਕਲ ਸਮੇਤ ਚਾਰ ਕਾਮਿਆਂ ਨੂੰ ਕੰਮ ਤੋਂ ਜਵਾਬ ਦੇ ਦਿੱਤਾ। ਜਿਹੜੀ ਜੌਬ ਮਾਈਕਲ ਨੇ ਹੋਰ ਲੱਭੀ ਉਹ ਘਰੋਂ ਦੂਰ ਸੀ। ਕਲੈਰਾ ਦੀ ਲੱਕੜ-ਮਿੱਲ ਦੀ ਦਫਤਰੀ ਜੌਬ ਲਾਗੇ ਹੀ ਸੀ। ਉਹ ਮਾਈਕਲ ਨੂੰ ਵੀ ਲਾਗੇ-ਚਾਗੇ ਦੀ ਕਿਸੇ ਕੰਪਨੀ 'ਚ ਕੋਸ਼ਿਸ਼ ਕਰਨ ਲਈ ਕਹਿ ਰਹੀ ਸੀ। ਪਰ ਉਹ ਘਰ ਦੇ ਕਲੇਸ਼ ਤੋਂ ਦੂਰ ਹੋਣਾ ਚਾਹੁੰਦਾ ਸੀ।

ਬਰੁੱਕਲੀਨ ਸਥਿਤ ਪਲਾਈਵੁੱਡ ਬਣਾਉਣ ਵਾਲੀ ਮਾਈਕਲ ਦੀ ਨਵੀਂ ਫੈਕਟਰੀ 'ਚ ਤਿੰਨ ਨੇਟਿਵ ਸਨ, ਬਾਕੀ ਸਭ ਗੋਰੇ। ਕੁਝ ਇਕ ਨੂੰ ਛੱਡ ਕੇ ਬਾਕੀ ਸਭ ਨਸਲਵਾਦੀ। ਉਸਨੂੰ ਟਰੇਨਿੰਗ ਦੇਂਦਿਆਂ ਬੋਲਾਂ ਜਾਂ ਹਾਵ-ਭਾਵਾਂ ਰਾਹੀਂ ਨਫਰਤ ਦੀ ਚੰਗਿਆੜੀ ਸੁੱਟ ਦੇਂਦੇ। ਮਾਈਕਲ ਨੇ ਦੜ ਵੱਟ ਕੇ ਕੰਮ ਸਿੱਖ ਲਿਆ।

ਕੰਮ 'ਚ ਬਿਜ਼ੀ ਹੋ ਕੇ ਟਾਈਮ ਰਿੜ੍ਹ ਪਿਆ। ਘਰ ਉਹ ਦੋ-ਢਾਈ ਮਹੀਨੇ ਬਾਅਦ ਗੇੜਾ ਮਾਰਦਾ। ਕਲੈਰਾ ਉਸਨੂੰ ਛੇਤੀ-ਛੇਤੀ ਆਉਣ ਲਈ ਕਹਿੰਦੀ। ਪਰ ਉਹ ਆਪਣੇ ਹਿਸਾਬ ਨਾਲ਼ ਹੀ ਆਉਂਦਾ। ਜਦੋਂ ਆਉਂਦਾ ਕਲੈਰਾ ਨੂੰ ਚੁੰਮਦਾ, ਬਾਹਾਂ 'ਚ ਭਰਦਾ ਪਰ ਪਹਿਲਾਂ ਵਾਲੀ ਗਰਮਜੋਸ਼ੀ ਨਹੀਂ ਸੀ। ਉਹ ਉਸ ਨਾਲ਼ ਵਿਆਹ ਦੀਆਂ ਸਲਾਹਾਂ ਕਰਦੀ। ਉਹ 'ਹੂੰ ਹਾਂ' ਕਰ ਛੱਡਦਾ।

"ਤੂੰ ਖੁੱਲ੍ਹ ਕੇ ਗੱਲ ਕਿਉਂ ਨਹੀਂ ਕਰਦਾ?" ਇਕ ਦਿਨ ਕਲੈਰਾ ਨੂੰ ਗੁੱਸਾ ਚੜ੍ਹ ਗਿਆ।

"ਕੀ ਗੱਲ ਕਰਾਂ, ਤੈਨੂੰ ਚੰਗਾ-ਭਲਾ ਪਤੈ ਸਾਡੇ ਘਰ ਦੀ ਹਾਲਤ ਦਾ।" ਉਸਨੇ ਖਿਝ ਕੇ ਆਖਿਆ।

"ਤੈਨੂੰ ਆਪਣੀ ਜ਼ਿੰਦਗੀ ਬਾਰੇ ਵੀ ਕੁਝ ਸੋਚਣਾ ਚਾਹੀਦੈ।"

"ਪ੍ਰੇਸ਼ਾਨੀਆਂ ਹੀ ਸਾਹ ਨਹੀਂ ਲੈਣ ਦੇਂਦੀਆਂ, ਸੋਚਾਂ ਕੀ।"

"ਫਿਰ ਕੀ ਹੋਣਾ ਚਾਹੀਦੈ?" ਉਹ ਖਰ੍ਹਵੀ ਆਵਾਜ਼ 'ਚ ਬੋਲੀ।

"ਤੂੰ ਕੋਈ ਹੋਰ ਸਾਥੀ ਲੱਭ ਲੈ।"

ਕਲੈਰਾ ਦੇ ਮੱਥੇ ਵਿਚ ਜਿਵੇਂ ਠਾਹ ਕਰਦਾ ਪੱਥਰ ਵੱਜਾ ਹੋਵੇ। ਕੁਰਸੀ ਤੋਂ ਉੱਭਰਦੀ ਉਹ ਮਾਈਕਲ ਨੂੰ ਝਈ ਲੈ ਕੇ ਪਈ, "ਯੂ ਬਲੱਡੀ ਇਡੀਅਟ! ਜੇ ਇੰਝ ਹੀ ਕਰਨਾ ਸੀ ਤਾਂ ਵਾਅਦੇ ਕਿਉਂ ਕੀਤੇ। ਇਹ ਗੱਲ ਪਹਿਲਾਂ ਹੀ ਕਹਿ ਦੇਂਦਾ। ਹੁਣ ਸਾਰਾ ਕੁਝ ਕਰ ਕਰਾ ਕੇ... ।"

ਮਾਈਕਲ ਨੂੰ ਲੱਗਾ ਕਿ ਉਹ ਹੱਥੋਪਾਈ ਹੋ ਪਏਗੀ। ਉਸਦਾ ਗੁੱਸਾ ਠੰਢਾ ਕਰਨ ਲਈ ਬੋਲਿਆ, "ਡਾਰਲਿੰਗ ਤੂੰ ਖਫਾ ਨਾ ਹੋ। ਪ੍ਰੇਸ਼ਾਨੀ 'ਚ ਇਹ ਗੱਲ ਮੇਰੇ ਮੂੰਹੋਂ ਐਵੇਂ ਨਿਕਲ਼ ਗਈ ਏ।"

"ਐਵੇਂ ਨਹੀਂ ਨਿਕਲ਼ੀ, ਤੇਰੇ ਦਿਲ 'ਚ ਖੋਟ ਹੈ,ਧੋਖਾ ਹੈ... ਤੂੰ ਕਮੀਨਾ ਹੈਂ... ਮੈਂ ਤੈਨੂੰ ਨਫਰਤ

ਕਰਦੀ ਹਾਂ।" ਅੱਗ-ਭਬੂਕਾ ਹੋਈ ਉਹ ਤੁਰ ਪਈ। ਸ਼ਾਇਦ ਉਸਨੂੰ ਆਸ ਸੀ ਕਿ ਮਾਈਕਲ ਉਸਨੂੰ ਰੋਕੇਗਾ।

ਪਰ ਉਹ ਆਪਣੇ ਮੂਡ ਵਿਚ ਬੈਠਾ ਰਿਹਾ। ਦਰਅਸਲ ਉਹ ਚਾਹੁੰਦਾ ਸੀ ਕਿ ਉਹ ਇਸੇ ਤਰ੍ਹਾਂ ਉਸਦੀ ਜ਼ਿੰਦਗੀ 'ਚੋਂ ਚਲੀ ਜਾਏ। ਜਦੋਂ ਉਸਨੇ ਕਲੈਰਾ ਨਾਲ਼,ਜੀਵਨ-ਸਾਥੀ ਬਣਨ ਦਾ, ਵਾਅਦਾ ਕੀਤਾ ਸੀ ਉਦੋਂ ਉਨ੍ਹਾਂ ਦੇ ਘਰ-ਪਰਿਵਾਰ ਦੇ ਹਾਲਾਤ ਖੁਸ਼ਗਵਾਰ ਸਨ। ਉਸਦੇ ਜਿਨਸੀ-ਸੋਸ਼ਣ ਦੀ ਜ਼ਲਾਲਤ ਉਸਦੇ ਮਨ 'ਚੋਂ ਲੱਥਣੀ ਸ਼ੁਰੂ ਹੋ ਗਈ ਸੀ। ਪਰ ਰੋਜ਼ੈਨ ਦੀ ਵਿਆਹੁਤਾ ਜ਼ਿੰਦਗੀ ਦੀ ਅਸਫਲਤਾ ਦੇ ਕਾਰਨ, ਉਹ ਜ਼ਲਾਲਤ ਉਸਦੇ ਮਨ 'ਤੇ ਮੁੜ ਭਾਰੂ ਹੋ ਗਈ ਸੀ। ਹੁਣ ਉਹ ਆਪਣੇ ਆਪ ਨੂੰ ਕਲੈਰਾ ਦੇ ਬਰਾਬਰ ਨਹੀਂ ਸੀ ਸਮਝਦਾ... ਕਲੈਰਾ ਕਾਮੁਕ ਹਮਲਾ ਕਰਨ ਵਾਲ਼ੇ ਪ੍ਰਿੰਸੀਪਲ 'ਤੇ ਸ਼ੇਰਨੀ ਬਣ ਕੇ ਝਪਟ ਪਈ ਸੀ ਤੇ ਉਹ ਬਰੱਦਰ ਅਲਬਰਟ ਦੀਆਂ ਕਾਮੁਕ ਬਦਫੈਲੀਆਂ ਸਾਲਾਂ-ਬੱਧੀ ਸਹਿੰਦਾ ਰਿਹਾ, ਜ਼ਲੀਲ ਹੁੰਦਾ ਰਿਹਾ ਸੀ। ਉਸ ਬਾਰੇ ਕਲੈਰਾ ਨੂੰ ਦੱਸਣਾ ਵੀ ਤੇ ਨਾ ਦੱਸਣਾ ਵੀ, ਉਸਨੂੰ ਠੀਕ ਨਹੀਂ ਸੀ ਜਾਪਦਾ। ਜੇ ਦੱਸਦਾ ਸੀ ਤਾਂ ਉਸ ਨਾਲ਼ ਉਮਰ ਭਰ ਬੌਣਾ ਹੋ ਕੇ ਜਿਉਣ ਵਾਲੀ ਗੱਲ ਸੀ। ਜੇ ਨਹੀਂ ਦੱਸਦਾ ਸੀ ਤਾਂ ਹੀਣ ਭਾਵਨਾ ਨਾਲ਼ ਅੰਦਰੋ-ਅੰਦਰੀ ਮਿੱਧ ਹੋਣ ਵਾਲੀ ਗੱਲ ਸੀ।

ਕਲੈਰਾ ਮੂਹਰੇ ਬੌਣਾ ਨਾ ਬਣਨ ਦੀ ਸਕੀਮ ਤਾਂ ਉਸਨੇ ਸੋਚ ਲਈ ਸੀ ਪਰ ਬੌਣੇਪਨ ਦੇ ਲਕਬ ਨੂੰ ਆਪਣੇ ਨਾਲੋਂ ਲਾਹ ਸੁੱਟਣ ਦੀ ਉਸ ਕੋਲ ਕੋਈ ਵਿਉਂਤ ਨਹੀਂ ਸੀ। ਇਹ ਲਕਬ ਤਾਂ ਗੋਰਿਆਂ ਨੇ ਨੇਟਿਵਾਂ ਦੀ ਹੋਂਦ-ਹਸਤੀ ਵਿਚ ਖੁਣ ਦਿੱਤਾ ਹੋਇਆ ਸੀ... ਉਸਦੀ ਜੌਬ 'ਤੇ ਜੋਸਿਫ ਨਾਂ ਦਾ ਗੋਰਾ ਉਸਨੂੰ ਜੰਗਲੀ, ਅਸੱਭਿਅਕ ਤੇ ਬੌਣਾ ਵਰਗੇ ਸੰਬੋਧਨਾਂ ਨਾਲ਼ ਛੁਟਿਆਉਂਦਾ ਰਹਿੰਦਾ। ਇਹ ਲਫਜ਼ ਉਸਦੇ ਦਿਲ 'ਤੇ ਤੇਜ਼ਾਬ ਦੇ ਛਿੱਟਿਆਂ ਵਾਂਗ ਪੈਂਦੇ ਪਰ ਉਹ ਸਬਰ ਕਰ ਲੈਂਦਾ। ਪਰੰਤੂ ਇਕ ਦਿਨ ਉਸਦਾ ਸਬਰ ਜਵਾਬ ਦੇ ਗਿਆ। "ਅਸੱਭਿਅਕ ਤੇ ਬੌਣਾ ਮੈਂ ਨਹੀਂ ਤੂੰ ਹੈਂ।" ਮਾਈਕਲ ਨੇ ਉਸਦੀਆਂ ਅੱਖਾਂ 'ਚ ਅੱਖਾਂ ਪਾ ਕੇ ਕਿਹਾ।

"ਉਹ ਕਿਵੇਂ?"

"ਜੇ ਤੂੰ ਸੱਭਿਅਕ ਤੇ ਉੱਚਾ ਹੋਵੇਂ, ਮੈਨੂੰ ਇਸਤਰ੍ਹਾਂ ਦੇ ਮੰਦੇ ਬੋਲ ਨਾ ਬੋਲੇਂ।"

"ਤੂੰ ਹੈ ਹੀ ਇਸ ਲਾਇਕ।"

"ਤਾਂ ਫਿਰ ਹੁਣ ਕਹਿ ਕੇ ਵੇਖ।" ਮਾਈਕਲ ਤਲਖ ਹੋ ਗਿਆ।

"ਤੂੰ ਅਸੱਭਿਅਕ ਹੈਂ,ਬੌਣਾ ਹੈਂ, ਜੰਗਲੀ ਹੈਂ।" ਜੋਸਿਫ ਭੂਤਰ ਗਿਆ।

ਮਾਈਕਲ ਅੰਦਰ ਜਿਵੇਂ ਅੱਗ ਮਚ ਪਈ ਹੋਵੇ। ਉਸਨੇ ਧੜਾਧੜ ਉਹਦੇ ਘਸੁੰਨ ਜੜ ਦਿੱਤੇ। ਕੁਝ ਘਸੁੰਨ ਜੋਸਿਫ ਨੇ ਵੀ ਛੱਡੇ ਪਰ ਉਹ ਮਾਈਕਲ ਦਾ ਮੁਕਾਬਲਾ ਨਾ ਕਰ ਸਕਿਆ ਤੇ ਘਸੁੰਨਾਂ ਦਾ ਝੰਬਿਆ ਥੱਲੇ ਡਿੱਗ ਪਿਆ। "ਫਿਰ ਕਹਿ ਉਹ ਮੰਦੇ ਲਫਜ਼।" ਉਸ ਦੇ ਠੁੱਡ ਮਾਰਦਿਆਂ ਮਾਈਕਲ ਗਰਜਿਆ।

ਪਰ ਜੋਸਿਫ ਦਾ ਸਾਰਾ ਗਰੂਰ ਜਿਵੇਂ ਨੁੱਚੜ ਗਿਆ ਹੋਵੇ। 'ਕੱਠਾ ਜਿਹਾ ਹੋਇਆ 'ਊਂ ਊਂ' ਕਰਦਾ ਉਹ ਵਿਲਕ ਰਿਹਾ ਸੀ। ਉਸਦਾ ਪੀਲ਼ਾ ਭੂਕ ਚਿਹਰਾ ਵੇਖ ਕੇ ਮਾਈਕਲ ਪਿਛਾਂਹ ਹਟ ਗਿਆ। ਪਰ ਉਸਦਾ ਕ੍ਰੋਧ ਮੱਠਾ ਨਹੀਂ ਸੀ ਪਿਆ। "ਹੁਣ ਜਿਹੜਾ ਵੀ ਮੈਨੂੰ ਜ਼ਲੀਲ ਕਰੇਗਾ, ਮੈਂ ਉਹਦੀ ਇਸੇ ਤਰ੍ਹਾਂ ਭੁਗਤ ਸੁਆਰਾਂਗਾ।" ਇਹ ਕੂਕਵੇਂ ਬੋਲ ਦੂਜੇ ਕਾਮਿਆਂ ਦੇ ਕੰਨਾਂ ਤੱਕ ਪਹੁੰਚਾਉਂਦਿਆਂ ਉਹ ਫੈਕਟਰੀ ਦੇ ਇਕ ਕੋਨੇ 'ਚ ਜਾ ਬੈਠਾ।

ਉਸਨੂੰ ਮੈਨੇਜਰ ਦੇ ਦਫਤਰ ਤੋਂ ਬੁਲਾਵਾ ਆ ਗਿਆ। ਜੋਸਿਫ ਤੇ ਸੁਪਰਵਾਇਜ਼ਰ ਵੀ ਬੁਲਾਏ

ਗਏ।

"ਕੀ ਹੋਇਆ?" ਮੈਨੇਜਰ ਨੇ ਜੋਸਿਫ ਨੂੰ ਪੁੱਛਿਆ।

"ਮਾਈਕਲ ਨੇ ਨਿੱਕੀ ਜਿਹੀ ਗੱਲ 'ਤੇ ਮੈਨੂੰ ਕੁੱਟਿਆ ਏ।" ਆਖਦਾ ਹੋਇਆ ਜੋਸਿਫ ਆਪਣੇ ਲਾਲ ਹੋਏ ਮੋਢੇ ਤੇ ਧੌਣ ਦਿਖਾਉਣ ਲੱਗ ਪਿਆ। ਮਾਈਕਲ ਨੇ ਸੋਚ ਸਮਝ ਕੇ ਉਸਦੇ ਗੁੱਝੀਆਂ ਸੱਟਾਂ ਮਾਰੀਆਂ ਸਨ। ਮੂੰਹ'ਤੇ ਕੋਈ ਘਸੁੰਨ ਨਹੀਂ ਸੀ ਠੋਕਿਆ ਪਰ ਜੋਸਿਫ ਦੇ ਘਸੁੰਨ ਉਹਦੇ ਮੂੰਹ 'ਤੇ ਵੱਜੇ ਸਨ।

"ਸਰ! ਗੱਲ ਨਿੱਕੀ ਨਹੀਂ ਬਹੁਤ ਵੱਡੀ ਏ। ਜੋਸਿਫ ਨਸਲਵਾਦੀ ਏ। ਇਹ ਮੈਨੂੰ ਅਸੱਭਿਅਕ, ਬੌਣਾ ਅਤੇ ਜੰਗਲੀ ਵਰਗੇ ਲਫਜ਼ਾਂ ਨਾਲ਼ ਅਪਮਾਨਤ ਕਰਦਾ ਰਹਿੰਦਾ ਏ। ਹੁਣ ਵੀ ਇਹਨੇ ਮੈਨੂੰ ਇਹੀ ਘਟੀਆ ਲਫਜ਼ ਕਹੇ। ਮੈਂ ਬਥੇਰਾ ਆਖਿਆ ਕਿ ਮੈਨੂੰ ਜ਼ਲੀਲ ਨਾ ਕਰ ਪਰ ਇਹ ਹਟਿਆ ਹੀ ਨਹੀਂ ਤੇ ਲੜਾਈ ਸ਼ੁਰੂ ਕਰ ਲਈ। ਸੱਟਾਂ ਇਹਨੇ ਵੀ ਮੇਰੇ ਬਥੇਰੀਆਂ ਮਾਰੀਆਂ ਹਨ," ਆਪਣੀਆਂ ਅੱਖਾਂ ਅਤੇ ਸੁੱਜੇ ਹੋਏ ਬੁੱਲ੍ਹ ਮੈਨੇਜਰ ਨੂੰ ਦਿਖਾਉਂਦਿਆਂ ਮਾਈਕਲ ਨੇ ਗੱਲ ਜਾਰੀ ਰੱਖੀ, "ਤੁਸੀਂ ਮੇਰੇ ਸੈਕਸ਼ਨ ਦੀ ਬਰੈਂਡਾ ਨੂੰ ਪੁੱਛ ਲਓ ਕਿ ਛੇੜ ਕਿਹਨੇ ਛੇੜੀ ਹੈ।"

ਮਾਈਕਲ ਦੇਖ ਰਿਹਾ ਸੀ, ਮੈਨੇਜਰ ਨੇ ਉਸਨੂੰ ਗੰਭੀਰਤਾ ਨਾਲ਼ ਨਹੀਂ ਸੀ ਸੁਣਿਆਂ। ਉਸਨੇ ਬਰੈਂਡਾ ਦੇ ਨਾਲ਼ ਹੀ, ਮਾਈਕਲ ਦੇ ਸੈਕਸ਼ਨ 'ਚ ਕੰਮ ਕਰਦੇ; ਸੈਮ ਨੂੰ ਵੀ ਬੁਲਾ ਲਿਆ ਅਤੇ ਪਹਿਲਾਂ ਉਸਨੂੰ ਹੀ ਪੁੱਛਿਆ, "ਕੀ ਜੋਸਿਫ ਨੇ ਮਾਈਕਲ ਨੂੰ ਅਸੱਭਿਅਕ, ਬੌਣਾ ਵਗੈਰਾ ਕਿਹਾ ਸੀ।"

ਮਾਈਕਲ ਪ੍ਰੇਸ਼ਾਨ ਹੋ ਗਿਆ, ਸੈਮ ਨੇ ਤਾਂ ਉਹਦੇ ਖਿਲਾਫ ਹੀ ਭੁਗਤਣਾ ਸੀ। 'ਦੇਖ ਲਵਾਂਗਾ ਇਹਨੂੰ ਵੀ' ਦੇ ਸ਼ਬਦ ਉਸਦੇ ਪ੍ਰੇਸ਼ਾਨ ਮਨ 'ਚ ਰੀਂਗ ਗਏ ਸਨ। ਪਰ ਸੈਮ ਦੇ ਆਖੇ ਦੋ-ਅੱਖਰੀ ਸ਼ਬਦ "ਯੈਸ" ਨੇ ਉਸਨੂੰ ਆਚੰਭਤ ਕਰ ਦਿੱਤਾ। ਸੈਮ ਉਸਨੂੰ ਕੰਡਿਆਂ 'ਚ ਖਿੜਿਆ ਡਾਢਾ ਹੀ ਖੂਬਸੂਰਤ ਫੁੱਲ ਜਾਪਿਆ।

ਬਰੈਂਡਾ ਨੂੰ ਪੁੱਛੇ ਜਾਣ 'ਤੇ ਉਸਨੇ ਦਲੇਰੀ ਨਾਲ਼ ਕਿਹਾ, "ਜੋਸਿਫ ਅਕਸਰ ਹੀ ਮਾਈਕਲ ਨੂੰ ਅਪਮਾਨਤ ਕਰਦਾ ਰਹਿੰਦਾ ਏ। ਕਦੀ-ਕਦੀ ਮੈਨੂੰ ਵੀ ਚੋਭਵੀਂ ਗੱਲ ਕਹਿ ਦੇਂਦਾ ਏ।"

"ਜੋਸਿਫ ਦੇ ਵਤੀਰੇ ਬਾਬਤ ਮਾਈਕਲ ਨੇ ਮੇਰੇ ਕੋਲ਼ ਸ਼ਿਕਾਇਤ ਕੀਤੀ ਸੀ। ਮੈਂ ਜੋਸਿਫ ਨੂੰ ਸਮਝਾਇਆ ਸੀ ਕਿ ਨਸਲਵਾਦ ਜੁਰਮ ਹੈ।" ਸੁਪਰਵਾਇਜ਼ਰ ਦੇ ਇਹ ਬੋਲ ਮਾਈਕਲ ਦੇ ਤਪਦੇ ਮਨ ਨੂੰ ਨਿਆਗਰਾ ਫਾਲਜ਼ ਦੀ ਠੰਢੀ ਭੂਰ ਵਰਗੇ ਲੱਗੇ ਸਨ। ਖਿੜਕੀ ਵਿਚੀਂ ਦੂਰ-ਦੂਰ ਤੱਕ ਦਿਸਦੀ ਕਾਇਨਾਤ ਉਸਨੂੰ ਸੋਹਣੀ ਲੱਗਣ ਲੱਗ ਪਈ ਸੀ।

ਪਰ ਮੈਨੇਜਰ ਦੇ ਮੱਥੇ 'ਤੇ ਤਿਉੜੀ ਸੀ। ਮਾਈਕਲ ਸਮਝ ਗਿਆ ਸੀ, ਉਹਨੇ ਉਸਨੂੰ ਫੈਕਟਰੀ 'ਚੋਂ ਕੱਢ ਕੇ ਗੋਰੇ ਨੂੰ ਕੁੱਟਣ ਦਾ ਮਜ਼ਾ ਚਖਾਉਣਾ ਸੀ। ਪਰ ਗਵਾਹਾਂ ਦੀ ਸਚਾਈ ਨੇ ਉਸਦੇ ਹੱਥ ਬੰਨ੍ਹ ਦਿੱਤੇ ਸਨ। ਇਸੇ ਕਰਕੇ ਹੀ ਤਾਂ ਜੋਸਿਫ ਨੇ ਵੀ ਪੁਲਿਸ 'ਚ ਰਿਪੋਰਟ ਨਹੀਂ ਸੀ ਕੀਤੀ।

ਜੋਸਿਫ ਮੁੜ ਕੇ ਕੰਮ 'ਤੇ ਨਹੀਂ ਸੀ ਆਇਆ। ਮਾਈਕਲ ਨੇ ਕਿਸੇ ਤੋਂ ਸੁਣਿਆਂ ਸੀ, ਅਖੇ ਉਹ ਕਹਿੰਦਾ ਏ ਜਿਹੜੀ ਕੰਪਨੀ ਨੀਚ ਨੇਟਿਵਾਂ ਨੂੰ ਸਿਰ 'ਤੇ ਚੜ੍ਹਾਉਂਦੀ ਹੈ, ਉਹ ਉਸ ਵਿਚ ਕੰਮ ਨਹੀਂ ਕਰ ਸਕਦਾ। ਪਰ ਮਾਈਕਲ ਜਾਣਦਾ ਸੀ ਕਿ ਅਸਲ ਗੱਲ ਤਾਂ ਨਮੋਸ਼ੀ ਦੀ ਸੀ। ਘਟਨਾ ਤੋਂ ਅਪਸੈੱਟ ਹੋਏ ਕੁਝ ਗੋਰਿਆਂ ਦੀ ਘੁਸਰ-ਮੁਸਰ ਤੋਂ ਲਗਦਾ ਸੀ ਕਿ ਰੋਸ ਵਜੋਂ ਉਹ ਵੀ ਜੌਬਾਂ ਛੱਡਣਗੇ। ਪਰ ਇੰਝ ਹੋਇਆ ਨਾ ਕਿਉਂਕਿ ਕਨੇਡਾ 'ਚ ਚੱਲ ਰਹੇ ਆਰਥਿਕ ਮੰਦਵਾੜੇ ਕਾਰਨ ਹੋਰ ਪਾਸੇ ਜੌਬਾਂ ਮਿਲਣ ਦੀ ਆਸ ਨਹੀਂ ਸੀ।

ਬਰੈਂਡਾ ਮਾਈਕਲ ਨਾਲ਼ ਓਨਾ ਕੁ ਹੀ ਬੋਲਦੀ ਹੁੰਦੀ ਸੀ। ਪਰ ਹੁਣ ਜੋਸਿਫ ਦੇ ਕੁਟਾਪੇ ਤੋਂ ਬਾਅਦ

ਉਸਨੇ ਦੱਸਿਆ ਸੀ ਕਿ ਉਹ ਤੇ ਉਸਦਾ ਪਤੀ ਡਿੱਕ ਇੰਡੀਅਨ
ਉਹ ਮਾਈਕਲ ਨਾਲ਼ ਖੁੱਲ੍ਹਣ ਲੱਗ ਪਈ। ਦੋਵੇਂ ਜਿਨਸੀ-ਸੋਸ਼ਣ ਤੋਂ ਤਾਂ ਬਚ ਗਏ ਸਨ ਪਰ
ਰੈਜ਼ੀਡੈਂਸ਼ਿਅਲ ਸਕੂਲ ਦੇ ਸਾਬਕਾ ਵਿਦਿਆਰਥੀ ਸਨ। ਡਿੱਕ ਨੂੰ ਤਾਂ ਜ਼ਿਆਦਾ ਹੀ। ਉਹ ਨਰਕ ਵਰਗੀ
ਹੋਰ ਹੱਤਕਾਂ-ਹੇਠੀਆਂ ਉਨ੍ਹਾਂ ਨੂੰ ਵੀ ਪੇਸ਼ ਆਈਆਂ ਸਨ। ਸਕੂਲ ਨੇ ਪੁਲਿਸ ਨੂੰ ਸੂਚਤ ਕੀਤਾ ਸੀ। ਪੁਲਿਸ ਨੇ
ਜ਼ਿੰਦਗੀ ਤੋਂ ਤੰਗ ਆ ਕੇ ਸਕੂਲੋਂ ਭੱਜ ਉੱਠਿਆ ਸੀ। ਸਕੂਲ ਦੇ ਹਵਾਲੇ ਕਰ ਦਿੱਤਾ। ਪ੍ਰਿੰਸੀਪਲ ਨੇ
ਉਸਨੂੰ ਘਰ ਪਹੁੰਚਣ ਤੋਂ ਪਹਿਲਾਂ ਹੀ ਫੜ ਲਿਆ ਤੇ ਸਕੂਲ ਦੇ ਹਵਾਲੇ ਕਰ ਦਿੱਤਾ। ਪ੍ਰਿੰਸੀਪਲ ਨੇ
ਪਹਿਲਾਂ ਉਸਨੂੰ ਚਮੜੇ ਦੇ ਪਟੇ ਨਾਲ਼ ਕੁੱਟਿਆ ਤੇ ਫਿਰ ਉਸਦੀ ਖੁਰਾਕ ਘਟਾਉਣ ਦਾ ਹੁਕਮ ਦੇ ਦਿੱਤਾ।

ਇਕ ਮਾਪਿਆਂ ਦੇ ਪਿਆਰ ਦੀ ਭੁੱਖ,ਦੂਜੀ ਢਿੱਡ ਦੀ ਭੁੱਖ... ਉਸਨੂੰ ਟੀ.ਬੀ ਹੋ ਗਈ। ਇਹ ਰੋਗ ਕੁਝ ਹੋਰ ਵਿਦਿਆਰਥੀਆਂ ਨੂੰ ਵੀ ਸੀ। ਸਕੂਲ ਵਾਲ਼ੇ ਸਹੀ ਇਲਾਜ ਕਰਵਾਉਣ ਦੀ ਬਜਾਇ ਮਾੜੀ-ਮੋਟੀ ਦਵਾਈ ਦੇ ਛੱਡਦੇ। ਤਿੰਨ ਬੱਚਿਆਂ ਦੀ ਮੌਤ ਹੋ ਗਈ। ਟੀ.ਬੀ ਨਾਲ਼ ਹੋਰ ਸਕੂਲਾਂ ਵਿਚ ਵੀ ਕਾਫੀ ਮੌਤਾਂ ਹੋਈਆਂ ਸਨ। ਪਰ ਡਿੱਕ ਮਰਦਾ-ਮਰਦਾ ਬਚ ਗਿਆ ਸੀ... ਸੁਭਾਅ ਦਾ ਸਿਰੜੀ ਸੀ... ਜ਼ਿੰਦਗੀ ਨੂੰ ਤੋਰੀ ਰੱਖਿਆ। ਪਰ ਰੱਜਵੀਂ ਰੋਟੀ ਨਾ ਮਿਲਣ ਦੀ ਸਜ਼ਾ ਦਾ ਦਾਗ ਦਿਲ ਤੋਂ ਨਾ ਲੱਥਾ। 'ਉਹ ਸਜ਼ਾ ਨਹੀਂ ਜ਼ੁਲਮ ਸੀ' ਇਹ ਰੰਜਸ਼ ਉਸਦੀ ਰੂਹ ਨੂੰ ਸਦਾ ਦਰੜਦੀ ਰਹੀ... ਥੋੜ੍ਹੀ ਉਮਰ 'ਚ ਹੀ ਉਹ ਚੱਲ ਵਸਿਆ। ਬਰੈਂਡਾ ਦੀ ਦਰਦ-ਭਰੀ ਦਾਸਤਾਂ ਨੇ ਮਾਈਕਲ ਅੰਦਰ ਹਮਦਰਦੀ ਜਗਾ ਦਿੱਤੀ ਸੀ।

ਬਰੈਂਡਾ ਆਪਣੇ ਇਲਾਕੇ ਦੇ ਨੇਟਿਵਾਂ ਦੇ ਕਲੱਬ 'ਚ ਜਾਂਦੀ ਸੀ। ਇਕ ਦਿਨ ਉਹ ਮਾਈਕਲ ਨੂੰ ਵੀ ਲੈ ਗਈ। ਓਥੇ ਉਸਨੇ ਮਾਈਕਲ ਵੱਲੋਂ ਜੋਸਿਫ ਦੇ ਹੱਡ ਸੇਕਣ ਦੀ ਵਾਰਤਾ ਕਹਿ ਸੁਣਾਈ। ਕਲੱਬ ਵਿਚ ਮਾਈਕਲ ਦੀ ਬੱਲੇ-ਬੱਲੇ ਹੋ ਗਈ।

ਉਹ ਕਲੱਬ ਨਾਲ਼ ਜੁੜ ਗਿਆ। ਨੇਟਿਵਾਂ ਦੀ ਮਾਇਕ ਹਾਲਤ ਤੋਂ ਉਹ ਜਾਣੂੰ ਸੀ। ਕਲੱਬ 'ਚ ਖਾਂਦਿਆਂ-ਪੀਂਦਿਆਂ ਜੇ ਕਿਸੇ ਕੋਲ਼ ਪੈਸੇ ਥੁੜ੍ਹ ਜਾਂਦੇ, ਉਹ ਆਪਣੇ ਕੋਲੋਂ ਪਾ ਦੇਂਦਾ। ਕਦੀ-ਕਦੀ ਕਲੱਬ ਦੀ ਕਿਸੇ ਮਹਿਫਲ ਦਾ ਮੇਜ਼ਬਾਨ ਵੀ ਬਣ ਜਾਂਦਾ। ਜੇ ਕਿਸੇ ਦਾ ਹੱਥ ਜ਼ਿਆਦਾ ਤੰਗ ਹੁੰਦਾ, ਆਪਣੀ ਸਮਰੱਥਾ ਮੁਤਾਬਿਕ ਉਸਨੂੰ ਹੱਥ ਉਧਾਰ ਦੇ ਦੇਂਦਾ... ਨੇਟਿਵ ਉਸਦਾ ਆਦਰ ਕਰਨ ਲੱਗ ਪਏ।

ਮਾਈਕਲ ਨੂੰ ਬਰੈਂਡਾ ਵੱਲੋਂ ਪਿਆਰ-ਸੰਕੇਤ ਮਿਲ਼ ਰਹੇ ਸਨ ਪਰ ਉਹ ਇਸ ਚੱਕਰ 'ਚ ਪੈਣਾ ਨਹੀਂ ਸੀ ਚਾਹੁੰਦਾ। ਆਖਰ ਬਰੈਂਡਾ ਦੇ ਗੁੰਦਵੇਂ ਸਰੀਰ ਤੇ ਨਜ਼ਾਕਤੀ ਅੰਦਾਜ਼ ਨੇ ਉਸਨੂੰ ਮੋਹ ਲਿਆ... ਬਰੈਂਡਾ ਨੇ ਉਸਨੂੰ ਵਿਆਹ ਦੀ ਪੇਸ਼ਕਸ਼ ਕੀਤੀ। ਪਰ ਉਸਨੂੰ ਕੀ ਪਤਾ ਸੀ ਕਿ ਬਹਾਦਰੀ ਦੇ ਇਮੇਜ ਵਾਲ਼ਾ ਮਾਈਕਲ ਅੰਦਰੋਂ ਕਿੰਨਾ ਕਮਜ਼ੋਰ, ਕਿੰਨਾ ਹੀਣਾ ਸੀ। ਆਪਣੀ ਹੀਣੀ ਹੋਂਦ ਦੀ ਅਸਲੀਅਤ ਨੂੰ ਛੁਪਾਈ ਰੱਖਣ ਲਈ ਹੀ ਤਾਂ ਉਸਨੇ ਕਲੈਰਾ ਨਾਲ਼ ਵਿਆਹ ਨਹੀਂ ਸੀ ਕਰਵਾਇਆ। ਪਰ ਆਸਰਾ ਭਾਲ਼ਦੀ ਬਰੈਂਡਾ ਨੂੰ ਨਿਰਾਸ਼ ਕਰਨਾ ਵੀ ਉਹ ਠੀਕ ਨਹੀਂ ਸੀ ਸਮਝਦਾ। ਉਸਨੇ ਬਰੈਂਡਾ ਨੂੰ ਦੋਸਤੀ ਦੇ ਰਿਸ਼ਤੇ ਲਈ ਮਨਾ ਲਿਆ।

"ਕਲੈਰਾ ਦਾ ਕੀ ਬਣਿਆ?" ਇਹ ਪ੍ਰਸ਼ਨ ਮੈਂ ਮਾਇਕਿਲ ਦੀ,ਕਲੈਰਾ ਬਾਰੇ ਦਿਲ ਦੀ ਗੱਲ ਬੁੱਝਣ ਲਈ ਕੀਤਾ ਸੀ ਵਰਨਾ ਮੈਨੂੰ ਕਲੈਰਾ ਦੀ ਜ਼ਿੰਦਗੀ ਬਾਰੇ ਸਭ ਪਤਾ ਸੀ... ਮਈਕਲ ਨਾਲ਼ੋਂ ਟੁੱਟਣ ਦੇ ਕੁਝ ਸਾਲ ਬਾਅਦ ਉਸਨੇ ਵਿਆਹ ਕਰ ਲਿਆ ਸੀ। ਪਰ ਉਸਦਾ ਪਤੀ ਨਿਖੱਟੂ ਨਿਕਲ਼ਿਆ। ਉਹ ਨਾਲ਼ੇ ਤਾਂ ਕਲੈਰਾ ਦੀ ਕਮਾਈ ਖਾਂਦਾ ਤੇ ਨਾਲ਼ੇ ਉਸ 'ਚ ਨੁਕਸ ਕੱਢਦਾ। ਕਲੈਰਾ ਨੇ ਉਸਨੂੰ ਬਦਲਣ ਲਈ ਮੌਕਾ ਦਿੱਤਾ ਪਰ ਉਹ ਨਾ ਬਦਲਿਆ। ਤਲਾਕ ਹੋ ਗਿਆ। ਮੈਂ ਅਪਸੈੱਟ ਹੋਈ ਕਲੈਰਾ ਦੀ ਕਾਊਂਸਲਿੰਗ ਕੀਤੀ ਸੀ। ਕਾਊਂਸਲਿੰਗ ਦੌਰਾਨ ਮੈਂ ਸਮਝ ਗਿਆ ਸੀ ਕਿ ਮਾਈਕਲ ਅਜੇ ਵੀ ਉਸਦੇ ਦਿਲ ਦੇ ਕਿਸੇ ਕੋਨੇ 'ਚ ਬੈਠਾ ਸੀ। ਕਾਊਂਸਲਿੰਗ ਤੋਂ ਬਾਅਦ ਵੀ ਕਦੀ-ਕਦੀ ਮੇਰੀ

ਕਲੈਰਾ ਨਾਲ਼ ਫੋਨ 'ਤੇ ਗੱਲ ਹੋ ਜਾਂਦੀ ਸੀ। ਕਿਤਿਓਂ ਪਤਾ ਲੱਗਣ ਤੇ ਉਸਨੇ ਮੈਨੂੰ ਫੋਨ ਕੀਤਾ ਸੀ, "ਬਾਜ਼! ਤੂੰ ਮਾਈਕ ਦੀ ਕਾਊਂਸਲਿੰਗ ਕਰ ਰਿਹਾਂ?" ਮੇਰਾ ਜਵਾਬ 'ਹਾਂ' ਵਿਚ ਸੁਣ ਕੇ ਉਸਨੇ ਉਤਸੁਕਤਾ ਨਾਲ਼ ਪੁੱਛਿਆ ਸੀ, "ਕਿਵੇਂ ਚੱਲ ਰਹੀ ਹੈ?" "ਅਜੇ ਤਕ ਤਾਂ ਠੀਕ ਹੈ।"ਮੈਂ ਦੱਸਿਆ ਸੀ। ਕਲੈਰਾ ਜਾਣਦੀ ਸੀ ਕਿ ਕਾਊਂਸਲਿੰਗ ਦਾ ਹਰ ਕੇਸ ਗੁਪਤ ਹੁੰਦਾ ਹੈ। ਸੋ ਉਸਨੇ ਹੋਰ ਕੁਝ ਨਹੀਂ ਸੀ ਪੁੱਛਿਆ। ਪਰ ਮੈਨੂੰ ਏਨੇ ਨਾਲ਼ ਹੀ ਉਸਦੀ ਮਾਈਕਲ ਪ੍ਰਤੀ ਚਾਹਤ ਦਾ ਇਕ ਵਾਰ ਫਿਰ ਪਤਾ ਲੱਗ ਗਿਆ ਸੀ।

ਤੇ ਹੁਣ ਮਾਈਕਲ ਦੇ ਬੋਲਾਂ ਤੋਂ ਉਸ ਅੰਦਰਲੀ ਚਾਹਤ ਵੀ ਜ਼ਾਹਰ ਹੋ ਗਈ ਸੀ। ਉਸਨੇ ਕਿਹਾ ਸੀ, "ਕਲੈਰਾ ਨੇ ਵਿਆਹ ਕਰ ਲਿਆ ਸੀ। ਪਰ ਪਤੀ ਨਿਕੰਮਾ ਹੋਣ ਕਾਰਨ ਤਲਾਕ ਹੋ ਗਿਆ। ਖੈਰ ਉਹ ਹਿੰਮਤੀ ਔਰਤ ਹੈ। ਵਧੀਆ ਕੰਮ ਕਰ ਰਹੀ ਹੈ। ਉਸਨੇ ਆਪਣਾ ਸਕੂਲ ਖੋਲ੍ਹਿਆ ਹੋਇਐ, ਜਿਸ ਵਿਚ ਉਹ ਸਾਡੇ ਬੈਂਡਾਂ ਦੇ ਨਿਆਣਿਆਂ ਨੂੰ ਅਤੇ ਰੈਜ਼ੀਡੈਂਸ਼ਿਅਲ ਸਕੂਲਾਂ ਦੇ ਸਾਬਕਾ ਵਿਦਿਆਰਥੀਆਂ ਨੂੰ ਸਾਡੀ ਭਾਸ਼ਾ ਤੇ ਕਲਚਰ ਪੜ੍ਹਾਉਂਦੀ ਹੈ। ਉਸਦੇ ਇਸ ਕਾਰਜ ਵੱਲ ਪਹਿਲਾਂ ਤਾਂ ਕਿਸੇ ਨੇ ਧਿਆਨ ਨਹੀਂ ਦਿੱਤਾ ਪਰ ਹੁਣ ਬੈਂਡਾਂ ਦੇ ਚੀਫ ਉਹਦੀ ਮੱਦਦ ਕਰ ਰਹੇ ਹਨ।"

"ਮਾਈਕ! ਜਦੋਂ ਤੂੰ ਬਰੁੱਕਲੀਨ ਰਹਿੰਦਾ ਸੀ ਉਦੋਂ ਘਰ ਦਾ ਖਿਆਲ ਤਾਂ ਘੱਟ ਹੀ ਆਉਂਦਾ ਹੋਣੈ।" ਮੈਂ ਪੁੱਛਿਆ।

"ਇਵੇਂ ਹੀ ਸਮਝ ਲੈ। ਬਰੁੱਕਲੀਨ ਮੇਰੀ ਰੂਹ ਨੂੰ ਭਾਉਂਦਾ ਸੀ। ਉੱਥੋਂ ਦੇ ਨੇਟਿਵਾਂ ਵਿਚ ਮੇਰਾ ਆਦਰ-ਮਾਣ ਸੀ। ਮੇਰੇ ਵਾਰੇ-ਵਾਰੇ ਜਾਂਦੀ ਬਰੈਂਡਾ ਦੀ ਮੁਹੱਬਤ ਸੀ, ਜਦੋਂ ਕਿ ਏਥੇ ਸਾਡੇ ਘਰ ਵਿਚ ਘੋਰ ਉਦਾਸੀ ਸੀ, ਕਲੇਸ਼ ਸੀ। ਰੋਜ਼ੈਨ ਦੀ ਡਿਪਰੈਸ਼ਨ ਬਹੁਤ ਵਧ ਗਈ ਸੀ। ਉਸਦੀ ਚਿੰਤਾ ਵਿਚ ਮੌਮ ਨੂੰ ਬਲੱਡ-ਪ੍ਰੈਸ਼ਰ ਹੋ ਗਿਆ ਸੀ। ਘਰ-ਪਰਿਵਾਰ ਦੇ ਮਾੜੇ ਹਾਲ ਤੋਂ ਦੁਖੀ ਹੋਏ ਡੈਡ ਨੇ ਸ਼ਰਾਬ 'ਚ ਪਨਾਹ ਲੈ ਲਈ ਸੀ। ਮੈਂ ਤਿੰਨ ਕੁ ਮਹੀਨੇ ਬਾਅਦ ਗੇੜਾ ਮਾਰਦਾ, ਐਵੇਂ ਰਸਮੀ ਜਿਹਾ। ਨਾ ਮੈਂ ਖੁੱਲ੍ਹ ਕੇ ਗੱਲ ਕਰਦਾ ਨਾ ਘਰ ਵਾਲ਼ੇ। ਪੈਸੇ ਜਿੰਨੇ ਕੁ ਦੇ ਸਕਦਾ ਦੇ ਦੇਂਦਾ...।ਇਕ ਦਿਨ, ਮੌਮ ਅੰਦਰ ਜਮ੍ਹਾਂ ਹੋਇਆ ਝੋਰਾ ਫੁੱਟ ਨਿਕਲ਼ਿਆ। ਕਹਿਣ ਲੱਗੀ ਰੋਜ਼ੈਨ ਵੱਲੋਂ ਤਾਂ ਸਾਨੂੰ ਸੁੱਖ ਦਾ ਸਾਹ ਨਸੀਬ ਨਹੀਂ ਹੋਇਆ, ਤੂੰ ਹੀ ਚਾਰ ਦਿਨ ਚੰਗੇ ਦਿਖਾਲ ਦੇ। ਓਥੇ ਤੂੰ ਜਿਹੜੀ ਗਰਲ-ਫਰੈਂਡ ਬਣਾਈਓ ਆ, ਉਹਦੇ ਨਾਲ਼ ਵਿਆਹ ਕਰ ਲੈ। ਸਾਨੂੰ ਹਰਿਆਲੀ ਦਿਸ ਪਏਗੀ। ਪਰਿਵਾਰ ਵਿਚ ਨਵੇਂ ਫੁੱਲ ਖਿੜਨਗੇ।"

"ਮੌਮ! ਵਿਆਹ ਨੂੰ ਅਜੇ ਦਿਲ ਨਹੀਂ ਮੰਨਦਾ।" ਮੈਂ ਗੱਲ ਟਾਲ਼ ਦਿੱਤੀ ਸੀ।

ਡੈਡ ਕੁਝ ਨਹੀਂ ਸੀ ਬੋਲਿਆ। ਡੂੰਘੀਆਂ ਸੋਚਾਂ 'ਚ ਪਿਆ ਉਹ ਜਿਵੇਂ ਆਪਣੇ ਆਪ ਨਾਲ਼ ਕੋਈ ਹਿਸਾਬ-ਕਿਤਾਬ ਕਰ ਰਿਹਾ ਹੋਵੇ।

"ਬਰੁੱਕਲੀਨ ਛੱਡ ਕੇ ਤੂੰ ਪੱਕੇ ਤੌਰ 'ਤੇ ਏਥੇ ਕਦੋਂ ਆਇਆ?"

"ਰੋਜ਼ੈਨ ਨੇ ਆਤਮਹੱਤਿਆ ਕਰ ਲਈ ਸੀ। ਖਬਰ ਸੁਣ ਕੇ ਮੇਰੇ ਹੋਸ਼ ਗੁੰਮ ਹੋ ਗਏ। ਤੜਪਦਾ-ਵਿਲਕਦਾ ਘਰ ਪਹੁੰਚਾ। ਮੌਮ-ਡੈਡ ਹਾਲੋਂ ਬੇਹਾਲ ਹੋਏ ਪਏ ਸਨ। ਉਨ੍ਹਾਂ ਨੂੰ ਦਿਲਾਸਾ ਦੇਂਦਿਆਂ ਮੈਂ ਮਨ ਹੀ ਮਨ ਖੁਦ ਨੂੰ ਕੋਸ ਰਿਹਾ ਸੀ ਕਿ ਜੇ ਮੈਂ ਘਰੋਂ ਪਾਸੇ ਨਾ ਹੋਇਆ ਹੁੰਦਾ ਤਾਂ ਸ਼ਾਇਦ ਇਹ ਭਾਣਾ ਨਾ ਵਰਤਦਾ। ਫਿਊਨਰਲ ਹੋਮ ਵਿਚ ਭੈਣ ਕੋਲ਼ ਹੰਝੂ ਵਹਾਉਂਦਿਆਂ ਮੈਨੂੰ ਬਚਪਨ ਦੀ ਇਕ ਘਟਨਾ ਯਾਦ ਆ ਗਈ ਸੀ... ਮੈਂ ਤੇ ਰੋਜ਼ੈਨ ਬਰੂਨੋ ਦਰਿਆ ਵਿਚ ਤੈਰ ਰਹੇ ਸਾਂ। ਦਾਦੀ ਬਾਹਰ ਕਿਨਾਰੇ 'ਤੇ ਬੈਠੀ ਸੀ। ਰੋਜ਼ੈਨ ਨੇ ਡੂੰਘੀ ਟੁੱਭੀ ਮਾਰੀ ਸੀ। ਜਦੋਂ ਕਈ ਚਿਰ ਉਹ ਉੱਪਰ ਨਾ ਆਈ ਤਾਂ ਮੈਂ ਘਬਰਾ ਗਿਆ। ਦਾਦੀ ਨੂੰ ਅਵਾਜ਼ਾਂ ਮਾਰਨ ਲੱਗ ਪਿਆ, "ਗਰੈਨੀ! ਗਰੈਨੀ!! ਰੋਜ਼ੈਨ ਡੁੱਬ ਗਈ ਏ... ।" ਉਸੇ ਪਲ ਰੋਜ਼ੈਨ

ਪਾਣੀ 'ਚੋਂ ਉੱਭਰ ਪਈ। ਖਿੜਖਿੜਾ ਕੇ ਬੋਲੀ, "ਮੈਂ ਜਿਉਂਦੀ ਹਾਂ।" ਤੇ ਫਿਊਨਰਲ ਹੋਮ ਵਿਚ ਪਤਾ ਨਹੀਂ ਇਹ ਕਿਵੇਂ ਹੋਇਆ, ਅਜ਼ੀਬ ਜਿਹੇ ਭੁਚਾਕੇ 'ਚ ਮੈਨੂੰ ਇੰਜ ਜਾਪਿਆ ਜਿਵੇਂ ਕੈਸਕਿਟ 'ਚੋਂ ਉੱਠਕੇ ਰੋਜ਼ੈਨ ਨੇ ਕਿਹਾ ਹੋਵੇ, "ਮੇਰੇ ਪਿਆਰੇ ਵੀਰ ਰੋਈ ਕਿਉਂ ਜਾਨੈ, ਮੈਂ ਮਰੀ ਨਹੀਂ।" ਪਰ ਕਿੱਥੇ।... ਮੌਮ-ਡੈਡ ਬੁਰੀ ਤਰ੍ਹਾਂ ਟੁੱਟ ਗਏ ਸਨ। ਜੇ ਰੋਜ਼ੈਨ ਕੁਦਰਤੀ ਮੌਤੇ ਮਰਦੀ, ਉਨ੍ਹਾਂ ਨੇ ਏਦਾਂ ਨਹੀਂ ਸੀ ਟੁੱਟਣਾ। ਉਸਦੀ ਆਤਮਹੱਤਿਆ ਨੇ ਉਨ੍ਹਾਂ ਨੂੰ ਅਧਮੋਏ ਕਰ ਦਿੱਤਾ ਸੀ। ਡੈਡ ਹੁਣ ਬਹੁਤ ਘੱਟ ਬੋਲਦਾ ਸੀ। ਸ਼ਰਾਬ ਪੀ ਕੇ ਗੁੰਮ-ਸੁੰਮ ਹੋਇਆ ਕਦੀ ਘਰ ਦੇ ਪਿਛਵਾੜੇ ਪਈ ਟੁੱਟੀ-ਫੁੱਟੀ ਕਿਸ਼ਤੀ ਦਾ ਨਿਰੀਖਣ ਜਿਹਾ ਕਰਨ ਲੱਗ ਜਾਂਦਾ ਤੇ ਕਦੀ ਘਰ ਮੂਹਰਲੇ ਫੁੱਲਾਂ ਦੇ ਸੁੱਕ ਚੁੱਕੇ ਬੂਟਿਆਂ ਦੀ ਧਰਤੀ ਕੁਰੇਦਣ ਲੱਗ ਪੈਂਦਾ ਜਿਵੇਂ ਮਰ ਚੁੱਕੇ ਸੁਪਨਿਆਂ ਦੀ ਰਾਖ ਫਰੋਲ ਰਿਹਾ ਹੋਵੇ। ਉਸਨੂੰ ਰੋਜ਼ੈਨ ਨਾਲ਼ ਸਕੂਲ 'ਚ ਹੋਈ-ਬੀਤੀ ਦਾ ਪਤਾ ਲਗ ਚੁੱਕਾ ਸੀ। ਮੇਰੇ ਨਾਲ਼ ਹੋਈ ਬਦਫੈਲੀ ਬਾਰੇ ਵੀ ਸ਼ਾਇਦ ਉਹਨੂੰ ਸ਼ੱਕ ਪੈ ਗਈ ਹੋਵੇ। ਇੰਡੀਅਨ ਰੈਜ਼ੀਡੈਂਸ਼ਿਅਲ ਸਕੂਲਾਂ 'ਚ ਨੇਟਿਵਾਂ ਦੇ ਸੈਂਕੜੇ ਪੁੱਤਾਂ-ਧੀਆਂ ਦੇ ਸਰੀਰਕ, ਮਾਨਸਿਕ, ਭਾਵਨਾਤਮਕ ਤੇ ਜਿਨਸੀ ਸੋਸ਼ਣ ਦੀਆਂ ਗੱਲਾਂ ਹੁਣ ਆਮ ਲੋਕਾਂ ਤਕ ਪਹੁੰਚ ਚੁੱਕੀਆਂ ਸਨ। ਸਾਡੇ ਵਾਂਗ ਅਨੇਕਾਂ ਪਰਿਵਾਰ ਦੁੱਖਾਂ-ਕਲੇਸ਼ਾਂ ਅਤੇ ਆਤਮਹੱਤਿਆਵਾਂ ਦਾ ਸੰਤਾਪ ਭੋਗ ਰਹੇ ਸਨ।... ਹਉਕੇ-ਹਾਵੇ ਭਰਦਾ ਮੇਰਾ ਡੈਡ ਇਕ ਦਿਨ ਬੇਹਿਸਾਬੀ ਸ਼ਰਾਬ ਅੰਦਰ ਸੁੱਟ ਕੇ ਅਜਿਹਾ ਗੁੱਟ ਹੋਇਆ ਕਿ ਚੱਲ ਵਸਿਆ। ਇਹ ਵੀ ਇਕ ਤਰ੍ਹਾਂ ਨਾਲ ਆਤਮਹੱਤਿਆ ਹੀ ਸੀ।" ਮਾਈਕਲ ਅੰਦਰੋਂ ਰੂਹ-ਨਪੀੜਵਾਂ ਹਉਕਾ ਨਿਕਲ਼ ਗਿਆ।

ਮੇਰਾ ਵੀ ਦਿਲ ਭਰ ਆਇਆ। ਤਰਸ ਅਤੇ ਹਮਦਰਦੀ 'ਚ ਪਸੀਜ ਕੇ ਆਖਿਆ, "ਮਾਈਕ ਸੱਟਾਂ ਬਹੁਤ ਵਡੀਆਂ ਨੇ। ਤੇਰੇ ਦਿਲ ਨੂੰ ਤਕਲੀਫ ਹੋ ਰਹੀ ਏ। ਬਾਕੀ ਗੱਲ ਆਪਾਂ ਅਗਲੀ ਵਾਰ ਕਰਾਂਗੇ।"

"ਕੋਈ ਨੀ ਹੁਣ ਨਿਬੇੜ ਲੈਣ ਦੇ," ਆਪਣੇ 'ਤੇ ਜ਼ਬਤ ਪਾਉਂਦਿਆਂ ਉਸ ਆਖਿਆ, "ਸਦਮਿਆਂ ਦੀ ਭੰਨੀ ਹੋਈ ਮੌਮ ਦਾ ਦਿਮਾਗ਼ ਹਿੱਲ ਗਿਆ। ਉਹ ਅਚਾਨਕ ਹੀ ਰੋਹ 'ਚ ਉਂਗਲ ਉਠਾ ਕੇ ਆਖਣ ਲੱਗ ਜਾਂਦੀ, 'ਮੇਰੀ ਧੀ ਨੂੰ ਬਰਬਾਦ ਕਰਨ ਵਾਲ਼ਿਆ ਪ੍ਰਿੰਸੀਪਲਾ ਤੂੰ ਸੱਚਾ-ਸੁੱਚਾ ਈਸਾਈ ਨਹੀਂ,ਰਾਖਸ਼ ਹੈਂ ਰਾਖਸ਼... ਤੇ ਫਿਰ ਕਿਤੇ ਦੀਆਂ ਕਿਤੇ ਗੱਲਾਂ ਮਾਰਦੀ, ਦਿਲ ਅੰਦਰ ਦਫਨ ਹੋਈਆਂ ਸੱਧਰਾਂ ਪੁੱਟਣ ਲੱਗ ਜਾਂਦੀ ਆ ਜਾ, ਲੰਘ ਆ ਰੋਜ਼ੈਨ, ਮੇਰੀ ਰਾਣੀਏਂ ਧੀਏ! ਲੈ 'ਕੱਲੀ ਆਈ ਏਂ! ਮੇਰੇ ਦੋਹਤੇ-ਦੋਹਤੀਆਂ ਨੂੰ ਨੀਂ ਲੈ ਕੇ ਆਈ। ਅੱਛਾ-ਅੱਛਾ ਉਹ ਆਪਣੇ ਪਿਉ ਨਾਲ਼ ਆ ਰਹੇ ਨੇ। ਮਾਰ ਆਵਾਜ਼ ਆਪਣੇ ਡੈਡ ਨੂੰ, ਆਪਾਂ ਮਾਈਕ ਦੇ ਵਿਆਹ ਦੀ ਸਲਾਹ ਕਰਨੀ ਆਂ... । ਮੌਮ ਦਾ ਮੈਂ ਇਲਾਜ ਕਰਵਾਇਆ। ਦਵਾਈਆਂ ਦੇ ਆਸਰੇ ਉਹ ਚਾਰ ਕੁ ਸਾਲ ਜਿਉਂਦੀ ਤਾਂ ਰਹੀ ਪਰ ਨਾਰਮਲ ਨਾ ਹੋ ਸਕੀ। ਯਾਦ-ਸ਼ਕਤੀ ਬਹੁਤ ਘਟ ਗਈ ਸੀ। ਖਾਧਾ-ਪੀਤਾ ਭੁੱਲ ਜਾਂਦੀ ਸੀ। ਕਦੀ ਐਵੇਂ ਹੀ ਘਰੋਂ ਬਾਹਰ ਨੂੰ ਟੁਰ ਪੈਂਦੀ। ਮੈਨੂੰ ਹਰ ਵੇਲੇ ਉਸਦਾ ਧਿਆਨ ਰੱਖਣਾ ਪੈਂਦਾ। ਮੇਰੀ ਬੇਧਿਆਨੀ 'ਚ ਜੇ ਕਦੀ ਉਹ ਆਸੇ-ਪਾਸੇ ਹੋ ਜਾਂਦੀ ਤਾਂ ਬੈਂਡ ਦੇ ਲੋਕ ਉਸਨੂੰ ਘਰ ਛੱਡ ਜਾਂਦੇ। ਉਨ੍ਹਾਂ ਨੂੰ ਉਸਦੀ ਹਾਲਤ ਦਾ ਪਤਾ ਸੀ।...ਪਹਿਲਾਂ ਭੈਣ ਅਤੇ ਡੈਡ ਦੀ ਮੌਤ ਫਿਰ ਮਾਂ ਦਾ ਨੀਮ-ਪਾਗਲਪਨ। ਬਹੁਤ ਹੀ ਹੌਲਨਾਕ ਸਮਾਂ ਸੀ ਉਹ... ਬਰੈਂਡਾ ਕੀ ਤੇ ਬਰੁੱਕਲੀਨ ਦੇ ਹੋਰ ਲੋਕ ਕੀ, ਮਨ 'ਚੋਂ ਵਿਸਰਦੇ ਚਲੇ ਗਏ। ਤੇ ਜਦੋਂ ਮੌਮ ਵੀ ਮੁੱਕ ਗਈ... ਮੇਰੇ ਭਾਅ ਦੀ ਪਰਲੋ... ।" ਮਾਈਕਲ ਦਾ ਰੋਣ ਨਿਕਲ਼ ਗਿਆ।

"ਓ ਰੱਬਾ! ਏਨਾ ਵੱਡਾ ਕਹਿਰ!" ਆਪਣੇ ਅੰਦਰ ਕੰਬਣੀ ਮਹਿਸੂਸ ਕਰਦਿਆਂ ਮੇਰੀਆਂ ਅੱਖਾਂ ਵੀ ਛਲਕ ਪਈਆਂ। ਕੁਰਸੀ ਤੋਂ ਉੱਠ ਕੇ ਜਦੋਂ ਮੈਂ ਮਾਈਕਲ ਦੇ ਮੋਢਿਆਂ 'ਤੇ ਹੱਥ ਰੱਖੇ ਤਾਂ ਉਹ ਹੋਰ ਫਿੱਸ ਪਿਆ... ।

ਉਸਦਾ ਰੋਣਾ ਬੰਦ ਹੋਣ 'ਤੇ ਵੀ ਅਸੀਂ ਕਿੰਨਾ ਹੀ ਚਿਰ ਕੋਈ ਗੱਲ ਨਾ ਕਰ ਸਕੇ। ਆਲਾ-ਦੁਆਲਾ ਵੀ ਖਾਮੋਸ਼ ਹੋ ਗਿਆ ਜਾਪਿਆ। ਇੰਝ ਲੱਗਾ ਜਿਵੇਂ ਲਾਗਲੇ ਦਰਿਆ ਤੇ ਦਰਖਤ ਵੀ ਮਾਈਕਲ ਦੀ ਰੂਹ-ਕੰਬਾਊ ਤ੍ਰਾਸਦੀ ਸੁਣ ਕੇ ਸੁੰਨ ਹੋ ਗਏ ਹੋਣ। ਮਾਈਕਲ ਜ਼ਰਾ ਸਾਵਾਂ ਹੋਇਆ

ਤਾਂ ਮੈਂ ਕਿਹਾ, "ਘਰ ਹੀ ਖਾਲੀ ਹੋ ਗਿਆ... ਵਾਕਈ ਪਰਲੋ ਵਾਲ਼ੀ ਗੱਲ ਹੈ।"

ਲੰਮਾ ਹਉਕਾ ਭਰਦਿਆਂ ਮਾਈਕਲ ਬੋਲਿਆ, "ਜਾਣ ਵਾਲ਼ੇ ਚਲੇ ਗਏ, ਮੈਨੂੰ ਤੜਫਣ ਲਈ ਛੱਡ ਗਏ... ਮੌਮ-ਡੈਡ ਦੇ ਜਿਉਂਦਿਆਂ ਮੈਂ ਉਨ੍ਹਾਂ ਨਾਲ਼ ਲੜਦਾ ਭਿੜਦਾ ਰਿਹਾ ਪਰ ਉਨ੍ਹਾਂ ਦੀ ਮੌਤ ਤੋਂ ਬਾਅਦ ਪਛਤਾਵਾ ਲੱਗ ਗਿਆ ਕਿ ਮੈਂ ਉਨ੍ਹਾਂ ਨੂੰ ਕਿਉਂ ਦੁਖੀ ਕੀਤਾ? ਭੈਣ ਦੇ ਟੁੱਟੇ ਦਿਲ ਨੂੰ ਗੰਢਣ ਦੀ ਕੋਸ਼ਿਸ਼ ਕਿਉਂ ਨਾ ਕੀਤੀ?... ਟੱਬਰ ਦੀ ਬਰਬਾਦੀ ਤੇ ਘਰ ਦੀ ਉਜਾੜ ਨੇ ਮੈਨੂੰ ਬਹੁਤ ਕੋਹਿਐ... ।"

"ਮਾਈਕ! ਤੇਰਾ ਭਾਈਚਾਰਾ ਦੁੱਖ ਵੰਡਾਉਣ ਤਾਂ ਆਇਆ ਹੋਵੇਗਾ?"

"ਹਾਂ। ਤਿੰਨਾਂ ਮੌਤਾਂ 'ਤੇ ਮੇਰੇ ਰਿਸ਼ਤੇਦਾਰ ਤੇ ਬੈਂਡ ਦੇ ਨਜ਼ਦੀਕੀ ਬੰਦੇ ਰਸਮਾਂ-ਰਿਵਾਜਾਂ ਮੁਤਾਬਿਕ ਅਫਸੋਸ ਕਰਨ ਆਉਂਦੇ ਰਹੇ। ਪਰ ਸਦਮੇ-ਸੰਤਾਪ ਤਾਂ ਆਖਰਕਾਰ ਮੇਰੀ 'ਕੱਲੀ-ਕਾਰੀ ਜਾਨ ਨੇ ਹੀ ਸਹਿਣੇ ਸਨ।... ਕੁਝ ਲੋਕਾਂ ਨੇ ਰੋਜ਼ੈਨ ਦੀ ਆਤਮਹੱਤਿਆ ਦੇ ਮੂਲ ਕਾਰਨ ਦਾ ਅੰਦਾਜ਼ਾ ਲਾ ਲਿਆ ਸੀ। ਪਰ ਅਸੀਂ ਘਰ ਦੇ ਜੀਆਂ ਨੇ ਕਿਸੇ ਕੋਲ਼ ਵੀ ਗੱਲ ਨਹੀਂ ਸੀ ਖੋਲ੍ਹੀ। ਆਪਣੀ ਜ਼ਲਾਲਤ ਤਾਂ ਮੈਂ ਆਪਣੇ ਅੰਦਰ ਹੀ ਦੱਬ ਲਈ ਸੀ।"

"ਜੇ ਫੋਲ ਦੇਂਦਾ, ਤੜਫਾਹਟ ਘਟ ਜਾਣੀ ਸੀ।" ਮੈਂ ਆਖਿਆ।

"ਇਹ ਤਾਂ ਹੁਣ ਫੋਲ ਕੇ ਹੀ ਪਤਾ ਲੱਗੈ," ਗੱਲ ਕਰਦੇ ਮਾਈਕਲ ਦੇ ਚਿਹਰੇ 'ਤੇ ਧੀਰਜ ਅਤੇ ਉਤਸ਼ਾਹ ਦੇ ਚਿੰਨ੍ਹ ਉੱਭਰ ਪਏ, "ਬਾਜ਼! ਤੇਰੇ ਕੋਲ਼ ਸਾਰੇ ਦੁੱਖ-ਦਰਦ ਫੋਲ ਕੇ ਮਨ ਹਲਕਾ ਹੋ ਗਿਆ ਏ। ਤੇਰੇ ਪਿਆਰ ਨੇ ਮੇਰੀ ਲਿਤਾੜੀ ਹੋਈ ਰੂਹ 'ਤੇ ਟਾਨਿਕ ਵਰਗਾ ਅਸਰ ਕੀਤਾ ਹੈ... ਅਗਾਂਹ ਕਦਮ ਪੁੱਟਣ ਦੀ ਇੱਛਾ ਜਾਗ ਪਈ ਹੈ।"

ਮਾਈਕਲ ਦੇ ਬੋਲ ਸੁਣ ਕੇ ਮੇਰੀ ਰੂਹ ਖਿੜ ਗਈ। ਰਗ-ਰਗ ਵਿਚ ਸਕੂਨ ਮਹਿਸੂਸਦਿਆਂ ਮੈਂ ਆਖਿਆ, "ਮਾਈਕ! ਮੈਂ ਬਹੁਤ ਖੁਸ਼ ਹਾਂ। ਮੇਰੀ ਮਿਹਨਤ ਵਰ ਆਈ ਏ। ਹੁਣ ਤੂੰ ਵਕੀਲ ਕਰਕੇ ਆਪਣਾ ਮੁਆਵਜੇ ਦਾ ਕੇਸ ਭੇਜ ਦੇ। ਮੈਂ ਤੇਰੇ ਨਾਲ਼ ਸੰਪਰਕ ਰੱਖਾਂਗਾ। ਆਪਣੀ ਦੋਸਤੀ ਜ਼ਿੰਦਗੀ ਭਰ ਨਿਭੇਗੀ।"

ਕਾਊਂਸਲਿੰਗ ਦੀ ਰਿਪੋਰਟ ਫਾਈਨਲ ਕਰਕੇ ਮੈਂ ਮੈਨੇਜਰ ਨੂੰ ਦੇ ਦਿੱਤੀ ਸੀ। ਉਸਨੇ ਸੰਬੰਧਤ ਮਹਿਕਮੇ ਨੂੰ ਮਾਈਕਲ ਦੀ ਸੁਣਵਾਈ ਵਾਸਤੇ ਲਿਖ ਦਿੱਤਾ ਸੀ।

ਸੁਣਵਾਈ-ਕਮਰੇ ਵੱਲੋਂ ਆਉਂਦੀ ਪੈਰਾਂ ਦੀ ਬਿੜਕ ਸੁਣ ਕੇ, ਮੈਂ ਵੇਟਿੰਗ-ਰੂਮ 'ਚੋਂ ਬਾਹਰ ਆ ਜਾਂਦਾ ਹਾਂ। ਮਾਈਕਲ ਤੇ ਉਸਦਾ ਵਕੀਲ ਆ ਰਹੇ ਹਨ। ਵਕੀਲ ਨੂੰ ਤੋਰ ਕੇ ਉਹ ਮੇਰੇ ਕੋਲ਼ ਆ ਜਾਂਦਾ ਹੈ। ਮੈਨੂੰ ਜੱਫੀ 'ਚ ਲੈ ਕੇ ਆਖਦਾ ਹੈ, "ਸੁਣਵਾਈ ਵਧੀਆ ਰਹੀ। ਅਖੀਰ 'ਤੇ ਸਰਕਾਰੀ ਵਕੀਲ ਨੇ ਕਨੇਡਾ ਸਰਕਾਰ ਦੀ ਤਰਫੋਂ ਮੈਥੋਂ ਮੁਆਫੀ ਮੰਗੀ ਏ। ਮੁਆਵਜ਼ਾ ਭੇਜਣ ਲਈ ਉਸਨੇ ਮੇਰਾ ਬੈਂਕ-ਅਕਾਊਂਟ ਨੰਬਰ ਵੀ ਲੈ ਲਿਐ। ਪਿਆਰੇ ਬਾਜ਼! ਥੈਂਕ ਯੂ ਵੈਰ੍ਹੀ ਮਚ।"

"ਮਾਈਕ ਪਿਆਰੇ! ਤੇਰਾ ਵੀ ਬਹੁਤ-ਬਹੁਤ ਧੰਨਵਾਦ। ਤੇਰੀ ਕਾਊਂਸਲਿੰਗ ਮੇਰੀ ਜ਼ਿੰਦਗੀ ਦੀ ਵੱਡੀ ਪ੍ਰਾਪਤੀ ਏ।" ਆਪਣੇ ਅੰਦਰ ਨਸ਼ਾ ਜਿਹਾ ਮਹਿਸੂਸਦਿਆਂ ਮੈਂ ਮਾਈਕਲ ਨੂੰ ਆਪਣੇ ਨਾਲ਼ ਘੁੱਟ ਲੈਂਦਾ ਹਾਂ।

ਤੇ ਫਿਰ ਜ਼ਰਾ ਕੁ ਪਾਸੇ ਹੋ ਕੇ ਕਲੈਰਾ ਨੂੰ ਫੋਨ ਕਰਦਾ ਹਾਂ। ਉਸ ਨਾਲ਼ ਕੀਤੇ ਵਾਅਦੇ ਅਨੁਸਾਰ ਦੱਸਦਾ ਹਾਂ ਕਿ ਮਾਈਕਲ ਦੀ ਸੁਣਵਾਈ ਠੀਕ-ਠਾਕ ਹੋ ਗਈ ਹੈ। ਪ੍ਰਸੰਨ ਹੋਈ ਉਹ ਮਾਈਕਲ ਦਾ ਫੋਨ-ਨੰਬਰ ਲੈ ਲੈਂਦੀ ਹੈ। ਅਗਲੇ ਹੀ ਪਲ ਮਾਈਕਲ ਦਾ ਸੈੱਲਫੋਨ ਖੜਕਦਾ ਹੈ...।□□

[22 Lacewood Crescent, Brampton, Ont. L6S 3K4 , Canada]

ਲਾਹੌਰ ਦਾ ਸ਼ੌਕੀਨ : ਬਲਜੀਤ ਬਾਸੀ

ਕੁੜੀ ਨੇ ਮੇਰੇ ਦੋਸਤ ਤੇ ਗੁਆਂਢੀ ਕਮਰੇ 'ਚ ਰਹਿੰਦੇ ਗੁਰਦੀਪ ਬੈਂਸ ਨੂੰ ਗਿਆਰਾਂ ਵਜੇ ਪੀ.ਜੀ.ਆਈ. ਗੇਟ ਦੇ ਸਾਹਮਣੇ ਮਿਲਣ ਦਾ ਇਕਰਾਰ ਕੀਤਾ ਸੀ। ਪਰ ਗੁਰਦੀਪ ਮੈਨੂੰ ਸਾਢੇ ਦਸ ਵਜੇ ਹੀ ਨਾਲ ਲੈ ਆਇਆ । ਮੈਂ ਕਿੱਥੇ ਆਉਂਦਾ ਸੀ । ਕਬਾਬ ਵਿਚ ਹੱਡੀ ਬਣਨਾ ਕਿਸਨੂੰ ਚੰਗਾ ਲਗਦਾ। ਨਾਲੇ ਆਪਣੀਆਂ ਅੱਖਾਂ ਮੂਹਰੇ ਝੁਡੂ ਦੋਸਤ ਆਸ਼ਕੀਆਂ ਕਰੇ, ਇਹ ਤਾ ਸਰਾਸਰ ਹਿੱਕ 'ਤੇ ਮੂੰਗ ਦਲਣ ਵਾਲੀ ਗੱਲ ਹੋਣੀ ਸੀ । ਉਧਰ ਪਹਿਲੀ ਵਾਰ ਕੋਠੇ ਜਿੱਡੀ ਕੁੜੀ ਦਾ ਸਾਹਮਣਾ ਕਰਨ ਦੀ ਸੋਚ ਕੇ ਹੀ ਗੁਰਦੀਪ ਦੇ ਪੈਰ ਹਿੱਲੇ ਪਏ ਸਨ। ਉਸਨੂੰ ਸਹਾਰੇ ਦੀ ਲੋੜ ਸੀ । ਮੈਨੂੰ ਬਹੁਤੀਆਂ ਕਿਤਾਬਾਂ ਪੜ੍ਹਦੇ ਨੂੰ ਦੇਖਕੇ ਉਸਨੇ ਮੈਨੂੰ ਬਹੁਤ ਸਿਆਣਾ ਸਮਝਿਆ ਹੋਣਾ । ਉਸਨੂੰ ਕੀ ਪਤਾ ਕੁੜੀ ਨਾਂ ਦੀ ਜਿਣਸ ਦੇਖਕੇ ਮੇਰਾ ਤਾਂ ਢਾਂਚਾ ਹੀ ਹਿੱਲਣ ਲਗਦਾ ਹੈ । ਪਰ ਉਸਨੇ ਇਕ ਇਕ ਤੇ ਦੋ ਗਿਆਰਾਂ ਦੀ ਰੱਟ ਲਾਈ। ਮੈਂ ਉਸਨੂੰ ਬਥੇਰਾ ਕਿਹਾ ਦੋਂਹ ਨੂੰ ਦੇਖਕੇ ਕੁੜੀ ਨੌਂ ਦੋ ਗਿਆਰਾਂ ਵੀ ਹੋ ਸਕਦੀ ਹੈ ਤੇ ਨਾਲੇ ਦੋ ਨਾਲ ਦਵੇਖ ਵੀ ਪੈਦਾ ਹੁੰਦਾ ਹੈ। ਪਰ ਉਸ ਦੇ ਕੰਨਾਂ 'ਤੇ ਜੂੰ ਨਾ ਸਰਕੀ, ਮੈਨੂੰ ਆਪਣੇ ਨਾਲ ਘਸੀਟ ਹੀ ਲਿਆਇਆ ।

ਉਹ ਪਿਛਲੀ ਸਾਰੀ ਰਾਤ ਸੁੱਤਾ ਨਹੀਂ ਸੀ। ਮਸਾਂ ਮਸਾਂ ਇਕ ਜਿਉਂਦੀ ਜਾਗਦੀ ਟਿੱਪ ਟੌਪ ਕੁੜੀ ਉਸਦੇ ਅੜਿੱਕੇ ਆਈ ਸੀ, ਕਿੱਥੇ ਲੱਗਣੀਆਂ ਸੀ ਉਸਦੀਆਂ ਅੱਖਾਂ ਤੇ ਕਿੱਥੇ ਲੱਗਣੇ ਸਨ ਉਸਦੇ ਪੈਰ । ਇਸ ਪ੍ਰਾਪਤੀ ਲਈ ਉਹ ਕਿੰਨਾ ਜੂਝਦਾ ਤੇ ਤੜਪਦਾ ਰਿਹਾ ਸੀ । ਆਪ ਭਲਾ ਕੀ ਸੀ ਉਹ । ਅਜੇ ਛੇ ਮਹੀਨੇ ਪਹਿਲਾਂ: ਕਿੱਥੇ ਹੁਸ਼ਿਆਰਪੁਰ, ਫਿਰ ਹੋਰ ਪਰੇ ਟਾਂਡਾ ਉੜਮੁੜ, ਹੋਰ ਪਰੇ ਚਿੜੀ ਦੇ ਪਹੁੰਚੇ ਜਿੱਡਾ ਪਿੰਡ ਖਡਿਆਲਾ । ਧੁਰ ਉਤਰ ਦਿਸ਼ਾ ਚੋਂ ਉਹ ਚੱਲ ਕੇ ਆਇਆ ਸੀ ਜਿਵੇਂ ਕਿਸੇ ਖੱਡ ਚੋਂ ਨਿਕਲਿਆ ਹੁੰਦਾ, ਕਪੜੇ ਝਾੜਦਾ । ਉਸਦੀਆਂ ਝੋਟੇ ਵਰਗੀਆਂ ਡਿਗੂੰ ਡਿਗੂੰ ਕਰਦੀਆਂ ਅੱਖਾਂ, ਤੌਲੇ ਜਿੱਡਾ ਸਿਰ, ਸਿਕੋੜੇ ਹੋਏ ਮੋਢੇ, ਲੋਹੇ ਵਰਗਾ ਰੰਗ ਤੇ ਫੁੱਲਿਆ ਹੋਇਆ ਸਰੀਰ ਇਕ ਉਜੱਡ ਪੇਂਡੂ ਦਾ ਹੁਲੀਆ ਸੀ । ਕੁੜੀਆਂ ਅਜੇਹੇ ਮੁੰਡਿਆਂ ਤੋਂ ਹਜ਼ਾਰ ਕੋਹ ਦੂਰ ਹੀ ਰਹਿੰਦੀਆਂ ਹਨ । ਫਿਰ ਲਿਆਕਤ ਦਾ ਨਮੂਨਾ ਦੇਖੋ: ਬੀ.ਏ ਵਿਚੋਂ ਸਿਵਾਏ ਪੰਜਾਬੀ ਦੇ ਹਰ ਸਬਜੈਕਟ ਚੋਂ ਪੈਂਤੀ ਪੈਂਤੀ ਪਰਸੈਂਟ ਨੰਬਰ । ਪੰਜਾਬੀ ਦੇ ਪੰਤਾਲੀ ਪਰਸੈਂਟ ਰੰਗ ਲਿਆਏ, ਉਸ ਨੂੰ ਯੂਨੀਵਰਸਿਟੀ ਪੰਜਾਬੀ ਐੱਮ.ਏ. ਵਿਚ ਦਾਖਲਾ ਮਿਲ ਗਿਆ ਤੇ ਉਹ ਚੰਡੀਗੜ੍ਹ ਦੀ ਰੁਮਾਂਚਕ ਦੁਨੀਆਂ ਵਿਚ ਠਿਲ ਪਿਆ ।

ਹੌਲੀ ਹੌਲੀ ਚੰਡੀਗੜ੍ਹ ਦੀ ਮਟਰ ਗਸ਼ਤੀ, ਹੋਸਟਲ ਦੇ ਖੁਸ਼ਕ ਰਾਜਮਾਂਹ ਤੇ ਸੁਆਹ ਵਾਲੀਆਂ ਰੋਟੀਆਂ ਨੇ ਉਸਦੀ ਕਾਇਆ 'ਚੋਂ ਸਾਰੀ ਮਮਿਆਈ ਖਿੱਚ ਲਈ। ਉਸਦਾ ਸਰੀਰ ਹੌਲ਼ਾ ਫੁੱਲ ਹੋ ਗਿਆ, ਮੌਰ ਸਿੱਧੇ ਹੋ ਗਏ, ਤੇ ਲੋਹਾ-ਰੰਗ ਫਿੱਕਾ ਪੈ ਗਿਆ । ਕੁੜੀਆਂ ਵੱਲੋਂ ਉਸਦਾ ਝਾਕਾ ਖੁਲਦ੍ਹਾ ਗਿਆ , ਉਸਨੂੰ ਗੱਲ ਕਰਨੀ ਤੇ ਬਣਾਉਣੀ ਆ ਗਈ । ਕੁੜੀਆਂ ਉਸ ਨਾਲ ਖੁਲ੍ਹਣ ਲੱਗ ਪਈਆਂ ਤੇ ਉਸ ਨਾਲ ਗੱਲ ਕਰਕੇ ਖੁਸ਼ ਹੁੰਦੀਆਂ । ਪਰ ਏਧਰ ਗੁਰਦੀਪ ਸਿੰਘ ਬੈਂਸ ਦੇ ਆਪਣੇ ਤੇਵਰ ਬਦਲਦੇ ਬਦਲਦੇ ਹੋਰ ਦੇ ਹੋਰ ਹੋ ਗਏ । ਹੁਣ ਪੰਜਾਬੀ ਵਿਭਾਗ ਦੀਆਂ ਕੁੜੀਆਂ ਉਸਨੂੰ ਗੰਵਾਰ, ਜਾਹਲ ਤੇ ਝੱਲ ਵਲੱਲੀਆਂ ਲੱਗਣ ਲੱਗ ਪਈਆਂ। ਮੇਰੇ ਕੋਲ ਰੋਣੇ ਰੋਂਦਾ,"ਕੀ ਹੈ ਯਾਰ ਇਹ ਪੰਜਾਬੀ ਡਿਪਾਰਟਮੈਂਟ, ਨਿਰਾ ਭੈਣਾਂ ਭਰਾਵਾਂ ਦਾ ਮਹਿਕਮਾ । ਕਿਸੇ ਮੁੰਡੇ ਵੱਲ ਰੁਮਾਂਟਕ ਨਜ਼ਰਾਂ ਨਾਲ ਦੇਖਦੀਆ ਹੀ ਨਹੀਂ ਇਹ ਕੁੜੀਆਂ, ਬੱਸ ਰੱਖੜੀ ਬੰਨ੍ਹਣ ਨੂੰ ਕਰਦੀਆਂ ਰਹਿੰਦੀਆਂ। ਹੱਡਲ ਜਿਹੀਆਂ ਜੱਟੀਆਂ, ਜਿਵੇਂ ਕਪਾਹ ਚੁਗਦੀਆਂ ਯੂਨੀਵਰਸਿਟੀ ਵਿਚ ਆ ਵੜੀਆਂ । ਚੁੰਨੀ ਦੀ ਡੂਢੀ ਬੁੱਕਲ ਮਾਰ ਲੈਣਗੀਆਂ । ਇਨ੍ਹਾਂ ਲੱਸੀ-ਪੀਣੀਆਂ ਨੂੰ ਕੋਈ ਕਿੱਦਾਂ ਕਾਫ਼ੀ ਹਾਊਸ ਵਿਚ ਲਿਜਾਵੇ ।

ਕੋਈ ਗੱਲ ਏਧਰ ਉਧਰ ਦੀ ਹੋ ਜਾਵੇ ਤਾਂ ਕਹਿ ਦੇਣਗੀਆਂ ਆ ਤੈਨੂੰ ਦੱਸਾਂ, ਜਿਵੇਂ ਹੁਣੇ ਆਪਣੇ ਛੇ ਫੁਟੇ ਭਰਾ ਤੋਂ ਕੁਟਵਾ ਦੇਣਗੀਆਂ। ਪਤਾ ਨਹੀਂ ਕਿੱਥੋਂ ਦੁਰਾਹੇ ਗਿੱਦੜਵਾਹੇ ਦੇ ਕਾਲਜਾਂ ਤੋਂ ਪੜ੍ਹ ਕੇ ਆ ਧਮਕੀਆਂ।" ਗੁਰਦੀਪ ਦੀਆਂ ਨਜ਼ਰਾਂ ਹੋਰ ਵਿਭਾਗਾਂ ਦੀਆਂ ਕੁੜੀਆਂ ਖਾਸ ਤੌਰ 'ਤੇ ਅੰਗਰੇਜ਼ੀ ਵਾਲੀਆਂ ਹੁਸੀਨਾਂ ਵੱਲ ਲੱਗੀਆਂ ਰਹਿੰਦੀਆਂ। ਪਰ ਉਧਰ ਇਹ ਮਜਾਜਣਾਂ ਪੰਜਾਬੀ ਦੇ "ਗਿਆਨੀ ਜਿਹੇ" ਮੁੰਡਿਆਂ 'ਤੇ ਨੱਕ ਹੀ ਨਾ ਰੱਖਦੀਆਂ। ਗੁਰਦੀਪ ਦੀ ਕਲਪਨਾ ਚ ਟੱਪ ਟੱਪ ਕਰਦੀ ਜੀਨਾਂ ਵਾਲੀ ਯੈਂਕਣ ਦੀ ਚਾਹਤ ਹਸਰਤ ਬਣ ਗਈ। ਮੈਂ ਉਸ ਨੂੰ ਕਹਿਣਾ ਪੰਜਾਬੀ ਛੱਡਕੇ ਕਿਸੇ ਹੋਰ ਡਿਪਾਰਟਮੈਂਟ 'ਚ ਦਾਖਲਾ ਲੈ ਲਾ ਪਰ ਉਸ ਨੇ ਖੀ ਖੀ ਕਰ ਛੱਡਣਾ.... ਉਸਦੇ ਪੈਂਤੀ ਪੈਂਤੀ ਪਰਸੈਂਟ ਨੰਬਰ.... ਗੁਲਾਬੀ ਸਿਆਲ ਆ ਰਿਹਾ ਸੀ ਤੇ ਗੁਰਦੀਪ ਨੂੰ ਕੁੜੀ ਦੇ ਸਾਥ ਦੀ ਹੋਰ ਵੀ ਤਲਬ ਹੋਣ ਲੱਗ ਪਈ। ਉਸਦੀ ਨਿਰਾਸ਼ਾ ਵਧ ਰਹੀ ਸੀ, ਉਹ ਉਖੜਿਆ ਉਖੜਿਆ ਰਹਿਣ ਲੱਗਾ। ਕਮਰੇ ਚ ਆਉਂਦਿਆਂ ਹੀ ਕਿਤਾਬਾਂ ਸੁੱਟ ਦੇਂਦਾ ਤੇ ਬਿਸਤਰੇ 'ਤੇ ਢੇਰੀ ਹੋ ਜਾਂਦਾ। ਕੁਝ ਦਿਨਾਂ ਤੋਂ ਤਾਂ ਉਹ ਮੈਨੂੰ ਨਜ਼ਰ ਹੀ ਆਉਣੋਂ ਹਟ ਗਿਆ। ਮੈਨੂੰ ਫ਼ਿਕਰ ਹੋਣ ਲੱਗਾ ਕਿਤੇ ਲੇਕ 'ਤੇ..... ਪਰ ਅਚਾਨਕ ਕਲ੍ਹ ਰਾਤ ਉਹ ਪ੍ਰਗਟ ਹੋ ਗਿਆ। ਆਉਂਦਿਆ ਹੀ ਆਪਣੀ ਰਾਮ ਕਹਾਣੀ ਸੁਣਾਉਣ ਲੱਗ ਪਿਆ।

ਉਸਨੇ ਦੱਸਿਆ ਕਿ ਸਿਆਲ ਦੀ ਰੁੱਤ ਸ਼ੁਰੂ ਹੋ ਜਾਣ ਕਾਰਨ ਉਹ ਰਜਾਈ ਲੈਣ ਪਿੰਡ ਚਲੇ ਗਿਆ ਸੀ। ਕਿੰਨਾ ਬੂਝੜ ਸੀ ਉਹ, ਰਜਾਈ ਜਿਹੀ ਨਹਿਸ਼ ਚੀਜ਼ ਨੂੰ ਘਰੋਂ ਅੱਡੇ ਤਕ ਸਿਰ ਤੇ ਚੁੱਕੀ ਲਿਆਇਆ। ਫਿਰ ਟਾਂਡੇ ਵੱਲ ਜਾਂਦੇ ਤੂੜੇ ਹੋਏ ਟੈਂਪੂ ਦੇ ਡਾਲੇ ਉਤੇ ਉਹ ਇਕ ਲੱਤ ਭਾਰ ਖੜਾ ਹੋ ਗਿਆ। ਚੁੱਕੀ ਹੋਈ ਲੱਤ ਹੇਠਾਂ ਇਕ ਗਧੀਲਣ ਬੈਠੀ ਆਪਣੇ ਬੱਚੇ ਨੂੰ ਦੁੱਧ ਚੁੰਘਾਉਂਦੀ ਰਹੀ ਸੀ। ਉਸਨੇ ਰਜਾਈ ਨੂੰ ਟੱਪ 'ਤੇ ਧਰ ਕੇ ਘੁੱਟ ਕੇ ਫੜੀ ਰਖਿਆ। ਇਸ ਤਰ੍ਹਾਂ ਉਸਨੇ ਆਪਣਾ ਸੰਤੁਲਨ ਬਣਾਈ ਰੱਖਿਆ ਤੇ ਰਜਾਈ ਨੂੰ ਵੀ ਮਿੱਟੀ ਪਲੀਤ ਹੋਣ ਤੋਂ ਬਚਾਈ ਰਖਿਆ। ਟਾਂਡੇ ਤੋਂ ਲੁਧਿਆਣੇ ਤਕ ਉਸਨੂੰ ਜੋ ਬੱਸ ਮਿਲੀ ਉਸ ਵਿਚ ਤਿਲ ਸੁੱਟਣ ਜੋਗੀ ਵੀ ਥਾਂ ਨਹੀਂ ਸੀ, ਅਧੀਆਂ ਸਵਾਰੀਆਂ ਤਾਂ ਖੜੀਆਂ ਸਨ। ਉਹ ਬੱਸ ਦੇ ਪਿਛਲੇ ਪਾਸੇ ਦਰਵਾਜ਼ੇ ਕੋਲ ਫਿੱਟ ਹੋ ਗਿਆ ਤੇ ਰਜਾਈ ਨੂੰ ਉਸਨੇ ਦੋਵੇਂ ਗੋਡਿਆਂ ਵਿਚਕਾਰ ਘੁੱਟ ਲਿਆ। ਰਾਹ ਵਿਚ ਜਿੰਨੀਆਂ ਸਵਾਰੀਆਂ ਉਤਰਦੀਆਂ, ਓਨੀਆਂ ਹੀ ਚੜ੍ਹ ਜਾਂਦੀਆਂ। ਏਸੇ ਮੁਦਰਾ ਵਿਚ ਉਹ ਲੁਧਿਆਣੇ ਤਕ ਖੜ੍ਹਾ ਹੀ ਰਿਹਾ। ਲੁਧਿਆਣੇ ਪਹੁੰਚਾ ਤਾਂ ਚੰਡੀਗੜ੍ਹ ਦੀ ਬੱਸ ਤਿਆਰ ਖੜ੍ਹੀ ਸੀ। ਉਸਨੇ ਰਜਾਈ ਨੂੰ ਬੱਸ ਦੇ ਇੰਜਣ ਉੱਤੇ ਟਿਕਾਇਆ ਤੇ ਇੱਕ ਦੋ ਜਣਿਆਂ ਵਾਲੀ ਖਾਲੀ ਸੀਟ 'ਤੇ ਬੈਠ ਕੇ ਰਜਾਈ ਤੋਂ ਮੁਕਤ ਹੋਈਆਂ ਲੱਤਾਂ ਦੇ ਸੁਖ ਨੂੰ ਮਾਨਣ ਲੱਗਾ। ਪਰ ਲੱਤਾਂ ਨੂੰ ਆਜ਼ਾਦ ਕਰਕੇ ਉਸਨੇ ਅੱਖਾਂ ਨੂੰ ਵਖਤ ਪਾ ਦਿੱਤਾ: ਰਜਾਈ ਦੀ ਲਗਾਤਾਰ ਨਜ਼ਰਸਾਨੀ ਨਿਹਾਇਤ ਜ਼ਰੂਰੀ ਸੀ।

ਰਜਾਈ ਦੇ ਮੰਦੇਭਾਗ, ਗੁਰਦੀਪ ਦੇ ਸੁਪਨਿਆਂ ਦੀ ਪਰੀ, ਇਕ ਹੁਸੀਨ ਕੁੜੀ ਉਸਦੇ ਨਾਲ ਵਾਲੀ ਸੀਟ 'ਤੇ ਆ ਬੈਠੀ। ਕੁੜੀ ਬੈਠਣ ਲੱਗੀ ਤਾਂ ਉਹ ਸੁੰਗੜ ਕੇ ਬਾਰੀ ਨਾਲ ਜਾ ਲੱਗਾ, ਪਤਾ ਨਹੀਂ ਕੁੜੀ ਤੋ ਸੰਗਦਾ ਜਾਂ ਉਸ ਲਈ ਖੁੱਲ੍ਹੀ ਜਗਹ ਛੱਡਦਾ। ਪਰ ਸਹਿਜੇ ਸਹਿਜੇ ਉਹ ਚੌੜਾ ਹੋਣਾ ਸ਼ੁਰੂ ਹੋ ਗਿਆ ਤੇ ਕੁੜੀ ਵੱਲ ਸਰਕਣ ਲੱਗਾ। ਕੁੜੀ ਗੁਰਦੀਪ ਵੱਲ ਦੇਖਕੇ ਕੁਝ ਮੁਸਕਾਈ ਤਾਂ ਗੁਰਦੀਪ ਨੇ ਇਕ ਹੱਥ ਅੱਗੇ ਕਰਕੇ 'ਹਜ਼ੂਰ' ਕਿਹਾ। ਕੁੜੀ ਨੂੰ ਉਸਦੀ ਇਹ ਹਰਕਤ ਦਿਲ ਦੀਆਂ ਡੂੰਘਾਣਾਂ ਤੱਕ ਹਲੂਣ ਗਈ, ਉਹ ਥੋੜ੍ਹਾ ਹੋਰ ਮੁਸਕਾਈ ਤਾਂ ਗੁਰਦੀਪ ਦੇ ਰੁਮਾਂਟਕ ਸਫ਼ਰ ਦਾ ਆਗ਼ਾਜ਼ ਹੋ ਗਿਆ। ਸ਼ਾਇਦ ਇਹ ਸਫ਼ਰ ਜ਼ਿੰਦਗੀ ਦਾ ਸਫ਼ਰ ਹੀ ਬਣ ਜਾਵੇ, ਗੁਰਦੀਪ ਲੰਬੀ ਸੋਚ ਗਿਆ ਤੇ ਉਸਦੀਆਂ ਅੱਖਾਂ ਰਜਾਈ ਵੱਲੋਂ ਬੇਵਫ਼ਾਈ ਕਰਕੇ ਕੁੜੀ ਦੇ ਵਜੂਦ ਵੱਲ ਟਿਕ ਗਈਆਂ। ਪਰ ਚਾਣਚੱਕ ਉਸ ਦੇ ਕੰਨਾਂ ਨੇ ਕੰਡਕਟਰ ਦੇ ਕੜਕਵੇਂ ਬੋਲ ਸੁਣੇ," ਓਇ ਇਹ ਕੀਹਦਾ ਬਈ

ਗੁੱਦੜ ਮਾਲ, ਚੁੱਕੋ ਏਥੋਂ।" ਸਵਾਰੀਆਂ ਨੇ ਸਿਰ ਚੁੱਕੇ ਤੇ ਚਾਰੇ ਪਾਸੇ ਘੁਮਾਏ। ਗੁਰਦੀਪ ਚੌਂਕ ਉਠਿਆ, ਉਸ ਦੀ ਰਜਾਈ ਧਿਤਕਾਰ ਦਾ ਪਾਤਰ ਬਣੀ ਪਈ ਸੀ। ਘੋਰ ਸੰਕਟ ਦੀ ਘੜੀ ਸੀ: ਇਕ ਪਾਸੇ ਨੀਲੀ ਜੀਨ ਵਾਲੀ ਯੈਂਕਣ ਤੇ ਦੂਜੇ ਪਾਸੇ ਸੁਰਖ ਚੰਦੇ ਵਾਲੀ ਰਜਾਈ। ਅੱਖਾਂ 'ਚ ਖੁਭਦੀਆਂ ਵੱਡੀਆਂ ਵੱਡੀਆਂ ਦਕਿਆਨੂਸੀ ਅੰਬੀਆਂ ਦੀ ਛਾਪ ਵਾਲਾ ਲਾਲ ਚੰਦਾ ਦੇਖਕੇ ਉਸਨੂੰ ਝੁਣਝੁਣੀ ਆਈ, ਉਹ ਕਿਵੇਂ ਇਸ ਗ਼ਲਾਜ਼ਤ ਨੂੰ ਏਨੀ ਦੂਰ ਚੁੱਕੀ ਲਿਆਇਆ ਸੀ। ਉਸ ਨੂੰ ਮਾਂ 'ਤੇ ਖਿਝ ਆਈ, ਰਜਾਈ 'ਤੇ ਗਿਲਾਫ਼ ਤਾਂ ਚੜ੍ਹਾ ਦਿੰਦੀ। ਫਿਰ ਆਪਣੇ ਆਪ ਵਿਚ ਕਲਪਿਆ, ਉਹ ਕਿਉਂ ਇਸ ਨੂੰ ਸਣ ਦੀ ਰੱਸੀ ਨਾਲ ਲਪੇਟ ਕੇ ਲੈ ਆਇਆ ਸੀ, ਉਸਨੂੰ ਕੋਈ ਬਿਸਤਰਾ ਬੰਨ੍ਹ ਨਾ ਲੱਭਾ? ਕੀ ਸੋਚੇਗੀ ਇਹ ਕੁੜੀ, ਪਿੰਡ ਚੁੱਕੀ ਫਿਰਦਾ ਨਾਲ ਨਾਲ, ਲਾਹੌਰ ਦਾ ਸ਼ੌਕੀਨ ਤੇ ਬੋਝੇ 'ਚ ਗਾਜਰਾਂ। ਉਹ ਕਦੇ ਰਜਾਈ ਵੱਲ ਚੋਰ ਅੱਖੀਂ ਦੇਖਦਾ ਤੇ ਕਦੇ ਕੁੜੀ ਵੱਲ।

ਟਿਕਟਾਂ ਕੱਟਕੇ ਮੁੜਦਾ ਕੰਡਕਟਰ ਉਵੇਂ ਪਈ ਰਜਾਈ ਦੇਖਕੇ ਫਿਰ ਗਰਜਿਆ,"ਆਹ ਹਿਲਾਈ ਨਹੀਂ ਕਿਸੇ ਨੇ ਆਪਣੀ ਜੁੱਲੀ? ਚੁੱਕੋ ਇਹਨੂੰ, ਛੱਤ 'ਤੇ ਚੜ੍ਹਾਓ।" ਸਵਾਰੀਆਂ ਏਧਰ ਉਧਰ ਝਾਕਣ ਪਰ ਐਵੇਂ ਕੌਣ ਦਾਅਵੇਦਾਰ ਬਣਦਾ। ਗੁਰਦੀਪ ਦੇ ਅੰਦਰ ਚੜ੍ਹਨ ਲੱਥਣ ਲੱਗੀਆਂ। ਉਸਨੂੰ ਰਜਾਈ ਨਾਲ ਹੇਜ ਸੀ, ਆਖਰ ਉਸਦੀ ਆਪਣੀ ਰਜਾਈ ਸੀ, ਇਸਦੀ ਖਾਤਿਰ ਉਸਨੇ ਸਰੀਰ ਨੂੰ ਕਿੰਨਾ ਕਸ਼ਟ ਦਿੱਤਾ ਸੀ। ਪਰ ਵਕਤ ਦੀ ਆਪਣੀ ਨਜ਼ਾਕਤ ਸੀ। ਕਰੜਾ ਮਨ ਕਰਕੇ ਉਸਨੇ ਦੋ-ਟੁੱਕ ਫੈਸਲਾ ਕਰ ਲਿਆ, ਰਜਾਈ ਜਾਏ ਤਾਂ ਜਾਏ ਪਰ ਉਹ ਕੁੜੀ ਅੱਗੇ ਹੇਚ ਨਹੀਂ ਹੋਵੇਗਾ ਤੇ ਉਹ ਨਿਸਚਿੰਤ ਹੋ ਗਿਆ। ਚਿੰਤਾਂ 'ਚ ਡੁੱਬੀਆਂ ਸਵਾਰੀਆਂ ਨੇ ਕੰਡਕਟਰ ਨੂੰ ਕਿਹਾ ਕਿ ਸ਼ਾਇਦ ਕੋਈ ਭੁੱਲ ਕੇ ਛੱਡ ਗਿਆ ਹੋਵੇਗਾ। ਕੰਡਕਟਰ ਲੋਹਾ ਲਾਖਾ ਹੋਇਆ ਪਿਆ ਸੀ। ਉਸਨੇ ਯਕਾ ਯਕ ਰਜਾਈ ਨੂੰ ਠੁੱਡ ਮਾਰਕੇ ਬੱਸ ਤੋਂ ਬਾਹਰ ਰੋੜ੍ਹ ਦਿੱਤਾ ਤੇ ਬੇਪਰਵਾਹੀ ਨਾਲ ਬੱਸ ਦੀ ਛੱਤ 'ਤੇ ਵਗਾਹ ਮਾਰਿਆ। ਗੁਰਦੀਪ ਤ੍ਰਭਕਿਆ ਪਰ ਉਸਦੀ ਜਾਨ ਵਿਚ ਜਾਨ ਆਈ। ਸੱਪ ਵੀ ਬਚ ਗਿਆ ਤੇ ਲਾਠੀ ਵੀ। ਰਜਾਈ ਕਰਕੇ ਉਸਦੀ ਕਿੰਨੀ ਸ਼ਰਮਸਾਰੀ ਹੋ ਸਕਦੀ ਸੀ। ਪਹਿਲ ਪਲੇਠੀ ਤਾਂ ਇਹ ਕੁੜੀ ਸੀ ਜੋ ਉਸਦੇ ਏਨੇ ਕਰੀਬ ਆਈ ਸੀ।

ਡਰਾਈਵਰ ਆ ਗਿਆ ਤੇ ਬੱਸ ਚੱਲ ਪਈ। ਗੁਰਦੀਪ ਨੇ ਆਪਣੇ ਬੈਗ ਨੂੰ ਪੈਰਾਂ ਹੇਠਾਂ ਦੇ ਲਿਆ ਤੇ ਮਨ ਵਿੱਚ ਤਹੱਈਆ ਕੀਤਾ ਕਿ ਰਸਤੇ ਵਿਚ ਇਸਨੂੰ ਭੁੱਲਕੇ ਵੀ ਖੋਲ੍ਹਣਾ ਨਹੀਂ, ਕੁੜੀ ਕੀ ਦੇਖੇਗੀ ਪੰਜਾਬੀ ਦੀਆਂ ਕਿਤਾਬਾਂ ਰਿਸਾਲੇ। ਉਸਨੇ ਡੂੰਘਾ ਸਾਹ ਲਿਆ ਤੇ ਕੁੜੀ ਨਾਲ ਨਿੱਕੀਆਂ ਨਿੱਕੀਆਂ ਗੱਲਾਂ ਛੇੜ ਲਈਆ। "ਹਜ਼ੂਰ ਕਿਧਰ ਜਾ ਰਹੇ ਹੋ?" ਉਹ ਅਕਸਰ ਹੀ ਦੂਸਰਿਆਂ ਨੂੰ ਹਜ਼ੂਰ ਨਾਲ ਹੀ ਸੰਬੋਧਤ ਹੁੰਦਾ ਸੀ। ਹਜ਼ੂਰ ਉਸਦਾ ਤਕੀਆ ਕਲਾਮ ਬਣ ਗਿਆ ਸੀ। ਕੁੜੀ ਗੁਦਗੁਦਾਈ, ਉਸਨੇ ਹਲਕੀ ਮੁਸਕਰਾਹਟ ਛੱਡੀ ਤੇ ਬੋਲੀ,"ਜੀ ਚੰਡੀਗੜ੍ਹ, ਤੇ ਜਨਾਬ ?" ਕੁੜੀ ਨੇ ਜਨਾਬ ਕਹਿ ਕੇ ਅਦਬ ਕਾਇਮ ਰੱਖਿਆ। ਗੁਰਦੀਪ ਨੇ ਏਨੇ ਵਿਚ ਅਨੁਮਾਨ ਲਾ ਲਿਆ ਕਿ ਕੁੜੀ 'ਸ਼ੀਲ' ਹੈ। "ਹਜ਼ੂਰ ਦਾ ਕੀ ਸ਼ੁਗਲ ਹੈ ਉਥੇ ?" ਉਹ ਹਜ਼ੂਰ ਦਾ ਅਜੇ ਹੋਰ ਚੱਕਰ ਚਲਾਉਣਾ ਚਾਹੁੰਦਾ ਸੀ।

"ਚੰਡੀਗੜ੍ਹ ਤਾਂ ਮੈਂ ਵੈਸੇ ਆਪਣੇ ਅੰਕਲ ਕੋਲ਼ ਚੱਲੀ ਹਾਂ, ਸਾਡਾ ਘਰ ਤਾਂ ਲੁਧਿਆਣੇ ਹੀ ਹੈ, ਮੈਂ ਉਥੇ ਮਾਸਟਰਜ਼ ਕਰ ਰਹੀ ਹਾਂ, ਤੇ ਜਨਾਬ?" ਕੁੜੀ ਦੀ ਦਿਲਚਸਪੀ ਤੇ ਅਦਬ ਬਰਾਬਰ ਸੀ। ਪਰ ਗੁਰਦੀਪ ਕੁਝ ਝੇਪ ਗਿਆ ਸੀ। ਉਹ ਲੁਧਿਆਣੇ ਸ਼ਹਿਰ ਦੀ ਤੇ ਮੈਂ ਟਾਂਡੇ ਦਾ ਵੀ ਨਹੀਂ। ਉਹ ਕੁਝ ਹੋਰ ਕਹਿਣ ਲੱਗਾ ਸੀ ਪਰ ਉਸਦੇ ਮੂੰਹੋਂ ਨਿਕਲ ਗਿਆ,"ਤੁਸੀਂ ਟਾਂਡਾ ਦੇਖਿਆ?" "ਵ੍ਹਟ ਇਜ਼ ਦੈਟ?" ਕੁੜੀ ਨੇ ਹੈਰਾਨੀ ਪ੍ਰਗਟ ਕੀਤੀ। ਗੁਰਦੀਪ ਹੱਥ ਮਲਣ ਲੱਗਾ। ਕਿੱਥੇ ਟਾਂਡੇ ਦਾ ਪਟੌਟਾ

ਛੇੜ ਬੈਠਾ, ਕੁੜੀ ਨੇ ਤਾਂ ਇਸ ਦਾ ਨਾਂ ਵੀ ਨਹੀਂ ਸੁਣਿਆ। "ਇਹ ਪੰਜਾਬ ਦਾ ਇਕ ਟਾਊਨ ਹੈ, ਦਰਅਸਲ ਏਥੇ ਇਕ ਫਿਲਮ ਦੀ ਸੂਟਿੰਗ ਚੱਲ ਰਹੀ ਹੈ, ਮੈਂ ਵੀ ਅਜੀਤ ਅਖਬਾਰ ...." ਉਸਨੇ ਸੂਟਿੰਗ ਦੀ ਤਾਂ ਗੱਲ ਬਣਾਈ ਸੀ। ਪਰ ਉਸ ਕੋਲੋਂ ਪੰਜਾਬੀ ਦੀ ਅਖਬਾਰ ਪੜ੍ਹਦੇ ਹੋਣ ਦਾ ਪੋਲ ਖੁਲ੍ਹਣ ਲੱਗਾ ਸੀ ਕਿ ਉਸਦੇ ਦੰਦਾਂ ਨੇ ਜੀਭ ਘੁੱਟ ਲਈ। "ਮੇਰਾ ਮਤਲਬ ਮੈਂ ਟ੍ਰਿਬਿਊਨ ਵਿਚ ਪੜ੍ਹਿਆ ਸੀ।" "ਅੱਛਾ, ਕਿਹੜੀ ਫਿਲਮ ? ਮੈਂ ਤਾਂ ਪੜ੍ਹਿਆ ਨਹੀਂ।" ਫਿਲਮਾਂ ਵਿਚ ਕੁੜੀਆਂ ਦੀ ਦਿਲਚਸਪੀ ਤਾਂ ਵਿਸ਼ਵਵਿਆਪੀ ਤੱਥ ਹੈ। "ਛੱਡੋ ਜੀ, ਐਵੇਂ ਕੋਈ ਪੰਜਾਬੀ ਦੀ ਮੂਵੀ ਹੋਵੇਗੀ, ਮੇਰੀ ਮਾੜੀ ਜਿਹੀ ਕਿਤੇ ਅਖਬਾਰ ਵਿਚ ਨਜ਼ਰ ਪੈ ਗਈ।" ਉਸਦਾ ਮਨ ਪੰਜਾਬੀ ਵਿਚੋਂ ਨਿਕਲਦਾ ਨਹੀਂ ਸੀ। ਹੁਣ ਉਸਦੇ ਅੰਦਰ ਇਕ ਖੁਤਖੁਤੀ ਸੀ, ਕਿਤੇ ਪੰਜਾਬੀ ਦੀ ਐੱਮ.ਏ. ਕਰਦੇ ਹੋਣ ਦੀ ਗੱਲ ਉਸਦੇ ਮੂੰਹੋਂ ਨਾ ਨਿਕਲ ਜਾਵੇ। ਇਹ ਸੁਣਕੇ ਤਾਂ ਉਹ ਜ਼ਰੂਰ ਬਾਰੀ ਤੋਂ ਬਾਹਰ ਹੀ ਦੇਖਣਾ ਸੁਰੂ ਕਰ ਦੇਵੇਗੀ। ਮਸੀਂ ਤਾਂ ਰਜਾਈ ਤੋਂ ਖਹਿੜਾ ਛਡਵਾਇਆ ਸੀ ਤੇ ਹੁਣ ਪੰਜਾਬੀ। ਉਸਨੂੰ ਲੱਗਾ ਰਜਾਈ ਤੇ ਪੰਜਾਬੀ ਦੀ ਐੱਮ.ਏ. ਵਿੱਚ ਕੋਈ ਅਜ਼ਲੀ ਸਾਂਝ ਹੈ। ਖੈਰ ਉਸਨੇ ਗੱਲ ਨੂੰ ਵਲ਼ ਪਾ ਲਿਆ,"ਦਾਸ ਵੀ ਚੰਡੀਗੜ੍ਹ ਯੂਨੀਵਰਸਿਟੀ ਵਿਚ ਮਾਸਟਰਜ਼ ਹੀ ਕਰ ਰਿਹਾ ਹੈ। ਮੇਰੇ ਫ਼ਾਦਰ ਕੈਨੇਡਾ ਵਿਚ ਰਹਿੰਦੇ ਹਨ ਤੇ ਆਪਾਂ ਇਕ ਦਿਨ ਬਾਹਰ ਹੀ ਜਾਣਾ ਹੈ।" ਇਸ ਵਿਚ ਕੋਈ ਝੂਠ ਨਹੀਂ, ਗੁਰਦੀਪ ਦਾ ਪਿਉ ਸੱਚਮੁਚ ਬਾਹਰ ਹੀ ਰਹਿੰਦਾ ਸੀ। ਪਰ ਐਸ ਵੇਲੇ ਉਸਨੇ ਕੈਨੇਡਾ ਦਾ ਪਟਾਖਾ ਗੱਲ ਦਾ ਸੰਭਾਵੀ ਰੁਖ ਮੋੜਨ ਲਈ ਚਲਾਇਆ ਸੀ, ਕੁੜੀ ਕਿਤੇ ਇਹ ਨਾ ਪੁੱਛ ਲਵੇ, 'ਕਾਹਦੀ ਐਮ.ਏ. ਕਰਦੇ ਹੋ'।

ਉਸਨੇ ਆਪਣੇ ਲਹਿਜੇ ਵਿਚ ਪਰਿਹਾਸ ਦੀ ਚੱਸ ਕਾਇਮ ਰੱਖੀ। ਉਸ ਨੇ ਸਿਖ ਲਿਆ ਸੀ ਕੁੜੀਆਂ ਨੂੰ ਪ੍ਰਭਾਵਤ ਕਰਨ ਲਈ ਚੁਸਤ ਤੇ ਮਜ਼ਾਕੀਆ ਗੱਲਾਂ ਦੇ ਬਾਣ ਅਸਰ ਕਰਦੇ ਹਨ। "ਵਾਓ ! ਰੀਅਲੀ ? ਦੈਟ ਇਜ਼ ਗਰੇਟ, ਤੁਸੀਂ ਬੜੇ ਲੱਕੀ ਹੋ। ਅਸੀਂ ਤਾਂ ਐਧਰ ਦੀ ਹੀ ਖਾਕ ਛਾਣਾਂਗੇ।" ਗੁਰਦੀਪ ਨੂੰ ਲੱਗਾ ਉਸ ਦੇ ਤੁੱਕੇ ਮਾਰ ਕਰ ਰਹੇ ਹਨ। "ਤੁਹਾਡਾ ਵੀ ਫ਼ੌਰਨ ਜਾਣ ਦਾ ਮਨ ਹੈ?" ਉਹ ਕੁੜੀ ਨੂੰ ਆਪਣੀ ਲੀਹ 'ਤੇ ਲਿਆਉਣ ਲੱਗਾ। "ਕਦੇ ਸੋਚਿਆ ਨਹੀਂ ਪਰ ਜੇ ਚਾਂਸ ਬਣੇ ਤਾਂ ਕੌਣ ਫ਼ੌਰਨ ਨਹੀਂ ਜਾਣਾ ਚਾਹੇਗਾ।"

ਸਮਰਾਲਾ ਆ ਗਿਆ ਸੀ। ਬੱਸ ਕੁਝ ਚਿਰ ਰੁਕੀ। ਜੁੰਬਸ਼ 'ਚ ਆਇਆ ਗੁਰਦੀਪ ਉਤਰ ਕੇ ਦੋ ਕੋਲਡ ਡਰਿੰਕ ਫੜ ਲਿਆਇਆ। ਇਕ ਕੁੜੀ ਨੂੰ ਪੇਸ਼ ਕੀਤਾ ਜੋ ਉਸਨੇ ਬਿਨਾਂ ਝਿਜਕ 'ਥੈਂਕ ਯੂ, ਕਿਉਂ ਖੇਚਲ ਕਰਨੀ ਸੀ' ਕਹਿੰਦਿਆਂ ਸਵੀਕਾਰ ਕਰ ਲਿਆ। ਬੱਸ ਚੱਲ ਪਈ। ਗੱਲਾਂ ਕਦੇ ਵਧੇਰੇ ਹੀ ਨਿੱਜੀ ਪਰ ਫਿਰ ਅਚਾਨਕ ਬੜਾ ਹੀ ਓਪਰਾ ਰੁਖ ਅਖਤਿਆਰ ਕਰ ਲੈਂਦੀਆਂ। ਗੁਰਦੀਪ ਵਿਚ ਵਿਚ ਖਹਿਸਰਬਾਜ਼ੀ ਦੀ ਕੋਸ਼ਿਸ਼ ਕਰਨ ਲਗਦਾ ਪਰ ਯਕਦਮ ਪਰੇ ਹੋ ਜਾਂਦਾ। ਉਸਨੇ ਨੇ ਕੁਝ ਫੜ੍ਹਾਂ ਵੀ ਸੁਰੂ ਕਰ ਦਿੱਤੀਆਂ। ਕੈਨੇਡਾ ਜਾ ਕੇ ਉਹ ਆਪਣੇ ਪਿਉ ਦਾ ਬਿਜ਼ਨਿਸ ਸੰਭਾਲੇਗਾ, ਦੁਨੀਆਂ ਭਰ ਦੀ ਸੈਰ ਕਰਨਾ ਉਸਦੀ ਇਕ ਵੱਡੀ ਤਮੰਨਾ ਹੈ, ਚੰਡੀਗੜ੍ਹ ਵਿਚ ਉਹ ਇਕ ਵੱਡੀ ਕੋਠੀ ਪਾਏਗਾ। ਕੁੜੀ ਨੇ ਦੱਸਿਆ ਕਿ ਉਸ ਦੇ ਘਰ ਦਿਆਂ ਦਾ ਟਰਾਸਪੋਰਟ ਦਾ ਬਿਜ਼ਨਿਸ ਹੈ, ਉਹ ਆਪ ਪੱਤਰਕਾਰੀ ਦਾ ਕੋਰਸ ਕਰਕੇ ਪੱਤਰਕਾਰ ਬਣਨਾ ਚਾਹੁੰਦੀ ਹੈ। ਗੁਰਦੀਪ ਦੇ ਰਵੱਈਏ ਵਿਚ ਹੁਣ ਕੁਝ ਠਹਿਰਾਅ ਆ ਗਿਆ ਸੀ, ਕੁੜੀ ਨੂੰ ਗੱਲੀਂ ਲਾ ਕੇ ਕੁਝ ਕੁਝ ਉਸਨੂੰ ਆਕਰਸ਼ਤ ਕਰ ਲਿਆ ਸੀ। ਇਸਦਾ ਪਰਿਣਾਮ ਸੀ ਕਿ ਕੁੜੀ ਹੁਣ ਉਸ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਗੱਲਾਂ ਕਰਨ ਲੱਗ ਪਈ ਸੀ। ਪਰ ਅਜੇ ਤਕ ਵੀ ਉਹ ਕੋਈ ਅਜੇਹੀ ਗੱਲ ਨਹੀਂ ਸੀ ਕਰ ਸਕਿਆ ਜਿਸ ਵਿੱਚ ਪਿਆਰ ਨਾਂ ਦੇ ਜਜ਼ਬੇ ਘੁਲੇ ਹੋਏ ਹੋਣ। ਰਜਾਈ, ਟਾਂਡਾ ਤੇ ਪੰਜਾਬੀ ਕਦਮ ਕਦਮ 'ਤੇ ਉਸਦੀ ਪੇਸ਼ਕਦਮੀ ਨੂੰ ਤੁਣਕੇ ਮਾਰ ਰਹੇ ਸਨ।

ਚੰਡੀਗੜ੍ਹ ਦਾ ਬੱਸ ਅੱਡਾ ਆ ਗਿਆ ਸੀ। ਬੱਸ ਖੜੋਨ ਲੱਗੀ ਤਾਂ ਗੁਰਦੀਪ ਨੇ ਉਸਨੂੰ ਫਿਰ ਮਿਲਣ ਦੀ ਗੱਲ ਕੀਤੀ। ਕੁੜੀ ਨੂੰ ਕੋਈ ਲੈਣ ਵਾਲੇ ਬਾਹਰ ਆਏ ਹੋਏ ਸਨ। ਕਾਹਲੀ ਨਾਲ ਕੁੜੀ ਨੇ ਕਿਹਾ ਕਿ ਅਗਲੇ ਦਿਨ ਯੂਨੀਵਰਸਿਟੀ ਦੇ ਅੱਗੇ ਪੀ.ਜੀ.ਆਈ. ਵਾਲੇ ਗੇਟ ਕੋਲ ਸਵੇਰੇ ਗਿਆਰਾਂ ਵਜੇ ਉਹ ਉਸਨੂੰ ਮਿਲੇਗੀ। ਉਸ ਨੇ ਟਾਅ ਟਾਅ ਬਾਇ ਬਾਇ ਕੀਤੀ ਤੇ ਟਿੱਪ ਟਿੱਪ ਕਰਦੀ ਉਤਰ ਕੇ ਥਰੀ ਵ੍ਹੀਲਰ ਵਿਚ ਬੈਠ ਗਈ।

ਕੁੜੀ ਗਈ ਤਾਂ ਗੁਰਦੀਪ ਨੂੰ ਹੋਸ਼ ਆਈ, ਉਹ ਖਾਸ ਚੰਡੀਗੜ੍ਹ ਵਿਚ ਸੀ। ਉਹ ਪਰੇ ਰਿਕਸ਼ੇ ਵੱਲ ਵਧਣ ਲੱਗਾ ਕਿ ਉਸਨੂੰ ਰਜਾਈ ਚੇਤੇ ਆ ਗਈ ਜੋ ਕੰਡਕਟਰ ਦੀ ਮੇਹਰ ਸਦਕਾ ਬੱਸ ਦੀ ਛੱਤ ਉਪਰ ਚੜ੍ਹ ਗਈ ਸੀ। ਉਹ ਦਵਾ ਸੱਟ ਪੌੜੀਆਂ ਰਾਹੀਂ ਬੱਸ 'ਤੇ ਚੜ੍ਹਿਆ ਪਰ ਰਜਾਈ ਨੇ ਉੱਥੇ ਕਿੱਥੇ ਹੋਣਾ ਸੀ। ਹੇਠਾਂ ਉਤਰ ਕੇ ਉਸਨੇ ਕੰਡਕਟਰ ਤੋਂ ਸੰਗਦਿਆਂ ਪੁੱਛਿਆ ਜੋ ਅਜੇ ਹੁਣੇ ਸਵਾਰੀਆਂ ਨਾਲ ਬਕਾਏ ਦਾ ਹਿਸਾਬ ਨਿਬੇੜ ਕੇ ਹਟਿਆ ਸੀ, "ਭਾਈ ਸਾਹਿਬ ਰਜਾਈ ਕਿੱਧਰ ਗਈ, ਉਪਰ ਤਾਂ ਹੈ ਨਹੀਂ ?" ਕੰਡਕਟਰ ਸ਼ਰਾਰਤੀ ਹਾਸਾ ਹੱਸਿਆ,"ਅੱਛਾ ਤਾਂ ਉਹ ਤੇਰੀ ਰਜਾਈ ਸੀ? ਉਦੋਂ ਤਾਂ ਬੜੀ ਮਸ਼ਟ ਮਾਰੀ ਹੋਈ ਸੀ ?" "ਤੂੰ ਮੇਰੀ ਰਜਾਈ ਦੱਸ ਕਿਧਰ ਗਈ, ਤੈਨੂੰ ਮੇਰੀ ਮਸ਼ਟ ਨਾਲ ਕੀ ?" ਗੁਰਦੀਪ ਬੌਖਲਾਇਆ ਪਿਆ ਸੀ। "ਰਜਾਈਆਂ ਏਥੇ ਕਿੱਥੇ ਰਹਿੰਦੀਆਂ ਐਡੀ ਹਵਾ ਵਿਚ, ਉੜ ਗਈ ਹੋਣੀ ਹੈ। ਛੱਤ ਉਪਰ ਰਜਾਈ ਨੂੰ ਭਾਰ ਪਾ ਕੇ ਰੱਖੀਦਾ, ਤਾਂ ਜਾ ਕੇ ਟਿਕਦੀ ਹੈ।" ਕਹਿੰਦਿਆ ਕੰਡਕਟਰ ਪੱਤਰਾ ਵਾਚ ਗਿਆ। ਗੁਰਦੀਪ ਨੂੰ ਰਜਾਈ ਖੁੱਸਣ ਦੀ ਕੋਈ ਬਹੁਤੀ ਨਮੋਸ਼ੀ ਨਹੀਂ ਹੋਈ। ਰਜਾਈ ਸੀ ਹੀ ਕੀ ਇਕ ਕੁੜੀ ਦੀ ਪ੍ਰਾਪਤੀ ਦੇ ਮੁਕਾਬਲੇ। ਇਕ ਕੁੜੀ ਦੀ ਖਾਤਰ ਉਹ ਹਜ਼ਾਰ ਰਜਾਈਆਂ ਕੁਰਬਾਨ ਕਰ ਸਕਦਾ ਸੀ।

ਗੁਰਦੀਪ ਨੇ ਰਾਤੀਂ ਇਹ ਸਾਰੀ ਵਿਥਿਆ ਸੁਣਾਈ ਸੀ ਤੇ ਸਵੇਰੇ ਤਰਲੇ ਕਰਦਿਆਂ ਮੈਨੂੰ ਸਾਥ ਦੇਣ ਲਈ ਤਿਆਰ ਕਰ ਹੀ ਲਿਆ।

...ਤੇ ਅਸੀਂ ਪੀ.ਜੀ.ਆਈ. ਤੇ ਯੂਨੀਵਰਸਿਟੀ ਦੇ ਵਿਚਕਾਰਲੀ ਸੜਕ 'ਤੇ ਕੁੜੀ ਦਾ ਇੰਤਜ਼ਾਰ ਕਰ ਰਹੇ ਸਾਂ। ਗਿਆਰਾਂ ਵੱਜ ਗਏ। ਗੁਰਦੀਪ ਦੀ ਬੇਚੈਨੀ ਸੁਰੂ ਹੋ ਗਈ। ਅਸੀਂ ਏਧਰ ਉਧਰ ਘੁੰਮਣ ਲੱਗੇ। ਸਵਾ ਗਿਆਰਾਂ ਵੱਜੇ, ਗੁਰਦੀਪ ਦੇ ਪੈਰ ਲੜਖੜਾਉਣ ਲੱਗੇ। ਮੈਂ ਉਸਨੂੰ ਸਿਧਾਂਤਕ ਦਿਲਾਸਾ ਦਿੱਤਾ ਕਿ ਇਹੋ ਜਿਹੇ ਮਾਮਲਿਆਂ ਵਿਚ ਵਕਤ ਦੀ ਪਾਬੰਦੀ ਨਾਂ ਦੀ ਕੋਈ ਚੀਜ਼ ਨਹੀਂ ਹੁੰਦੀ। ਸਾਢੇ ਬਾਰਾਂ ਇਕ ਤੋਂ ਹੁੰਦੇ ਹੋਏ ਦੋ ਵੱਜ ਗਏ ਪਰ ਦੂਰ ਤਕ ਉਡੀਕੀ ਜਾ ਰਹੀ ਕੁੜੀ ਦਾ ਭੂਤ ਵੀ ਦਿਖਾਈ ਨਹੀਂ ਸੀ ਦੇਂਦਾ। ਗੁਰਦੀਪ ਡੁੰਨ-ਵੱਟਾ ਬਣਿਆ ਪਿਆ ਸੀ, ਨੀਵੀਂ ਪਾਈ ਬੂਟਾਂ ਨਾਲ ਸੜਕ ਤੋਂ ਮਿੱਟੀ ਉਚੇੜਦਾ। ਮੇਰੇ ਵੱਲ ਤਾਂ ਝਾਕ ਵੀ ਨਹੀਂ ਸੀ ਰਿਹਾ। ਨੇੜੇ ਹੀ ਪੀ.ਜੀ.ਆਈ. ਦੇ ਲੋਕਲ ਬੱਸ ਅੱਡੇ 'ਤੇ ਬੱਸ ਸਟੈਂਡ ਨੂੰ ਜਾਣ ਵਾਲੀ ਇਕ ਬੱਸ ਆਈ। ਗੁਰਦੀਪ ਉਧਰ ਨੂੰ ਦੌੜਿਆ। ਸੋਚਿਆ ਉਸ ਨੂੰ ਕੁੜੀ ਦਿਸੀ ਹੈ। "ਕਿਧਰ ਜਾ ਰਿਹਾ ਏਂ?" ਅਚੰਭਤ ਹੋਏ ਨੇ ਮੈਂ ਪੁਛਿਆ, "ਪਿੰਡ ਜਾਣ ਲੱਗਾਂ, ਹੋਰ ਰਜਾਈ ਲੈਣ, ਦਿਨ ਤਾ ਅਜੇ ਬਥੇਰਾ ਖੜ੍ਹਾ।" ਉਸਨੇ ਮੇਰੇ ਵੱਲ ਨਹੀਂ ਦੇਖਿਆ ਤੇ ਬੱਸ ਵਿਚ ਛਾਲ ਮਾਰ ਦਿੱਤੀ।□□

[8345, Opal Drive, Westland, MI 48185, USA]

ਸਕੂਨ : ਪ੍ਰੇਮ ਮਾਨ

ਪ੍ਰੇਮ ਮਾਨ ਨੇ 1970 ਵਿਚ ਕਹਾਣੀ ਸੰਗ੍ਰਹਿ 'ਚੁਬਾਰੇ ਦੀ ਇੱਟ' ਪੰਜਾਬੀ ਸਾਹਿਤ ਨੂੰ ਭੇਟ ਕੀਤਾ ਸੀ। ਇਸ ਤੋਂ ਬਾਅਦ ਇਕ ਗ਼ਜ਼ਲ ਸੰਗ੍ਰਹਿ 'ਪਲਕਾਂ ਡੱਕੇ ਹੰਝੂ' ਛਪਵਾਇਆ ਸੀ। ਉਸ ਨੇ 1973 ਵਿਚ 'ਕਵਿਤਾ' ਮੈਗਜ਼ੀਨ ਦਾ ਕਹਾਣੀ ਅੰਕ ਵੀ ਦੋ ਜਿਲਦਾਂ ਵਿਚ ਸੰਪਾਦਤ ਕੀਤਾ ਸੀ। 1975 ਵਿਚ ਹਿੰਦੁਸਤਾਨ ਛੱਡਣ ਤੋਂ ਬਾਅਦ ਉਹ ਪੰਜਾਬੀ ਸਾਹਿਤ ਤੋਂ ਵੀ ਦੂਰ ਹੋ ਗਿਆ। ਪਰ 2004 ਵਿਚ ਉਸ ਨੇ ਫਿਰ ਪੰਜਾਬੀ ਸਾਹਿਤ ਵੱਲ ਮੋੜਾ ਪਾਇਆ। ਹੁਣ ਤਕ ਉਸ ਨੇ ਬਹੁਤ ਸਾਰੇ ਲੇਖ ਲਿਖੇ ਹਨ ਜੋ ਉਸਦੀ ਵੈੱਬਸਾਈਟ www.punjabiblog.com ਅਤੇ ਹੋਰ ਕਈ ਥਾਈਂ ਛਪੇ ਹਨ। ਇਹ ਕਹਾਣੀ 1974 ਤੋਂ ਬਾਅਦ ਉਸਦੀ ਲਿਖੀ ਪਹਿਲੀ ਕਹਾਣੀ ਹੈ। ਇਹ ਕਹਾਣੀ ਪੱਛਮੀ ਮੁਲਕਾਂ ਤੇ ਪੂਰਬੀ ਦੇਸ਼ਾਂ ਦੇ ਵੱਡੇ ਵੱਡੇ ਸ਼ਹਿਰਾਂ ਵਿਚ ਤੇਜ਼ੀ ਨਾਲ ਬਦਲ ਰਹੀਆਂ ਕਦਰਾਂ-ਕੀਮਤਾਂ ਨੂੰ ਦਰਸਾਉਂਦੀ ਹੈ।

"ਪੀਟ ਆਇਆ ਸੀ ਅੱਜ?" ਜੈਨੀਫ਼ਰ ਨੇ ਜੱਗੀ ਨੂੰ ਫ਼ੋਨ ਤੇ ਪੁੱਛਿਆ। ਅਸਲ ਵਿਚ ਜਦੋਂ ਪੀਟ ਜੱਗੀ ਕੋਲੋਂ ਜਾ ਕੇ ਬਿਲਡਿੰਗ ਵਿਚੋਂ ਬਾਹਰ ਨਿਕਲ ਰਿਹਾ ਸੀ ਤਾਂ ਜੈਨ ਬਿਲਡਿੰਗ ਦੇ ਅੰਦਰ ਆ ਰਹੀ ਸੀ। ਜੈਨ ਨੇ ਕੁਝ ਮਿੰਟ ਪੀਟ ਨਾਲ ਗੱਲਾਂ ਵੀ ਕੀਤੀਆਂ ਸਨ। ਆਪਣੇ ਅਪਾਰਟਮੈਂਟ ਵਿਚ ਪਹੁੰਚ ਕੇ ਜੈਨ ਨੇ ਜੱਗੀ ਨੂੰ ਫ਼ੋਨ ਕੀਤਾ ਸੀ।

"ਹਾਂ, ਆਇਆ ਸੀ।" ਜੱਗੀ ਦਾ ਜਵਾਬ ਸੀ।

"ਮੈਨੂੰ ਬਿਲਡਿੰਗ ਵਿਚੋਂ ਬਾਹਰ ਨਿਕਲਦਾ ਮਿਲਿਆ ਸੀ। ਮੈਂ ਸੋਚਿਆ ਸ਼ਾਇਦ ਤੇਰੇ ਕੋਲ ਹੀ ਆਇਆ ਹੋਵੇ।"

"ਹਾਂ, ਮੈਂ ਹੀ ਸੱਦਿਆ ਸੀ ਉਸ ਨੂੰ।"

"ਕਿਵੇਂ ਰਿਹਾ ਫਿਰ ਅੱਜ ਦਾ ਸੈਸ਼ਨ?"

"ਬਹੁਤ ਵਧੀਆ। ਵੈਰੀ ਰੀਲੈਕਸਿੰਗ।" ਅਤੇ ਫਿਰ ਦੋਵੇਂ ਹੱਸ ਪਈਆਂ।

"ਮੈਨੂੰ ਬਹੁਤ ਖੁਸ਼ੀ ਐ ਕਿ ਤੂੰ ਖੁਸ਼ ਐਂ।"

"ਜੈਨ, ਤੇਰਾ ਧੰਨਵਾਦ ਤੂੰ ਪੀਟ ਬਾਰੇ ਦੱਸਿਆ।"

"ਯੂ ਆਰ ਵੈਲਕਮ।"

ਫਿਰ ਜੱਗੀ ਅਤੇ ਜੈਨ ਕੁਝ ਦੇਰ ਪੀਟ ਬਾਰੇ ਅਤੇ ਹੋਰ ਗੱਲਾਂ ਕਰਦੀਆਂ ਰਹੀਆਂ ਅਤੇ ਹੱਸਦੀਆਂ ਰਹੀਆਂ।

*****

ਜਗਰੂਪ ਜੱਸਲ ਅਤੇ ਜੈਨੀਫ਼ਰ ਬਾਰਡ ਨਿਊ ਯਾਰਕ ਦੇ ਬਰੁੱਕਲਿਨ ਦੇ ਇਲਾਕੇ ਵਿਚ ਇਕੋ ਬਿਲਡਿੰਗ ਵਿਚ ਵੱਖਰੇ ਵੱਖਰੇ ਅਪਾਰਟਮੈਂਟਾਂ ਵਿਚ ਰਹਿੰਦੀਆਂ ਹਨ। ਤੀਹ ਸਾਲ ਪਹਿਲਾਂ ਦੋਵੇਂ ਹੀ ਨਿਊ ਯਾਰਕ ਦੀ ਇਕ ਯੂਨੀਵਰਸਿਟੀ ਵਿਚ ਪੜ੍ਹੀਆਂ ਸਨ ਜਿੱਥੇ ਜਗਰੂਪ ਚੰਡੀਗੜ੍ਹ ਤੋਂ ਐੱਮ.ਬੀ.ਏ. ਦੀ ਡਿਗਰੀ ਕਰਨ ਆਈ ਸੀ। ਜੈਨੀਫ਼ਰ ਅਮਰੀਕਨ ਗੋਰੀ ਕੁੜੀ ਹੈ। ਜਗਰੂਪ ਚੰਡੀਗੜ੍ਹ ਦੇ ਇਕ ਕਾਲਜ ਵਿਚ ਪੜ੍ਹੀ ਸੀ। ਨਿਊ ਯਾਰਕ ਵਿਚ ਆ ਕੇ ਜਗਰੂਪ, ਜਿਸ ਦਾ ਛੋਟਾ ਨਾਂ ਜੱਗੀ ਹੈ, ਰਹਿਣ ਵਾਸਤੇ ਮਕਾਨ ਦੀ ਤਲਾਸ਼ ਵਿਚ ਸੀ। ਯੂਨੀਵਰਸਿਟੀ ਦੇ ਇਕ ਬੁਲੇਟਨ ਬੋਰਡ 'ਤੇ ਲੱਗੇ ਇਕ ਇਸ਼ਤਿਹਾਰ ਵਿਚ ਇਕ ਲੜਕੀ ਆਪਣੇ ਨਾਲ ਰਹਿਣ ਲਈ ਇਕ ਸਾਥਣ ਦੀ ਭਾਲ ਵਿਚ ਸੀ। ਜੱਗੀ ਨੇ ਇਹ ਇਸ਼ਤਿਹਾਰ ਪੜ੍ਹ ਕੇ ਉਸ ਲੜਕੀ ਨੂੰ ਫ਼ੋਨ ਕੀਤਾ। ਅੱਗੋਂ ਜੈਨੀਫ਼ਰ ਨੇ ਆਪਣਾ ਨਾਮ ਅਤੇ ਮਕਾਨ ਦੀ ਡੀਟੇਲ ਦੱਸੀ। ਜੱਗੀ ਛੇਤੀ ਨਾਲ ਮਕਾਨ ਦੇਖਣ ਚਲੀ ਗਈ ਜੋ ਕਿ

ਯੂਨੀਵਰਸਿਟੀ ਤੋਂ ਦਸ ਕੁ ਮਿੰਟ ਦੀ ਤੁਰ ਕੇ ਜਾਣ ਦੀ ਦੂਰੀ 'ਤੇ ਸੀ। ਜੈਨੀਫ਼ਰ ਨੇ ਜੱਗੀ ਨੂੰ ਘਰ ਦਿਖਾਇਆ ਜੋ ਕਿ ਛੋਟੇ ਛੋਟੇ ਦੋ ਬੈੱਡ-ਰੂਮ ਦਾ ਅਪਾਰਟਮੈਂਟ ਸੀ, ਇਕ ਲਿਵਿੰਗ ਰੂਮ ਸੀ, ਇਕ ਬਾਥਰੂਮ ਸੀ, ਅਤੇ ਇਕ ਛੋਟੀ ਜਿਹੀ ਰਸੋਈ। ਜੱਗੀ ਨੇ ਝੱਟ ਹਾਂ ਕਰ ਦਿੱਤੀ ਕਿਉਂਕਿ ਇਕ ਤਾਂ ਇਹ ਅਪਾਰਟਮੈਂਟ ਯੂਨੀਵਰਸਿਟੀ ਦੇ ਬਹੁਤ ਨੇੜੇ ਸੀ ਅਤੇ ਦੂਜਾ ਉਸ ਨੇ ਸੁਣਿਆ ਸੀ ਕਿ ਨਿਊ ਯਾਰਕ ਵਿਚ ਮਕਾਨ ਲੱਭਣੇ ਬਹੁਤ ਔਖੇ ਸਨ। ਨਾਲੇ ਜੱਗੀ ਨੂੰ ਜੈਨੀਫ਼ਰ ਬਹੁਤ ਚੰਗੇ ਸੁਭਾਅ ਦੀ ਕੁੜੀ ਲੱਗੀ ਸੀ। ਜੱਗੀ ਦੇ ਹਾਂ ਕਰਨ 'ਤੇ ਜੈਨੀਫ਼ਰ ਅਤੇ ਜੱਗੀ ਨੇੜੇ ਹੀ ਸਟਾਰਬਕਸ 'ਤੇ ਕਾਫ਼ੀ ਪੀਣ ਚਲੇ ਗਈਆਂ ਤਾਂ ਜੁ ਉਹ ਦੋਵੇਂ ਹੀ ਇਕ ਦੂਜੇ ਨੂੰ ਜਾਣ ਸਕਣ। ਜੈਨੀਫ਼ਰ ਨੇ ਦੱਸਿਆ ਕਿ ਉਸ ਦਾ ਛੋਟਾ ਨਾਂ ਜੈਨ ਸੀ ਅਤੇ ਉਹ ਪੈਨਸਲਵੇਨੀਆ ਸੂਬੇ ਦੇ ਇਕ ਸ਼ਹਿਰ ਦੀ ਰਹਿਣ ਵਾਲੀ ਸੀ ਅਤੇ ਉਸ ਨੇ ਐੱਮ.ਬੀ.ਏ. ਕਰਨ ਲਈ ਨਿਊ ਯਾਰਕ ਦੀ ਇਸ ਯੂਨੀਵਰਸਿਟੀ ਨੂੰ ਚੁਣਿਆਂ ਸੀ ਕਿਉਂਕਿ ਇਸ ਦਾ ਕਾਫ਼ੀ ਨਾਂ ਸੀ। ਜੱਗੀ ਪੰਜਾਬ ਤੋਂ ਆ ਕੇ ਆਰਜ਼ੀ ਤੌਰ 'ਤੇ ਨਿਊ ਯਾਰਕ ਦੇ ਲਾਂਗ ਆਈਲੈਂਡ ਇਲਾਕੇ ਵਿਚ ਰਹਿੰਦੇ ਇਕ ਪਰਿਵਾਰਕ ਦੋਸਤ ਦੇ ਘਰ ਠਹਿਰੀ ਹੋਈ ਸੀ। ਦੂਸਰੇ ਦਿਨ ਹੀ ਉਸ ਨੇ ਆਪਣਾ ਸਮਾਨ ਜੈਨ ਵਾਲੇ ਅਪਾਰਟਮੈਂਟ ਵਿਚ ਲੈ ਆਂਦਾ। ਜੱਗੀ ਚੰਡੀਗੜ੍ਹ ਵਰਗੇ ਮਾਡਰਨ ਸ਼ਹਿਰ ਵਿਚ ਜੰਮੀ ਪਲੀ ਹੋਣ ਕਾਰਨ ਸੁਭਾਅ ਦੀ ਕਾਫ਼ੀ ਖੁੱਲ੍ਹੀ ਸੀ। ਜੈਨ ਵਾਲੇ ਅਪਾਰਟਮੈਂਟ ਵਿਚ ਆਉਣ ਤੋਂ ਛੇਤੀ ਬਾਅਦ ਹੀ ਉਹ ਦੋਵੇਂ ਬਹੁਤ ਘੁਲ ਮਿਲ ਗਈਆਂ ਸਨ ਅਤੇ ਗੂੜ੍ਹੀਆਂ ਦੋਸਤ ਬਣ ਗਈਆਂ ਸਨ। ਉਹ ਕਈ ਵਾਰੀ ਇਕੱਠੀਆਂ ਹੀ ਰਾਤ ਨੂੰ ਕਲੱਬਾਂ ਵਿਚ ਜਾਂਦੀਆਂ। ਕਈ ਕਈ ਘੰਟੇ ਇਨ੍ਹਾਂ ਕਲੱਬਾਂ ਵਿਚ ਦੋਵੇਂ ਹਲਕੀ ਹਲਕੀ ਸ਼ਰਾਬ ਪੀਂਦੀਆਂ ਅਤੇ ਡਾਂਸ ਕਰਦੀਆਂ ਮੌਜ ਮੇਲਾ ਕਰਦੀਆਂ ਰਹਿੰਦੀਆਂ। ਕਦੇ ਕਦੇ ਥੋੜ੍ਹੀ ਬਹੁਤ ਸ਼ਰਾਬ ਪੀਣ ਦੀ ਆਦਤ ਤਾਂ ਜੱਗੀ ਨੂੰ ਚੰਡੀਗੜ੍ਹ ਤੋਂ ਹੀ ਸੀ।

*****

ਜੱਗੀ ਅਤੇ ਜੈਨ ਨੇ ਐੱਮ.ਬੀ.ਏ. ਦੀ ਡਿਗਰੀ ਖ਼ਤਮ ਕਰ ਕੇ ਨਿਊ ਯਾਰਕ ਵਿਚ ਹੀ ਨੌਕਰੀਆਂ ਲੈ ਲਈਆਂ ਸਨ। ਜੱਗੀ ਮੈਨਹਟਨ ਵਿਚ ਇਕ ਕੰਪਨੀ ਦੇ ਮਾਰਕੀਟਿੰਗ ਵਿਭਾਗ ਵਿਚ ਕੰਮ ਕਰਦੀ ਸੀ ਅਤੇ ਜੈਨ ਮੈਨਹਟਨ ਵਿਚ ਹੀ ਇਕ ਹੋਰ ਕੰਪਨੀ ਦੇ ਫਾਈਨੈਨਸ਼ੀਅਲ ਵਿਭਾਗ ਵਿਚ ਕੰਮ ਕਰਦੀ ਸੀ। ਦੋਵੇਂ ਹੀ ਜ਼ਿੰਦਗੀ ਵਿਚ ਬਹੁਤ ਸਫ਼ਲ ਸਨ ਅਤੇ ਕਾਫ਼ੀ ਤਨਖ਼ਾਹਾਂ ਲੈ ਰਹੀਆਂ ਸਨ। ਦੋਵਾਂ ਨੇ ਮੈਨਹਟਨ ਤੋਂ ਕੁਝ ਮੀਲ 'ਤੇ ਹੀ ਬਰੁੱਕਲਿਨ ਵਿਚ ਇਕ ਉੱਚੀ ਵੀਹ ਮੰਜ਼ਲੀ ਬਿਲਡਿੰਗ ਵਿਚ ਆਪਣੇ ਆਪਣੇ ਅਪਾਰਟਮੈਂਟ ਮੁੱਲ ਲੈ ਲਏ ਸਨ। ਜੱਗੀ ਦਾ ਅਪਾਰਟਮੈਂਟ ਇਸ ਬਿਲਡਿੰਗ ਦੀ ਅੱਠਵੀਂ ਮੰਜ਼ਲ 'ਤੇ ਸੀ ਅਤੇ ਜੈਨ ਦਾ ਅਪਾਰਟਮੈਂਟ ਚੌਧਵੀਂ ਮੰਜ਼ਲ 'ਤੇ ਸੀ। ਤੀਹਾਂ ਸਾਲਾਂ ਬਾਅਦ ਪਚਵੰਜਾ ਕੁ ਸਾਲ ਦੀ ਉਮਰ ਵਿਚ ਵੀ ਉਹ ਦੋਵੇਂ ਬਹੁਤ ਗੂੜ੍ਹੀਆਂ ਦੋਸਤ ਸਨ ਅਤੇ ਹਫ਼ਤੇ ਵਿਚ ਲਗਪਗ ਤਿੰਨ ਚਾਰ ਵਾਰੀ ਇਕ ਦੂਜੇ ਨੂੰ ਜ਼ਰੂਰ ਮਿਲਦੀਆਂ ਸਨ ਅਤੇ ਬਹੁਤੀ ਵਾਰੀ ਵੀਕਐਂਡ 'ਤੇ ਇਕੱਠੀਆਂ ਕਲੱਬਾਂ ਵਿਚ ਮੌਜ ਮੇਲਾ ਕਰਨ ਵੀ ਜਾਂਦੀਆਂ ਸਨ।

*****

ਯੂਨੀਵਰਸਿਟੀ ਦੇ ਦਿਨਾਂ ਵਿਚ ਹੀ ਜੱਗੀ ਦੇ ਅਮਰੀਕਾ ਆਉਣ ਤੋਂ ਦੋ ਕੁ ਮਹੀਨੇ ਬਾਅਦ ਇਕ ਦਿਨ ਜੱਗੀ ਅਤੇ ਜੈਨ ਇਕੱਠੀਆਂ ਡਿਨਰ ਕਰ ਕੇ ਵਾਪਸ ਅਪਾਰਟਮੈਂਟ ਵਿਚ ਆਈਆਂ ਅਤੇ ਆਮ ਦਿਨਾਂ ਵਾਂਗ ਲਿਵਿੰਗ ਰੂਮ ਵਿਚ ਬੈਠ ਕੇ ਕਾਫ਼ੀ ਪੀਂਦੀਆਂ ਗੱਲਾਂ ਕਰਨ ਲੱਗ ਪਈਆਂ। ਗੱਲਾਂ ਕਰਦਿਆਂ ਕਰਦਿਆਂ ਹੀ ਜੈਨ ਨੇ ਆਖਿਆ, "ਮੇਰਾ ਤਾਂ ਵਿਆਹ ਕਰਾਉਣ ਦਾ ਕੋਈ ਵਿਚਾਰ ਨਹੀਂ। ਮੇਰਾ ਤਾਂ ਇਕ ਦਿਨ ਕਿਸੇ ਕੰਪਨੀ ਦੀ ਸੀ.ਈ.ਓ. ਬਣਨ ਦਾ ਸੁਪਨਾ ਹੈ।"

"ਮੈਂ ਵੀ ਵਿਆਹ ਨਹੀਂ ਕਰਾਉਣਾ। ਮੇਰੀ ਬੱਚੇ ਪੈਦਾ ਕਰਨ ਦੀ ਕੋਈ ਖ਼ਾਹਿਸ਼ ਨਹੀਂ। ਜੇ

ਕਦੇ ਇੱਛਾ ਜਾਗੀ ਵੀ ਤਾਂ ਕਿਸੇ ਦਾ ਬੱਚਾ ਅਪਣਾ ਲਵਾਂਗੀ।" ਜੱਗੀ ਦਾ ਜਵਾਬ ਸੀ।

"ਮੈਂ ਵੀ ਬੱਚੇ ਪੈਦਾ ਕਰਨ ਬਾਰੇ ਇਹੋ ਸੋਚਿਆ ਹੈ। ਨਾਲੇ ਆਦਮੀ ਘਰ ਬਿਠਾ ਕੇ ਕੀ ਲੈਣਾ। ਤੁਹਾਡੀ ਸਾਰੀ ਆਜ਼ਾਦੀ ਜਾਂਦੀ ਰਹਿੰਦੀ ਹੈ। ਅਮਰੀਕਾ ਵਿਚ ਤਾਂ ਹੁਣ ਬਹੁਤ ਸਾਰੀਆਂ ਔਰਤਾਂ ਵਿਆਹ ਕਰਾਉਂਦੀਆਂ ਹੀ ਨਹੀਂ। ਜੇ ਕੋਈ ਚੰਗਾ ਆਦਮੀ ਮਿਲ ਵੀ ਜਾਵੇ ਤਾਂ ਵੈਸੇ ਹੀ ਨਾਲ ਰਹੀ ਜਾਵੋ। ਜਦੋਂ ਜੀਅ ਕਰੇ ਵੱਖਰੇ ਹੋ ਜਾਵੋ। ਕੋਈ ਬੰਦਸ਼ ਨਹੀਂ। ਜੇ ਨਾ ਨਿਭੇ ਤਾਂ ਤਲਾਕ ਦੇ ਚੱਕਰਾਂ ਵਿਚ ਖੱਜਲ ਖ਼ੁਆਰ ਨਹੀਂ ਹੋਣਾ ਪੈਂਦਾ। ਆਪਣਾ ਸਮਾਨ ਚੁੱਕੋ ਤੇ ਤੁਰਦੇ ਹੋਵੋ।" ਜੈੱਨ ਇਹ ਕਹਿ ਕੇ ਥੋੜ੍ਹਾ ਜਿਹਾ ਮੁਸਕਰਾਈ।

"ਆਦਮੀਆਂ ਦਾ ਕੀ ਐ, ਜਦੋਂ ਲੋੜ ਪਵੇ ਕਿਸੇ ਨੂੰ ਵੀ ਬਾਂਹੋਂ ਫੜ ਲਓ। ਕਦੇ ਕੋਈ ਆਦਮੀ ਵੀ ਨਾਂਹ ਕਰਦਾ ਦੇਖਿਆ?" ਜੱਗੀ ਕਹਿ ਕੇ ਉੱਚੀ ਉੱਚੀ ਹੱਸ ਪਈ। ਉਸ ਨੂੰ ਚੰਡੀਗੜ੍ਹ ਦੇ ਦਿਨ ਯਾਦ ਆ ਗਏ ਜਦੋਂ ਕਾਲਿਜ ਪੜ੍ਹਦਿਆਂ ਮੁੰਡੇ ਕੁੜੀਆਂ ਦੇ ਦੁਆਲੇ ਮੱਖੀਆਂ ਵਾਂਗ ਘੁੰਮਦੇ ਰਹਿੰਦੇ ਸਨ। ਜੱਗੀ ਦੁਆਲੇ ਵੀ ਮੁੰਡੇ ਗੇੜੇ ਕੱਢਦੇ ਰਹਿੰਦੇ ਸਨ। ਕਈ ਤਾਂ ਜੱਗੀ ਨੂੰ ਮਨਾਉਣ ਲਈ ਉਸ ਦੀਆਂ ਮਿੰਨਤਾਂ ਕਰਨ ਤਕ ਵੀ ਗਏ ਸਨ। ਉਸ ਨੂੰ ਯਾਦ ਆ ਗਿਆ ਕਿ ਇਕ ਵਾਰੀ ਮਿੰਦਰ ਤਾਂ ਉਸ ਦੇ ਪਿੱਛੇ ਹੀ ਪੈ ਗਿਆ ਸੀ। ਹਰ ਵੇਲੇ ਉਸ ਦੇ ਆਲ਼ੇ ਦੁਆਲੇ ਫਿਰਦਾ ਰਹਿੰਦਾ ਸੀ। ਕਈ ਵਾਰੀ ਝਿੜਕਣ ਦੇ ਬਾਵਜੂਦ ਪਿੱਛਾ ਨਹੀਂ ਸੀ ਛੱਡਦਾ। ਇਕ ਉਹ ਭੱਦਾ ਜਿਹਾ ਜਤਿੰਦਰ ਸੀ ਜੋ ਰੋਜ਼ ਹੀ ਉਸ ਨੂੰ ਕਹਿੰਦਾ ਹੁੰਦਾ ਸੀ ਕਿ ਤੂੰ ਮੈਨੂੰ ਬਹੁਤ ਸੋਹਣੀ ਲਗਦੀ ਐਂ। ਜੱਗੀ ਨੇ ਉਸ ਨੂੰ ਕਈ ਵਾਰੀ ਕਿਹਾ ਸੀ ਕਿ ਜਾ ਕੇ ਪਹਿਲਾਂ ਆਪਣੀ ਸ਼ਕਲ ਸ਼ੀਸ਼ੇ ਵਿਚ ਦੇਖ, ਪਰ ਉਹ ਸੀ ਕਿ ਪੁੱਛਣੋਂ ਹਟਦਾ ਹੀ ਨਹੀਂ ਸੀ। ਰਵੀ ਦਾ ਤਾਂ ਇੰਨਾ ਹੌਸਲਾ ਸੀ ਕਿ ਉਸ ਨੇ ਜੱਗੀ ਨੂੰ ਇਕ ਵਾਰੀ ਇਕੱਲੀ ਨੂੰ ਦੇਖ ਕੇ ਕਿਹਾ ਸੀ ਕਿ ਉਸ ਨੇ ਤਾਂ ਵਿਆਹ ਹੀ ਉਸ ਨਾਲ ਕਰਾਉਣਾ ਹੈ। ਜੱਗੀ ਨੇ ਉਸ ਨੂੰ ਆਪਣੇ ਪਿੱਛੋਂ ਲਾਹੁਣ ਲਈ ਝੂਠੀ ਮੂਠੀ ਆਖ ਦਿੱਤਾ ਸੀ ਕਿ ਉਸ ਦੀ ਕਿਸੇ ਹੋਰ ਨਾਲ ਕੁੜਮਾਈ ਪਹਿਲਾਂ ਹੀ ਹੋ ਚੁੱਕੀ ਸੀ ਪਰ ਉਹ ਫਿਰ ਵੀ ਨਹੀਂ ਸੀ ਟਲਿਆ। ਅਤੇ ਇਹੋ ਜਿਹੇ ਹੋਰ ਅਨੇਕਾਂ ਲਫ਼ੰਗੇ ਜੱਗੀ ਨੂੰ ਰੋਜ਼ ਤੰਗ ਕਰਦੇ ਰਹਿੰਦੇ ਸਨ। ਉਹ ਸੋਚ ਰਹੀ ਸੀ ਕਿ ਇੱਥੇ ਅਮਰੀਕਾ ਵਿਚ ਆਦਮੀ ਇਸ ਤਰ੍ਹਾਂ ਔਰਤਾਂ ਨੂੰ ਤੰਗ ਨਹੀਂ ਕਰਦੇ। ਜੇ ਕਿਸੇ ਆਦਮੀ ਨੂੰ ਕੋਈ ਜਾਣ ਪਛਾਣ ਵਾਲੀ ਔਰਤ ਪਸੰਦ ਹੋਵੇ ਤਾਂ ਉਹ ਬੜੀ ਆਸਾਨੀ ਨਾਲ ਇਹ ਗੱਲ ਉਸ ਔਰਤ ਨੂੰ ਆਖ ਦਿੰਦਾ ਹੈ। ਜੇ ਔਰਤ ਨਾਂਹ ਕਰ ਦੇਵੇ ਤਾਂ ਗੱਲ ਉੱਥੇ ਹੀ ਖ਼ਤਮ ਹੋ ਜਾਂਦੀ ਹੈ। ਆਦਮੀ ਆਮ ਤੌਰ 'ਤੇ ਮੁੜ ਕੇ ਇਹ ਗੱਲ ਨਹੀਂ ਕਰਦਾ। ਕਾਲਿਜਾਂ ਵਿਚ ਅਤੇ ਦਫ਼ਤਰਾਂ ਵਿਚ ਆਦਮੀ ਤੇ ਔਰਤਾਂ ਦੋਸਤਾਂ ਵਾਂਗ ਰਹਿੰਦੇ ਹਨ, ਇਕੱਠੇ ਖਾਣਾ ਖਾਣ ਜਾਂਦੇ ਹਨ ਪਰ ਕੋਈ ਵੀ ਅਜਿਹੀ ਹਰਕਤ ਨਹੀਂ ਕਰਦੇ ਜਿਸ ਨਾਲ ਉਨ੍ਹਾਂ ਦੇ ਦੋਸਤਾਨਾ ਸੰਬੰਧ ਖ਼ਰਾਬ ਹੋਣ। ਇੱਥੇ ਤਾਂ ਕਾਲਿਜਾਂ ਦੇ ਹੋਸਟਲਾਂ ਵਿਚ ਮੁੰਡੇ ਕੁੜੀਆਂ ਇਕੱਠੇ ਰਹਿੰਦੇ ਹਨ। ਮੁੰਡਿਆਂ ਅਤੇ ਕੁੜੀਆਂ ਦੇ ਹੋਸਟਲ ਵੱਖਰੇ ਵੱਖਰੇ ਨਹੀਂ।

"ਕੀ ਗੱਲ ਹੋਈ, ਕਿਹੜੇ ਖ਼ਿਆਲਾਂ ਵਿਚ ਡੁੱਬ ਗਈ ਏਂ?" ਜੈੱਨ ਨੇ ਜੱਗੀ ਨੂੰ ਪੁੱਛਿਆ ਕਿਉਂਕਿ ਉਸ ਨੂੰ ਲੱਗਾ ਸੀ ਕਿ ਜੱਗੀ ਕਿਧਰੇ ਡੂੰਘੇ ਖ਼ਿਆਲਾਂ ਵਿਚ ਗੁੰਮ ਗਈ ਸੀ।

ਜੱਗੀ ਨੇ ਸੱਚ ਸੱਚ ਦੱਸ ਦਿੱਤਾ ਕਿ ਉਹ ਹਿੰਦੁਸਤਾਨ ਅਤੇ ਅਮਰੀਕਾ ਦੇ ਸਭਿਆਚਾਰ ਦੇ ਫ਼ਰਕ ਬਾਰੇ ਸੋਚ ਰਹੀ ਸੀ ਕਿ ਕਿਸ ਤਰ੍ਹਾਂ ਆਦਮੀ-ਔਰਤ ਦਾ ਰਿਸ਼ਤਾ ਦੋਹਾਂ ਮੁਲਕਾਂ ਵਿਚ ਬਹੁਤ ਵੱਖਰਾ ਹੈ। ਅਤੇ ਫਿਰ ਉਹ ਦੋਵੇਂ ਇਸ ਵਿਸ਼ੇ 'ਤੇ ਕਾਫ਼ੀ ਦੇਰ ਗੱਲਾਂ ਕਰਦੀਆਂ ਰਹੀਆਂ।

*****

ਯੂਨੀਵਰਸਿਟੀ ਦੇ ਦਿਨਾਂ ਵਿਚ ਜੱਗੀ ਅਤੇ ਜੈੱਨ ਦੋਵੇਂ ਹੀ ਹਫ਼ਤੇ ਵਿਚ ਇਕ ਦੋ ਵਾਰੀ ਜ਼ਰੂਰ ਆਪਣੇ ਅਪਾਰਟਮੈਂਟ ਵਿਚ ਖਾਣਾ ਇਕੱਠੀਆਂ ਬਣਾਉਂਦੀਆਂ ਅਤੇ ਖਾਂਦੀਆਂ ਅਤੇ ਜ਼ਿੰਦਗੀ

ਬਾਰੇ ਗੱਲਾਂ ਕਰਦੀਆਂ। ਜੈੱਨ ਨੂੰ ਹਿੰਦੁਸਤਾਨ ਬਾਰੇ ਹੋਰ ਜਾਨਣ ਦੀ ਹਮੇਸ਼ਾ ਇੱਛਾ ਰਹਿੰਦੀ ਸੀ ਅਤੇ ਜੱਗੀ ਅਮਰੀਕਾ ਦੇ ਰਸਮਾਂ ਰਿਵਾਜਾਂ ਬਾਰੇ ਵੱਧ ਤੋਂ ਵੱਧ ਜਾਨਣਾ ਚਾਹੁੰਦੀ ਸੀ। ਇਕ ਦਿਨ ਖਾਣਾ ਖਾਣ ਤੋਂ ਬਾਅਦ ਦੋਵੇਂ ਬੈਠੀਆਂ ਗੱਲਾਂ ਕਰ ਰਹੀਆਂ ਸਨ ਕਿ ਗੱਲ ਸੈਕਸ ਬਾਰੇ ਚੱਲ ਪਈ।

"ਅਮਰੀਕਨ ਲੋਕ ਸੈਕਸ ਬਾਰੇ ਬਹੁਤ ਖੁੱਲ੍ਹੇ ਹਨ। ਹਿੰਦੁਸਤਾਨ ਵਿਚ ਤਾਂ ਇਸ ਨੂੰ ਗੰਦਾ ਹੀ ਸਮਝਿਆ ਜਾਂਦਾ ਹੈ ਪਰ ਫਿਰ ਵੀ ਅਸੀਂ ਸਾਰੇ ਇਸ ਵਿਚ ਹਿੱਸੇਦਾਰ ਹੁੰਦੇ ਹਾਂ।" ਜੱਗੀ ਨੇ ਜੋ ਦੇਖਿਆ ਸੀ ਉਸ ਬਾਰੇ ਦੱਸਿਆ।

"ਸਾਡੇ ਲਈ ਸੈਕਸ ਇਕ ਸਾਧਾਰਨ ਗੱਲ ਏ। ਅਸੀਂ ਇਸ ਬਾਰੇ ਆਮ ਖੁੱਲ੍ਹੀਆਂ ਗੱਲਾਂ ਕਰਦੇ ਹਾਂ- ਕਲਾਸਾਂ ਵਿਚ, ਦੋਸਤਾਂ ਨਾਲ, ਕੰਮ ਕਰਨ ਵਾਲਿਆਂ ਨਾਲ, ਪਰਿਵਾਰ ਦੇ ਮੈਂਬਰਾਂ ਨਾਲ, ਆਦਿ। ਭੋਜਨ ਦੀ ਭੁੱਖ ਤੋਂ ਬਾਅਦ ਇਨਸਾਨ ਦੀ ਦੂਜੀ ਭੁੱਖ ਸੈਕਸ ਹੈ। ਅਸੀਂ ਇਸ ਨੂੰ ਲੁਕਾਉਂਦੇ ਨਹੀਂ। ਅਸੀਂ ਸੈਕਸ ਨੂੰ ਮਾਣਦੇ ਹਾਂ। ਇਸ ਵਿਚੋਂ ਸੰਤੁਸ਼ਟੀ ਪ੍ਰਾਪਤ ਕਰਦੇ ਹਾਂ। ਅਸੀਂ ਸੈਕਸ ਨੂੰ ਗੰਦਾ ਨਹੀਂ ਸਮਝਦੇ। ਇਹ ਜ਼ਿੰਦਗੀ ਦਾ ਇਕ ਬਿਹਤਰੀਨ ਅਤੇ ਖ਼ੂਬਸੂਰਤ ਪੱਖ ਹੈ। ਜਦੋਂ ਬੱਚੇ ਅਡਲਟ ਹੋ ਜਾਣ ਤਾਂ ਮਾਂ ਪਿਉ ਵੀ ਉਨ੍ਹਾਂ ਨੂੰ ਪਿਆਰ ਕਰਨ ਤੋਂ ਨਹੀਂ ਰੋਕਦੇ।"

"ਮੈਂ ਤਾਂ ਹਿੰਦੁਸਤਾਨ ਵਿਚ ਇਕੋ ਲੜਕੇ ਨਾਲ ਇਸ਼ਕ ਕੀਤਾ ਸੀ ਅਤੇ ਉਹ ਵੀ ਲੁਕ ਲੁਕ ਕੇ। ਮਾਂ ਪਿਉ ਤੋਂ ਚੋਰੀ ਮਿਲਣਾ। ਐਵੇਂ ਥੋੜ੍ਹੇ ਸਮੇਂ ਲਈ ਮਿਲਣਾ। ਡਰ ਨਾਲ ਕੋਈ ਸੁਆਦ ਵੀ ਨਾ ਆਉਣਾ।"

"ਮੈਂ ਤਾਂ ਹੁਣ ਤਕ ਪੰਜ-ਛੇ ਇਸ਼ਕ ਕੀਤੇ ਹੀ ਹੋਣਗੇ। ਜਦੋਂ ਵੀ ਮੈਂ ਸਕੂਲ ਬਦਲਿਆ ਜਾਂ ਕਾਲਿਜ ਬਦਲਿਆ ਤਾਂ ਆਸ਼ਕ ਵੀ ਬਦਲ ਲਿਆ। ਤੁਸੀਂ ਸ਼ੁਰੂ ਹੋ ਜਾਵੋ ਤਾਂ ਆਦਤ ਜਿਹੀ ਪੈ ਜਾਂਦੀ ਹੈ। ਵੈਸੇ ਵੀ ਸਾਲ ਕੁ ਬਾਅਦ ਤੁਸੀਂ ਆਦਮੀ ਤੋਂ ਬੋਰ ਹੋ ਜਾਂਦੇ ਹੋ।" ਕਹਿ ਕੇ ਜੈੱਨ ਹੱਸ ਪਈ।

"ਤੈਨੂੰ ਕਿਹੋ ਜਿਹੇ ਆਦਮੀ ਪਸੰਦ ਹਨ?" ਜੱਗੀ ਨੇ ਪੁੱਛਿਆ।

"ਜਿਨ੍ਹਾਂ ਨੇ ਕਸਰਤ ਕਰ ਕਰ ਕੇ ਆਪਣਾ ਸਰੀਰ ਗੁੰਦਿਆ ਹੋਵੇ। ਵੱਡੇ ਵੱਡੇ ਡੌਲ਼ਿਆਂ ਵਾਲੇ। ਪੱਟ ਭਲਵਾਨਾਂ ਵਰਗੇ ਹੋਣ। ਸਰੀਰ ਵਿਚੋਂ ਖ਼ੂਬਸੂਰਤੀ ਦੀ ਮਹਿਕ ਆਉਂਦੀ ਹੋਵੇ। ਮੈਂ ਭਾਵੇਂ ਆਪ ਗੋਰੀ ਹਾਂ ਪਰ ਮੈਨੂੰ ਗੋਰੇ ਆਦਮੀ ਬਹੁਤੇ ਪਸੰਦ ਨਹੀਂ। ਗੋਰਾ ਰੰਗ ਵੀ ਕੋਈ ਰੰਗ ਹੈ? ਮੈਂ ਹੁਣ ਤਕ ਇਕ ਗੋਰੇ ਆਦਮੀ ਨੂੰ ਇਸ਼ਕ ਕੀਤਾ, ਇਕ ਏਸ਼ੀਅਨ ਸੀ, ਅਤੇ ਬਾਕੀ ਸਾਰੇ ਕਾਲੇ ਸਨ। ਮੈਨੂੰ ਆਦਮੀ ਨਹੀਂ ਚਾਹੀਦਾ। ਮੈਨੂੰ ਆਸ਼ਕ ਚਾਹੀਦਾ, ਮੈਨੂੰ ਲਵਰ ਚਾਹੀਦਾ ਜੋ ਮੇਰੀਆਂ ਖਾਹਿਸ਼ਾਂ ਨੂੰ ਪੂਰਾ ਕਰ ਸਕੇ।" ਜੈੱਨ ਦੇ ਬੁੱਲਾਂ 'ਤੇ ਮੁਸਕਰਾਹਟ ਸੀ।

"ਹਿੰਦੁਸਤਾਨ ਵਿਚ ਤਾਂ ਸਾਰੇ ਲੋਕ ਗੋਰੇ ਰੰਗ ਨੂੰ ਹੀ ਪਸੰਦ ਕਰਦੇ ਹਨ। ਕਾਲੇ ਰੰਗ ਨੂੰ ਤਾਂ ਬਹੁਤ ਘੱਟ ਲੋਕ ਪਸੰਦ ਕਰਦੇ ਹਨ। ਮੈਨੂੰ ਤਾਂ ਆਪ ਗੋਰਾ ਰੰਗ ਪਸੰਦ ਹੈ। ਪਰ ਮੈਨੂੰ ਵੱਡੇ ਵੱਡੇ ਡੌਲ਼ੇ ਅਤੇ ਵੱਡੇ ਵੱਡੇ ਪੱਟਾਂ ਵਾਲੇ ਭਲਵਾਨ ਪਸੰਦ ਨਹੀਂ। ਮੈਨੂੰ ਤਾਂ ਫਲੈਟ ਜਿਹੇ ਸਰੀਰ ਵਾਲੇ ਆਦਮੀ ਹੀ ਪਸੰਦ ਹਨ।"

"ਪਰ ਤੂੰ ਕਦੇ ਕਿਸੇ ਗੁੰਦੇ ਸਰੀਰ ਵਾਲੇ ਕਾਲੇ ਨੂੰ ਪਿਆਰ ਕਰ ਕੇ ਦੇਖੀਂ। ਤੂੰ ਗੋਰੇ ਰੰਗ ਨੂੰ ਭੁੱਲ ਜਾਵੇਂਗੀ।" ਕਹਿ ਕੇ ਜੈੱਨ ਨੇ ਮਸ਼ਕਰੀ ਹਾਸੀ ਹੱਸਦਿਆਂ ਕੋਲ ਬੈਠੀ ਜੱਗੀ ਦੇ ਮੋਢੇ 'ਤੇ ਪਿਆਰ ਨਾਲ ਧੱਫਾ ਮਾਰਿਆ।

"ਹਾਲੇ ਤਾਂ ਜੀਅ ਨਹੀਂ ਕਰਦਾ, ਪਰ ਜੇ ਕਦੇ ਮਨ ਨੇ ਚਾਹਿਆ ਤਾਂ ਸੋਚ ਲਵਾਂਗੀ।"

*****

ਜੱਗੀ ਦੀ ਉਮਰ ਹੁਣ ਪਚਵੰਜਾ ਸਾਲ ਤੋਂ ਟੱਪ ਗਈ ਹੈ। ਉਹ ਆਪਣੇ ਅਪਾਰਟਮੈਂਟ ਦੇ

ਲਿਵਿੰਗ ਰੂਮ ਵਿਚ ਬੈਠੀ ਆਪਣੀ ਜ਼ਿੰਦਗੀ ਦੇ ਬੀਤ ਗਏ ਸਾਲਾਂ 'ਤੇ ਝਾਤ ਮਾਰਦੀ ਹੈ। ਜਦੋਂ ਉਹ ਛੋਟੀ ਜਿਹੀ ਸੀ ਤਾਂ ਚੰਡੀਗੜ੍ਹ ਰਹਿੰਦੀ ਸੀ ਆਪਣੇ ਪਿਤਾ, ਮਾਂ, ਅਤੇ ਭਰਾ ਨਾਲ। ਪਿਤਾ ਇਕ ਵੱਡਾ ਅਫ਼ਸਰ ਸੀ। ਘਰ ਵਿਚ ਪਿਤਾ ਦੀ ਹੀ ਚੱਲਦੀ ਸੀ। ਪਿਉ ਦਾ ਘਰ ਵਿਚਲੀ ਹਰ ਗੱਲ 'ਤੇ ਕੰਟਰੋਲ ਸੀ। ਕੋਈ ਵੀ ਪਰਿਵਾਰ ਦਾ ਮੈਂਬਰ ਉਸ ਦੀ ਇਜਾਜ਼ਤ ਤੋਂ ਬਿਨਾ ਕੁਝ ਨਹੀਂ ਸੀ ਕਰ ਸਕਦਾ। ਜਿਉਂ ਜਿਉਂ ਜੱਗੀ ਜਵਾਨ ਹੁੰਦੀ ਗਈ, ਉਸ ਨੂੰ ਥੋੜ੍ਹੀ ਥੋੜ੍ਹੀ ਖੁੱਲ੍ਹ ਵੀ ਮਿਲਦੀ ਗਈ, ਸ਼ਰਤ ਇਕੋ ਸੀ ਕਿ ਉਹ ਪੜ੍ਹਾਈ ਵਿਚ ਸਭ ਤੋਂ ਅਗਲੀ ਕਤਾਰ ਵਿਚ ਹੋਵੇ। ਜੱਗੀ ਨੇ ਹਮੇਸ਼ਾ ਇਹ ਵਾਅਦਾ ਪੂਰਾ ਕੀਤਾ ਸੀ। ਕਾਲਿਜ ਵਿਚ ਉਹ ਮਾਂ ਪਿਉ ਤੋਂ ਛੁਪ ਕੇ ਕਲੱਬਾਂ ਵਿਚ ਵੀ ਜਾ ਆਉਂਦੀ ਸੀ, ਸਹੇਲੀਆਂ ਨਾਲ ਕਦੇ ਕਦੇ ਕੁਝ ਸ਼ਰਾਬ ਵੀ ਪੀ ਲੈਂਦੀ ਸੀ। ਫਿਰ ਉਸ ਦਾ ਸੁਖਿੰਦਰਜੀਤ ਨਾਲ ਇਸ਼ਕ ਵੀ ਹੋ ਗਿਆ ਸੀ। ਇਹ ਇਸ਼ਕ ਦਾ ਕੰਮ ਉਸ ਲਈ ਬਹੁਤ ਔਖਾ ਸੀ। ਪਿਉ ਇਸ ਦੇ ਬਿਲਕੁਲ ਖ਼ਿਲਾਫ਼ ਸੀ। ਜੇ ਉਸ ਨੂੰ ਪਤਾ ਲੱਗ ਜਾਂਦਾ ਤਾਂ ਪਤਾ ਨਹੀਂ ਕੀ ਹੁੰਦਾ। ਜੱਗੀ ਆਪਣੇ ਆਸ਼ਕ ਨੂੰ ਲੁਕ ਛੁਪ ਕੇ ਹੀ ਮਿਲਦੀ ਸੀ। ਕਾਲਿਜ ਤੋਂ ਬਾਅਦ ਉਸ ਦੇ ਪਿਤਾ ਨੇ ਜੱਗੀ ਨੂੰ ਨਿਊ ਯਾਰਕ ਪੜ੍ਹਨ ਲਈ ਭੇਜ ਦਿੱਤਾ ਸੀ। ਪਿਉ ਨੂੰ ਆਸ ਸੀ ਕਿ ਜੱਗੀ ਐੱਮ.ਬੀ.ਏ. ਕਰ ਕੇ ਵਾਪਸ ਹਿੰਦੁਸਤਾਨ ਆ ਜਾਵੇਗੀ ਅਤੇ ਪਿਉ ਦੇ ਰਸੂਖ਼ ਨਾਲ ਕਿਸੇ ਬਹੁਤ ਵਧੀਆ ਨੌਕਰੀ 'ਤੇ ਲੱਗ ਜਾਵੇਗੀ। ਪਰ ਜੱਗੀ ਨੂੰ ਤਾਂ ਅਮਰੀਕਾ ਦੀ ਜ਼ਿੰਦਗੀ ਪਸੰਦ ਆ ਗਈ ਸੀ। ਉਸ ਦਾ ਜੀਅ ਕਦੇ ਵੀ ਪੱਕੇ ਤੌਰ 'ਤੇ ਵਾਪਸ ਹਿੰਦੁਸਤਾਨ ਨੂੰ ਜਾਣ ਨੂੰ ਨਹੀਂ ਸੀ ਕੀਤਾ। ਯੂਨੀਵਰਸਿਟੀ ਵਿਚ ਆਉਣ ਤੋਂ ਕੁਝ ਮਹੀਨੇ ਬਾਅਦ ਹੀ ਜੱਗੀ ਅਤੇ ਰਿਚਰਡ ਕਾਫ਼ੀ ਅੱਛੇ ਦੋਸਤ ਬਣ ਗਏ ਸਨ। ਰਿਚਰਡ ਜੱਗੀ ਨਾਲੋਂ ਇਕ ਸਾਲ ਅੱਗੇ ਸੀ ਪਰ ਦੋਵੇਂ ਹੀ ਦੋ ਕਲਾਸਾਂ ਵਿਚ ਇਕੱਠੇ ਸਨ ਅਤੇ ਦੋਹਾਂ ਨੇ ਇਕ ਕਲਾਸ ਲਈ ਇਕ ਪ੍ਰਾਜੈਕਟ ਇਕੱਠਿਆਂ ਕੀਤਾ ਸੀ ਅਤੇ ਉਦੋਂ ਤੋਂ ਦੋਹਾਂ ਦੀ ਕਾਫ਼ੀ ਦੋਸਤੀ ਪੈ ਗਈ ਸੀ ਅਤੇ ਫਿਰ ਇਹ ਦੋਸਤੀ ਪਿਆਰ ਵਿਚ ਬਦਲ ਗਈ ਸੀ। ਜੱਗੀ ਨੇ ਦੇਖਿਆ ਸੀ ਕਿ ਅਕਸਰ ਹੀ ਜੈਂਨ ਦਾ ਆਸ਼ਕ ਬਿੱਲ, ਜੋ ਕਾਲੇ ਰੰਗ ਦਾ ਸੀ, ਰਾਤ ਜੈਂਨ ਦੇ ਕਮਰੇ ਵਿਚ ਹੀ ਬਿਤਾਉਂਦਾ ਸੀ ਅਤੇ ਜਾਂ ਜੈਂਨ ਬਿੱਲ ਦੇ ਅਪਾਰਟਮੈਂਟ ਵਿਚ ਜਾ ਕੇ ਰਾਤ ਰਹਿ ਆਉਂਦੀ ਸੀ। ਇਸ ਤਰ੍ਹਾਂ ਅੱਧੀਆਂ ਕੁ ਰਾਤਾਂ ਤਾਂ ਉਹ ਦੋਵੇਂ ਇਕੱਠੇ ਹੀ ਬਿਤਾਉਂਦੇ ਸਨ। ਫਿਰ ਜੱਗੀ ਵੀ ਰਿਚਰਡ ਨੂੰ ਕਈ ਵਾਰੀ ਰਾਤ ਆਪਣੇ ਕਮਰੇ ਵਿਚ ਹੀ ਰੱਖ ਲੈਂਦੀ ਅਤੇ ਜਾਂ ਉਸ ਨਾਲ ਉਸ ਦੇ ਅਪਾਰਟਮੈਂਟ ਵਿਚ ਜਾ ਸੌਂਦੀ। ਜੱਗੀ ਸੋਚਦੀ ਕਿ ਅਮਰੀਕਾ ਵਿਚ ਕਿੰਨੀ ਖੁੱਲ੍ਹ ਹੈ ਇਨ੍ਹਾਂ ਗੱਲਾਂ ਦੀ। ਕੋਈ ਤੁਹਾਡੇ ਵੱਲ ਧਿਆਨ ਨਹੀਂ ਦਿੰਦਾ ਕਿ ਤੁਸੀਂ ਕੀ ਕਰਦੇ ਹੋ ਅਤੇ ਕੀਹਦੇ ਨਾਲ ਰਹਿੰਦੇ ਹੋ। ਕੋਈ ਤੁਹਾਨੂੰ ਬਾਦਰ ਨਹੀਂ ਕਰਦਾ। ਬਹੁਤਿਆਂ ਨੂੰ ਤਾਂ ਪਤਾ ਹੀ ਨਹੀਂ ਹੁੰਦਾ ਕਿ ਤੁਹਾਡੇ ਨਾਲ ਵਾਲੇ ਅਪਾਰਟਮੈਂਟ ਵਿਚ ਕੌਣ ਰਹਿੰਦਾ ਹੈ।

ਫਿਰ ਜਦੋਂ ਰਿਚਰਡ ਐੱਮ.ਬੀ.ਏ. ਪੂਰੀ ਕਰ ਕੇ ਸ਼ਿਕਾਗੋ ਚਲੇ ਗਿਆ ਤਾਂ ਜੱਗੀ ਫਿਰ ਇਕੱਲੀ ਰਹਿ ਗਈ। ਉਹ ਸੋਚ ਰਹੀ ਸੀ ਕਿ ਕਿੰਨੀ ਅਜੀਬ ਗੱਲ ਹੈ ਕਿ ਜਦੋਂ ਰਿਚਰਡ ਸ਼ਿਕਾਗੋ ਨੂੰ ਜਾਣ ਤੋਂ ਪਹਿਲਾਂ ਜੱਗੀ ਨੂੰ ਆਖ਼ਰੀ ਵਾਰੀ ਮਿਲਿਆ ਸੀ ਤਾਂ ਉਦਾਸੀ ਉਸ ਦੇ ਨੇੜੇ ਤੇੜੇ ਵੀ ਨਹੀਂ ਸੀ। ਜੱਗੀ ਕਾਫ਼ੀ ਉਦਾਸ ਹੋਈ ਸੀ ਅਤੇ ਰੋਈ ਵੀ ਸੀ ਪਰ ਰਿਚਰਡ ਦੀਆਂ ਅੱਖਾਂ ਵਿਚ ਕੋਈ ਨਮੀ ਨਹੀਂ ਸੀ ਦਿਸ ਰਹੀ। ਸ਼ਿਕਾਗੋ ਜਾ ਕੇ ਉਸ ਨੇ ਕੁਝ ਮਹੀਨੇ ਜੱਗੀ ਨੂੰ ਤਿੰਨ ਚਾਰ ਵਾਰੀ ਫ਼ੋਨ ਕੀਤਾ ਸੀ ਅਤੇ ਫਿਰ ਬਿਲਕੁਲ ਭੁੱਲ ਗਿਆ ਸੀ। ਪਰ ਜਦੋਂ ਜੱਗੀ ਹਿੰਦੁਸਤਾਨ ਤੋਂ ਅਮਰੀਕਾ ਆਈ ਸੀ ਤਾਂ ਜੱਗੀ ਅਤੇ ਸੁਖਿੰਦਰਜੀਤ ਦੋਵੇਂ ਧਾਹਾਂ ਮਾਰ ਮਾਰ ਕੇ ਰੋਏ ਸਨ।

ਫਿਰ ਜੱਗੀ ਥਾਮਸ ਵ੍ਹਾਈਟ ਬਾਰੇ ਸੋਚਣ ਲੱਗ ਪਈ ਜਿਸ ਕੋਲ ਜੱਗੀ ਨੇ ਦੋ ਕਲਾਸਾਂ ਲਈਆਂ ਸਨ। ਥਾਮਸ ਵ੍ਹਾਈਟ ਕਾਲੇ ਰੰਗ ਦਾ ਅਮਰੀਕਨ ਸੀ ਜੋ ਯੂਨੀਵਰਸਿਟੀ ਵਿਚ ਪ੍ਰੋਫੈਸਰ ਸੀ, ਬਹੁਤ ਹੀ ਖ਼ੂਬਸੂਰਤ ਅਤੇ ਛੇ ਫੁੱਟ ਤੋਂ ਉੱਚਾ ਜਵਾਨ। ਉਸ ਵੇਲੇ ਉਸ ਦੀ ਉਮਰ ਵੀ ਹਾਲੇ ਮਸਾਂ 35 ਕੁ ਸਾਲ ਹੀ ਸੀ। ਉਹ ਹੈ ਵੀ ਇਕੱਲਾ ਹੀ ਸੀ। ਜੱਗੀ ਉਸ ਨਾਲ ਇਕ ਪ੍ਰਾਜੈਕਟ ਕਰ ਰਹੀ ਸੀ ਆਪਣੀ ਇਕ ਕਲਾਸ ਲਈ।

ਇਸ ਪ੍ਰਾਜੈਕਟ ਲਈ ਜੱਗੀ ਨੂੰ ਇਸ ਪ੍ਰੋਫੈਸਰ ਨੂੰ ਮਿਲਣ ਆਮ ਜਾਣਾ ਪੈਂਦਾ ਸੀ। ਇਕ ਦਿਨ ਪ੍ਰੋਫੈਸਰ ਵ੍ਹਾਈਟ ਨੇ ਜੱਗੀ ਨੂੰ ਡਿਨਰ 'ਤੇ ਜਾਣ ਲਈ ਪੁੱਛ ਲਿਆ। ਪਹਿਲਾਂ ਤਾਂ ਜੱਗੀ ਘਬਰਾ ਜਿਹੀ ਗਈ ਅਤੇ ਉਸ ਦੀ ਸਮਝ ਵਿਚ ਨਾ ਆਵੇ ਕਿ ਕੀ ਕਹੇ, ਪਰ ਪ੍ਰੋਫੈਸਰ ਦੇ ਕਹਿਣ 'ਤੇ ਅਤੇ ਗੱਲਾਂ ਕਰਨ ਦੇ ਢੰਗ ਨੇ ਜੱਗੀ ਤੋਂ ਹਾਂ ਕਰਵਾ ਦਿੱਤੀ ਅਤੇ ਉਹ ਡਿਨਰ 'ਤੇ ਜਾਣ ਲਈ ਮੰਨ ਗਈ। ਪ੍ਰੋਫੈਸਰ ਵ੍ਹਾਈਟ ਨੇ ਆਪਣਾ ਕਲੰਡਰ ਦੇਖ ਕੇ ਜੱਗੀ ਨੂੰ ਦੋ ਦਿਨਾਂ ਬਾਅਦ ਡਿਨਰ 'ਤੇ ਜਾਣ ਲਈ ਸੱਦਾ ਦੇ ਦਿੱਤਾ। ਡਿਨਰ ਵਾਲੇ ਦਿਨ ਜੱਗੀ ਪ੍ਰੋਫੈਸਰ ਵ੍ਹਾਈਟ ਨੂੰ ਮਿਥੇ ਸਮੇਂ 'ਤੇ ਉਸ ਦੇ ਦਫ਼ਤਰ ਵਿਚ ਮਿਲੀ ਅਤੇ ਉੱਥੋਂ ਉਹ ਦੋਵੇਂ ਹੀ ਬਾਹਰ ਨੂੰ ਚੱਲ ਪਏ। ਸੜਕ 'ਤੇ ਆ ਕੇ ਉਨ੍ਹਾਂ ਨੇ ਇਕ ਕੈਬ ਲਈ ਅਤੇ ਦਸ ਕੁ ਮਿੰਟਾਂ ਵਿਚ ਉਹ ਇਕ ਰੈਸਟੋਰੈਂਟ ਦੇ ਸਾਹਮਣੇ ਉੱਤਰ ਗਏ। ਪ੍ਰੋਫੈਸਰ ਵ੍ਹਾਈਟ ਨੇ ਰੈਸਟੋਰੈਂਟ ਦਾ ਦਰਵਾਜ਼ਾ ਖੋਲ੍ਹਿਆ ਅਤੇ ਜੱਗੀ ਦਾ ਹੱਥ ਫੜ ਕੇ ਉਸ ਨੂੰ ਰੈਸਟੋਰੈਂਟ ਦੇ ਅੰਦਰ ਲੰਘਾ ਲਿਆ ਅਤੇ ਮਗਰ ਹੀ ਆਪ ਅੰਦਰ ਵੜ ਗਿਆ। ਰਿਸੈਪਸ਼ਨਿਸਟ ਕੁੜੀ ਨੇ ਦੋਹਾਂ ਨੂੰ ਲਿਜਾ ਕੇ ਇਕ ਟੇਬਲ 'ਤੇ ਬਿਠਾ ਦਿੱਤਾ ਅਤੇ ਨਾਲ ਹੀ ਮੈਨਊ ਟੇਬਲ 'ਤੇ ਰੱਖ ਦਿੱਤਾ।

"ਪੀਣ ਲਈ ਕੀ ਲਵੋਗੇ?" ਕੁੜੀ ਨੇ ਪੁੱਛਿਆ।

"ਵਾਈਨ ਪੀਵੇਂਗੀ ਨਾ?" ਪ੍ਰੋਫੈਸਰ ਵ੍ਹਾਈਟ ਨੇ ਜੱਗੀ ਨੂੰ ਪੁੱਛਿਆ।

"ਨਹੀਂ, ਮੈਂ ਨਹੀਂ ਪੀਵਾਂਗੀ।"

"ਇਕ ਗਲਾਸ ਨਾਲ ਕੀ ਫ਼ਰਕ ਪੈਂਦਾ" ਆਖਦਿਆਂ ਪ੍ਰੋਫੈਸਰ ਵ੍ਹਾਈਟ ਨੇ ਦੋ ਗਲਾਸ ਵਧੀਆ ਵ੍ਹਾਈਟ ਵਾਈਨ ਦੇ ਆਰਡਰ ਕਰ ਦਿੱਤੇ।

ਜੱਗੀ ਨੇ ਰੈਸਟੋਰੈਂਟ ਦੇ ਆਲੇ ਦੁਆਲੇ ਨੂੰ ਬਹੁਤ ਹੀ ਬਰੀਕੀ ਨਾਲ ਘੋਖਿਆ। ਰੈਸਟੋਰੈਂਟ ਵਿਚ ਬਹੁਤ ਹੀ ਮਿੰਨ੍ਹੀ ਮਿੰਨ੍ਹੀ ਲਾਈਟ ਸੀ। ਹਰ ਟੇਬਲ 'ਤੇ ਖ਼ੂਬਸੂਰਤ ਮੋਮਬੱਤੀ ਜਗ ਰਹੀ ਸੀ। ਬਹੁਤ ਹੀ ਰੋਮਾਂਟਿਕ ਵਾਤਾਵਰਣ ਸੀ। ਲਗਦਾ ਸੀ ਬਹੁਤੇ ਗਾਹਕ ਤਾਂ ਅਮੀਰ ਲੋਕ ਆਪਣੀਆਂ ਪਤਨੀਆਂ ਜਾਂ ਪ੍ਰੇਮਿਕਾ ਨੂੰ ਲੈ ਕੇ ਇਸ ਰੈਸਟੋਰੈਂਟ ਵਿਚ ਆਉਂਦੇ ਹੋਣਗੇ। ਇੰਨੀ ਦੇਰ ਨੂੰ ਵਾਈਨ ਵੀ ਆ ਗਈ। ਵਾਈਨ ਦੇ ਨਾਲ ਪ੍ਰੋਫੈਸਰ ਵ੍ਹਾਈਟ ਨੇ ਕੁਝ ਸਨੈਕ ਵੀ ਆਰਡਰ ਕਰ ਦਿੱਤੇ ਸਨ।

"ਪਸੰਦ ਆਇਆ ਰੈਸਟੋਰੈਂਟ?" ਪ੍ਰੋਫੈਸਰ ਵ੍ਹਾਈਟ ਨੇ ਜੱਗੀ ਨੂੰ ਪੁੱਛਿਆ।

"ਬਹੁਤ ਖ਼ੂਬਸੂਰਤ ਹੈ। ਵਾਤਾਵਰਣ ਬਹੁਤ ਰੋਮਾਂਟਿਕ ਲਗਦਾ।" ਕਹਿਣ ਨੂੰ ਤਾਂ ਜੱਗੀ ਕਹਿ ਗਈ ਪਰ ਫਿਰ ਸ਼ਰਮਾ ਗਈ।

"ਹਾਂ ਬਹੁਤ ਰੋਮਾਂਟਿਕ। ਤਦੇ ਤਾਂ ਮੈਂ ਤੈਨੂੰ ਇੱਥੇ ਲੈ ਕੇ ਆਇਆਂ। ਸ਼ਾਇਦ ਤੂੰ ਵੀ ਰੋਮਾਂਟਿਕ ਹੋ ਜਾਵੇਂ।" ਕਹਿ ਕੇ ਪ੍ਰੋਫੈਸਰ ਵ੍ਹਾਈਟ ਖਚਰੀ ਜਿਹੀ ਹਾਸੀ ਹੱਸਿਆ ਅਤੇ ਫਿਰ ਉਸ ਨੇ ਆਪਣੇ ਬੁੱਲ੍ਹਾਂ 'ਤੇ ਆਪਣੀ ਜੀਭ ਫੇਰੀ। ਉਹ ਟਿਕਟਿਕੀ ਲਾ ਕੇ ਜੱਗੀ ਦੇ ਚਿਹਰੇ ਦੇ ਹਾਵ-ਭਾਵ ਜਾਚਦਾ ਰਿਹਾ।

ਜੱਗੀ ਨੇ ਜਵਾਬ ਤਾਂ ਕੋਈ ਨਾ ਦਿੱਤਾ। ਉਸ ਨੇ ਥੋੜ੍ਹਾ ਚਿਰ ਪ੍ਰੋਫੈਸਰ ਵ੍ਹਾਈਟ ਵੱਲ ਨੀਝ ਨਾਲ ਤੱਕਿਆ ਅਤੇ ਫਿਰ ਆਪਣਾ ਗਲਾਸ ਚੁੱਕ ਕੇ ਵਾਈਨ ਦੀ ਘੁੱਟ ਭਰੀ।

"ਖਾਣ ਲਈ ਕੀ ਪਸੰਦ ਕਰੇਂਗੀ?" ਪ੍ਰੋਫੈਸਰ ਵ੍ਹਾਈਟ ਨੇ ਜੱਗੀ ਨੂੰ ਪੁੱਛਿਆ। "ਜੋ ਵੀ ਤੁਸੀਂ ਵਧੀਆ ਸਮਝਦੇ ਹੋ ਮੈਂ ਖਾ ਲਵਾਂਗੀ।" ਭਾਵੇਂ ਜੱਗੀ ਨੇ ਮੈਨਊ 'ਤੇ ਝਾਤ ਮਾਰੀ ਸੀ ਪਰ ਉਹ ਕੁਝ ਵੀ ਆਰਡਰ ਕਰਨ ਤੋਂ ਡਰਦੀ ਸੀ। ਇਕ ਤਾਂ ਸਾਰੀਆਂ ਡਿਸ਼ਜ਼ ਬਹੁਤ ਮਹਿੰਗੀਆਂ ਸਨ 50 ਡਾਲਰ ਤੋਂ ਲੈ ਕੇ 100 ਡਾਲਰ ਤਕ, ਦੂਜੇ ਜੱਗੀ ਨੂੰ ਇਨ੍ਹਾਂ ਬਾਰੇ ਕੁਝ ਜਾਣਕਾਰੀ ਵੀ ਨਹੀਂ ਸੀ। ਉਹ ਤਾਂ ਆਮ ਤੌਰ 'ਤੇ ਘਰ ਹੀ ਖਾਣਾ ਬਣਾ ਲੈਂਦੀ ਸੀ ਅਤੇ ਜਾਂ ਫਿਰ ਸਸਤੇ ਜਿਹੇ ਫਾਸਟ-ਫੂਡ ਰੈਸਟੋਰੈਂਟ ਤੋਂ ਖਾ ਲੈਂਦੀ ਸੀ।

"ਫਿਰ ਵੀ ਤੇਰੀ ਕੋਈ ਮਨ-ਪਸੰਦ ਡਿਸ਼ ਹੈ ਇਸ ਮੈਨਊ ਵਿਚ?" ਪ੍ਰੋਫੈਸਰ ਵ੍ਹਾਈਟ ਨੇ ਪੁੱਛਿਆ।

"ਅਸਲ ਵਿਚ ਮੈਨੂੰ ਇਸ ਮੈਨਊ ਵਿਚ ਲਿਖੀਆਂ ਡਿਸ਼ਜ਼ ਬਾਰੇ ਬਹੁਤੀ ਜਾਣਕਾਰੀ ਨਹੀਂ। ਤੁਸੀਂ ਜੋ ਚੰਗਾ ਸਮਝਦੇ ਹੋ ਆਰਡਰ ਕਰ ਦੇਵੋ।" ਜੱਗੀ ਨੇ ਸੱਚ ਸੱਚ ਆਖ ਦਿੱਤਾ।

ਪ੍ਰੋਫੈਸਰ ਵ੍ਹਾਈਟ ਨੇ ਜੱਗੀ ਦੇ ਨਾਂਹ ਕਰਦਿਆਂ ਕਰਦਿਆਂ ਵੀ ਇਕ ਇਕ ਹੋਰ ਵਾਈਨ ਦਾ ਗਲਾਸ ਆਰਡਰ ਕਰ ਦਿੱਤਾ ਅਤੇ ਨਾਲ ਹੀ ਖਾਣੇ ਦਾ ਆਰਡਰ ਵੀ ਦੇ ਦਿੱਤਾ।

ਵਾਈਨ ਪੀਂਦੇ ਅਤੇ ਖਾਣਾ ਖਾਂਦੇ ਜੱਗੀ ਅਤੇ ਪ੍ਰੋਫੈਸਰ ਵ੍ਹਾਈਟ ਕਾਫ਼ੀ ਗੱਲਾਂ ਕਰਦੇ ਰਹੇ। ਪ੍ਰੋਫੈਸਰ ਵ੍ਹਾਈਟ ਨੇ ਜੱਗੀ ਦੀ ਖ਼ੂਬਸੂਰਤੀ ਦੀ ਕਾਫ਼ੀ ਤਾਰੀਫ਼ ਕੀਤੀ। ਖਾਣਾ ਖਾ ਕੇ ਪ੍ਰੋਫੈਸਰ ਵ੍ਹਾਈਟ ਨੇ ਬਿੱਲ ਅਦਾ ਕੀਤਾ ਅਤੇ ਦੋਵੇਂ ਬਾਹਰ ਆ ਗਏ।

"ਮੇਰੇ ਨਾਲ ਮੇਰੇ ਘਰ ਚਲੇਂਗੀ? ਸਿਰਫ਼ ਇਕ ਬਲਾਕ ਹੈ। ਤੁਰ ਕੇ ਮਸਾਂ ਪੰਜ ਮਿੰਟ ਲੱਗਣਗੇ।" ਪ੍ਰੋਫੈਸਰ ਵ੍ਹਾਈਟ ਨੇ ਜੱਗੀ ਨੂੰ ਪੁੱਛਿਆ।

ਜੱਗੀ ਨੇ ਕੋਈ ਜਵਾਬ ਨਾ ਦਿੱਤਾ ਪਰ ਇਕ ਮੁਸਕਰਾਹਟ ਨਾਲ ਪ੍ਰੋਫੈਸਰ ਵ੍ਹਾਈਟ ਦੇ ਚਿਹਰੇ ਵੱਲ ਤੱਕਿਆ। ਜੱਗੀ ਉਸ ਦੀਆਂ ਅੱਖਾਂ ਵਿਚ ਛਲਕਦੀ ਸ਼ਰਾਰਤ ਅਤੇ ਪਿਆਰ ਸਮਝ ਗਈ।

"ਫਿਰ ਕੀ ਜਵਾਬ ਹੈ ਮੇਰੇ ਸਵਾਲ ਦਾ?" ਪ੍ਰੋਫੈਸਰ ਵ੍ਹਾਈਟ ਨੇ ਜੱਗੀ ਦੁਆਲੇ ਬਾਂਹ ਲਪੇਟਦਿਆਂ ਫਿਰ ਪੁੱਛਿਆ।

"ਜਿਵੇਂ ਕਹੋ।" ਜੱਗੀ ਨਾਂਹ ਨਾ ਕਰ ਸਕੀ।

ਦੋਵੇਂ ਤੁਰਦੇ ਹੋਏ ਪੰਜਾਂ-ਸੱਤਾਂ ਮਿੰਟਾਂ ਵਿਚ ਪ੍ਰੋਫੈਸਰ ਵ੍ਹਾਈਟ ਦੇ ਘਰ ਪਹੁੰਚ ਗਏ। ਜੱਗੀ ਨੇ ਦੇਖਿਆ ਕਿ ਪ੍ਰੋਫੈਸਰ ਵ੍ਹਾਈਟ ਨੇ ਘਰ ਨੂੰ ਬਹੁਤ ਹੀ ਖ਼ੂਬਸੂਰਤੀ ਨਾਲ ਸਜਾਇਆ ਹੋਇਆ ਸੀ। ਕੰਧਾਂ 'ਤੇ ਕੀਤੇ ਹੋਏ ਰੰਗ, ਖ਼ੂਬਸੂਰਤ ਸਜਾਵਟ ਵਾਲੀਆਂ ਚੀਜ਼ਾਂ, ਅਤੇ ਕਈ ਪੇਂਟਿੰਗਜ਼ ਇਸ ਤਰ੍ਹਾਂ ਲਗਾਈਆਂ ਹੋਈਆਂ ਸਨ ਕਿ ਘਰ ਪੂਰਾ ਰੋਮਾਂਟਿਕ ਘਰ ਹੀ ਲਗਦਾ ਸੀ। ਪ੍ਰੋਫੈਸਰ ਵ੍ਹਾਈਟ ਨੇ ਜੱਗੀ ਨੂੰ ਸੋਫ਼ੇ 'ਤੇ ਬੈਠਣ ਲਈ ਕਿਹਾ ਅਤੇ ਆਪ ਰਸੋਈ ਵੱਲ ਨੂੰ ਚਲੇ ਗਿਆ। ਜਦੋਂ ਉਹ ਵਾਪਸ ਆਇਆ ਤਾਂ ਉਸ ਦੇ ਹੱਥ ਵਿਚ ਦੋ ਵਾਈਨ ਦੇ ਗਲਾਸ ਸਨ।

"ਪ੍ਰੋਫੈਸਰ ਵ੍ਹਾਈਟ, ਮੈਂ ਤਾਂ ਹੋਰ ਵਾਈਨ ਨਹੀਂ ਪੀਵਾਂਗੀ। ਮੈਂ ਪਹਿਲਾਂ ਹੀ ਬਹੁਤ ਪੀ ਲਈ ਹੈ।" ਜੱਗੀ ਨੇ ਵਾਈਨ ਦੇ ਗਲਾਸ ਦੇਖ ਕੇ ਕਿਹਾ।

"ਸਿਰਫ਼ ਇਕ ਇਕ ਗਲਾਸ। ਇਕ ਗਲਾਸ ਨਾਲ ਕੀ ਫ਼ਰਕ ਪੈਂਦਾ। ਨਾਲੇ ਮੈਨੂੰ ਥਾਮਸ ਕਹਿ। ਹੁਣ ਪ੍ਰੋਫੈਸਰ ਵ੍ਹਾਈਟ ਨਾ ਕਹਿ।"

"ਮੈਨੂੰ ਥਾਮਸ ਕਹਿੰਦਿਆਂ ਬਹੁਤ ਸੰਗ ਲਗਦੀ ਹੈ।"

"ਇਕ ਵਾਰੀ ਕਹਿ ਕੇ ਦਿਖਾ। ਮੈਂ ਸੁਣਨਾ ਚਾਹੁੰਦਾਂ।"

"ਥਾਮਸ।" ਜੱਗੀ ਨੇ ਸੰਗਦੀ ਨੇ ਬਹੁਤ ਹੀ ਧੀਮੀ ਜਿਹੀ ਆਵਾਜ਼ ਵਿਚ ਕਿਹਾ।

"ਜ਼ਰਾ ਉੱਚੀ ਬੋਲ। ਮੈਨੂੰ ਸੁਣਿਆਂ ਨਹੀਂ।" ਪ੍ਰੋਫੈਸਰ ਵ੍ਹਾਈਟ ਨੇ ਜੱਗੀ ਦੇ ਮੋਢੇ 'ਤੇ ਹੱਥ ਰੱਖਦਿਆਂ ਕਿਹਾ।

"ਥਾਮਸ।" ਜੱਗੀ ਥੋੜ੍ਹਾ ਉੱਚੀ ਬੋਲੀ।

"ਥੋੜ੍ਹਾ ਹੋਰ ਉੱਚੀ।"

"ਥਾਮਸ।" ਜੱਗੀ ਹੁਣ ਪੂਰੀ ਆਵਾਜ਼ ਵਿਚ ਬੋਲੀ।

"ਹੁਣ ਬਿਲਕੁਲ ਠੀਕ ਤਰ੍ਹਾਂ ਕਿਹਾ।" ਅਤੇ ਦੋਵੇਂ ਹੱਸ ਪਏ। ਵਾਈਨ ਦੇ ਗਲਾਸ ਟੇਬਲ 'ਤੇ ਰੱਖ ਕੇ ਥਾਮਸ ਕੁਝ ਸਨੈਕ ਲੈ ਆਇਆ ਅਤੇ ਫਿਰ ਜੱਗੀ ਦੇ ਨਾਲ ਹੀ ਸੋਫ਼ੇ ਉੱਤੇ ਬੈਠ ਗਿਆ।

"ਤੂੰ ਬਹੁਤ ਹੀ ਖ਼ੂਬਸੂਰਤ ਅਤੇ ਪਿਆਰੀ ਲੜਕੀ ਹੈਂ।" ਥਾਮਸ ਨੇ ਵਾਈਨ ਦਾ ਘੁੱਟ ਭਰਦਿਆਂ ਆਖਿਆ।

"ਧੰਨਵਾਦ।" ਜੱਗੀ ਮਸਾਂ ਇੰਨਾ ਹੀ ਕਹਿ ਸਕੀ।

ਅੱਧਾ ਕੁ ਘੰਟਾ ਦੋਵੇਂ ਹੀ ਗੱਲਾਂ ਕਰਦੇ ਰਹੇ ਅਤੇ ਵਾਈਨ ਪੀਂਦੇ ਰਹੇ। ਥਾਮਸ ਜੱਗੀ ਨੂੰ ਪੁੱਛਦਾ ਰਿਹਾ ਕਿ ਉਸ ਨੂੰ ਅਮਰੀਕਾ ਵਿਚ ਕੀ ਕੀ ਪਸੰਦ ਆਇਆ ਹੈ ਅਤੇ ਕੀ ਕੀ ਨਹੀਂ। ਵਾਈਨ ਪੀਂਦਿਆਂ ਪੀਂਦਿਆਂ ਥਾਮਸ ਨੇ ਜੱਗੀ ਨੂੰ ਕਲਾਵੇ ਵਿਚ ਵੀ ਦੋ ਤਿੰਨ ਵਾਰੀ ਲੈ ਲਿਆ ਅਤੇ ਆਪਣੇ ਹੱਥ ਨਾਲ ਉਸ ਦਾ ਹੱਥ ਵੀ ਪਲੋਸਿਆ। ਜੱਗੀ ਨੇ ਕੋਈ ਬਹੁਤੀ ਝਿਜਕ ਨਾ ਦਿਖਾਈ। ਹੌਲੀ ਹੌਲੀ ਉਸ ਨੂੰ ਵੀ ਇਹ ਚੰਗਾ ਲੱਗਣ ਲੱਗ ਪਿਆ। ਵੈਸੇ ਵੀ ਹੁਣ ਉਹ ਦੋ ਕੁ ਮਹੀਨਿਆਂ ਤੋਂ ਇਕੱਲੀ ਹੀ ਸੀ ਜਦੋਂ ਦਾ ਰਿਚਰਡ ਸ਼ਿਕਾਗੋ ਚਲੇ ਗਿਆ ਸੀ। ਵਾਈਨ ਦੇ ਗਲਾਸ ਮੁੱਕਣ ਤੋਂ ਬਾਅਦ ਥਾਮਸ ਉਨ੍ਹਾਂ ਗਲਾਸਾਂ ਵਿਚ ਹੋਰ ਵਾਈਨ ਪਾ ਲਿਆਇਆ। ਇਸ ਵਾਰੀ ਜੱਗੀ ਨੇ ਕੁਝ ਨਾ ਕਿਹਾ। ਦੋਵੇਂ ਜਣੇ ਵਾਈਨ ਵੀ ਪੀਂਦੇ ਰਹੇ ਅਤੇ ਗੱਲਾਂ ਵੀ ਕਰਦੇ ਰਹੇ।

"ਹੁਣ ਮੈਂ ਚੱਲਦੀ ਆਂ। ਕਾਫ਼ੀ ਰਾਤ ਹੋ ਗਈ ਆ।" ਸਮਾਂ ਰਾਤ ਦੇ ਬਾਰਾਂ ਵਜੇ ਦਾ ਹੋਣ ਵਾਲਾ ਸੀ ਜਦੋਂ ਜੱਗੀ ਨੇ ਜਾਣ ਦੀ ਇਜਾਜ਼ਤ ਮੰਗੀ।

"ਹੁਣ ਤੂੰ ਕਿੱਥੇ ਘਰ ਜਾਂਦੀ ਰਹੇਂਗੀ। ਇੱਥੇ ਹੀ ਸੌਂ ਜਾ।"

"ਤੁਹਾਡੇ ਲਈ ਕੋਈ ਮੁਸ਼ਕਲ ਤਾਂ ਨਹੀਂ?" ਜੱਗੀ ਦਾ ਜੀਅ ਵੀ ਜਾਣ ਲਈ ਨਹੀਂ ਸੀ ਕਰਦਾ।

"ਮੇਰੇ ਲਈ ਕੀ ਮੁਸ਼ਕਲ ਹੋਣਾ?"

ਦੋਵੇਂ ਉੱਠ ਕੇ ਸੌਣ ਦੀ ਤਿਆਰੀ ਕਰਨ ਲੱਗੇ।

ਜਦੋਂ ਜੱਗੀ ਨੇ ਸੌਣ ਵਾਲੇ ਕਮਰੇ ਬਾਰੇ ਪੁੱਛਿਆ ਤਾਂ ਥਾਮਸ ਉਸ ਨੂੰ ਬੈੱਡ-ਰੂਮ ਵਿਚ ਲੈ ਗਿਆ ਜਿੱਥੇ ਇਕ ਵੱਡਾ ਬੈੱਡ ਲੱਗਾ ਹੋਇਆ ਸੀ।

"ਤੁਸੀਂ ਕਿੱਥੇ ਸੌਂਵੋਗੇ?" ਜੱਗੀ ਨੇ ਪੁੱਛਿਆ।

"ਇੱਥੇ ਹੀ।"

"ਇਕੋ ਬਿਸਤਰੇ 'ਤੇ?"

"ਹਾਂ, ਇਕੋ 'ਤੇ। ਕੋਈ ਸਮੱਸਿਆ?

"ਨਹੀਂ, ਮੈਂ ਤਾਂ ਵੈਸੇ ਹੀ ਪੁੱਛਿਆ ਸੀ।" ਕਹਿਣ ਨੂੰ ਤਾਂ ਜੱਗੀ ਕਹਿ ਗਈ ਪਰ ਅੰਦਰੋਂ ਉਸ ਨੇ ਸੋਚਿਆ ਕਿ ਅੱਜ ਖ਼ੈਰ ਨਹੀਂ।

ਦੋਵੇਂ ਜਾ ਕੇ ਇਕੋ ਬਿਸਤਰੇ 'ਤੇ ਲੰਮੇ ਪੈ ਗਏ। ਕਮਰੇ ਵਿਚ ਬਹੁਤ ਹੀ ਧੀਮੀ ਲਾਈਟ ਸੀ। ਜੱਗੀ ਨੇ ਧਿਆਨ ਨਾਲ ਦੇਖਿਆ ਤਾਂ ਇਕ ਸ਼ੀਸ਼ੇ ਦੇ ਗਲਾਸ ਵਿਚ ਰੱਖੀ ਬਹੁਤ ਖ਼ੂਬਸੂਰਤ

ਮੋਮਬੱਤੀ ਜਗ ਰਹੀ ਸੀ। ਬਹੁਤ ਹਲਕਾ ਜਿਹਾ ਸੰਗੀਤ ਵੀ ਚੱਲ ਰਿਹਾ ਸੀ ਪਰ ਧਿਆਨ ਦਿੱਤੇ 'ਤੇ ਹੀ ਇਸ ਦਾ ਪਤਾ ਲਗਦਾ ਸੀ। ਬਿਸਤਰੇ 'ਤੇ ਲੰਮੇ ਪਿਆਂ ਵੀ ਕੁਝ ਚਿਰ ਦੋਵੇਂ ਗੱਲਾਂ ਕਰਦੇ ਰਹੇ। ਹੌਲੀ ਹੌਲੀ ਥਾਮਸ ਜੱਗੀ ਦੇ ਬਹੁਤ ਨੇੜੇ ਸਰਕ ਆਇਆ ਸੀ। ਫਿਰ ਉਸ ਨੇ ਜੱਗੀ ਨੂੰ ਆਪਣੀਆਂ ਬਾਂਹਾਂ ਵਿਚ ਲੈ ਲਿਆ ਸੀ ਅਤੇ ਹੌਲੀ ਹੌਲੀ ਆਪਣੇ ਬੁੱਲ੍ਹ ਜੱਗੀ ਦੇ ਬੁੱਲ੍ਹਾਂ ਉੱਤੇ ਰੱਖ ਦਿੱਤੇ ਸਨ। ਜੱਗੀ ਅੱਗ ਵਾਂਗ ਬਲਣ ਲੱਗੀ। ਉਹ ਆਪਣੇ ਆਪ ਨੂੰ ਰੋਕ ਨਾ ਸਕੀ।

ਅੱਜ ਲਗਪਗ ਉਨੱਤੀ ਸਾਲਾਂ ਬਾਅਦ ਆਪਣੇ ਲਿਵਿੰਗ ਰੂਮ ਵਿਚ ਬੈਠੀ ਜੱਗੀ ਇਹ ਸਭ ਕੁਝ ਸੋਚ ਰਹੀ ਸੀ।

"ਭੈੜਾ ਸਾਰੀ ਰਾਤ ਨਾ ਆਪ ਸੁੱਤਾ ਅਤੇ ਨਾ ਹੀ ਮੈਨੂੰ ਸੌਣ ਦਿੱਤਾ।" ਜੱਗੀ ਆਪਣੇ ਆਪ ਨੂੰ ਆਖ ਕੇ ਹੱਸ ਪਈ।

"ਪਰ ਉਸ ਰਾਤ ਵਰਗੀ ਰਾਤ ਜ਼ਿੰਦਗੀ ਵਿਚ ਨਾ ਕਦੇ ਆਈ ਹੈ ਅਤੇ ਨਾ ਹੀ ਆਉਣੀ ਹੈ। ਕਿੰਨੀ ਖ਼ੂਬਸੂਰਤ ਸੀ ਉਹ ਰਾਤ।" ਇਕ ਬਹੁਤ ਲੰਬਾ ਹਉਕਾ ਲੈ ਕੇ ਜੱਗੀ ਆਪਣੇ ਆਪ ਨੂੰ ਹੀ ਬੋਲੀ।

ਰਾਤ ਦੇ ਗਿਆਰਾਂ ਵੱਜ ਗਏ ਸਨ। ਜੱਗੀ ਉੱਠ ਕੇ ਸੌਣ ਦੀ ਤਿਆਰੀ ਕਰਨ ਲੱਗੀ ਅਤੇ ਨਾਲੇ ਸੋਚਦੀ ਰਹੀ ਕਿ ਕਿਵੇਂ ਉਸ ਨੇ ਥਾਮਸ ਨੂੰ ਬੇਹੱਦ ਪਿਆਰ ਕੀਤਾ ਸੀ। ਹਰ ਹਫ਼ਤੇ ਉਹ ਦੋ ਜਾਂ ਤਿੰਨ ਰਾਤਾਂ ਥਾਮਸ ਦੇ ਘਰ ਹੀ ਬਿਤਾਉਂਦੀ ਸੀ। ਭਾਵੇਂ ਥਾਮਸ ਤੋਂ ਬਾਅਦ ਉਸ ਦੇ ਤਿੰਨ ਹੋਰ ਅਮਰੀਕਨਾਂ ਨਾਲ ਵੀ ਸੰਬੰਧ ਰਹੇ ਸਨ ਪਰ ਥਾਮਸ ਵਾਲਾ ਵਧੀਆ ਰਿਸ਼ਤਾ ਕਿਸੇ ਨਾਲ ਨਾ ਬਣ ਸਕਿਆ। ਦੂਜੇ ਆਦਮੀਆਂ ਨਾਲ ਸੰਬੰਧ ਵੇਲੇ ਵੀ ਜੱਗੀ ਕਈ ਵਾਰੀ ਰਾਤ ਥਾਮਸ ਨਾਲ ਹੀ ਕੱਟਦੀ ਸੀ। ਥਾਮਸ ਨੂੰ ਛੱਡਣਾ ਜੱਗੀ ਲਈ ਅਸੰਭਵ ਹੋ ਗਿਆ ਸੀ ਅਤੇ ਉਹ ਉਦੋਂ ਹੀ ਜੁਦਾ ਹੋਏ ਜਦੋਂ ਥਾਮਸ ਨਿਊ ਯਾਰਕ ਤੋਂ ਨੌਕਰੀ ਛੱਡ ਕੇ ਸਾਨ ਫਰਾਂਸਿਸਕੋ ਚਲੇ ਗਿਆ। ਉਸ ਵੇਲੇ ਜੱਗੀ ਨੇ ਬਹੁਤ ਇਕੱਲੀ ਮਹਿਸੂਸ ਕੀਤਾ ਸੀ।

*****

ਸਨਿੱਚਰਵਾਰ ਦਾ ਦਿਨ ਹੋਣ ਕਰ ਕੇ ਕੰਮ ਤੋਂ ਛੁੱਟੀ ਸੀ। ਜੱਗੀ ਥੋੜ੍ਹਾ ਲੇਟ ਹੀ ਉੱਠੀ। ਆਪਣੇ ਲਈ ਕਾਫ਼ੀ ਬਣਾਈ। ਕਾਫ਼ੀ ਦੇ ਨਾਲ ਖਾਣ ਲਈ ਗਰਮ ਕਰ ਕੇ ਮਫ਼ਿਨ ਲੈ ਲਏ। ਕੰਪਿਊਟਰ 'ਤੇ ਆਪਣੀ ਈਮੇਲ ਚੈੱਕ ਕੀਤੀ ਅਤੇ ਫਿਰ ਖ਼ਬਰਾਂ 'ਤੇ ਮੋਟੀ ਮੋਟੀ ਨਿਗਾਹ ਮਾਰੀ। ਫਿਰ ਕੰਪਿਊਟਰ ਬੰਦ ਕਰ ਕੇ ਪਰੇ ਰੱਖ ਦਿੱਤਾ ਅਤੇ ਸੋਚਣ ਲੱਗੀ ਕਿ ਅੱਜ ਕੀ ਕੀਤਾ ਜਾਵੇ। ਜੈੱਨ ਵੀ ਇਸ ਹਫ਼ਤੇ ਬਾਹਰ ਗਈ ਹੋਈ ਸੀ ਅਤੇ ਉਸ ਨੇ ਸ਼ਾਮ ਨੂੰ ਵਾਪਸ ਆਉਣਾ ਸੀ। ਹੁਣ ਤਾਂ ਜੱਗੀ ਦਾ ਕੋਈ ਬੁਆਏ ਫਰੈਂਡ ਵੀ ਨਹੀਂ ਸੀ। ਇਕੱਲੀ ਬਾਹਰ ਜਾਣ ਨੂੰ ਵੀ ਜੀਅ ਨਹੀਂ ਸੀ ਕਰ ਰਿਹਾ।

ਜੱਗੀ ਬੈਠੀ ਸੋਚ ਰਹੀ ਸੀ ਕਿ ਉਮਰ ਦੇ ਨਾਲ ਕਿਵੇਂ ਸਮਾਂ ਬਦਲ ਜਾਂਦਾ। ਕੁਝ ਸਾਲ ਪਹਿਲਾਂ ਤਕ ਹਮੇਸ਼ਾ ਹੀ ਉਸ ਦਾ ਕੋਈ ਨਾ ਕੋਈ ਬੁਆਏ ਫਰੈਂਡ ਰਿਹਾ ਸੀ। ਹੁਣ ਇਸ ਉਮਰ ਵਿਚ ਬੁਆਏ ਫਰੈਂਡ ਲੱਭਣੇ ਵੀ ਔਖੇ ਸਨ। ਬਹੁਤੇ ਅਮਰੀਕਨ ਆਦਮੀ ਇਸ ਉਮਰ ਵਿਚ ਪਹਿਲਾਂ ਹੀ ਕਿਸੇ ਨਾ ਕਿਸੇ ਨਾਲ ਰਿਸ਼ਤੇ ਵਿਚ ਬੱਝੇ ਹੋਏ ਹੁੰਦੇ ਹਨ ਅਤੇ ਜਿਹੜੇ ਨਹੀਂ ਬੱਝੇ ਹੁੰਦੇ ਉਹ ਜਵਾਨ ਕੁੜੀਆਂ ਚਾਹੁੰਦੇ ਹਨ। ਇੱਥੇ ਤਾਂ ਸੱਤਰ ਸੱਤਰ ਸਾਲ ਦੇ ਆਦਮੀ ਪੈਸੇ ਜਾਂ ਅਹੁਦਿਆਂ ਦੇ ਸਿਰ 'ਤੇ ਪੱਚੀ ਪੱਚੀ ਸਾਲ ਦੀਆਂ ਕੁੜੀਆਂ ਲਈ ਫਿਰਦੇ ਹਨ। ਜਿਹੜੇ ਆਦਮੀ ਮਿਲਦੇ ਹਨ ਉਨ੍ਹਾਂ ਨੂੰ ਜੱਗੀ ਪਸੰਦ ਨਹੀਂ ਸੀ ਕਰਦੀ। ਜੱਗੀ ਨੂੰ ਯਾਦ ਆਇਆ ਕਿ ਇਕ ਦਿਨ ਇਹ ਸਮੱਸਿਆ ਉਸ ਨੇ ਜੈੱਨ ਨਾਲ ਵੀ ਡਿਸਕਸ ਕੀਤੀ ਸੀ।

"ਜੱਗੀ ਤੂੰ ਐਸਕੋਰਟ ਸਰਵਿਸ ਦੀਆਂ ਅਜੈਂਸੀਆਂ ਨੂੰ ਫ਼ੋਨ ਕਰ ਕੇ ਆਦਮੀ ਮੰਗਵਾ ਲਿਆ ਕਰ।" ਜੈੱਨ ਨੇ ਸੁਝਾਅ ਦਿੱਤਾ ਸੀ।

"ਮੈਨੂੰ ਪਤਾ ਪਰ ਉਹ ਆਦਮੀ ਤਾਂ ਇਕ ਕਿਸਮ ਦੇ ਵੇਸਵਾ ਹੋਏ?"

"ਹਾਂ, ਬਿਲਕੁਲ। ਪਰ ਤੈਨੂੰ ਕੀ, ਤੂੰ ਤਾਂ ਆਪਣਾ ਕੰਮ ਸਾਰਨਾ। ਆਦਮੀ ਸਦੀਆਂ ਤੋਂ ਔਰਤਾਂ ਨੂੰ ਵੇਸਵਾ ਬਣਾ ਬਣਾ ਕੇ ਵਰਤਦੇ ਆਏ ਹਨ। ਤਾਂ ਕੀ ਹੋਇਆ ਜੇ ਔਰਤਾਂ ਨੇ ਵੇਸਵਾ ਆਦਮੀ ਵਰਤ ਲਏ ਤਾਂ?"

"ਪਰ ਮੇਰਾ ਜੀਅ ਨਹੀਂ ਕਰਦਾ ਇਸ ਤਰ੍ਹਾਂ ਕਰਨੇ ਨੂੰ।"

"ਇਸ ਵਿਚ ਕੀ ਹਰਜ ਹੈ? ਮੈਂ ਖ਼ੁਦ ਹਫ਼ਤੇ ਦੋ ਹਫ਼ਤਿਆਂ ਬਾਅਦ ਇਕ ਅਜਿਹੀ ਅਜੈਂਸੀ ਤੋਂ ਬੰਦਾ ਸੱਦ ਲੈਂਦੀ ਹਾਂ। ਚਾਰ ਪੰਜ ਸੌ ਡਾਲਰ ਖ਼ਰਚ ਆਉਂਦਾ। ਤੇਰੇ ਮੇਰੇ ਲਈ ਤਾਂ 500 ਡਾਲਰ ਕੁਝ ਵੀ ਨਹੀਂ।"

"ਪੈਸੇ ਦੀ ਤਾਂ ਕੋਈ ਗੱਲ ਨਹੀਂ ਪਰ ਉਂਝ ਹੀ ਜੀਅ ਨਹੀਂ ਕਰਦਾ।"

"ਤੂੰ ਸੋਚ ਲੈ। ਜਿਸ ਅਜੈਂਸੀ ਨੂੰ ਮੈਂ ਵਰਤਦੀ ਆਂ ਇਹ ਹੈ ਉਨ੍ਹਾਂ ਦਾ ਫ਼ੋਨ ਨੰਬਰ।" ਜੈੱਨ ਨੇ ਆਪਣੇ ਪਰਸ ਵਿਚੋਂ ਕੱਢ ਕੇ ਇਕ ਕਾਰਡ ਜੱਗੀ ਨੂੰ ਦੇ ਦਿੱਤਾ।

"ਜੈੱਨ, ਬਹੁਤ ਬਹੁਤ ਧੰਨਵਾਦ। ਮੈਂ ਇਸ ਬਾਰੇ ਸੋਚਾਂਗੀ। ਇਸ ਵੇਲੇ ਜੀਅ ਨਹੀਂ ਕਰਦਾ ਇਸ ਤਰ੍ਹਾਂ ਕਰਨੇ ਨੂੰ।" ਜੱਗੀ ਨੇ ਕਾਰਡ ਫੜਦਿਆਂ ਆਖਿਆ।

"ਹਾਂ ਸੱਚ, ਜੇ ਤੂੰ ਉਨ੍ਹਾਂ ਨੂੰ ਫ਼ੋਨ ਕੀਤਾ ਤਾਂ ਆਖੀਂ ਕਿ ਉਹ ਪੀਟ ਨੂੰ ਤੇਰੇ ਕੋਲ ਭੇਜਣ। ਬਹੁਤ ਹੀ ਵਧੀਆ ਆਦਮੀ ਐ। ਰੰਗ ਦਾ ਕਾਲਾ। ਬਹੁਤ ਖ਼ੂਬਸੂਰਤ। ਛੇ ਫੁੱਟ ਤੋਂ ਲੰਬਾ। ਰੱਬ ਨੇ ਉਸ ਨੂੰ ਬਹੁਤ ਕੁਝ ਦਿੱਤਾ।" ਆਖ ਕੇ ਜੈੱਨ ਉੱਚੀ ਉੱਚੀ ਹੱਸ ਪਈ।

ਜੱਗੀ ਨੇ ਉਸ ਦਿਨ ਉਹ ਕਾਰਡ ਸੰਭਾਲ ਕੇ ਰੱਖ ਲਿਆ ਸੀ। ਅੱਜ ਜੱਗੀ ਦਾ ਜੀਅ ਕੀਤਾ ਕਿ ਉਹ ਉਸ ਕੰਪਨੀ ਨੂੰ ਫ਼ੋਨ ਕਰ ਕੇ ਪੀਟ ਨੂੰ ਸੱਦੇ। ਉਹ ਅੰਦਰ ਜਾ ਕੇ ਕਾਰਡ ਕੱਢ ਕੇ ਲੈ ਆਈ। ਉਸ ਨੇ ਕਈ ਵਾਰੀ ਕਾਰਡ ਵੱਲ ਵੇਖਿਆ, ਸੋਚਿਆ, ਮਨ ਬਣਾਇਆ, ਫਿਰ ਮਨ ਬਦਲ ਲਿਆ, ਅਤੇ ਫਿਰ ਮਨ ਬਣਾ ਲਿਆ। ਉਹ ਦੋ ਘੰਟੇ ਇਸੇ ਸ਼ਸ਼ੋ ਪੰਜ ਵਿਚ ਪਈ ਰਹੀ ਕਿ ਉਹ ਫ਼ੋਨ ਕਰੇ ਜਾਂ ਨਾ ਕਰੇ। ਅਖੀਰ ਉਸ ਨੇ ਕੰਪਨੀ ਨੂੰ ਫ਼ੋਨ ਕਰ ਹੀ ਦਿੱਤਾ ਅਤੇ ਪੀਟ ਨੂੰ ਭੇਜਣ ਲਈ ਆਖਿਆ। ਸ਼ਾਮ ਦੇ ਤਿੰਨ ਵਜੇ ਜੱਗੀ ਦੇ ਅਪਾਰਟਮੈਂਟ ਦੀ ਘੰਟੀ ਵੱਜੀ। ਕੰਪਨੀ ਨੇ ਬੰਦਾ ਭੇਜ ਦਿੱਤਾ ਸੀ ਅਤੇ ਇਹ ਪੀਟ ਹੀ ਸੀ। ਪੀਟ ਉਹੋ ਜਿਹਾ ਹੀ ਸੀ ਜਿਹੋ ਜਿਹਾ ਜੈੱਨ ਨੇ ਦੱਸਿਆ ਸੀ। ਜੱਗੀ ਉਸ ਨੂੰ ਅੰਦਰ ਲੈ ਆਈ। ਕੁਝ ਚਿਰ ਸੋਫ਼ੇ 'ਤੇ ਬੈਠ ਕੇ ਗੱਲਾਂ ਕਰਨ ਤੋਂ ਬਾਅਦ ਉਹ ਦੋਵੇਂ ਬੈੱਡ ਰੂਮ ਵਿਚ ਚਲੇ ਗਏ। ਦੋ ਘੰਟਿਆਂ ਬਾਅਦ ਜਦ ਪੀਟ ਗਿਆ ਤਾਂ ਜੱਗੀ ਸਰੀਰ ਦੇ ਤਣਾਉ ਤੋਂ ਹਲਕੀ ਮਹਿਸੂਸ ਕਰਦੀ ਹੋਈ ਲੇਟ ਜਿਹੀ ਗਈ। ਹਾਲੇ ਉਸ ਨੂੰ ਗੁਲਾਟ ਆਇਆ ਹੀ ਸੀ ਕਿ ਫ਼ੋਨ ਦੀ ਘੰਟੀ ਵੱਜ ਗਈ। ਜੈੱਨ ਦਾ ਫ਼ੋਨ ਸੀ। ❑❑

**[44 Rock Spring Road, West Orange, NJ 07052, USA.
Phone: 860-983-5002]**

ਘਰ ਦਾ ਰਾਹ ਤਲਾਸ਼ਦਿਆਂ : ਹਮਦਰਦਵੀਰ ਨੌਸ਼ਹਿਰਵੀ

ਵਿਹੜੇ ਵਿਚ ਲੱਗੇ ਬਿਰਖਾਂ ਨੇ ਮਲ ਮਲ ਕੇ ਇਸ਼ਨਾਨ ਕਰ ਲਿਆ ਸੀ। ਦੋ ਤਿੰਨ ਵਾਰ ਭਰਵੀਂ ਵਰਖਾ ਹੋਈ ਸੀ। ਸਵੇਰ ਦੀਆਂ ਸੂਰਜ ਦੀਆਂ ਕਿਰਨਾ ਜਦੋਂ ਪੱਤਿਆਂ ਉੱਤੇ ਪੈਂਦੀਆਂ ਸਨ, ਤਾਂ ਪੱਤਿਆਂ ਦੇ ਸੁਨਿਹਰੀ ਮੁੱਖ ਸ਼ਰਮਾ ਕੇ ਨੀਵੀਂ ਪਾ ਲੈਂਦੇ ਸਨ। ਵਿਹੜਾ ਹਰਿਆਵਲ ਤੇ ਖੁਸ਼ਬੂ ਨਾਲ ਭਰਿਆ ਪਿਆ ਸੀ। ਪਰ ਕਵਿਤਾ ਭਵਨ ਦੇ ਕਮਰਿਆਂ ਅੰਦਰ ਹਰਿਆਵਲ ਨੇ ਪ੍ਰਵੇਸ਼ ਨਹੀਂ ਸੀ ਕੀਤਾ।

ਜਸਬੀਰ ਸਿੰਘ ਘੁਲਾਲ ਨੇ ਆਪਣੇ ਬਾਗ਼ ਦੇ ਰੁੱਖਾਂ ਨਾਲ ਟੰਗਣ ਲਈ ਲੱਕੜ ਦੇ ਆਲ੍ਹਣੇ ਬਣਵਾਏ ਸਨ। ਮੈਂ ਵੀ ਉਸ ਪਾਸੋਂ ਇਕ ਛੋਟਾ ਜਿਹਾ ਦੋ ਬਿਸਤਰਿਆਂ ਵਾਲਾ ਲੱਕੜ ਦਾ ਆਲ੍ਹਣਾ ਲੈ ਆਇਆ। ਆਪਣੇ ਵਿਹੜੇ ਵਿਚ ਲੱਗੇ ਆੜੂ ਦੇ ਘਣੇ ਬਿਰਖ ਦੀ ਇਕ ਅੰਦਰਲੀ ਟਾਹਣੀ ਨਾਲ ਪੱਕੀ ਤਰ੍ਹਾਂ ਬੰਨ੍ਹ ਦਿੱਤਾ। ਆਲ੍ਹਣੇ ਦਾ ਗੋਲ ਦਰਵਾਜ਼ਾ ਮੈਂ ਪੱਤਿਆਂ ਤੋਂ ਬਾਹਰ ਰੱਖਿਆ। ਮੈਂ ਆਪਣੇ ਕਮਰੇ ਦੇ ਅੰਦਰ ਬੈਠਾ, ਖਿੜਕੀ ਰਾਹੀਂ ਆਲ੍ਹਣਾ ਵੇਖ ਸਕਦਾ ਸਾਂ। ਇਕ ਰੰਗਦਾਰ ਚਿੜੀ ਕਿੱਧਰੋਂ ਉਡਦੀ ਆਉਂਦੀ, ਆਲ੍ਹਣੇ ਦੇ ਗੋਲ ਦਰਵਾਜ਼ੇ ਵਿਚ ਬੈਠਦੀ-ਅੰਦਰ ਝਾਕਦੀ ਤੇ ਉੱਡ ਜਾਂਦੀ। ਸ਼ਾਇਦ ਇਕੱਲੀ ਉਹ ਆਲ੍ਹਣੇ ਦੇ ਅੰਦਰ ਜਾਣੋਂ ਘਬਰਾਉਂਦੀ ਸੀ। ਮੇਰਾ ਆਪਣੇ ਕਮਰੇ ਅੰਦਰ ਇਕੱਲੇ ਬੈਠੇ ਦਾ ਦਿਲ ਘਬਰਾਉਂਦਾ। ਮੈਂ ਕਮਰੇ ਵਿਚੋਂ ਬਾਹਰ ਆ ਜਾਂਦਾ। ਇਕੱਲਾ ਖੜ੍ਹਾ ਤਾਂ ਰੁੱਖ ਵੀ ਘਬਰਾਉਂਦਾ ਹੈ। ਪੰਛੀ ਹੋਵੇ, ਰੁੱਖ ਹੋਵੇ ਜਾਂ ਮਨੁੱਖ, ਇਕੱਲੇ ਦੀ ਜ਼ਿੰਦਗੀ ਦਾ ਕੋਈ ਚਾਰਮ ਨਹੀਂ ਹੁੰਦਾ। ਨਾ ਕੋਈ ਹਾਸਾ ਹੁੰਦਾ ਹੈ ਨਾ ਕੋਈ ਰੋਸਾ। ਜੋੜਿਆਂ ਦਾ ਨਾ ਹੀ ਜ਼ਿੰਦਗੀ ਹੈ।

ਜੋਸ਼ ਨੇ ਮੈਨੂੰ ਘਰ ਬੁਲਾਇਆ-ਤੂੰ ਵੀ ਇਕੱਲਾ, ਮੈਂ ਵੀ ਇਕੱਲਾ। ਪਰ ਵੇਖ ਮੇਰੇ ਕਮਰੇ ਅੰਦਰ ਅਜਾਇਬ ਘਰ। ਪੁਰਾਣੀਆਂ ਵਸਤਾਂ, ਸਜੀਵ- ਗੱਲਾਂ ਕਰਦੀਆਂ। ਮੈਂ ਭੱਜ ਕੇ ਕਮਰੇ ਵਿਚੋਂ ਬਾਹਰ ਆ ਗਿਆ। ਮੈਨੂੰ ਨਹੀਂ ਚਾਹੀਦੀਆਂ ਇਹ ਵਸਤਾਂ-ਮੁਰਦਾ, ਨਿਰਜੀਵ। ਮੈਂ ਘਬਰਾਇਆ। ਮੈਂ ਵਰਤਮਾਨ ਨਾਲ ਤੁਰਨਾ ਚਾਹੁੰਦਾ ਹਾਂ, ਇਕੱਲਾ ਹੀ ਸਹੀ, ਪਰ ਗੱਲਾਂ ਕਰਨ ਨੂੰ ਪੰਛੀ ਤਾਂ ਹਨ। ਅੰਤੋਨ ਚੈਖੋਵ ਦੇ ਟਾਂਗੇ ਵਾਲੇ ਦਰਬਾਨ ਇਓਨਾ ਦਾ ਦੁੱਖ ਮਨੁੱਖ ਨੇ ਨਾ ਸੁਣਿਆ ਤਾਂ ਉਸ ਨੇ ਆਪਣੀ ਘੋੜੀ ਨੂੰ ਆਪਣਾ ਦੁੱਖ ਦੱਸਿਆ ਤੇ ਆਪਣੇ ਮਨ ਦਾ ਬੋਝ ਹਲਕਾ ਕੀਤਾ ਸੀ।

ਵਸੋਂ ਵਧਦੀ ਜਾ ਰਹੀ ਹੈ। ਚਾਰੇ ਪਾਸੇ ਭੀੜ ਹੈ।ਮੱਛੀ ਮਾਰਕੀਟ ਦਾ ਸ਼ੋਰ ਹੈ- ਮੇਲੇ ਵਰਗਾ ਮਾਹੌਲ ਹੈ। ਪਰ ਬੰਦਾ ਹੋਰ ਇਕੱਲਾ ਹੋ ਗਿਆ ਹੈ। ਵਾਲ ਮਾਰਟ ਮੰਡੀ ਘਰ ਤਕ ਪਹੁੰਚ ਗਈ ਹੈ। ਘਰ ਵਸਤਾਂ ਦਾ ਸਟੋਰ ਹੈ-ਮਾਲ ਗੁਦਾਮ ਹੈ। ਘਰਾਂ ਦੀਆਂ ਨੇਮ ਪਲੇਟਾਂ ਨਹੀਂ ਵਸਤਾਂ ਦੇ ਇਸ਼ਤਿਹਾਰ ਹਨ। ਘਰ ਬੇਪਛਾਣ ਹਨ। ਘਰਾਂ ਵਿਚ ਧੁੱਪ ਕਦੇ ਨਹੀਂ ਆਉਂਦੀ। ਸੂਰਜ ਨੂੰ ਅੰਦਰ ਝਾਕਣ ਦੀ ਇਜਾਜ਼ਤ ਨਹੀਂ। ਝੀਤਾਂ ਰਾਹੀਂ ਅੰਦਰ ਲੰਘਦੀ ਹਵਾ ਵੀ ਆਪਣੇ ਕਪੜੇ ਪੜਵਾ ਲੈਂਦੀ ਹੈ।

ਕਵਿਤਾ ਭਵਨ ਵਿਚ ਸੂਰਜ ਵੀ ਹੈ ਤੇ ਹਵਾ ਵੀ। ਰੁੱਖ ਵੀ ਹਨ-ਤੇ ਛਾਂ ਵੀ। ਬੰਦਾ ਹੈ, ਪਰ ਗੁਫਤਗੂ ਨਹੀਂ। ਬਾਤ ਹੈ-ਪਰ ਹੁੰਗਾਰਾ ਨਹੀਂ। ਸਵਾਲ ਹੈ-ਪਰ ਜਵਾਬ ਨਹੀਂ। ਤਨਹਾਈ ਹੈ-ਪਰ ਜੁਦਾਈ ਨਹੀਂ।

ਮੈਂ ਆਪਣੇ ਸ਼ਹਿਰ ਦੇ ਸ਼ਮਸ਼ਾਨ ਘਾਟ ਵਿਚ ਇਕ ਪੌਦਾ ਲਾਇਆ ਹੈ-ਜੰਡ। 'ਰੁੱਖ ਲਗਾਉ-ਪਾਣੀ ਬਚਾਉ' ਲਹਿਰ ਤਹਿਤ ਇਸ ਸ਼ਮਸ਼ਾਨਘਾਟ ਵਿਚ ਕਾਫੀ ਸਾਰੇ ਬੂਟੇ ਲਗਾਏ ਗਏ ਹਨ। ਕਈ ਭਾਂਤ ਦੇ ਰੁੱਖ-ਖਾਸ ਨਿੰਮ ਤੇ ਜਾਮਣ। ਪਰ ਜੰਡ ਦਾ ਰੁੱਖ ਸਿਰਫ ਮੈਂ ਹੀ ਲਾਇਆ ਹੈ। ਜਦੋਂ ਵੀ ਕਿਸੇ ਮਿੱਤਰ ਸਾਥੀ ਪਰਿਵਾਰ ਵਿਚ ਹੋਈ ਮ੍ਰਿਤੂ ਸਮੇਂ, ਦਾਹ ਸੰਸਕਾਰ

ਵੇਲੇ ਮੈਂ ਸ਼ਮਸ਼ਾਨਘਾਟ ਵਿਚ ਜਾਂਦਾ ਹਾਂ, ਆਪਣੇ ਹੱਥੀਂ ਲਾਏ ਹੋਏ ਜੰਡ ਨੂੰ ਜ਼ਰੂਰ ਮਿਲ ਕੇ ਆਉਂਦਾ ਹਾਂ। ਮੈਨੂੰ ਡਰ ਵੀ ਲਗਦਾ ਹੈ ਕਿ ਜੰਡ ਏਨੀ ਛੇਤੀ ਕਾਫੀ ਵੱਡਾ ਹੋ ਗਿਆ ਹੈ।

ਕਿੰਨੇ ਸਾਰੇ ਕਵਾਟਰਾਂ, ਮਕਾਨਾਂ, ਆਸ਼ਰਮਾਂ, ਬਿਲਟਾਂ, ਬੈਰਕਾਂ, ਰੈਣ ਬਸੇਰਿਆਂ ਦੀਆਂ ਆਵਾਜ਼ਾਂ। ਕਦਮ ਚਾਪਾਂ, ਤਾਲਿਆਂ ਤੇ ਕੁੰਜੀਆਂ ਵਿਚ ਘਿਰਿਆ, ਮੈਂ ਘਰ ਤਲਾਸ਼ ਰਿਹਾ ਹਾਂ। ਮੇਰਾ ਮਿੱਟੀ ਦਾ ਬਣਿਆ ਕੱਚਾ ਜਨਮ ਘਰ, ਮਲਬੇ ਦਾ ਢੇਰ ਬਣ ਕੇ, ਨਵੇਂ ਮਕਾਨ ਦੀਆਂ ਨੀਹਾਂ ਹੇਠ ਪੁਰਜ਼ਾ ਪੁਰਜ਼ਾ ਕੱਟ ਕੇ ਦਬ ਗਿਆ ਹੈ। ਉੱਥੇ ਛੋਟੇ ਭਰਾ ਨੇ ਆਪਣੇ ਪੱਕਾ ਮਕਾਨ ਬਣਾ ਲਿਆ ਹੈ। ਮਰਦਾਸ, ਆਗਰਾ, ਜੰਮੂ, ਮੁੰਬਈ, ਆਦਮਪੁਰ ਦੇ ਮੇਰੇ ਕਵਾਟਰ ਕਮਰੇ ਪਤਾ ਨਹੀਂ ਕਿੰਨੇ ਜਿਸਮ ਬਦਲ ਚੁੱਕੇ ਹੋਣਗੇ। ਕਵਿਤਾ ਭਵਨ ਬੈਂਕ ਦੀ ਕਰਜ਼ਾ ਫਾਈਲ ਵਿਚ ਹੈ। ਰਜਿਸਟਰੀ ਬੈਂਕ ਵਿਚ ਰੱਖ ਕੇ ਕਰਜ਼ਾ ਲਿਆ ਹੈ। ਕੈਲਗਰੀ ਵਿਖੇ ਬੇਟੇ ਨੇ ਘਰ ਖਰੀਦ ਲਿਆ ਹੈ। ਮੇਰਾ ਕਮਰਾ ਬੇਸਮੈਂਟ ਵਿਚ ਹੈ। ਬੇਸਮੈਂਟ ਨੂੰ ਤਾਂ ਕੋਈ ਖਿੜਕੀ ਨਹੀਂ ਹੁੰਦੀ। ਬੇਸਮੈਂਟ ਪਾਸ ਨਹੀਂ ਹੁੰਦਾ-ਆਪਣਾ ਨਿੱਕਾ ਜਿਹਾ ਆਸਮਾਨ। ਨਹੀਂ ਹੁੰਦੇ ਤਾਰੇ-ਨਹੀਂ ਹੁੰਦੇ ਬੱਦਲ। ਅੰਦਰ ਨਹੀਂ ਆਉਂਦਾ ਕੋਈ ਪੰਛੀ। ਨਾ ਬਿਰਖ ਨਾ ਕੋਈ ਝੜਿਆ ਪੱਤਾ।

ਮੈਂ ਆਪਣੀ ਨੂੰਹ ਨੂੰ ਫੋਨ ਕੀਤਾ - ਮੇਰੇ ਬੇਸਮੈਂਟ ਵਾਲੇ ਕਮਰੇ ਵਿਚ ਛੱਤ ਵਿਚ ਇਕ ਨਿੱਕਾ ਜਿਹਾ ਘੁੰਮਣਾ ਵਾਲਾ ਮੋਘ ਕਢਵਾ ਲੈਣ। ਸੂਰਜ ਦੀ ਦਿਸ਼ਾ ਤੇ ਰਾਤ ਨੂੰ ਚੰਦਰਮੇ ਦੀਆਂ ਕਿਰਨਾਂ ਦੀ ਦਿਸ਼ਾ ਅਨੁਸਾਰ, ਮੇਰੀ ਛੱਤ ਦਾ ਇਹ ਮੋਘ ਆਪਣੀ ਦਿਸ਼ਾ ਬਦਲੇ। ਪੈਂਦੀ ਬਰਫ ਵਿਚ ਵੀ ਮੈਨੂੰ ਚੱਪਾ ਕੁ ਸੂਰਜ ਦਿਸੇਗਾ। ਤਾਰੇ ਕਰਨਗੇ ਇਸ਼ਾਰੇ।

ਪਤਨੀ ਪ੍ਰੀਤਮ ਕੌਰ ਨੇ ਆਪਣੀ ਸਹੇਲੀ ਬਿਮਲਾ ਨੂੰ ਕਿਹਾ-ਭਰਾ ਜੀ ਨੂੰ ਕਹਿਣਾ ਸ਼ਹਿਰੋਂ ਬਾਹਰਵਾਰ ਸਾਨੂੰ ਖੁੱਲ੍ਹਾ ਜਿਹਾ ਪਲਾਟ ਖਰੀਦ ਦੇਣਾ। ਅਸੀਂ ਆਪਣੇ ਮਕਾਨ ਦਾ ਵਿਹੜਾ ਖੁੱਲ੍ਹਾ ਰੱਖਣਾ ਹੈ। ਤੰਗ ਵਿਹੜਿਆਂ ਵਾਲੇ ਮਕਾਨ ਵਿਚ ਰਹਿੰਦੇ ਲੋਕ ਖੁੱਲ੍ਹੇ ਸੁਭਾਅ ਵਾਲੇ ਨਹੀਂ ਹੁੰਦੇ।

ਵਿਹੜਾ ਖੁੱਲ੍ਹਾ ਹੈ-ਉਪਰ ਮੋਕਲਾ ਅੰਬਰ ਹੈ। ਮੁਕਤ ਹਵਾ ਹੈ। ਪਰ ਇਸ ਹਵਾ ਵਿਚ ਕਦੀ ਕਿਸੇ ਪਤੰਗ ਨੇ ਉਡਾਣ ਨਹੀਂ ਭਰੀ। ਹਾਂ, ਕਦੀ ਕਦੀ ਕੋਈ ਟੁੱਟੀ ਪਤੰਗ ਜ਼ਰੂਰ ਖੁੱਲ੍ਹੇ ਵਿਹੜੇ ਵਿਚ ਲੱਗੇ ਬਿਰਖਾਂ ਦੀਆਂ ਟਾਹਣੀਆਂ ਵਿਚ ਆ ਫਸਦੀ ਹੈ।

ਬੰਗਲੌਰ ਹਵਾਈ ਅੱਡੇ ਵਿਖੇ ਸਾਰਜੰਟ ਭੱਟਾਚਾਰੀਆ ਮੈਨੂੰ ਇਨਵਿਜ਼ੇਬਲ ਮੈਨ, ਨਜ਼ਰ ਨਾ ਆਉਣ ਵਾਲਾ ਆਦਮੀ ਕਿਹਾ ਕਰਦਾ ਸੀ। ਹਵਾਈ ਜਹਾਜ਼ ਉੱਤੇ ਜਦੋਂ ਮੇਰੇ ਲਈ ਕੋਈ ਕੰਮ ਨਹੀਂ ਸੀ ਤਾਂ ਹੈਂਗਰ ਦੀ ਕਿਸੇ ਨੁੱਕਰੇ ਬੈਂਚ ਉੱਤੇ ਬੈਠਾ ਮੈਂ ਕੋਈ ਨਵੀਂ ਕਿਤਾਬ ਪੜ੍ਹ ਰਿਹਾ ਹੁੰਦਾ ਸਾਂ। ਭੀੜ ਤੋਂ ਰੌਲੇ ਤੋਂ ਦੂਰ, ਮੈਨੂੰ ਕਿਸੇ ਅਣਗੌਲੀ ਜਿਹੀ ਨੁੱਕਰ ਦੀ ਹੀ ਸਦਾ ਤਲਾਸ਼ ਰਹੀ ਹੈ। ਸਾਰੀ ਉਮਰ ਮੈਂ ਇਕ ਕੋਨਾ, ਇਕ ਨੁੱਕਰ ਭਾਲਦਾ ਰਿਹਾ। ਨੁੱਕਰ ਵਿਚ ਵੀ ਆਪਣਾ ਸੰਸਾਰ ਭਾਲਦਾ ਰਿਹਾ। ਪਰ ਮੇਰੀ ਨੁੱਕਰ ਹੋਰ ਸੀਮਤ ਹੁੰਦੀ ਗਈ। ਹੁਣ ਮੇਰੇ ਪਾਸ ਇਕ ਵੱਡੀ ਨੁੱਕਰ ਹੈ-ਝੜੇ ਖੰਭ ਹਨ। ਉਧੜਿਆ ਖਿੱਦੋ ਹੈ। ਗੁੱਤ ਵਿਹੂਣੀ ਗੁੱਡੀ ਹੈ। ਵੱਧਰ ਟੁੱਟੀ ਚੱਪਲ ਹੈ। ਟੁੱਟੀਆਂ ਚੂੜੀਆਂ ਦੇ ਟੋਟੇ ਹਨ। ਜੰਗਾਲਿਆ ਖੁਰਚਣਾ ਹੈ। ਖਾਲੀ ਡੱਬੇ ਹਨ। ਟੁੱਟੇ ਸੁਪਨੇ ਹਨ। ਹੁਣ ਮੇਰੇ ਪਾਸ ਇਕ ਵੱਡੀ ਨੁੱਕਰ ਹੈ।

ਹੁਣ ਮੇਰੇ ਤਿੰਨ ਕਮਰੇ ਹਨ। ਇਕ ਕਮਰੇ ਵਿਚ ਮੈਂ ਰਹਿੰਦਾ ਹਾਂ। ਤੇ ਦੋ ਕਮਰਿਆਂ ਵਿਚ ਹਿਰਾਸੀ ਹਵਾ ਹਿਰਾਸਤ ਵਿਚ ਰਹਿੰਦੀ ਹੈ। ਇਕ ਕਮਰੇ ਵਿਚ ਮੈਂ ਇਕੱਲਿਆ ਪੰਜ ਹਜ਼ਾਰ ਕਿਤਾਬਾਂ ਨਾਲ ਰਹਿੰਦਾ ਹਾਂ। ਦੋ ਕਮਰੇ, ਖਾਲੀ ਪੇਟੀਆਂ, ਬਿਨਾਂ ਤਾਲਿਆਂ ਤੋਂ ਟਰੰਕ, ਚਾਦਰਾਂ ਵਿਛੀਆਂ ਵਾਲੇ ਪਲੰਘਾਂ ਦੇ ਦੋ ਜੋੜੇ, ਪੁਰਾਣਾ ਕੂਲਰ, ਦੇਰ ਦਾ ਖੜ੍ਹਾ ਸਕੂਟਰ, ਪੈਰੋਂ ਹੀਣੀਆਂ ਜੁੱਤੀਆਂ ਚੱਪਲਾਂ ਦੇ ਅੰਬਾਰ, ਕਿਰਲੀਆਂ ਤੇ ਜਾਲ਼ੇ। ਇਹ ਦੋ ਕਮਰੇ ਬੰਦ ਹੀ ਰਹਿੰਦੇ ਹਨ।

ਜਦੋਂ ਕਦੀ ਮੈਨੂੰ ਇਹਨਾਂ ਵਿਚੋਂ ਕਿਸੇ ਕਮਰੇ ਵਿਚ ਜਾਣ ਦੀ ਲੋੜ ਪੈਂਦੀ ਹੈ- ਮੈਨੂੰ ਸਾਰੀ ਰਾਤ ਨੀਂਦ ਨਹੀਂ ਆਉਂਦੀ। ਬੱਚਿਆਂ ਦੇ ਹੱਸਣ ਦੀਆਂ ਆਵਾਜ਼ਾਂ ਆਉਂਦੀਆਂ ਹਨ। ਚੱਪਲਾਂ ਵਾਲੇ ਪੈਰਾਂ ਦੇ ਤੁਰਨ, ਅਲਮਾਰੀਆਂ ਦੇ ਖੁੱਲ੍ਹਣ ਤੇ ਬੰਦ ਹੋਣ ਦੀਆਂ ਆਵਾਜ਼ਾਂ ਆਉਂਦੀਆਂ ਹਨ। ਖੜਕਣ, ਘੁਲਣ ਤੇ ਬੋਲਣ ਦੀਆਂ ਆਵਾਜ਼ਾਂ ਆਉਂਦੀਆਂ ਹਨ।

ਨੇੜੇ ਹੀ ਮਾਛੀਵਾੜਾ ਸਾਹਿਬ ਵਿਖੇ ਰਹਿੰਦਾ ਨਵਚੇਤਨ ਕਦੀ ਨਹੀਂ ਆਉਂਦਾ। ਸਰੀਰਕ ਤੇ ਪਰਾਸਰੀਰਕ ਰੂਹਾਂ ਦੇ ਦਾਬੇ ਹੇਠ ਆਇਆ ਨਵਚੇਤਨ ਟੈਲੀਫੋਨ ਰਾਹੀਂ ਵੀ ਸਾਹ ਨਹੀਂ ਕੱਢਦਾ। ਸਮੁੰਦਰੋਂ ਪਾਰ ਕੈਲਗਰੀ ਤੋਂ ਪੰਦਰਾਂ ਦਿਨਾਂ ਬਾਅਦ ਵੱਡੇ ਬੇਟੇ ਦਾ ਫੋਨ ਆਉਂਦਾ ਹੈ। ਪੰਜ ਮਿੰਟ ਗੱਲ ਕਰਦਾ ਹੈ- ਹੋਰ ਫੇਰ ਕਿਵੇਂ ਹੋ ਪਿਤਾ ਜੀ। ਮੈਂ ਜਦੋਂ ਕਹਿੰਦਾ ਹਾਂ-ਮੈਂ ਠੀਕ ਹਾਂ। ਮੈਨੂੰ ਲਗਦਾ ਹੈ, ਮੈਂ ਤਾਂ ਝੂਠ ਬੋਲ ਰਿਹਾ ਹਾਂ। ਚੰਡੀਗੜ੍ਹ ਰਹਿੰਦੀਆਂ ਦੋਵੇਂ ਬੇਟੀਆਂ-ਨਵਸੰਗੀਤ ਤੇ ਨਵਕਵਿਤਾ ਕਦੀ ਕਦੀ ਆਉਂਦੀਆਂ ਹਨ। ਆਉਂਦਿਆਂ ਸਾਰ ਹੀ ਬੇਟੀ ਨਵਸੰਗੀਤ ਸਾਰੇ ਕਮਰਿਆਂ ਦੇ ਦਰਵਾਜ਼ੇ ਖਿੜਕੀਆਂ ਖੋਲ੍ਹਦੀ ਹੈ-ਜਾਲ਼ੇ ਲਾਹੁੰਦੀ ਹੈ-ਤਸਵੀਰਾਂ ਉੱਤੇ ਕੱਪੜਾ ਫੇਰਦੀ ਹੈ। ਬਿਸਤਰਿਆਂ ਦੀਆਂ ਚਾਦਰਾਂ ਲਾਹ ਕੇ ਪਾਸੇ ਰੱਖਦੀ ਹੈ। ਧੋਤੀਆਂ ਚਾਦਰਾਂ ਵਿਛਾਉਂਦੀ ਹੈ। ਮੇਰੇ ਪੜ੍ਹਨ-ਸੌਣ ਵਾਲੇ ਕਮਰੇ ਵਾਲੀ ਬੈੱਡਸ਼ੀਟ ਬਦਲਦੀ ਹੈ-ਪਿਤਾ ਜੀ ਇਹ ਲਉ ਦੋ ਨਵੀਆਂ ਚਾਦਰਾਂ। ਮੈਂ ਨਾਲ ਲਿਆਈ ਹਾਂ। ਸਿਰਹਾਣਿਆਂ ਦੇ ਨਵੇਂ ਕਵਰ ਵੀ ਹਨ। ਹਰ ਰੋਜ਼ ਆਪਣੇ ਬੈੱਡ ਦੀ ਚਾਦਰ ਬਦਲ ਦਿਆ ਕਰੋ। ਹੁਣ ਕੱਪੜੇ ਆਪ ਨਾ ਧੋਇਆ ਕਰੋ। ਧੋਬੀ ਪਾਸੋਂ ਧੁਆ ਲਿਆ ਕਰੋ। ਹੁਣ ਸਾਈਕਲ ਨਾ ਚਲਾਇਆ ਕਰੋ। ਟਰੈਫਿਕ ਬਹੁਤ ਵਧ ਗਿਆ ਹੈ-ਤੁਹਾਡੇ ਲਈ ਸੜਕ ਪਾਰ ਕਰਨੀ ਮੁਸ਼ਕਲ ਹੈ। ਜੇ ਕਿਤੇ ਜਾਣਾ ਜ਼ਰੂਰੀ ਹੈ ਤਾਂ ਟੈਕਸੀ ਕਰ ਲਿਆ ਕਰੋ।

ਰਾਮ ਪਿਆਰੀ ਨੂੰ ਮੈਂ ਰੋਜ਼ ਹੀ ਕਹਿੰਦਾ ਹਾਂ- ਦਾਲ਼ ਸਬਜ਼ੀ ਘੱਟ ਬਣਾਇਆ ਕਰੋ। ਇਕੱਲਾ ਹੀ ਤਾਂ ਮੈਂ ਹਾਂ ਖਾਣ ਵਾਲਾ। ਤੂੰ ਕੁੱਕਰ ਭਰ ਕੇ ਸਬਜ਼ੀ ਬਣਾ ਲੈਂਦੀ ਏਂ। ਰਾਮ ਪਿਆਰੀ ਹਮੇਸ਼ਾ ਕਹੇਗੀ-ਪਿਤਾ ਜੀ, ਥੋੜ੍ਹੀ ਜਿਹੀ ਦਾਲ਼ ਸਬਜ਼ੀ ਮੈਨੂੰ ਬਣਾਉਣੀ ਆਉਂਦੀ ਹੀ ਨਹੀਂ। ਹੱਥ ਟਿਕਿਆ ਹੈ ਨਾ। ਰਾਮ ਪਿਆਰੀ ਮੇਰਾ ਖਾਣਾ ਬਣਾ ਕੇ ਆਪਣੇ ਘਰ ਚਲੀ ਜਾਂਦੀ ਹੈ।

ਮੈਂ ਖਾਣਾ ਆਪਣੇ ਨਿੱਕੇ ਖਾਣ ਮੇਜ਼ ਉੱਤੇ ਰੱਖਦਾ ਹਾਂ। ਮੁੜ ਗਰਮ ਕਰਕੇ ਤਿੰਨ ਰੋਟੀਆਂ, ਦਾਲ ਜਾਂ ਸਬਜ਼ੀ, ਫੇਰ ਸਲਾਦ ਰੱਖਦਾ ਹਾਂ। ਪਾਣੀ ਰੱਖਦਾ ਹਾਂ- ਉਨੇ ਚਿਰ ਨੂੰ ਰੋਟੀ ਠੰਡੀ ਹੋ ਜਾਦੀ ਹੈ। ਹੁਣ ਰੋਟੀ ਕਦੀ ਸਵਾਦ ਲੱਗੀ ਹੀ ਨਹੀਂ। ਮੇਰੇ ਪਸੰਦ ਦੀ ਸਬਜ਼ੀ ਤਾਂ ਮਹੀਨਿਆਂ ਬੱਧੀ ਕਦੀ ਬਣੀ ਹੀ ਨਹੀਂ। ਮੈਂ ਦੋਹਾਂ ਬੇਟੀਆਂ ਨੂੰ ਕਿਹਾ ਹੋਇਆ ਹੈ, ਜਦੋਂ ਵੀ ਮੈਨੂੰ ਮਿਲਣ ਆਉਣ, ਬਿਨਾਂ ਤਰੀ ਤੋਂ ਕੋਈ ਨਾ ਕੋਈ ਸਬਜ਼ੀ ਬਣਾ ਕੇ ਜ਼ਰੂਰ ਨਾਲ ਲੈ ਕੇ ਆਉਣ।

ਖਾਣੇ ਦਾ ਸਵਾਦ ਵੀ ਪਰਿਵਾਰ ਵਿਚ ਹੀ ਹੈ।

ਮੇਰਾ ਫਰਿੱਜ ਖਾਲੀ ਜਿਹਾ ਹੀ ਰਹਿੰਦਾ ਹੈ। ਦੁੱਧ, ਦਹੀ, ਨਿੰਬੂ, ਖੀਰੇ, ਤਰਾਂ, ਦਾਲ਼ ਸਬਜ਼ੀ ਤੋਂ ਬਸ। ਸ਼ੂਗਰ ਦੀ ਅਲਾਮਤ ਹੋਣ ਕਰਕੇ, ਮਿੱਠਾ ਫਲ ਖਾਣਾ ਮੇਰੀ ਸਿਹਤ ਲਈ ਠੀਕ ਨਹੀਂ ਤੇ ਫਿੱਕਾ ਫਲ ਕੋਈ ਹੁੰਦਾ ਨਹੀਂ।

ਮੇਰੀ ਰਸੋਈ ਦੇ ਤਖ਼ਤੇਦਾਰ ਵੱਡੇ ਖਾਨੇ, ਛੋਟੇ ਵੱਡੇ ਡੱਬਿਆਂ ਨਾਲ ਭਰੇ ਪਏ ਹਨ। ਕਰੀਬ ਸਾਰੇ ਹੀ ਡੱਬੇ ਖਾਲੀ। ਕਦੀ ਇਹ ਡੱਬੇ ਰਸੋਈ ਦੀਆਂ ਵਸਤਾਂ ਨਾਲ ਭਰੇ ਹੁੰਦੇ ਸਨ। ਕਦੀ ਮੈਂ ਸੋਚਦਾ ਹਾਂ- ਇਹ ਖਾਲੀ ਡੱਬੇ ਕਬਾੜੀਏ ਨੂੰ ਚੁਕਾ ਦਿਆਂ। ਪਰ ਨਹੀਂ ਖਾਲੀ ਕਮਰੇ, ਖਾਲੀ ਵਿਹੜਾ ਤੇ ਹੁਣ ਖਾਲੀ ਖਾਨੇ। ਨਹੀਂ ਡੱਬਿਆਂ ਨਾਲ ਰਸੋਈ ਭਰੀ ਹੋਣੀ ਚਾਹੀਦੀ ਹੈ ਭਾਵੇਂ ਡੱਬੇ ਖਾਲੀ ਹੀ ਕਿਉਂ ਨਾ ਹੋਣ। ਇਕੱਲਾ ਬੰਦਾ ਵੀ ਖਾਲੀ ਹੀ ਹੁੰਦਾ

ਹੈ। ਖਾਲੀ ਕਮਰਾ, ਖਾਲੀ ਡੱਬੇ। ਖਾਲੀ ਬੰਦਾ, ਕਦੀ ਭਰਿਆ ਵੀ ਤਾਂ ਸੀ। ਫੇਰ ਭਰੇਗਾ।

ਬੀਤੀ ਰਾਤ, ਮੈਂ ਬਾਥਰੂਮ ਗਿਆ। ਬਿਨਾਂ ਤਿਲਕਣ ਤੋਂ ਤਿਲਕ ਕੇ ਡਿੱਗ ਪਿਆ। ਲੱਤ ਤੇ ਮੋਢੇ ਉੱਤੇ ਸੱਟ ਲੱਗੀ। ਮੈਂ ਕੰਧ ਨੂੰ ਹੱਥ ਪਾਉਣਾ ਚਾਹਿਆ-ਪਰ ਕੰਧ ਨੇ ਹੱਥ ਬਾਹਰ ਨਾ ਕੱਢਿਆ ਤੇ ਮੈਂ ਡਿੱਗ ਪਿਆ। ਕਾਸ਼, ਕੰਧਾਂ ਪਾਸ ਪਿਆਰੇ ਮਿੱਤਰਾਂ ਦੇ ਕੰਧੇ ਹੁੰਦੇ। ਸਹਾਰੇ ਹੁੰਦੇ।

ਮੁਹੱਲੇ ਦੀਆਂ ਗ਼ਲੀਆਂ, ਨਾ਼ਲੀਆਂ ਸਾਫ ਕਰਨ ਵਾਲੇ ਧਰਮਪਾਲ ਨੂੰ ਮੈਂ ਕਿਹਾ ਹੋਇਆ ਸੀ, ਆਉਂਦਾ ਜਾਂਦਾ ਕਦੀ ਕਦੀ ਪਲ ਮੇਰੇ ਪਾਸ ਵੀ ਬੈਠ ਜਾਇਆ ਕਰ। ਆਪਣੇ ਵਿਹੜੇ, ਗ਼ਲੀ ਮੁਹੱਲੇ ਦੀ ਕੋਈ ਗੱਲ ਸੁਣਾ ਜਾਇਆ ਕਰ। ਧਰਮਪਾਲ ਆਪਣੀ ਮਾਂ ਨਾਲ ਸਫਾਈ ਕਰਨ ਆਇਆ ਕਰਦਾ ਸੀ, ਮਾਂ ਮਰ ਗਈ ਤਾਂ ਧਰਮਪਾਲ ਆਪਣੀ ਪਤਨੀ ਨੂੰ ਸਫਾਈ ਕਰਨ ਨਾਲ ਲੈ ਕੇ ਆਉਣ ਲੱਗਾ। ਇਕ ਦਿਨ ਗੰਦ ਵਾਲੀ ਹੱਥ ਰੇੜ੍ਹੀ ਮੇਰੇ ਦਰਾਂ ਬਾਹਰ ਖੜ੍ਹੀ ਕਰਕੇ, ਉਹ ਅੰਦਰ ਲੰਘ ਆਇਆ-ਮਾਸਟਰ ਜੀ, ਅੱਜ ਮੈਂ ਬੜਾ ਖੁਸ਼ ਹਾਂ। ਇਕ ਵਿਸਵਾ ਥਾਂ ਲੈ ਖਰੀਦ ਕੇ ਮੈਂ ਇਕ ਕਮਰਾ ਬਣਾ ਲਿਆ ਹੈ। ਸਾਨੂੰ ਦੋਹਾਂ ਜੀਆਂ ਨੂੰ ਇਕੱਠੇ ਮਿਲ ਬੈਠਣ ਲਈ ਕੋਈ ਵੱਖਰੀ ਥਾਂ ਹੀ ਨਹੀਂ ਸੀ। ਕਲ ਮੈਂ ਤੁਹਾਡੇ ਲਈ ਲੱਡੂਆਂ ਦਾ ਡੱਬਾ ਲੈ ਕੇ ਆਵਾਂਗਾ। ਮੈਂ ਧਰਮਪਾਲ ਨੂੰ ਵਧਾਈ ਦਿੱਤੀ ਕਿ ਉਸ ਨੇ ਆਪਣਾ ਘਰ ਬਣਾ ਲਿਆ ਹੈ। ਆਪਣੇ ਘਰ ਤੋਂ ਬਿਨਾਂ ਭਲਾ ਕਾਹਦੀ ਜ਼ਿੰਦਗੀ। ਤੂੰ ਲੱਡੂਆਂ ਦੇ ਡੱਬੇ ਉੱਤੇ ਪੈਸੇ ਨਾ ਖਰਚੀਂ, ਜਿਹੜਾ ਕੋਈ ਵਿਸ਼ੇਸ਼ ਖਾਣ-ਪਦਾਰਥ ਤੁਸੀਂ ਆਪਣੇ ਘਰ, ਸਾਲ ਛਿਮਾਹੀ ਬਾਅਦ, ਖੁਸ਼ੀ ਦੇ ਅਵਸਰ ਸਮੇਂ, ਬਣਾਉਂਦੇ ਹੋ, ਥੋੜ੍ਹਾ ਜਿਹਾ, ਉਹ ਪਦਾਰਥ ਮੈਨੂੰ ਦੇ ਜਾਵੀਂ। ਪਿਆਰ ਨਾਲ ਬਣੇ ਘਰ ਦੇ ਪਕਵਾਨ ਦਾ ਆਪਣਾ ਅਨੂਠਾ ਮਜ਼ਾ ਹੁੰਦਾ ਹੈ।

ਮੇਰੇ ਨਾਲੋਂ ਉਮਰ ਵਿਚ ਦਸ ਸਾਲ ਛੋਟਾ ਮੇਰਾ ਮਿੱਤਰ ਕਰਮ ਸਿੰਘ ਰੰਧਾਵਾ ਗੁਰੂ ਚਰਨਾਂ ਵਿਜ ਜਾ ਬਿਰਾਜਿਆ। ਮੈਂ ਅਰਥੀ ਨੂੰ ਮੋਢਾ ਦੇ ਕੇ ਸ਼ਮਸ਼ਾਨਘਾਟ ਗਿਆ। ਦਾਹ ਸਸਕਾਰ ਤੋਂ ਬਾਅਦ ਸਾਰੇ ਆਏ ਸੱਜਣ ਸ਼ਮਸ਼ਾਨਘਾਟਨ ਵਿਚੋਂ ਬਾਹਰ ਚਲੇ ਗਏ। ਮੈਂ ਇਕੱਲਾ ਹੀ ਘਣੀ ਛਾਂ ਵਾਲੇ ਜੰਡ ਦੀ ਛਾਂ ਹੇਠ ਬੈਠਾ ਸੀ। ਜੰਡ ਦੀ ਛਾਂ ਆਪਣੇ ਘਰ ਦੀ ਛੱਤ ਵਰਗੀ ਸੀ। ਨਿੱਘੀ ਤੇ ਮਿੱਠੀ। ਮੈਂ ਨੇੜੇ ਦੇ ਸੰਬੰਧੀਆਂ ਨੂੰ ਕਿਹਾ ਹੋਇਆ ਸੀ-ਜਦੋਂ ਮੇਰੀ ਰੂਹ ਮੇਰੇ ਜਿਸਮ ਵਿਚੋਂ ਨਿਕਲਕੇ ਅਗੰਮੀ ਮੰਡਲਾਂ ਦਾ ਹਿੱਸਾ ਬਣ ਜਾਵੇ, ਤੁਰੰਤ ਮੇਰਾ ਸਰੀਰ ਸੰਬੰਧਤ ਹਸਪਤਾਲ ਵਿਚ, ਡਾਕਟਰੀ ਟੈਸਟਾਂ ਲਈ ਭੇਜ ਦਿੱਤਾ ਜਾਵੇ। ਮੇਰੇ ਸੀਸ ਉੱਤੇ ਸਜਾਈ, ਉਤਾਰ ਕੇ ਰੱਖੀ, ਆਖਰੀ ਦਸਤਾਰ ਦਾ ਇਸ ਜੰਡ ਹੇਠ ਸਸਕਾਰ ਕੀਤਾ ਜਾਵੇ । ਸਵਰਗਾਂ ਵਰਗੀ ਛਾਂ ਹੇਠ।

ਬੱਚਿਆਂ ਨੇ ਪ੍ਰਾਪਤ ਕਰ ਲਏ ਹਨ ਆਪਣੇ ਆਪਣੇ ਨਿੱਕੇ ਅਕਾਸ਼। ਪਰ ਸੂਰਜ ਲਾਪਤਾ ਹੋ ਗਿਆ। ਫੈਲਿਆਂ ਸਾਂ ਮੈਂ ਮਦਰਾਸ ਤੋਂ ਲੈ ਕੇ ਸ੍ਰੀਨਗਰ ਤਕ। ਸਾਗਰ ਤੋਂ ਲੈ ਕੇ ਪਰਬਤ ਤਕ। ਮੇਰੇ ਮਨ ਦੀ ਤਪਦੀ ਹਿੱਕ ਉੱਤੇ ਪੈਂਦੀ ਸੀ ਛਾਂ। ਨਾਰੀਅਲ ਬਿਰਖ ਤੋਂ ਲੈ ਕੇ ਚਿਨਾਰ ਦੇ ਬਿਰਖ ਤਕ: ਦਿਲ ਦੀ ਨੋਟਬੁੱਕ ਉੱਤੇ ਮੈਂ ਲਿਖੇ ਸਨ ਸਿਰਨਾਮੇ ਸੱਜਣਾਂ ਦੇ। ਭੁੱਲ ਗਿਆ ਹੈ ਮੈਨੂੰ ਆਪਣੇ ਘਰ ਦਾ ਸਿਰਨਾਮਾਂ। ਅੰਬਰ, ਪਰਬਤ, ਥਲ, ਸਾਗਰ ਦੀ ਹਵਾ ਦੇ ਥਪੇੜੇ ਖਾਵਾਂ। ਆਏ ਚਾਨਣ ਦਾ ਕੋਈ ਸ਼ਾਹ ਸਵਾਰ। ਮੇਰੀ ਸੁੰਨ ਵਿਚ ਵੀ ਖਿੜੇ ਬਸੰਤ ਬਹਾਰ।

ਨਾਨਕ ਤਿਨਾ ਬਸੰਤੁ ਹੈ, ਜਿਨ ਘਰਿ ਵਸਿਆ ਕੰਤੁ,
ਜਿਨ੍ਹ ਕੇ ਕੰਤ ਦਿਸਾਪੁਰੀ ਸੇ ਅਹਿਨਿਸਿ ਫਿਰਹਿ ਜਲੰਤ-ਅੰਗ 791 ❑❑

[ਕਵਿਤਾ ਭਵਨ, ਮਾਛੀਵਾੜਾ ਰੋਡ, ਸਮਰਾਲਾ, ਮੋਬਾਇਲ : 94638-08697]

ਕਮਿਊਨਿਸਟ ਲਹਿਰ ਬਾਰੇ ਮੇਰੀ ਨਾਵਲ ਚੌਲੜੀ : ਬਲਬੀਰ ਪਰਵਾਨਾ

'ਮੈਂ ਕਿਉਂ ਲਿਖਦਾ ਹਾਂ?', ਹਰ ਲੇਖਕ ਦਾ ਹੀ ਆਪਣੇ ਸਵੈ ਨਾਲ ਇਹ ਸੰਵਾਦ ਕਦੀ ਨਾ ਕਦੀ ਜ਼ਰੂਰ ਹੁੰਦਾ ਹੈ, ਤੇ ਇਸ ਸਵਾਲ ਪ੍ਰਤੀ ਉਸ ਦੀ ਪ੍ਰਤੀਕਿਰਿਆ, ਉਸਦੇ ਸਾਹਿਤ ਪ੍ਰਤੀ ਨਜ਼ਰੀਏ ਤੇ ਉਸਦੀ ਵਿਚਾਰਧਾਰਕ ਦ੍ਰਿਸ਼ਟੀ 'ਚੋਂ ਆਉਂਦੀ ਹੈ। ਇਹ ਕਿਸੇ ਲੇਖਕ ਲਈ ਸਭ ਤੋਂ ਆਸਾਨ ਸੁਆਲ ਵੀ ਹੈ ਤੇ ਸਭ ਤੋਂ ਮੁਸ਼ਕਲ ਵੀ, ਕਿਉਂਕਿ ਇਸੇ ਸੁਆਲ ਦੇ ਜਵਾਬ 'ਚ, ਉਸ ਦੀ ਜ਼ਿੰਦਗੀ ਤੇ ਲਿਖਤ ਦਾ ਕੇਂਦਰੀ ਥੀਮ ਹੁੰਦਾ, ਜਿਵੇਂ ਉਹ ਬਚਪਨ ਤੋਂ, ਆਪਣੀ ਹੋਸ਼ ਵਾਲੀ ਉਮਰ ਤੋਂ ਲੈ ਕੇ ਵਿਚਰਦਾ ਆਇਆ ਤੇ ਹੁਣ ਵਿਚਰ ਰਿਹਾ। ਲਿਖਤ, ਲੇਖਕ ਤੋਂ ਆਜ਼ਾਦ ਨਹੀਂ ਹੁੰਦੀ।

ਮੈਂ ਹੋਸ਼ ਸੰਭਾਲੀ ਤਾਂ ਸਾਡੇ ਪਿੰਡ 'ਚ ਕਮਿਊਨਿਸਟਾਂ ਦਾ ਬੋਲਬਾਲਾ ਸੀ। ਪਿੰਡ 'ਚ ਨੌਜੁਆਨ ਸਭਾ ਬਣੀ ਹੋਈ ਸੀ ਤੇ ਉਸ ਦੀ ਅਗਵਾਈ ਕਾਮਰੇਡ ਬਲਬੀਰ ਗਿੱਲ ਕਰ ਰਿਹਾ ਸੀ। ਮੈਥੋਂ ਪੰਜ-ਛੇ ਸਾਲ ਉਮਰ 'ਚ ਵੱਡੇ ਪਿੰਡ ਦੇ ਲਗਪਗ ਸਭ ਮੁੰਡੇ ਇਸ ਸਭਾ 'ਚ ਸਰਗਰਮ ਸਨ। ਉਹ ਪਿੰਡ ਦੇ ਕੱਚੇ ਰਾਹਾਂ 'ਤੇ ਮਿੱਟੀ ਪਾਉਂਦੇ, ਕਿਸੇ ਗਰੀਬ ਨਾਲ ਧੱਕਾ ਹੁੰਦਾ, ਉਸ ਨਾਲ ਖੜ੍ਹੋਂਦੇ। ਮੇਰੇ ਗਭਰੀਟ ਮਨ ਨੂੰ ਇਹ ਗੱਲਾਂ ਚੰਗੀਆਂ ਲੱਗਦੀਆਂ। ਇਸ ਪ੍ਰਭਾਵ ਅਧੀਨ ਮੈਂ 1969 'ਚ ਨੌਜੁਆਨ ਸਭਾ ਵੱਲ ਖਿਚਿਆ ਗਿਆ, ਜਦੋਂ ਹਾਲੇ ਅੱਠਵੀਂ 'ਚ ਹੋਇਆ ਹੀ ਸਾਂ। ਇਹ ਇਸ ਕਰਕੇ ਵੀ ਹੋਇਆ ਕਿ ਮੇਰੀ ਉਸ ਉਮਰ ਦੀ ਜੁੰਡੀ ਦੇ ਯਾਰ ਸੁਦਾਗਰ ਭੋਂਦੀ, ਜੀਤ ਤੇ ਏਕਮ ਆਪਣੀਆਂ ਭਾਈਚਾਰਕ ਤੇ ਪਰਿਵਾਰਕ ਸਾਂਝਾਂ ਕਰਕੇ ਇਸ ਸਭਾ ਨਾਲ ਜੁੜ ਗਏ ਸਨ। ਨੌਵੀਂ ਤਕ ਪੁੱਜਦਿਆਂ ਮੈਂ ਸਭਾ ਦੀਆਂ ਸਰਗਰਮੀਆਂ 'ਚ ਵਧ ਚੜ੍ਹ ਕੇ ਹਿੱਸਾ ਲੈਣ ਲੱਗਾ। ਇਸ ਦਾ ਇਕ ਕਾਰਨ ਸ਼ਾਇਦ ਸਾਹਿਤ ਪੜ੍ਹਨ ਦਾ ਰੁਝਾਨ ਵੀ ਬਣਿਆ।

ਨੌਜੁਆਨ ਸਭਾ ਨਾਲ ਜੁੜਨ ਤੋਂ ਸਾਲ ਕੁ ਪਹਿਲਾਂ 1968 ਦੀ ਗੱਲ ਹੈ। ਸਰਕਾਰੀ ਹਾਈ ਸਕੂਲ ਜੰਡਵਾਲ 'ਚ ਸੱਤਵੀਂ 'ਚ ਪੜ੍ਹਦਾ ਸੀ। ਇਕ ਦਿਨ ਸਾਡੇ ਸਮਾਜ ਵਿਗਿਆਨ ਦੇ ਅਧਿਆਪਕ ਸ੍ਰੀ ਸਰਵੇਸ਼ਵਰ ਵਾਲੀਆ ਨੇ, ਸਾਡੀ ਸਾਰੀ ਕਲਾਸ ਨੂੰ ਬਾਲ ਸਾਹਿਤ ਦੀਆਂ ਪੁਸਤਕਾਂ ਪੜ੍ਹਨ ਲਈ ਵੰਡੀਆਂ। ਉਹ ਲਾਇਬਰੇਰੀ ਦੇ ਇੰਚਾਰਜ ਵੀ ਸਨ। ਨਾਲ ਹੀ ਇਹ ਹਦਾਇਤ ਵੀ ਕੀਤੀ ਕਿ ਆਪਣੇ-ਆਪਣੇ ਗਰੁੱਪ ਦੀ ਕਿਤਾਬ ਪੜ੍ਹ ਕੇ ਦੂਸਰੇ ਗਰੁੱਪ ਨਾਲ ਵਟਾ ਲੈਣੀ। ਸਾਡੇ ਪੰਜ ਜਣਿਆਂ ਦੇ ਗਰੁੱਪ ਦੇ ਹਿੱਸੇ ਲੰਮੀ ਬਾਲ ਕਹਾਣੀ ਦੀ ਪੁਸਤਕ 'ਸੱਤ ਚੋਰ' ਆਈ ਤੇ ਪਹਿਲੇ ਦਿਨ ਹੀ ਆਪਣੇ ਗਰੁੱਪ 'ਚੋਂ ਇਹ ਮੈਂ ਲੈ ਗਿਆ। ਇਹ ਮੈਨੂੰ ਏਨੀ ਪਸੰਦ ਆਈ ਕਿ ਰਾਤ ਦੀਵੇ ਦੀ ਲੋਏ ਇਸ ਨੂੰ ਪੜ੍ਹਕੇ ਹੀ ਸੁੱਤਾ। ਅਗਲੇ ਦਿਨਾਂ 'ਚ ਦੂਸਰੇ ਗਰੁੱਪਾਂ ਵਾਲਿਆਂ ਤੋਂ ਵੀ ਉਹਨਾਂ ਦੀਆਂ ਕਿਤਾਬਾਂ ਪੜ੍ਹਨ ਲਈ ਲੈ ਜਾਂਦਾ, ਕਿਉਂਕਿ ਬਹੁਤਿਆਂ ਨੂੰ, ਇਹਨਾਂ ਦੇ ਪੜ੍ਹਨ 'ਚ ਕੋਈ ਦਿਲਚਸਪੀ ਨਹੀਂ ਸੀ। ਅਧਿਆਪਕ ਵੱਲੋਂ ਜਬਰਨ ਦਿੱਤੀਆਂ ਹੋਣ ਕਰਕੇ ਉਹ ਉਹਨਾਂ ਦੇ ਬਸਤਿਆਂ ਦਾ ਸ਼ਿੰਗਾਰ ਹੀ ਰਹੀਆਂ। ਮੈਂ ਇਹ ਕਿਤਾਬਾਂ ਕੀ ਪੜ੍ਹੀਆਂ, ਪੜ੍ਹਨ ਦਾ ਜਿਵੇਂ ਭੂੱਸ ਸਵਾਰ ਹੋ ਗਿਆ।

ਥੋੜ੍ਹੇ ਮਹੀਨਿਆਂ ਬਾਅਦ ਲਾਇਬਰੇਰੀ ਦੇ ਇੰਚਾਰਜ ਸ੍ਰੀ ਨਿਰੰਜਣ ਸਿੰਘ ਕੋਟਲੀ ਬਣ ਗਏ। ਉਹ ਸਾਨੂੰ ਸਾਇੰਸ ਪੜ੍ਹਾਉਂਦੇ ਸਨ। ਪੜ੍ਹਨ 'ਚ ਚੰਗਾ ਹੋਣ ਕਰਕੇ ਉਹਨਾਂ ਦੇ ਪਿਆਰੇ ਵਿਦਿਆਰਥੀਆਂ 'ਚੋਂ ਸਾਂ। ਜਦੋਂ ਮੈਨੂੰ ਪਤਾ ਲੱਗਾ, ਲਾਇਬਰੇਰੀ ਦੇ ਇੰਚਾਰਜ ਉਹ ਬਣ ਗਏ ਹਨ ਤਾਂ ਉਹਨਾਂ ਤੋਂ ਕਿਤਾਬਾਂ ਲੈਣ ਗਿਆ। ਉਹਨਾਂ ਨੇ ਇਕ-ਦੋ ਵਾਰ ਤਾਂ ਕਿਤਾਬਾਂ ਮੈਨੂੰ ਆਪ ਕੱਢ ਕੇ ਦਿੱਤੀਆਂ, ਆਪ ਰਜਿਸਟਰ 'ਤੇ ਦਰਜ ਕੀਤੀਆਂ, ਪਰ

ਤੀਸਰੀ ਚੌਥੀ ਵਾਰ ਤੋਂ ਬਾਅਦ, ਉਹਨਾਂ ਨੇ ਮੇਰੀ ਰੁਚੀ ਦੇਖ ਕੇ ਚਾਬੀ ਹੀ ਮੈਨੂੰ ਫੜਾ ਦੇਣੀ, "ਆਪੇ ਜਿਹੜੀ ਕਿਤਾਬ ਤੈਨੂੰ ਚੰਗੀ ਲੱਗੀ, ਲੈ ਲਵੀਂ ਤੇ ਨਾਲ ਰਜਿਸਟਰ 'ਤੇ ਚਾੜ੍ਹ ਦੇਵੀਂ"। ਇਉਂ 'ਸੱਤ ਚੋਰ' ਤੋਂ ਸ਼ੁਰੂ ਹੋਇਆਂ, ਪਹਿਲਾਂ ਬੱਚਿਆਂ ਵਾਲੀਆਂ ਕਿਤਾਬਾਂ ਪੜ੍ਹਦਾ ਰਿਹਾ ਤੇ ਫਿਰ ਨਾਵਲ ਪੜ੍ਹਨ ਲੱਗਾ। ਜਸਵੰਤ ਸਿੰਘ ਕੰਵਲ ਦੇ 'ਪੂਰਨਮਾਸ਼ੀ', 'ਹਾਣੀ', 'ਭਵਾਨੀ', 'ਰਾਤ ਬਾਕੀ ਹੈ', ਰਾਜਵੰਤ ਸਿੰਘ ਰਾਣਾ ਦਾ 'ਭਵਿੱਖ ਦੇ ਵਾਰਸ', ਅੰਮ੍ਰਿਤਾ ਪ੍ਰੀਤਮ, ਨਾਨਕ ਸਿੰਘ, ਗੁਰਬਖਸ਼ ਸਿੰਘ ਪ੍ਰੀਤਲੜੀ ਦੀਆਂ ਕਿਤਾਬਾਂ ਇਹਨਾਂ ਦਿਨਾਂ 'ਚ, ਜਿਹੜੀਆਂ ਸਕੂਲ ਦੀ ਲਾਇਬਰੇਰੀ 'ਚ ਮੌਜੂਦ ਸਨ। ਗੁਲਸ਼ਨ ਨੰਦਾ, ਗੁਰੂਦੱਤ ਦੇ ਰੋਮਾਂਟਿਕ ਤੇ ਕਰਨਲ ਰਣਜੀਤ ਦੇ ਜਾਸੂਸੀ ਨਾਵਲ ਪਿੰਡ ਦੇ ਵੱਡੇ ਮੁੰਡਿਆਂ ਤੋਂ ਆਮ ਮਿਲ ਜਾਂਦੇ, ਖਾਸ ਕਰਕੇ ਕਰਿਆਨੇ ਦੀ ਦੁਕਾਨ ਕਰਨ ਵਾਲਾ ਛਿੰਦਾ ਸੁਨਿਆਰਾ, ਟਿਊਬਵੈੱਲ ਮਕੈਨਿਕ ਦੇਵ ਰਾਜ ਤੇ ਪਠਾਨਕੋਟ ਵਰਕਸ਼ਾਪ 'ਚ ਮਕੈਨਿਕ ਲੱਗੇ ਸੁਰੇਸ਼ ਕੋਲ ਇਹਨਾਂ ਦਾ ਹਰ ਨਵਾਂ ਨਾਵਲ ਹੁੰਦਾ। ਮਾਨ ਮਰਾੜ੍ਹਾਂ ਵਾਲੇ ਦੇ ਗੀਤਾਂ ਦੀਆਂ ਕਿਤਾਬਾਂ ਵੀ, ਕਿਸੇ ਨਾ ਕਿਸੇ ਮੇਲੇ 'ਤੇ ਗਿਆ ਖਰੀਦ ਲਿਆਉਂਦਾ। ਇਹ ਗੀਤਾਂ ਦੀਆਂ ਕਿਤਾਬਾਂ ਤੇ ਕਿੱਸੇ ਉਦੋਂ ਆਮ ਮੇਲਿਆਂ 'ਚ ਮਿਲ ਜਾਂਦੇ ਸਨ।

ਇਹੋ ਜਿਹੀ ਮਾਨਸਿਕ ਅਵਸਥਾ ਸੀ, ਜਦੋਂ ਨੌਜੁਆਨ ਸਭਾ ਨਾਲ ਜੁੜਿਆ ਤੇ ਇਸ ਰਾਹੀਂ ਰੂਸੀ ਸਾਹਿਤ ਤਕ ਪਹੁੰਚਿਆ। ਇਹਨਾਂ ਪੜ੍ਹਨ ਤੇ ਰੁਮਾਨੀ ਸੁਪਨਿਆਂ ਦੀਆਂ ਪੁੰਗਾਰਾਂ ਨੂੰ ਸੋਚ ਦਾ ਪਹਿਲਾ ਤੜਕਾ ਗੋਰਕੀ ਦੀ 'ਮਾਂ' ਨੇ ਲਾਇਆ, ਜਿਹੜਾ ਆਮ ਕਰਕੇ ਹਰ ਕਾਮਰੇਡ ਕੋਲ ਮਿਲ ਜਾਂਦਾ ਸੀ। ਇੱਥੋਂ ਤੁਰ ਕੇ ਤੁਰਗਨੇਵ, ਤਾਲਸਤਾਏ, ਪੁਸ਼ਕਿਨ, ਚੈਖੋਵ ਵੱਲ ਕਦਮ ਵਧਾਉਣ ਲੱਗਾ। ਨਾਲ ਨੌਜੁਆਨ ਸਭਾ ਦੀਆਂ ਸਰਗਰਮੀਆਂ ਜਾਂ ਇਹ ਦੋਵੇਂ ਇਕ ਦੂਸਰੇ ਦੇ ਪੂਰਕ ਹੀ ਸਨ, ਪੜ੍ਹਨਾ ਤੇ ਸਰਗਰਮੀ। 'ਕਮਿਊਨਿਸਟ ਮੈਨੀਫੈਸਟੋ', ਏਂਗਲਜ਼ ਦੀਆਂ ਲਿਖਤਾਂ ਨੇ ਇਹ ਜ਼ਿਹਨ 'ਚ ਪਾ ਦਿੱਤਾ ਕਿ ਇਹ ਸਮਾਜ ਵਰਗਾਂ ਵਿਚ ਵੰਡਿਆ ਹੋਇਆ ਹੈ, ਲੁੱਟਣ ਵਾਲਿਆਂ ਤੇ ਲੁੱਟੇ ਜਾਣ ਵਾਲਿਆਂ ਦੇ ਵਿਚਾਲੇ। ਲੁੱਟੇ ਜਾਣ ਵਾਲੇ ਜਥੇਬੰਦ ਹੋ ਕੇ ਇਸ ਪ੍ਰਬੰਧ ਨੂੰ ਬਦਲ ਸਕਦੇ ਹਨ। ਨੌਜੁਆਨ ਸਰਗਰਮੀਆਂ ਵਿਚ ਮੈਂ ਪੂਰੇ ਮਨ ਨਾਲ ਸ਼ਾਮਲ ਹੁੰਦਾ, ਪਿੰਡ ਤੇ ਇਲਾਕੇ ਨੂੰ ਸਮਝਣ ਦੀ ਕੋਸ਼ਿਸ਼ ਕਰਦਾ, ਪੜ੍ਹੀਆਂ ਲਿਖਤਾਂ ਦੇ ਆਧਾਰ 'ਤੇ। ਸਟੱਡੀ ਸਰਕਲ ਇਸ ਸੂਝ ਨੂੰ ਹੋਰ ਤਿੱਖਾ ਕਰਦੇ। ਨੌਜੁਆਨ ਸਭਾ ਦੀਆਂ ਮੀਟਿੰਗਾਂ 'ਚ ਤੱਤਕਲੀ ਮੁੱਦਿਆਂ 'ਤੇ ਵਿਚਾਰ ਚਰਚਾ ਤੇ ਸਰਗਰਮੀ ਉਲੀਕਣ ਤੋਂ ਬਿਨਾਂ ਕਾਮਰੇਡ ਬਲਬੀਰ ਗਿੱਲ ਜਾਂ ਬਾਹਰੋਂ ਆਇਆ ਕੋਈ ਕਾਮਰੇਡ ਅਕਸਰ ਰਾਜਨੀਤੀ, ਇਤਿਹਾਸ, ਮਿਥਿਹਾਸ ਬਾਰੇ ਜ਼ਰੂਰ ਹੀ ਚਰਚਾ ਕਰਦਾ। ਸਪੀਕਰਾਂ ਤੋਂ ਵੱਜਦੇ ਅਸ਼ਲੀਲ ਗੀਤਾਂ ਨੂੰ ਰੋਕਣ, ਗਿਆਰਾਂ ਬੰਦਿਆਂ ਤੋਂ ਵੱਧ ਬਾਰਾਤ ਨਾ ਲਿਜਾਣ, ਦਾਜ ਨਾ ਲੈਣ-ਦੇਣ ਆਦਿ ਬਾਰੇ ਮਤੇ ਪਾਸ ਕਰਦੇ ਤੇ ਇਸ ਲਈ ਪਿੰਡ ਦੇ ਇਕੱਠਾਂ 'ਚ ਲਾਮਬੰਦੀ ਵੀ। ਮਨ 'ਚ ਇੰਨੀ ਉੱਥਲ-ਪੁੱਥਲ ਮੱਚੀ ਰਹਿੰਦੀ ਕਿ ਲੱਗਦਾ, ਇਨਕਲਾਬ ਆਇਆ ਕਿ ਆਇਆ, ਸੁਹਿਰਦਤਾ ਨਾਲ ਤੁਰ ਪੈਣ ਦੀ ਹੀ ਲੋੜ ਹੈ। ਇਨਕਲਾਬ ਦਾ ਮੋਟਾ ਜਿਹਾ ਖਾਕਾ ਇਹ ਬਣਿਆ ਹੋਇਆ ਸੀ ਕਿ ਸਭ ਬਰਾਬਰ ਹੋਣਗੇ, ਨਾ ਕੋਈ ਗ਼ਰੀਬ ਹੋਵੇਗਾ ਤੇ ਨਾ ਅਮੀਰ। ਨਾ ਹੀ ਸੁਪਨਿਆਂ ਦੀ ਪੂਰਤੀ ਦੇ ਰਾਹ 'ਚ ਕੋਈ ਅੜਿੱਕਾ ਹੋਵੇਗਾ।

ਪਹਿਲੀ ਤੁਕਬੰਦੀ ਮੈਂ ਛੇਵੀਂ 'ਚ ਪੜ੍ਹਦਿਆਂ ਕੀਤੀ ਸੀ। ਇਹ ਕਵਿਤਾ ਸੀ 'ਤਾਰੇ'। ਇਹਦੀ ਹੁਣ ਕੋਈ ਸਤਰ ਤਾਂ ਯਾਦ ਨਹੀਂ, ਬਸ ਏਨਾ ਯਾਦ ਹੈ ਕਿ ਇਹ ਮੈਂ ਆਪਣੇ ਬਾਬੇ ਨੂੰ ਸੁਣਾਈ ਸੀ ਇਹ ਕਹਿ ਕੇ ਕਿ ਇਹ ਮੇਰੀ ਕਿਤਾਬ 'ਚੋਂ ਹੈ। ਫਿਰ ਗੀਤ ਵੀ ਲਿਖੇ ਤੇ ਕਹਾਣੀਆਂ ਵੀ, ਪਰ ਇਹ ਸਾਰੇ ਰੁਮਾਂਟਿਕ ਜਿਹੇ ਹੀ ਹੁੰਦੇ ਸਨ। ਨੌਜੁਆਨ ਸਭਾ

'ਚ ਸਰਗਰਮੀ ਕਾਰਨ ਇਹਨਾਂ ਰੁਮਾਂਟਿਕ ਗੀਤਾਂ, ਕਹਾਣੀਆਂ ਦੇ ਨਾਲ-ਨਾਲ ਸਿੱਧੇ ਰਾਜਸੀ ਨਾਅਰੇ ਦੇ ਪ੍ਰਭਾਵ ਵਾਲੀਆਂ ਲਿਖਤਾਂ ਵੀ ਲਿਖਣ ਲੱਗਾ। ਇਹ ਗੀਤ, ਕਵਿਤਾਵਾਂ ਉਹੋ ਜਿਹੇ ਹੁੰਦੇ ਜਿਹੋ ਜਿਹੇ ਕਮਿਊਨਿਸਟਾਂ ਦੀਆਂ ਸਟੇਜਾਂ ਤੋਂ ਡਰਾਮਿਆਂ, ਜਲਸਿਆਂ ਦੌਰਾਨ ਸੁਣਦਾ। ਇਸ ਸਭ ਕੁਝ 'ਚ ਸਭ ਤੋਂ ਵੱਧ ਫੈਸਲਾਕੁਨ ਪ੍ਰਭਾਵ ਪਾਉਣ ਵਾਲਾ ਬਣਿਆ ਕਾਮਰੇਡ ਭਾਗ ਸਿੰਘ ਸੱਜਣ ਦਾ ਤਿੰਨ ਦਿਨਾਂ ਸਟੱਡੀ ਸਰਕਲ। ਇਹ ਸਾਡੇ ਪਿੰਡ ਕਾਮਰੇਡ ਕੇਹਰ ਜੋਸ਼ ਹੁਰਾਂ ਦੇ ਘਰ ਲੱਗਿਆ ਸੀ ਤੇ ਇਸ 'ਚ ਪਿੰਡ ਦੇ ਵੀਹ ਕੁ ਮੁੰਡੇ ਸ਼ਾਮਲ ਹੋਏ ਸਾਂ। ਸ਼ਾਮੀਂ ਅੱਠ ਕੁ ਵਜੇ ਤੋਂ ਸ਼ੁਰੂ ਹੋ ਕੇ ਰਾਤ ਦੇ ਇਕ-ਦੋ ਵਜੇ ਤਕ ਕਾਮਰੇਡ ਸੱਜਣ ਇਤਿਹਾਸਕ ਪਦਾਰਥਵਾਦ ਬਾਰੇ ਬੜੀ ਬਾਰੀਕੀ ਨਾਲ ਸਮਝਾਉਂਦੇ। ਦਸਵੀਂ ਤਕ ਪੁੱਜਦਿਆਂ ਜਿੱਥੇ ਮੈਂ ਨੌਜੁਆਨ ਸਭਾ 'ਚ ਪੂਰੀ ਤਰ੍ਹਾਂ ਸਰਗਰਮ ਹੋ ਚੁੱਕਾ ਸਾਂ, ਉੱਥੇ ਨਾਲ ਦੀ ਨਾਲ ਗੀਤ, ਕਵਿਤਾਵਾਂ, ਕਹਾਣੀਆਂ ਲਿਖ-ਲਿਖ ਕੇ ਵੀ ਕਾਪੀਆਂ ਭਰਨ ਲੱਗਾ। ਇਹ ਕਿਤੇ ਛਪਣ ਲਈ ਭਾਵੇਂ ਨਾ ਭੇਜਦਾ, ਕਿਸੇ ਨੂੰ ਸੁਣਾਉਂਦਾ ਵੀ ਨਾ, ਬਸ ਮਨ ਦੀ ਸੰਤੁਸ਼ਟੀ ਲਈ ਹੀ ਰਚੀ ਜਾ ਰਿਹਾ ਸਾਂ।

ਅਗਲੇ ਸਾਲ 1972 'ਚ ਐੱਸ ਪੀ ਐੱਨ ਕਾਲਿਜ ਮੁਕੇਰੀਆਂ ਪ੍ਰੈਪ 'ਚ ਦਾਖਲ ਹੋਇਆ ਤਾਂ ਉੱਥੇ ਐੱਸ ਐੱਫ ਆਈ ਦੀਆਂ ਸਰਗਰਮੀਆਂ ਨਾਲ ਜੁੜ ਗਿਆ। ਮਲਕੀਤ ਪਲਾਕੀ, ਮਲਕੀਤ ਪੋਤੇ, ਅਵਤਾਰ ਪਾਲੀ, ਜੁਗਰਾਜ ਜੱਗਾ, ਨਵਦੀਪ ਤੇ ਮੇਰੇ ਪਿੰਡ ਵਾਲਾ ਕੇਹਰ ਜੋਸ਼ ਆਗੂ ਸਨ। ਦੂਜੇ ਪਾਸੇ ਜਨਮੀਤ, ਅਮਰੀਕ ਗਿੱਲ ਪੀ ਐੱਸ ਯੂ ਨਾਲ ਜੁੜੇ ਹੋਏ ਸਨ। ਐੱਸ ਐੱਫ ਆਈ ਨਾਲ ਜੁੜਨ ਕਰਕੇ ਮੇਰਾ ਆਮ ਬੋਲਚਾਲ ਦਾ ਝਾਕਾ ਖੁੱਲ੍ਹ ਗਿਆ ਤੇ ਪੜ੍ਹਨ ਦਾ ਭੁੱਸ ਵੀ ਵਧਦਾ ਗਿਆ। ਕਾਲਿਜ ਲਾਇਬਰੇਰੀ 'ਚੋਂ ਕਢਾ ਕੇ ਬਹੁਤ ਸਾਰਾ ਸਾਹਿਤ ਪੜ੍ਹਿਆ। ਕਾਲਿਜ ਅਸੀਂ ਸਾਈਕਲ 'ਤੇ ਜਾਂਦੇ ਸੀ। ਮੁਕੇਰੀਆਂ ਸ਼ਹਿਰ ਵੜਨ ਤੋਂ ਪਹਿਲਾਂ ਬਾਹਰਵਾਰ ਕਰਨਲ ਦੀ ਕੋਠੀ ਸੀ ਆਪਣੇ ਫਾਰਮ-ਹਾਊਸ 'ਚ ਬਣਾਈ ਹੋਈ। ਪੰਜ-ਛੇ ਕਨਾਲਾਂ 'ਚ ਬਣੀ ਹੋਈ ਵੱਡੀ ਕੋਠੀ, ਜਿਸ ਦੇ ਸੜਕ ਵਾਲੇ ਪਾਸੇ ਖੁੱਲ੍ਹੇ ਲਾਅਨ ਸਨ। ਕਾਲਿਜ ਜਾਂਦਿਆਂ ਅਸੀਂ ਕਈ ਵਾਰ ਦੇਖਦੇ ਕਿ ਕਰਨਲ ਦੇ ਬੱਚੇ ਲਾਅਨਾਂ 'ਚ ਸਾਫ-ਸੁਥਰੇ ਕੁੱਤਿਆਂ ਨਾਲ ਖੇਡਦੇ ਹੁੰਦੇ, ਕਈ ਵਾਰ ਕੁੱਤੇ ਕੁਰਸੀਆਂ ਜਾਂ ਮੂੜ੍ਹਿਆਂ 'ਤੇ ਵੀ ਬੈਠੇ ਹੁੰਦੇ, ਜਦੋਂ ਕਿ ਉੱਥੇ ਕੰਮ ਕਰਦੇ ਮਜ਼ਦੂਰ ਮਿੱਟੀ ਘੱਟੇ ਨਾਲ ਭਰੇ ਜਦੋਂ ਆਰਾਮ ਵੀ ਕਰਦੇ ਤਾਂ ਭੁੰਜੇ ਮਿੱਟੀ 'ਤੇ ਹੀ ਬੈਠੇ ਹੁੰਦੇ। ਇਹ ਦ੍ਰਿਸ਼ ਮਨ 'ਚ ਏਨੀ ਬੇਚੈਨੀ ਪੈਦਾ ਕਰ ਦਿੰਦਾ ਕਿ ਆਦਮੀ ਤੇ ਕੁੱਤੇ 'ਚ ਫਰਕ ਨੂੰ ਲੈ ਕੇ ਸੋਚਦਾ ਰਹਿੰਦਾ। ਫਿਰ ਇਸ ਨੂੰ ਆਧਾਰ ਬਣਾ ਕੇ ਮਿੰਨੀ ਕਹਾਣੀ ਲਿਖੀ 'ਕੁੱਤਾ ਤੇ ਆਦਮੀ'। ਇਹ ਨਾ ਕੇਵਲ ਕਾਲਿਜ ਮੈਗਜ਼ੀਨ 'ਚ ਛਪੀ, ਸਗੋਂ 'ਪ੍ਰੀਤਲੜੀ' ਦੇ ਜਨਵਰੀ 1974 ਦੇ ਅੰਕ 'ਚ ਵੀ ਛਪੀ। ਨਵਤੇਜ ਸਿੰਘ ਹੁਰਾਂ ਦਾ ਇਸਨੂੰ ਲੈ ਕੇ ਬੇਹੱਦ ਉਤਸ਼ਾਹ ਵਧਾਊ ਖਤ ਵੀ ਆਇਆ। ਇਹ ਪਹਿਲੀ ਰਚਨਾ ਸੀ ਜਿਹੜੀ ਕਿਸੇ ਰਸਾਲੇ 'ਚ ਛਪੀ।

ਫਿਰ ਤਾਂ ਲਿਖਣ ਦਾ ਜਿਵੇਂ ਕੜ ਹੀ ਪਾਟ ਗਿਆ। ਸਿੱਧੇ ਨਾਅਰੇ ਦੇ ਪ੍ਰਭਾਵ ਵਾਲੀਆਂ ਕਵਿਤਾਵਾਂ, ਕਹਾਣੀਆਂ ਦੇ ਨਾਲ ਰੁਮਾਂਟਿਕ ਗੀਤ, ਕਵਿਤਾਵਾਂ, ਕਹਾਣੀਆਂ ਵੀ ਲਿਖਣ ਲੱਗਾ ਤੇ ਲਾਇਬਰੇਰੀ 'ਚ ਸਾਹਿਤਕ ਕਿਤਾਬਾਂ ਦੇ ਨਾਲ ਸਾਹਿਤਕ ਰਸਾਲੇ ਵੀ ਪੜ੍ਹਨ ਲੱਗਾ। 'ਦ੍ਰਿਸ਼ਟੀ' ਉਦੋਂ ਕੁ ਹੀ ਸ਼ੁਰੂ ਹੋਇਆ ਸੀ ਤੇ ਇਸਦੇ ਪਹਿਲੇ ਅੰਕ ਤੋਂ ਪਾਠਕ ਬਣ ਗਿਆ। ਇਕ ਵਾਰ ਜੁਗਰਾਜ ਜੱਗਾ ਤੇ ਨਵਦੀਪ ਸਾਡੇ ਪਿੰਡ ਨੌਜੁਆਨ ਸਭਾ ਦੀ ਮੀਟਿੰਗ ਕਰਾਉਣ ਆਏ। ਜੁਗਰਾਜ ਦੇ ਹੱਥਾਂ 'ਚ 'ਸਿਰਜਣਾ' ਦੇਖ ਕੇ ਮੈਂ ਉਸ ਤੋਂ ਇਹ ਮੰਗ ਕੇ ਪੜ੍ਹਿਆ। ਰਸਾਲੇ ਨੇ ਮੈਨੂੰ ਏਨਾ ਪ੍ਰਭਾਵਤ ਕੀਤਾ ਕਿ ਇਸ ਦਾ ਵੀ ਪਾਠਕ ਬਣ ਗਿਆ।

'ਪ੍ਰੀਤਲੜੀ' ਦਸਵੀਂ ਤੋਂ ਹੀ ਪੜ੍ਹ ਰਿਹਾ ਸਾਂ। 'ਰੋਹਲੇ ਬਾਣ' 'ਮਾਂ', 'ਸਿਆੜ' ਵਰਗੇ ਮੈਗਜ਼ੀਨ ਵੀ। ਮੁਕੇਰੀਆਂ ਖੁੱਲਰ ਨਿਊਜ਼ ਪੇਪਰ ਏਜੰਟ ਦੇ ਸਟਾਲ 'ਤੇ ਗੇੜਾ ਮਾਰਦਾ ਤੇ ਜਿਹੜਾ ਵੀ ਨਵਾਂ ਮੈਗਜਾਨ ਆਇਆ ਹੁੰਦਾ, ਖਰੀਦ ਲੈਂਦਾ। ਕਈ ਕਿਤਾਬਾਂ ਰਸਾਲੇ ਮੈਂ ਮਾਸਟਰ ਜੋਧ ਸਿੰਘ ਹੁਰਾਂ ਤੋਂ ਲੈ ਆਉਂਦਾ, ਜਿਨ੍ਹਾਂ ਦਾ ਪਿੰਡ ਕੋਟਲੀਖਾਸ ਸਾਡੇ ਪਿੰਡ ਤੋਂ ਦੋ ਕੁ ਕਿਲੋਮੀਟਰ 'ਤੇ ਸੀ। ਅਧਿਆਪਕ ਯੂਨੀਅਨ ਦੇ ਉੱਘੇ ਆਗੂ ਮਾਸਟਰ ਜੋਧ ਸਿੰਘ ਤੇ ਸਵਿੰਦਰ ਸਿੰਘ ਜੰਡਵਾਲ ਸਕੂਲ 'ਚ ਪੜ੍ਹਾਉਂਦੇ ਸਨ। ਉਹਨਾਂ ਤੋਂ ਬਹੁਤ ਸਾਰੇ ਮਾਮਲਿਆਂ 'ਚ ਸਕੂਲ ਦੀ ਪੜ੍ਹਾਈ ਤੋਂ ਪਿੱਛੋਂ ਵੀ ਅਗਵਾਈ ਲੈਂਦਾ ਰਿਹਾ। ਉਹ ਮੈਨੂੰ ਮੇਰੇ ਲਿਖਣ-ਪੜ੍ਹਨ ਦੇ ਮਾਮਲਿਆਂ 'ਚ ਵੀ ਸੁਝਾਅ ਦਿੰਦੇ ਰਹਿੰਦੇ, ਖਾਸ ਕਰਕੇ ਰੁਮਾਂਟਿਕ ਲੇਖਣੀ ਤੋਂ ਪ੍ਰਗਤੀਵਾਦੀ ਲੇਖਣੀ ਵੱਲ ਮੋੜਨ 'ਚ ਉਹਨਾਂ ਦਾ ਵੱਡਾ ਹੱਥ ਹੈ। ਮੇਰੀਆਂ ਕਵਿਤਾਵਾਂ ਕਹਾਣੀਆਂ ਇਹਨਾਂ ਦਿਨਾਂ 'ਚ 'ਲੋਕ ਲਹਿਰ' 'ਚ ਛਪਣ ਲੱਗੀਆਂ ਸਨ, ਜਿਹੜਾ ਉਦੋਂ ਰੋਜ਼ਾਨਾ ਸੀ।

ਨੌਜੁਆਨ ਸਭਾ, ਐੱਸ ਐੱਫ ਆਈ ਤੋਂ ਤੁਰ ਕੇ ਫਿਰ ਸੀ ਪੀ ਐੱਮ 'ਚ ਸਰਗਰਮੀ ਕਰਨ ਲੱਗਾ। ਮੈਂ ਤੇ ਮੇਰੇ ਪਿੰਡ ਦੇ ਜੀਤ ਸਿੰਘ, ਸੁਦਾਗਰ ਭੋਂਦੀ, ਮਲਕੀਤ ਗਿੱਲ, ਬਿਸ਼ਨਦਾਸ, ਗੁਆਂਢ ਦੇ ਪਿੰਡਾਂ 'ਚੋਂ ਗੁਰਦਿਆਲ ਕੋਟਲੀ, ਮਲਕੀਤ ਪਲਾਕੀ, ਸੰਤੋਖ ਸਿੰਘ ਧੰਨੋਤਾ, ਧਿਆਨ ਸਿੰਘ ਛੰਨੀ, ਸੁਰਜੀਤ ਸਿੰਘ ਛੰਨੀ... ਪਾਰਟੀ 'ਚ ਇਹ ਅਜਿਹਾ ਗਰੁੱਪ ਇਲਾਕੇ 'ਚ ਉਭਰਿਆ, ਜਿਹੜੇ ਦੋਸਤ ਵੀ ਸਨ ਤੇ ਕਮਿਊਨਿਸਟ ਸਾਥੀ ਵੀ। ਬਲਬੀਰ ਗਿੱਲ ਆਗੂ ਸੀ। ਕਿਸੇ ਨੂੰ ਸਰਗਰਮੀ ਛੱਡ ਕੇ ਨਾ ਕਦੀ ਘਰ ਜਾਣ ਦਾ ਖਿਆਲ ਆਉਂਦਾ ਨਾ ਸਾਫ ਕੱਪੜੇ ਪਾਉਣ ਦਾ ਤੇ ਨਾ ਹੀ ਚੰਗਾ ਖਾਣ-ਪੀਣ ਦਾ। ਇਸ ਜਥੇਬੰਦਕ ਸਰਗਰਮੀ ਦੇ ਨਾਲ-ਨਾਲ ਪਰ ਜੇ ਕੋਈ ਪੱਖ ਮੈਂ ਅਣਗੌਲਿਆਂ ਨਾ ਹੋਣ ਦਿੱਤਾ ਤਾਂ ਉਹ ਪੜ੍ਹਨ-ਲਿਖਣ ਦਾ ਸੀ। ਮੀਟਿੰਗਾਂ, ਭੱਜ-ਭਜਾਈ 'ਚੋਂ ਕਿਤੇ ਰਤਾ ਵੀ ਵਿਹਲ ਲੱਗਦੀ ਤਾਂ ਸਾਰਿਆਂ ਤੋਂ ਰਤਾ ਪਾਸੇ ਹੋ ਕੇ ਪੜ੍ਹਨ ਲੱਗ ਪੈਂਦਾ ਤੇ ਜਾਂ ਕੁਝ ਲਿਖਣ। ਕਿਤਾਬ ਤੇ ਕਾਗਜ਼ ਸਦਾ ਹੀ ਮੇਰੇ ਬੈਗ 'ਚ ਹੁੰਦੇ। ਲਿਖਣ ਦੇ ਪੱਖੋਂ ਇਹ ਅਜਿਹਾ ਦੌਰ ਸੀ ਜਦੋਂ ਹਰ ਹਫਤੇ ਹੀ ਮੇਰੀ ਕਵਿਤਾ 'ਲੋਕ ਲਹਿਰ' 'ਚ ਛਪਦੀ ਸੀ। ਇਲਾਕੇ ਦਾ ਕੋਈ ਰਾਹ, ਕੋਈ ਪਿੰਡ ਅਜਿਹਾ ਨਹੀਂ ਸੀ, ਜਿਹੜਾ ਪਾਰਟੀ ਸਰਗਰਮੀਆਂ ਦੌਰਾਨ ਗਾਹਿਆ ਨਾ ਹੋਵੇ।

1978 'ਚ ਆ ਕੇ ਝੋਨੇ ਦੇ ਸੀਜ਼ਨ 'ਚ ਮੁਕੇਰੀਆਂ ਮੰਡੀ 'ਚ ਹੜਤਾਲ ਕਰਵਾਈ ਗਈ, ਕੁਝ ਸਥਾਨਕ ਮੰਗਾਂ ਨੂੰ ਲੈ ਕੇ। ਇਸ ਹੜਤਾਲ ਦੌਰਾਨ ਆੜ੍ਹਤੀਆਂ ਨੇ ਇਲਾਕੇ ਦੇ ਕਿਸਾਨ ਆਗੂ ਬਲਦੇਵ ਸਿੰਘ ਪੋਤੇ 'ਤੇ ਗੁੰਡਿਆਂ ਨਾਲ ਸਾਜ਼ਿਸ਼ ਰਚ ਕੇ ਕਾਤਲਾਨਾ ਹਮਲਾ ਕਰਵਾ ਦਿੱਤਾ, ਹੜਤਾਲ ਫੇਲ੍ਹ ਕਰਨ ਵਾਸਤੇ। ਹਥਿਆਰਬੰਦ ਗੁੰਡਿਆਂ ਨੇ ਕਾਮਰੇਡ ਪੋਤੇ 'ਤੇ ਉਦੋਂ ਹਮਲਾ ਕੀਤਾ, ਜਦੋਂ ਉਹ ਮੁਜ਼ਾਹਰੇ ਦੀ ਅਗਵਾਈ ਕਰਦਾ ਮੰਡੀ 'ਚੋਂ ਨਿਕਲ ਰਿਹਾ ਸੀ। ਉਹਨਾਂ ਦੇ ਪਹਿਲੇ ਵਾਰ ਖੁੰਝ ਗਏ ਤੇ ਫਿਰ ਲੋਕਾਂ ਨੇ ਉਹਨਾਂ ਨੂੰ ਹੱਥੋ-ਹੱਥੀ ਫੜ ਕੇ ਅਜਿਹੀ ਗਿੱਦੜਕੁੱਟ ਚਾੜ੍ਹੀ ਕਿ ਮੁੜ ਇਲਾਕੇ 'ਚ ਕਿਸੇ ਦੀ ਵੀ ਲੰਮਾ ਸਮਾਂ ਕਿਸੇ ਕਮਿਊਨਿਸਟ 'ਤੇ ਹੱਥ ਚੁੱਕਣ ਦੀ ਜੁਰਅਤ ਨਾ ਹੋ ਸਕੀ। ਇਹਨਾਂ ਸਰਗਰਮੀਆਂ ਨੇ ਲਹਿਰ ਦੇ ਅੰਦਰੋਂ-ਬਾਹਰੋਂ ਬਹੁਤ ਕੁਝ ਨੂੰ ਬਹੁਤ ਨੇੜਿਓਂ ਹੋ ਕੇ ਵੇਖਣ ਸਮਝਣ ਦਾ ਮੌਕਾ ਦਿੱਤਾ ਕਿ ਲੋਕਾਂ ਦੀਆਂ ਲਹਿਰ 'ਤੇ ਕਿੰਨੀਆਂ ਆਸ਼ਾਵਾਂ ਹਨ, ਕਾਡਰ ਕਿੰਨਾ ਸੁਹਿਰਦ ਹੈ, ਇਨਕਲਾਬ ਪ੍ਰਤੀ ਅੰਨ੍ਹੀ ਆਸਥਾ ਵਾਲਾ, ਪਰ ਲੀਡਰ ਕਿੰਝ ਹਰ ਕਦਮ ਗਿਣਤੀਆਂ-ਮਿਣਤੀਆਂ ਦੇ ਹਿਸਾਬ ਨਾਲ ਪੁੱਟਦੇ ਹਨ।

ਲੀਡਰਾਂ ਤੇ ਕਾਡਰ ਦੇ ਵਿਚਾਲੇ ਇਨਕਲਾਬ ਪ੍ਰਤੀ ਆਸਥਾ ਦਾ ਫਰਕ ਸਮਝ ਆਉਣ ਲੱਗਿਆ ਤਾਂ ਸਰਗਰਮੀ ਘਟਣ ਲੱਗੀ, ਭਾਵੇਂ ਪੜ੍ਹਨਾ ਵਧ ਗਿਆ। ਇਹ ਸਮਝਣ ਦਾ

ਯਤਨ ਕਿ ਸਿਧਾਂਤ ਤੇ ਜਥੇਬੰਦਕ ਅਮਲ 'ਚ ਪਾੜਾ ਕਿਉਂ ਹੈ? ਸਾਹਿਤ ਦੇ ਨਾਲ ਫਲਸਫਾ, ਇਤਿਹਾਸ, ਸਮਾਜ ਸ਼ਾਸਤਰ ਦਾ ਅਧਿਐਨ ਬਹੁਤ ਕੁਝ ਨੂੰ ਸਪੱਸ਼ਟ ਕਰਨ ਲੱਗਾ। ਜਿਉਂ-ਜਿਉਂ ਇਹ ਸਪੱਸ਼ਟਤਾ ਵਧਦੀ ਗਈ, ਪਾਰਟੀ ਨਾਲੋਂ ਸਰਗਰਮੀ ਘਟਦੀ ਗਈ। ਪਾਰਟੀ ਦੇ ਜਥੇਬੰਦਕ ਢਾਂਚੇ ਤੇ ਫਲਸਫੇ ਨੂੰ ਵੱਖ-ਵੱਖ ਕਰਕੇ ਵਿਚਾਰਨ ਦਾ ਯਤਨ ਕਰਨ ਲੱਗਾ।

ਕਮਿਊਨਿਸਟ ਲਹਿਰ 'ਚ ਬੜੇ ਨੇੜਿਓਂ ਵਿਚਰਨ ਦੇ ਇਹਨਾਂ ਅਨੁਭਵਾਂ ਦਾ ਪ੍ਰਗਟਾਵਾ ਪਹਿਲਾਂ ਕਹਾਣੀਆਂ 'ਚ ਆਇਆ। ਮੈਂ ਇਸ ਬਾਰੇ ਕਿੰਨੀਆਂ ਹੀ ਕਹਾਣੀਆਂ ਲਿਖੀਆਂ। 'ਆਪਨੜੇ ਗਿਰੀਵਾਨ ਮਹਿ', 'ਕਾਮਰੇਡ ਮਿਹਰ ਸਿੰਘ ਦੀ ਵਿਰਾਸਤ', 'ਪਿਤਾ', 'ਸਾਈਨ ਵੈਲਯੂ ਦਾ ਜਲੌਅ', 'ਬੰਦ ਗੇਟ ਤੇ ਵਿਚਾਰਾ ਇਨਕਲਾਬ', 'ਦੀਨ ਕੇ ਹੇਤ'। ਇਹਨਾਂ ਕਹਾਣੀਆਂ 'ਚ ਲਹਿਰ ਦੇ ਅਨੁਭਵ ਸਿੱਧੇ ਰੂਪ 'ਚ ਹਨ। 'ਦੀਨ ਕੇ ਹੇਤ' ਕਹਾਣੀ ਦੇ ਮੁਖ ਪਾਤਰ ਕਾਮਰੇਡ ਘਣਸ਼ਾਮ ਨੂੰ, ਕਾਮਰੇਡ ਬਚਿੱਤਰ ਟੇਰਕੇਆਣਾ 'ਚੋਂ ਘੜਿਆ। ਉਹ ਬੜਾ ਸਿਰ ਸੁੱਟ ਕੇ ਦਲੇਰੀ ਨਾਲ ਕੰਮ ਕਰਨ ਵਾਲਾ ਕਾਮਾ ਸੀ। ਨੌਜੁਆਨ ਸਭਾ 'ਚ ਉਸ ਨੇ ਬੜਾ ਕੰਮ ਕੀਤਾ। ਇਸ ਲਈ ਆਪਣੇ ਘਰ 'ਚ ਤਿੱਖੇ ਵਿਰੋਧ ਵੀ ਖੜ੍ਹੇ ਕੀਤੇ ਤੇ ਰੁਜ਼ਗਾਰ/ਪਰਿਵਾਰ ਬਾਰੇ ਵੀ ਕੁਝ ਨਾ ਸੋਚਿਆ। ਪਿੱਛੋਂ ਪਾਰਟੀ ਦੀ ਅੰਦਰੂਨੀ ਧੜੇਬੰਦੀ 'ਚ ਉਲਝ ਕੇ, ਉਹ ਜਿਵੇਂ ਖੁੱਡੇ ਲਾਇਨ ਲੱਗਿਆ ਤੇ ਮਾਨਸਿਕ ਟੁੱਟ-ਭੱਜ ਦਾ ਸ਼ਿਕਾਰ ਹੋ ਸ਼ਰਾਬ 'ਚ ਡੁੱਬਿਆ, ਬੜਾ ਦਰਦਨਾਕ ਅੰਤ ਹੋਇਆ ਉਸ ਦਾ। ਜਦੋਂ ਉਸਦੀ ਮੌਤ ਦਾ ਪਤਾ ਲੱਗਾ ਤਾਂ ਮੈਂ ਕਿੰਨੇ ਦਿਨ ਉਦਾਸ ਰਿਹਾ। 'ਕਾਮਰੇਡ ਮਿਹਰ ਸਿੰਘ ਦੀ ਵਿਰਾਸਤ' ਦਾ ਮੁਖ ਪਾਤਰ ਕਾਮਰੇਡ ਮਿਹਰ ਸਿੰਘ, ਮੇਰੇ ਗੁਆਂਢੀ ਪਿੰਡ ਦਾ ਕਾਮਰੇਡ ਮੇਹਰੂ ਹੈ। ਗਰੀਬ ਮੁਜ਼ਾਰੇ ਕਾਮਰੇਡ ਮੇਹਰੂ ਨੇ ਸਾਰੀ ਉਮਰ ਕਮਿਊਨਿਸਟ ਲਹਿਰ 'ਚ ਡਟ ਕੇ ਕੰਮ ਕੀਤਾ। ਇਹ ਕਹਾਣੀ ਘੱਟ ਤੇ ਉਸ ਦੀ ਪ੍ਰਤੀਬੱਧਤਾ ਨੂੰ ਚਿਤਰਨ ਦੀ ਕੋਸ਼ਿਸ਼ ਵੱਧ ਹੈ। ਇਹਨਾਂ ਕਹਾਣੀਆਂ 'ਚ ਲਹਿਰ ਦੇ ਝਲਕਾਰੇ ਤਾਂ ਫੜੇ ਜਾਂਦੇ, ਪਰ ਲਹਿਰ ਦਾ ਸੁਮੱਚ ਨਾ ਫੜਿਆ ਜਾਂਦਾ ਕਿ ਕਿਵੇਂ ਇਕ ਇਲਾਕੇ, ਬਚਵਾਹੀ, ਜਿੱਥੋਂ ਦਾ ਮੈਂ ਜੰਮਪਲ ਹਾਂ, ਵਿਚ ਇਹ ਸਿਖਰ ਹੰਢਾ ਕੇ ਰਸਾਤਲ ਵੱਲ ਡਿਗਣੀ ਸ਼ੁਰੂ ਹੋਈ। ਉਹ ਕਿਹੜੇ ਕਾਰਨ ਸਨ, ਕਿ ਇਹ ਆਪਣੀ ਉਠਾਣ ਕਾਇਮ ਨਾ ਰੱਖ ਸਕੀ।

ਇਸ ਤੜਪ ਨੂੰ ਕੁਝ ਹੱਦ ਤਕ ਨਾਵਲ ਚੌਲੜੀ 'ਗਹਿਰ ਚੜ੍ਹੀ ਅਸਮਾਨ', 'ਨਿੱਕੇ-ਨਿੱਕੇ ਯੁੱਧ', 'ਆਪਣੇ ਆਪਣੇ ਮੋਰਚੇ' ਤੇ 'ਕਥਾ ਇਸ ਯੁੱਗ ਦੀ' 'ਚ ਫੜ ਸਕਿਆ ਹਾਂ, ਇਸ ਦੇ ਕੇਂਦਰੀ ਪਾਤਰ ਜਗਵਿੰਦਰ ਉਰਫ ਗਿੰਦਰ ਤੇ ਕਾਮਰੇਡ ਗੁਰਮੇਲ ਦੇ ਰਾਹੀਂ। ਮੇਰੇ ਤੋਂ ਅਕਸਰ ਇਹ ਪੁੱਛਿਆ ਜਾਂਦਾ ਕਿ ਚੌਲੜੀ ਦਾ ਮੁਖ ਪਾਤਰ ਜਗਵਿੰਦਰ ਕਿਤੇ ਮੈਂ ਹੀ ਤਾਂ ਨਹੀਂ? ਜੇ ਇਸ ਪਾਤਰ ਨੂੰ ਏਨੀ ਸ਼ਿੱਦਤ ਨਾਲ ਚਿੱਤਰ ਸਕਿਆ ਹਾਂ ਤਾਂ ਇਸ ਕਰਕੇ ਕਿ ਮੈਂ ਉਸ ਦੌਰ 'ਚ, ਆਪਣੀ ਸਰਗਰਮੀ ਦੀ ਉਠਾਣ ਵਾਲੇ ਦੌਰ 'ਚ, ਬਹੁਤ ਸਾਰੇ ਦੋਸਤਾਂ ਦੇ ਮਨਾਂ 'ਚ ਇਨਕਲਾਬੀ ਲਹਿਰ ਵੱਲੋਂ ਜਗਾਏ ਸੁਪਨਿਆਂ ਨੂੰ ਬਹੁਤ ਨੇੜਿਓਂ ਤੱਕਿਆ ਹੈ, ਖਾਸ ਕਰਕੇ ਜਿਹੜੇ ਮੁੰਡੇ ਗਰੀਬ ਤੇ ਦਰਮਿਆਨੀ ਕਿਸਾਨੀ ਵਾਲੇ ਪਿਛੋਕੜ 'ਚੋਂ ਆਏ ਸਨ। ਇਸ ਲਹਿਰ ਤੇ ਫਲਸਫੇ ਨੇ ਉਹਨਾਂ ਦੇ ਮਨਾਂ 'ਚ ਬਹੁਤ ਸਾਰੇ ਰੰਗੀਨ ਸੁਪਨੇ ਜਗਾਏ ਤੇ ਇਹਨਾਂ ਦੀ ਪੂਰਤੀ ਲਈ ਉਹ ਕੋਈ ਵੀ ਕੁਰਬਾਨੀ ਕਰਨ ਲਈ ਤਿਆਰ ਵੀ ਸਨ। ਮੇਰੇ ਪਿੰਡ ਦਾ ਕਾਮਰੇਡ ਕਿਹਰ ਜੋਸ਼ ਬੀ ਏ ਕਰਕੇ ਨੌਕਰੀ ਲੱਭਣ ਦੀ ਬਜਾਏ ਲਹਿਰ 'ਚ ਆਪਣੀ ਪੂਰੀ ਪ੍ਰਤੀਬੱਧਤਾ ਸਮੇਤ ਕੁੱਦ ਪੈਂਦਾ ਹੈ। ਸੁਦਾਗਰ ਭੌਂਦੀ ਜ਼ਿਲ੍ਹਾ ਹੁਸ਼ਿਆਰਪੁਰ ਦੇ ਡਰਾਮਾ ਸੁਕਐਡ ਦਾ ਹਿੱਸਾ ਬਣ ਪੰਦਰਾਂ-ਪੰਦਰਾਂ, ਵੀਹ-ਵੀਹ ਦਿਨ ਘਰ ਨਹੀਂ ਵੜਦਾ। ਉਸਦਾ ਇਹ ਅਮਲ ਕੋਈ ਇਕ ਦਹਾਕਾ ਚੱਲਦਾ ਤੇ ਕਾਮਰੇਡ ਮੋਹਨ ਸਿੰਘ ਚੱਕਫੱਲੂ ਨਾਲ ਰਲਕੇ ਜ਼ਿਲ੍ਹਾ ਹੁਸ਼ਿਆਰਪੁਰ ਦਾ ਪਾਰਟੀ ਡਰਾਮਾ

ਸੁਕਐਡ ਬੜੀ ਪ੍ਰਤੀਬੱਧਤਾ ਨਾਲ ਚਲਾਉਂਦਾ। ਜੀਤ ਲਈ ਪਹਿਲ ਪਾਰਟੀ ਦੇ ਕੰਮ ਹੁੰਦੇ। ਵਾਢੀ ਬਿਜਾਈ ਨੂੰ ਵਿਚੇ ਛੱਡ ਕੇ ਉਹ ਪਾਰਟੀ ਦੇ ਹੁਕਮ 'ਤੇ ਫੁੱਲ ਚੜ੍ਹਾਉਣ ਲਈ ਤੁਰ ਪੈਂਦਾ ਸੀ। ਮਜ਼ਦੂਰਾਂ 'ਚੋਂ ਕਾਮਰੇਡ ਬਿਸ਼ਨ ਦਿਹਾੜੀ ਟੁੱਟ ਜਾਣ ਦੀ ਪਰਵਾਹ ਨਾ ਕਰਦਾ। ਮਲਕੀਤ ਪਲਾਕੀ ਨੇ ਲਗਪਗ ਇਕ ਦਹਾਕਾ ਨੌਜੁਆਨ ਸਭਾ ਤੇ ਫਿਰ ਕਿਸਾਨ ਸਭਾ 'ਚ ਅੱਖਾਂ ਮੀਟ ਕੇ ਕੰਮ ਕੀਤਾ ਤੇ ਘਰਦਿਆਂ ਦੇ ਰੋਕਣ-ਟੋਕਣ 'ਤੇ ਮਹੀਨਾ-ਮਹੀਨਾ ਘਰ ਹੀ ਨਾ ਵੜਦਾ। ਇਹ ਸੁਪਨਾ ਜਿਹੜਾ ਸਮੂਹਕ ਰੂਪ 'ਚ ਉਭਰਨਾ ਸ਼ੁਰੂ ਹੋਇਆ ਸੀ; 'ਗਹਿਰ ਚੜ੍ਹੀ ਅਸਮਾਨ' ਵਿਚ ਕਾਮਰੇਡ ਗੁਰਮੇਲ ਰਾਹੀਂ ਪੇਸ਼ ਹੁੰਦਾ। ਗੁਰਮੇਲ ਦਾ ਪਾਤਰ ਮੈਂ ਕਾਮਰੇਡ ਬਲਬੀਰ ਗਿੱਲ 'ਚੋਂ ਘੜ੍ਹਿਆ। ਉਹ ਹੀ ਇਸ ਨਾਵਲ ਦੇ ਅਖੀਰ 'ਚ ਗਿੰਦਰ ਨੂੰ ਲਹਿਰ ਨਾਲ ਜੋੜਦਾ ਹੈ। ਅਗਲਾ ਨਾਵਲ 'ਨਿੱਕੇ-ਨਿੱਕੇ ਯੁੱਧ' ਇਸ ਸਮੂਹਕ ਸੁਪਨੇ ਦੀ ਅਗਲੇਰੀ ਉਠਾਣ ਹੈ, ਜਦੋਂ ਗਿੰਦਰ ਆਪਣੀ ਪੂਰੀ ਊਰਜਾ ਨਾਲ ਲਹਿਰ 'ਚ ਕੁੱਦਦਾ। ਇਹ ਨਾਵਲ ਨਾਲ-ਨਾਲ ਹਰੇ ਇਨਕਲਾਬ ਨਾਲ ਪੰਜਾਬੀ ਸਮਾਜ 'ਚ ਮੱਚੀ ਉੱਥਲ-ਪੁੱਥਲ ਨੂੰ ਵੀ ਸਾਹਮਣੇ ਲਿਆਉਂਦਾ। ਛੋਟੀ ਕਿਸਾਨੀ ਦੇ ਬੇਜ਼ਮੀਨੇ ਹੋਣ ਦੀ ਪ੍ਰਕਿਰਿਆ, ਨਵੇਂ ਧੰਦਿਆਂ ਤੇ ਵਿਕਾਸ ਦੇ ਨਵੇਂ ਮੌਕਿਆਂ ਦੀਆਂ ਪੈਦਾ ਹੋਈਆਂ ਨਵੀਆਂ ਸੰਭਾਵਨਾਵਾਂ, ਭਾਈਚਾਰਕ ਤੇ ਜਾਤੀਗਤ ਜਕੜ ਦਾ ਕਮਜ਼ੋਰ ਪੈਣਾ, ਹਰੇ ਇਨਕਲਾਬ ਨੇ ਤੇਜ਼ੀ ਨਾਲ ਸੰਭਵ ਬਣਾਇਆ। ਪਰ ਪੁਰਾਣੀਆਂ ਨੀਤੀਗਤ ਧਾਰਨਾਵਾਂ 'ਤੇ ਕਾਇਮ ਰਹੀ ਕਮਿਊਨਿਸਟ ਲਹਿਰ ਸਮੇਂ ਦੇ ਹਾਣੀ ਹੋਣ ਤੋਂ ਇਸੇ ਦੌਰ 'ਚ ਤੇਜ਼ੀ ਨਾਲ ਪਛੜਨ ਲੱਗੀ।

ਇਸ ਨਾਵਲ ਚੌਲੜੀ ਨੂੰ ਲਿਖਦਿਆਂ ਮੁਕੇਰੀਆਂ ਇਲਾਕੇ ਦੀ ਵਿਸ਼ੇਸ਼ ਕਰਕੇ, ਤੇ ਜ਼ਿਲ੍ਹਾ ਹੁਸ਼ਿਆਰਪੁਰ ਦੀ ਕਮਿਊਨਿਸਟ ਲਹਿਰ ਆਮ ਰੂਪ 'ਚ ਜ਼ਿਹਨ 'ਚ ਰਹੀ। ਮੁਕੇਰੀਆਂ ਇਲਾਕੇ ਨੂੰ ਆਧਾਰ ਇਸ ਲਈ ਬਣਾਇਆ ਕਿ ਇਸ ਤਹਿਸੀਲ 'ਚ, ਲਹਿਰ ਦੇ ਜਥੇਬੰਦਕ ਢਾਂਚੇ ਨਾਲ ਮੈਂ ਬੜਾ ਨੇੜਿਓਂ ਬਾਵਸਤਾ ਸਾਂ। 'ਕੱਲੇ-'ਕੱਲੇ ਕਾਮਰੇਡ ਬਾਰੇ ਪਤਾ ਸੀ ਉਸਦੀਆਂ ਚੰਗਿਆਈਆਂ, ਬੁਰਾਈਆਂ ਤੇ ਧੜੇਬੰਦਕ ਪਹੁੰਚ ਸਮੇਤ। ਬਰੀਕ ਨੀਝ ਨਾਲ ਦੇਖਿਆ ਤਾਂ ਮਹਿਸੂਸ ਹੋਇਆ, 1968-69 ਤੋਂ ਲੈ ਕੇ 80 ਕੁ ਤਕ ਜਿਹੜਾ ਉਭਾਰ ਤੱਕਿਆ ਸੀ, ਉਹ 1981-82 ਤੋਂ ਗਿਰਾਵਟ ਵੱਲ ਜਾਣਾ ਸ਼ੁਰੂ ਹੋ ਗਿਆ। ਕਾਰਨ, ਇਸ ਉਭਾਰ ਦੇ ਸਮੇਂ ਇਲਾਕੇ 'ਚ ਲਹਿਰ ਦਾ ਚੰਗਾ ਦਬਦਬਾ ਕਾਇਮ ਹੋ ਗਿਆ ਸੀ। ਇਲਾਕੇ ਦੇ ਬਹੁਤ ਸਾਰੇ ਪਿੰਡਾਂ 'ਚ ਕਮਿਊਨਿਸਟ ਸਰਪੰਚ ਬਣੇ, ਪ੍ਰਸ਼ਾਸਨ ਤੇ ਪੁਲਸ 'ਤੇ ਵੀ ਦਬਾਅ ਬਣ ਗਿਆ। ਇਸ ਨਾਲ ਕਮਿਊਨਿਸਟ ਆਗੂਆਂ 'ਚ ਵੀ ਦੂਸਰੇ ਆਗੂਆਂ ਵਰਗੀਆਂ ਆਦਤਾਂ ਤੇ ਰੁਝਾਨ ਪਨਪਣ ਲੱਗੇ। ਪਿੰਡਾਂ 'ਚ ਪੰਚਾਇਤੀ ਤੇ ਸਾਂਝੀਆਂ ਜ਼ਮੀਨਾਂ 'ਤੇ ਕਬਜ਼ੇ, ਇਕ ਜਾਂ ਦੂਸਰੀ ਧਿਰ ਨਾਲ ਧੜਾ ਬਣਾ ਕੇ ਤੁਰਨਾ ਤੇ ਆਪਣਾ ਧੜਾ ਗ਼ਲਤ ਹੋਣ ਦੇ ਬਾਵਜੂਦ ਉਸਦਾ ਪੱਖ ਪੂਰਨਾ, ਜਥੇਬੰਦੀਆਂ ਉਸਾਰਨ ਵਰਗਾ ਜਾਨ-ਹੂਲਵਾਂ ਕੰਮ ਛੱਡ ਕੇ ਕੁਝ ਖਾਂਦੇ-ਪੀਂਦੇ ਸੰਪਰਕਾਂ ਤਕ ਪਹੁੰਚ... ਇਹ ਗੱਲਾਂ ਉਸ ਵੇਲੇ ਨਹੀਂ ਸੀ ਲੱਗਦਾ ਕਿ ਏਨਾ ਨੁਕਸਾਨ ਕਰ ਰਹੀਆਂ ਹਨ, ਜਦੋਂ ਇਹਨਾਂ 'ਚ ਵਿਚਰ ਰਿਹਾ ਸਾਂ, ਜਿੰਨੀਆਂ ਨਾਵਲ ਲਿਖਦਿਆਂ ਸਮਝ ਆਈਆਂ। ਕਾਮਰੇਡ ਗੁਰਮੇਲ, ਜਿਹੜਾ ਸ਼ੁਰੂ 'ਚ ਹਰ ਅਨਿਆਂ ਖਿਲਾਫ ਜੂਝਣ ਲਈ ਹਰ ਸਮੇਂ ਤਿਆਰ ਰਹਿੰਦਾ, ਬਿਨਾਂ ਕੋਈ ਫਾਇਦਾ ਨੁਕਸਾਨ ਤੱਕਿਆਂ, ਲੋਕ ਉਸ ਨਾਲ ਦਿਲੋਂ ਤੁਰਦੇ ਹਨ। ਉਸ ਦੇ ਇਸੇ ਪ੍ਰਭਾਵ ਕਰਕੇ ਹੀ ਗਿੰਦਰ ਉਰਫ ਜਗਵਿੰਦਰ ਲਹਿਰ ਵੱਲ ਖਿਚਿਆ ਜਾਂਦਾ ਹੈ, ਪਰ ਜਿਉਂ-ਜਿਉਂ ਲਹਿਰ ਦੇ ਅੰਦਰ ਵੜਦਾ ਜਾਂਦਾ, ਉਸ ਨੂੰ ਗੱਲਾਂ ਤੇ ਅਮਲ 'ਚ ਫਰਕ ਦਿਸਣ ਲੱਗਦਾ। ਉਸਦਾ ਗੁਰਮੇਲ ਤੋਂ ਮੋਹ ਭੰਗ ਹੋ ਜਾਂਦਾ, ਪਰ ਉਹ ਪਿਛਾਂਹ ਨਹੀਂ ਮੁੜ ਸਕਦਾ, ਕਿਉਂਕਿ ਉਸ ਕੋਲ ਪਿਛਾਂਹ ਮੁੜਨ ਲਈ ਰਾਹ ਹੀ ਨਹੀਂ ਹੈ!

'ਆਪਣੇ ਆਪਣੇ ਮੋਰਚੇ' ਉਸ ਸਥਿਤੀ 'ਤੇ ਕੇਂਦਰਤ ਹੈ ਜਦੋਂ ਵੀਹਵੀਂ ਸਦੀ ਦੇ ਆਖਰੀ ਦਹਾਕੇ 'ਚ, ਹਰੇ ਇਨਕਲਾਬ ਦੇ ਛੋਟੀ ਤੇ ਦਰਮਿਆਨੀ ਕਿਸਾਨੀ 'ਤੇ ਤਬਾਹਕੁਨ ਪ੍ਰਭਾਵ ਸਪੱਸ਼ਟ ਰੂਪ 'ਚ ਸਾਹਮਣੇ ਆਉਣ ਲੱਗ ਪਏ ਸਨ। ਨਾਲ ਦੀ ਨਾਲ ਦਰਮਿਆਨੀ ਕਿਸਾਨੀ ਦਾ ਇਕ ਹਿੱਸਾ ਤੇ ਵੱਡੀ ਕਿਸਾਨੀ ਇਹਨਾਂ ਬਰਕਤਾਂ ਤੇ ਮੌਕਿਆਂ ਨੂੰ ਵਰਤ ਕੇ ਅਗਾਂਹ ਵੱਲ ਛਾਲਾਂ ਵੀ ਮਾਰਨ ਲੱਗ ਪਏ। ਇਸ ਨੇ ਪਿੰਡਾਂ 'ਚ ਆਰਥਿਕ ਪਾੜੇ ਨੂੰ ਹੋਰ ਵੀ ਤਿੱਖਾ ਕਰ ਦਿੱਤਾ। ਗਿੰਦਰ ਭਾਵੇਂ ਪਿੰਡ ਛੱਡਕੇ ਸ਼ਹਿਰ ਆ ਚੁੱਕਾ ਹੈ, ਪਰ ਉਸ ਨੂੰ ਪਿੰਡ ਦੀਆਂ ਤੰਦਾਂ ਛੱਡਦੀਆਂ ਨਹੀਂ। ਅਸਲ 'ਚ ਕਿਸੇ ਨੂੰ ਵੀ ਉਸ ਦੀ ਜੰਮਣ-ਭੋਇੰ ਦੀਆਂ ਤੰਦਾਂ ਛੱਡਦੀਆਂ ਨਹੀਂ, ਉਹ ਇਹਨਾਂ ਤੋਂ ਆਜ਼ਾਦ ਨਹੀਂ ਹੋ ਸਕਦਾ ਦੂਰ ਰਹਿੰਦਿਆਂ ਵੀ। ਗਿੰਦਰ ਦੀ ਵਿਚਾਰਧਾਰਾ, ਉਸ ਦੀ ਸਮਝ ਲੋਕ ਮੁਕਤੀ ਘੋਲ ਲਈ ਛਟਪਟਾਉਂਦੀ ਹੈ, ਮਨ 'ਚ ਇਨਕਲਾਬ ਲਈ ਤਾਂਘ ਹੈ, ਪਰ ਪਾਰਟੀ ਆਪਣੇ ਧੜੇਬੰਦਕ ਹਿਤਾਂ ਨੂੰ ਪਹਿਲਾਂ ਦੇਖਦੀ ਹੈ। ਆਪਣੇ ਸੱਚ ਨਾਲ ਉਹ ਇੰਨਾ ਇਕੱਲਾ ਹੋ ਜਾਂਦਾ ਕਿ ਉਸ ਨਾਲ ਨਾ ਪਾਰਟੀ ਰਹਿ ਜਾਂਦੀ ਹੈ, ਨਾ ਭਾਈਚਾਰਾ ਤੇ ਨਾ ਹੀ ਰਿਸ਼ਤੇਦਾਰ। ਉਸ ਕੋਲ ਸਿਧਾਂਤ ਦਾ ਸੱਚ ਹੈ, ਪਰ ਜਿਸ ਦਾ ਕੋਈ ਖਰੀਦਦਾਰ ਨਹੀਂ। ਅਜਿਹੀ ਸਥਿਤੀ 'ਚ ਉਸ ਦਾ ਹਸ਼ਰ ਵੀ ਕਾਮਰੇਡ ਬਚਿੱਤਰ ਵਾਲਾ ਹੀ ਤਹਿ ਸੀ। ਜਦੋਂ ਮੈਂ ਇਸ ਨਾਵਲ ਦੇ ਆਖਰੀ ਪੰਨੇ ਲਿਖ ਰਿਹਾ ਸਾਂ ਤਾਂ ਮੇਰੇ ਸਾਹਮਣੇ ਕਾਮਰੇਡ ਬਚਿੱਤਰ ਦਾ ਚਿਹਰਾ ਸੀ। ਜਿੱਥੇ ਜਾ ਕੇ ਨਾਵਲ ਮੁੱਕਦਾ, ਗਿੰਦਰ ਸੱਚਮੁੱਚ ਹੀ ਬਚਿੱਤਰ ਵਰਗੀ ਹੋਣੀ ਦੇ ਰਾਹ ਤੁਰ ਚੁੱਕਾ ਹੈ, ਇਕ ਫਰਕ ਨੂੰ ਛੱਡ ਕੇ ਕਿ ਉਸ ਕੋਲ ਸਾਹਿਤ ਹੈ, ਉਸ ਕੋਲ ਸ਼ਬਦਾਂ ਦੀ ਸ਼ਕਤੀ ਹੈ। ਤੇ ਇਹ ਸ਼ਬਦਾਂ ਦੀ ਸ਼ਕਤੀ, ਸਾਹਿਤ, ਉਸ ਦੀ ਜ਼ਿੰਦਗੀ ਨੂੰ ਲੜੀ ਦੇ ਚੌਥੇ ਤੇ ਆਖਰੀ ਭਾਗ 'ਚ ਮਹੱਤਵਪੂਰਨ ਮੋੜ ਦੇ ਜਾਂਦੇ ਹਨ।

ਉਂਝ ਵੀ ਸਾਹਿਤਕ ਕ੍ਰਿਤ ਤੇ ਅਸਲੀ ਜ਼ਿੰਦਗੀ 'ਚ ਇਕ ਫਰਕ ਹੁੰਦਾ! ਅਸਲੀ ਜਿੰਦਗੀ 'ਚ ਰੀਟੇਕ ਜਾਂ ਮੋੜ ਦੀ ਗੁੰਜਾਇਸ਼ ਬਹੁਤ ਘੱਟ ਹੁੰਦੀ ਹੈ, ਜਦੋਂ ਕਿ ਸਾਹਿਤਕ ਕ੍ਰਿਤ 'ਚ ਇਹ ਇਕ ਹੱਦ ਤਕ ਰਹਿੰਦੀ ਹੈ। ਸਾਹਿਤ ਅਸਲ 'ਚ ਲੇਖਕ ਦੀ ਵਿਚਾਰਧਾਰਾ ਦਾ ਵਾਹਨ ਹੁੰਦਾ। ਮੇਰੇ ਸਾਹਮਣੇ ਇਹ ਸੰਕਟ ਸੀ ਕਿ ਜੇ ਮੈਂ ਜਗਵਿੰਦਰ ਨੂੰ ਉਸੇ ਮਰਨ ਵੱਲ ਜਾਂਦੇ ਰਾਹ 'ਤੇ ਤੋਰ ਕੇ ਚੁੱਪ ਕਰ ਜਾਂਦਾ, ਜਿਸ ਦਾ ਉਸ ਮੋੜ 'ਤੇ ਕੋਈ ਬਦਲ ਨਹੀਂ ਸੀ ਤਾਂ ਮੇਰੀ ਵਿਚਾਰਧਾਰਾ ਦਾ ਕੀ ਬਣਦਾ? ਜਗਵਿੰਦਰ ਸਿਰਫ ਕਮਿਊਨਿਸਟਾਂ ਦੇ ਜਥੇਬੰਦਕ ਢਾਂਚੇ ਦਾ ਸ਼ਿਕਾਰ ਹੋਇਆ ਹੈ, ਵਿਚਾਰਧਾਰਾ ਦਾ ਨਹੀਂ। ਇਸ ਜੜ੍ਹ ਹੋ ਚੁੱਕੇ ਜਥੇਬੰਦਕ ਢਾਂਚੇ 'ਤੇ ਚੋਟ ਵੀ ਓਨੀ ਹੀ ਜ਼ਰੂਰੀ ਹੈ, ਜਿੰਨੀ ਸਰਮਾਏ ਦੇ ਤੰਤਰ ਨਾਲ ਲੜਾਈ। ਤੇ ਲੜਾਈ ਉਦੋਂ ਹੀ ਮੰਤਕੀ ਸਿੱਟੇ ਤਕ ਜਾ ਸਕਦੀ ਹੈ, ਜਦੋਂ ਬੰਦਾ ਆਪਣੇ ਸਾਰੇ ਸਮਾਜਕ ਦਾਇਰਿਆਂ ਤੋਂ ਆਜ਼ਾਦ ਹੋ, ਉਹਨਾਂ ਨੂੰ ਤੋੜ ਕੇ ਜਾਂ ਉਹਨਾਂ ਨੂੰ ਪਾਸੇ ਕਰ, ਉਹਨਾਂ ਦਾ ਬਦਲ ਸਿਰਜਦਾ। ਇੱਥੇ ਆ ਕੇ ਮੈਂ ਚੌਥੇ ਭਾਗ 'ਕਥਾ ਇਸ ਯੁੱਗ ਦੀ' ਦੀ ਰੂਪ-ਰੇਖਾ ਉਲੀਕੀ।

ਇਸ ਸਮੇਂ 'ਚ, ਇੱਕੀਵੀਂ ਸਦੀ ਦੇ ਸ਼ੁਰੂ ਹੋਣ ਤੋਂ ਬਹੁਤ ਸਾਰੇ ਸੰਦਰਭ ਬਦਲ ਗਏ ਹਨ। ਮੌਜੂਦਾ ਜੀਵਨ-ਜਾਚ ਸਭ ਤਰ੍ਹਾਂ ਦੀਆਂ ਪਰੰਪਰਾਵਾਂ ਨੂੰ ਰੋੜ੍ਹ ਕੇ ਹਰ ਚੀਜ਼ ਨੂੰ ਮੰਡੀ ਨਾਲ ਜੋੜ ਰਹੀ ਹੈ। ਇੱਥੋਂ ਤਕ ਕਿ ਭਾਵਨਾਵਾਂ ਤੇ ਪਿਆਰ ਵੀ ਵਸਤ ਬਣ ਚੁੱਕਾ ਹੈ। ਪ੍ਰਿਅੰਕਾ ਤੇ ਪਰਮਪਾਲ ਇਸ ਜੀਵਨ-ਜਾਚ ਦੇ ਅਗਵਾਨੂੰ ਹਨ। ਜਗਵਿੰਦਰ, ਜਦੋਂ ਇਸ ਸਮੁੱਚੀ ਜੀਵਨ-ਜਾਚ ਨੂੰ ਰੱਦ ਕਰਕੇ, ਸਭ ਕੁਝ ਮੁੱਢੋਂ-ਸੁੱਢੋਂ ਸ਼ੁਰੂ ਕਰਨ ਦੇ ਇਰਾਦੇ ਨਾਲ, ਦੂਰ ਇਕ ਨੀਮ-ਪਹਾੜੀ ਪਿੰਡ 'ਚ ਜਾ ਕੇ ਡੇਰਾ ਲਾ ਲੈਂਦਾ, ਜਿੱਥੇ ਨਵੀਂ ਜੀਵਨ-ਜਾਚ ਤੇ ਖਪਤਕਾਰੀ ਵਿਕਾਸ ਮਾਡਲ ਦੀਆਂ ਤੰਦਾਂ ਨੇ ਅਜੇ ਤਾਜ਼ੇ-ਤਾਜ਼ੇ ਪੈਰ ਫੈਲਾਉਣੇ ਸ਼ੁਰੂ ਹੀ ਕੀਤੇ ਹਨ ਤਾਂ ਉਹ ਇੱਥੇ ਇਸ ਨਾਲ ਲੜਾਈ ਦਾ ਮੁੱਢ ਬੰਨ੍ਹਦਾ ਹੈ, ਪਰ ਨਵੀਂ ਤਰ੍ਹਾਂ ਨਾਲ।

ਇਹ ਠੀਕ ਹੈ ਜਾਂ ਗਲਤ, ਇਹ ਉਸ ਨੂੰ ਪਤਾ ਨਹੀਂ, ਪਰ ਉਸ ਦਾ ਇਰਾਦਾ ਦ੍ਰਿੜ ਹੈ।

ਕੀ ਮੈਂ ਸੱਚਮੁੱਚ ਇਹ ਨਾਵਲ ਲਿਖੇ ਹਨ। ਜਦੋਂ ਮੈਂ ਇਹ ਸੋਚਦਾ ਹਾਂ ਤਾਂ ਮੈਨੂੰ ਲੱਗਦਾ ਕਿ ਸਿਰਫ ਮੈਂ ਹੀ ਇਹ ਨਾਵਲ ਨਹੀਂ ਲਿਖੇ, ਇਹਨਾਂ ਨਾਵਲਾਂ ਨੇ ਵੀ ਮੈਨੂੰ ਸਿਰਜਿਆ ਹੈ। ਇਹਨਾਂ ਨੂੰ ਲਿਖਦਿਆਂ ਮੈਂ ਕਮਿਊਨਿਸਟ ਲਹਿਰ ਦੇ ਫਲਸਫੇ ਤੇ ਜਥੇਬੰਦਕ ਢਾਂਚੇ 'ਚ ਪੈ ਚੁੱਕੇ ਪਾੜੇ ਨੂੰ ਸਪੱਸ਼ਟਤਾ ਨਾਲ ਦੇਖ ਸਕਣ ਦੇ ਕਾਬਲ ਹੋ ਸਕਿਆ। ਪਹਿਲਾਂ ਇਹ ਓਪਰਾ-ਓਪਰਾ ਜਿਹਾ ਪਤਾ ਤਾਂ ਸੀ, ਪਰ ਇਸ ਨੂੰ ਮੈਂ ਪੰਜਾਬੀ ਸਮਾਜ ਤੇ ਜੀਵਨ-ਜਾਚ ਦੇ ਸੰਦਰਭ 'ਚ ਨਹੀਂ ਸਾਂ ਫੜ ਸਕਦਾ। ਮੈਨੂੰ ਇਹ ਸਮਝ ਨਹੀਂ ਸੀ ਕਿ ਫਲਸਫੇ ਦੀ ਸਮਝ ਦੀ ਘਾਟ ਕਿਵੇਂ ਕਮਿਊਨਿਸਟ ਪਾਰਟੀਆਂ ਦੇ ਜਥੇਬੰਦਕ ਢਾਂਚੇ ਨੂੰ ਅੰਦਰੋਂ ਅੰਦਰ ਖੋਰਦੀ ਗਈ ਤੇ ਉਹਨਾਂ ਦਾ ਨਿਸ਼ਾਨਾ ਪ੍ਰਬੰਧ 'ਚ ਤਬਦੀਲੀ ਤੋਂ ਬਦਲ ਕੇ, ਸੱਤਾ 'ਤੇ ਕਬਜ਼ੇ 'ਚ ਬਦਲਦਾ ਗਿਆ। ਮੂਲ ਆਧਾਰ, ਜਿਸ 'ਤੇ ਨਵੇਂ ਪ੍ਰਬੰਧ ਨੇ ਕਾਇਮ ਹੋਣਾ ਸੀ, ਉੱਕਾ ਹੀ ਵਿਸਾਰ ਦਿੱਤਾ ਗਿਆ। ਕਮਿਊਨਿਸਟ ਆਗੂ ਸੁਹਿਰਦਤਾ ਤੋਂ ਵੀ ਦੂਰ ਹੁੰਦੇ ਗਏ, ਜਿਸ 'ਤੇ ਮੁੱਢਲੇ ਦੌਰ ਦੀ ਕਮਿਊਨਿਸਟ ਲਹਿਰ ਉਸਰੀ ਸੀ। ਤੇਜਾ ਸਿੰਘ ਸੁਤੰਤਰ, ਜਗੀਰ ਸਿੰਘ ਜੋਗਾ, ਸਤਪਾਲ ਡਾਂਗ, ਬਾਬਾ ਬੂਝਾ ਸਿੰਘ, ਡਾ: ਭਾਗ ਸਿੰਘ, ਭਾਗ ਸਿੰਘ ਸੱਜਣ, ਦਰਸ਼ਨ ਸਿੰਘ ਕੈਨੇਡੀਅਨ, ਮਾਸਟਰ ਹਰੀ ਸਿੰਘ ਧੂਤ ਵਰਗੇ ਆਗੂ ਸਾਡੇ ਲਈ ਪੂਜਣਯੋਗ ਤਾਂ ਬਣ ਗਏ, ਪਰ ਉਹਨਾਂ ਦੀ ਜੀਵਨ-ਜਾਚ ਵੱਲ ਪਿੱਠ ਕਰ ਲਈ।

ਦੂਸਰੀ ਗੱਲ, ਜਿਹੜੀ ਇਹ ਨਾਵਲ ਲਿਖਦਿਆਂ ਵਧੇਰੇ ਸਾਫ ਹੋਈ ਕਿ ਪੰਜਾਬੀ ਸਮਾਜ ਨੇ ਹਰੇ ਇਨਕਲਾਬ ਨਾਲ ਜਿਹੜੀ ਕਰੱਵਟ ਲਈ ਤੇ ਜਿਸ ਮੁਕਾਮ 'ਤੇ ਉਹ ਇਕੀਵੀਂ ਸਦੀ ਦੇ ਇਹਨਾਂ ਪਹਿਲੇ ਸਾਲਾਂ 'ਚ ਆਣ ਪਹੁੰਚਿਆ ਹੈ, ਉਸ ਨੂੰ ਪੇਸ਼ ਕਰਨ ਲਈ ਨਵੇਂ ਜੀਵਨ ਦਰਸ਼ਨ ਤੇ ਨਵੇਂ ਪਾਤਰਾਂ ਦਾ ਆਸਰਾ ਲੈਣਾ ਪਵੇਗਾ, ਜਿਹੜੇ ਅੱਜ ਇਹਨਾਂ ਵਰਤਾਰਿਆਂ ਦੇ ਮੂਹਰੈਲ ਬਣੇ ਹੋਏ ਹਨ। ਉਹਨਾਂ ਨਾਲ ਸਹਿਮਤੀ ਬਣੇ ਜਾਂ ਅਸਹਿਮਤੀ, ਪਰ 1960 ਦੇ ਆਸਪਾਸ ਵਾਲੀ ਨੈਤਿਕਤਾ, ਸ਼ਬਦਾਵਲੀ ਤੇ ਕਦਰਾਂ-ਕੀਮਤਾਂ ਨਾਲ ਇੱਕੀਵੀਂ ਸਦੀ ਦੇ ਸਮਾਜ ਦਾ ਵਿਸ਼ਲੇਸ਼ਣ ਨਹੀਂ ਹੋ ਸਕਦਾ। 'ਕਥਾ ਇਸ ਯੁੱਗ ਦੀ' ਵਿਚ ਜਗਵਿੰਦਰ ਸਿੱਧੂਪੁਰ 'ਚ ਆ ਕੇ 'ਗਿੰਦਰ ਆਸ਼ਰਮ' 'ਚ ਰਹਿਣ ਦਾ ਫੈਸਲਾ ਕਰਦਾ ਹੈ। ਇਹ ਉਸ ਦਾ ਸੋਚਿਆ ਸਮਝਿਆ ਚੇਤੰਨ ਫੈਸਲਾ ਹੈ। ਜਿਵੇਂ ਉਹ ਰਹਿੰਦਾ ਹੈ, ਉਹ ਨੈਤਿਕਤਾ, ਕਦਰਾਂ-ਕੀਮਤਾਂ, ਵਿਰੋਧ ਤੇ ਵਿਦਰੋਹ ਦੀਆਂ ਨਵੀਆਂ ਪਰਤਾਂ ਵੀ ਸਿਰਜਣ ਦੀ ਕੋਸ਼ਿਸ਼ ਕਰਦਾ ਹੈ।

ਅਖੀਰ ਵਿਚ ਜਦੋਂ 'ਕਥਾ ਇਸ ਯੁੱਗ ਦੀ' ਛਪਿਆ ਤਾਂ ਇਸ ਨੂੰ ਪੜ੍ਹਕੇ ਬਹੁਤ ਸਾਰੇ ਦੋਸਤਾਂ ਦੀ ਟਿੱਪਣੀ ਸੀ, "ਹੁਣ ਤੂੰ ਸ਼ਹਿਰ ਛੱਡ ਕੇ ਪਿੰਡ 'ਚ ਆਸ਼ਰਮ ਕਦੋਂ ਬਣਾ ਰਿਹਾ ਹੈਂ?" ਇਸ ਚੌਲੜੀ ਦਾ ਮੁੱਖ ਪਾਤਰ ਗਿੰਦਰ ਉਰਫ ਜਗਵਿੰਦਰ ਮੈਂ ਏਨੀ ਸ਼ਿੱਦਤ ਨਾਲ ਸਿਰਜਿਆ ਹੈ, ਜਿਵੇਂ ਉਹ ਮੇਰਾ ਹੀ ਕੋਈ ਰੂਪ ਹੋਵੇ। ਮੈਨੂੰ ਖੁਸ਼ੀ ਹੈ ਕਿ ਜਿਨ੍ਹਾਂ ਮੰਤਵਾਂ ਨੂੰ ਸਾਹਮਣੇ ਰੱਖਕੇ ਲੜੀ ਸਿਰਜੀ, ਪਾਠਕਾਂ 'ਚ ਸੰਚਾਰ ਦਾ ਕੋਈ ਗੈਪ ਨਹੀਂ ਪੈਦਾ ਹੋਇਆ। ਪਾਠਕਾਂ ਨੇ ਲਗਪਗ ਉਵੇਂ ਸਮਝਿਆ ਹੈ। ਇਸ ਦੇ ਅੰਤ ਬਾਰੇ 'ਭਾਂਜਵਾਦੀ' 'ਪਿਛਾਂਹ ਵੱਲ ਮੋੜਾ' ਜਿਹੇ ਇਲਜ਼ਾਮ ਵੀ ਲੱਗੇ। ਪਰ ਇਸ ਨਾਵਲ ਲੜੀ ਰਾਹੀਂ ਪੰਜਾਬੀ ਸਮਾਜ ਦੀ ਵਿਕਾਸ ਤੋਰ ਤੇ ਇਸ 'ਚ ਕਮਿਊਨਿਸਟਾਂ ਦੇ ਹਾਸ਼ੀਏ ਵੱਲ ਧੱਕੇ ਜਾਣ ਨੂੰ ਫੜ ਸਕਿਆ ਹਾਂ, ਇਸਦੀ ਤਸੱਲੀ ਹੈ। ਤੇ ਇਸਦੀ ਵੀ ਕਿ ਗਿੰਦਰ ਵਰਗਾ ਪਾਤਰ ਸਿਰਜ ਸਕਿਆ, ਜਿਸ ਦੀ ਜਗਿਆਸਾ ਉਸ ਨੂੰ ਅੰਤ ਤਕ, ਨਵੇਂ ਤੋਂ ਨਵੇਂ ਦਿਸਹੱਦਿਆਂ ਦਾ ਸਫਰ ਤੈਅ ਕਰਵਾਉਂਦੀ ਰਹੀ।□□

[95-ਸੀ, ਪੰਜਾਬ ਐਵੇਨਿਊ, ਜਲੰਧਰ-144 022]

ਜਨ-ਪਰਵਾਸ : ਸੁਰਜੀਤ ਹਾਂਸ

ਜਨ-ਪਰਵਾਸ ਸਾਮਰਾਜ ਦਾ ਪਰਛਾਵਾਂ ਹੁੰਦੈ। ਪ੍ਰਾਚੀਨ ਯੂਨਾਨ, ਏਥਨਜ਼ (Athens) ਅਤੇ ਰੋਮ ਸਾਮਰਾਜ ਸਮੇਂ ਰੋਮ (Rome) ਦਾ ਇਹੀ ਹਾਲ ਸੀ।

ਅਨੁਮਾਨ ਹੈ ਕਿ 1850 ਤਕ ਅਫਰੀਕਾ ਤੋਂ ਪੰਦਰਾਂ ਲੱਖ ਗ਼ੁਲਾਮ ਅਮਰੀਕਾ ਭੇਜੇ ਗਏ। ਪੰਦਰਵੀਂ ਸਦੀ ਤੋਂ ਯੌਰਪ ਵੱਲੋਂ ਆਰੰਭੇ ਦਰਯਾਫਤ ਦੇ ਯੁਗ (The Age of Discovery) ਨਾਲ ਪ੍ਰਿਥਵੀ ਦੇ ਗੋਲ਼ੇ ਦੀ ਅਜਿਹੀ ਜਹਾਜ਼-ਰਾਨੀ ਸ਼ੁਰੂ ਹੋਈ ਜਿਸ ਨੇ ਯੌਰਪ ਦੀ ਸਾਰੀ ਦੁਨੀਆਂ 'ਤੇ ਚੜ੍ਹਤ ਬਣਾ ਦਿੱਤੀ। ਸਨ 1770 ਨੇੜੇ ਅਮਰੀਕਾ-ਵਾਂ ਵਿਚ 25 ਲੱਖ ਗ਼ੁਲਾਮ ਸੀ ਜਿਹਨਾਂ ਦੀ ਮਿਹਨਤ ਨੇ ਸਾਰੇ ਯੌਰਪੀ ਵਪਾਰ ਦਾ ਤੀਜਾ ਹਿੱਸਾ ਪੈਦਾ ਕੀਤਾ।

ਜਨ-ਪਰਵਾਸ ਆਰਥਿਕਤਾ ਦੀ ਮਜਬੂਰੀ ਹੈ। ਕਾਰੋਬਾਰੀ ਮਾਲਕਾਂ ਨੂੰ ਬੰਦਿਆਂ ਦੀ ਲੋੜ ਹੁੰਦੀ ਹੈ ਅਤੇ ਨਿਰਧਨ ਕਾਮਿਆਂ ਨੂੰ ਰੋਜ਼ਗਾਰ ਦੀ। ਸੰਯੁਕਤ ਅਮਰੀਕਾ (U.S.A.) ਵਿਚ ਸਨ 1800 ਤੋਂ 1860 ਤੇਜ਼ੀ 30 ਲੱਖ ਗ਼ੁਲਾਮ ਵਧਕੇ 60 ਲੱਖ ਹੋ ਗਏ।

ਬਰਤਾਨਵੀ ਹਿੰਦੋਸਤਾਨੀ ਸਰਕਾਰ ਨੇ ਭਾਰਤੀ ਉਪ-ਮਹਾਂਦੀਪ ਵਿਚ ਟ੍ਰਿਨੀਡਾਡ (Trinidad), ਬਰਤਾਨਵੀ ਗੀਆਨਾ (British Guiana) ਅਤੇ Caribbean ਦੇਸ਼ਾਂ ਵਿਚ ਖੰਡ ਦੀਆਂ plantations ਲਈ indentured ਇਕਰਾਰੀ-ਸ਼ਨਾਖਤੀ ਮਜ਼ਦੂਰ ਭੇਜੇ, ਨਾਲੇ ਮਲਾਇਆ, ਪੂਰਬੀ ਅਫਰੀਕਾ, ਫਿਜੀ ਦੀਆਂ ਖਾਣਾਂ, ਰੇਲਾਂ ਅਤੇ plantations ਲਈ। ਵੱਡੇ ਆਬਾਦਕਾਰੀ (colonial) ਮੁਲਕਾਂ ਦੇ, ਅਨੁਮਾਨ ਹੈ, 40 ਆਬਾਦ ਕੀਤੇ ਦੇਸ਼ਾਂ ਵਿਚ 1834-1941 ਵਿਚ ਕੋਈ 1 ਕਰੋੜ 20 ਲੱਖ ਤੋਂ 3 ਕਰੋੜ 70 ਲੱਖ ਕਾਮੇ ਸੀ।

ਸ਼ਨਾਖਤੀ ਕਾਮੇ ਵਿਕਦੇ ਗ਼ੁਲਾਮਾਂ ਨਾਲੋਂ ਸਸਤੇ ਸੀ। ਰੋਮਨ ਸਾਮਰਾਜ ਦਾ ਵੀ ਇਹੀ ਅਨੁਭਵ ਸੀ। ਪਰਵਾਸੀ ਗ਼ੁਲਾਮ ਸਥਾਨਕ ਜੰਮ-ਪਲ ਨਾਲੋਂ ਸਸਤੇ ਪੈਂਦੇ ਸੀ।

ਹਾਲੈਂਡ ਨੇ ਇੰਡੋਨੇਸ਼ੀਆ ਆਦਿ 'ਚ ਉਸਾਰੀ ਦੇ ਕੰਮ ਲਈ ਚੀਨੀ ਭਰਤੀ ਕੀਤੇ। ਪਿਛਲੀ 19ਵੀਂ ਸਦੀ ਵਿਚ ਜਾਪਾਨ 'ਚੋਂ ਕੋਈ ਦਸ ਲੱਖ ਸ਼ਨਾਖਤੀ ਮਜ਼ਦੂਰ ਹਵਾਈ (Hawaii) ਅਮਰੀਕਾ, ਬਰਾਜ਼ੀਲ ਅਤੇ ਪੀਰੂ ਲਈ ਭਰਤੀ ਕੀਤੇ।

ਜਨ-ਪਰਵਾਸ ਵਿਚ ਨਿੱਗਰ ਮੁਲਕਾਂ (core countries) ਦਾ ਦਿਸ਼ਾਂਤਕ ਦੇਸਾਂ (periphery) ਨਾਲ ਸੰਬੰਧ ਹੈ ਜੋ ਦਿਸ਼ਾਂਤਕ ਲੋਕ ਵਿਕਾਸੀ ਨਿੱਗਰ ਦਾ ਰੁਖ ਕਰ ਲੈਂਦੇ ਹਨ।

ਇੰਝ ਹੀ ਵਿਕਾਸਪੂਰਨ ਸਾਮਰਾਜੀ ਦੇਸ ਆਪਣੀਆਂ ਬਸਤੀਆਂ 'ਚੋਂ ਬੰਦੇ ਖਿੱਚਦੇ ਰਹਿੰਦੇ ਹਨ, ਜਿਵੇਂ ਜਮੀਕੇ ਵਲਾਇਤ ਵਿਚ ਹਨ, ਮਾਰਟੀਨੀਜ਼ੀ (Martinique) ਅਲਜੀਰੀਆਈ ਫਰਾਂਸ ਵਿਚ, ਸੁਰੀਨਾਮੀ (Surinam) ਹਾਲੈਂਡ ਅੱਪੜੇ ਹਨ।

ਦੂਜੀ ਵਿਸ਼ਵ ਜੰਗ ਦੇ ਮੁੱਕਣ ਨਾਲ ਜਨ-ਪਰਵਾਸੀਆਂ ਦਾ ਪੱਛਮੀ ਯੌਰਪ ਵਿਚ ਆਗਮਨ ਸ਼ੁਰੂ ਹੋਇਆ ਅਤੇ 1970 ਦੇ ਆਰਥਿਕ ਸੰਕਟ ਨਾਲ ਪਰਵਾਸੀ-ਰੋਕ ਲਹਿਰਾਂ ਸ਼ੁਰੂ ਹੋਈਆਂ, ਜੋ ਨਸਲਵਾਦੀ ਹਿੰਸਾ ਵੀ ਜ਼ੋਰ ਫੜਨ ਲੱਗੀ। ਇਸੇ ਕਾਰਨ ਸਾਰੇ ਪੱਛਮੀ ਯੌਰਪ ਵਿਚ ਸੱਜੇ-ਖੜ (rightist) ਦਾ ਬੋਲ ਬਾਲਾ ਹੋਣ ਲੱਗਿਆ ਅਤੇ ਦੇਸ਼ਾਂ ਦੀਆਂ ਪ੍ਰਮੁੱਖ ਪਾਰਟੀਆਂ ਨੇ ਵੀ ਸੱਜੇ-ਖੜ ਭਾਵਨਾ ਦਾ ਫਾਇਦਾ ਉਠਾਉਣਾ ਸ਼ੁਰੂ ਕੀਤਾ।

ਸਨ 1970 ਤਕ ਦੱਖਣੀ ਯੌਰਪ ਸਪੇਨ, ਪੁਰਤਗਾਲ ਪਰਵਾਸੀ-ਭੇਜ ਦੇਸ਼ ਸੀ; ਸਨ 2000 ਵਿਚ ਆਰਥਿਕ ਸਥਿਤੀ ਕਾਰਨ ਇਹ ਪਰਵਾਸੀ-ਸੱਦ ਹੋ ਗਏ, ਜਿਸਦਾ ਅਸਰ ਸਾਡੇ ਟਰੈਵਲ ਏਜੰਟਾਂ 'ਤੇ ਵੀ ਪਿਆ ਹੈ।

000

ਅਮਰੀਕਾ-ਮੈਕਸੀਕੋ (USA-Mexico) ਸਰਹੱਦ ਰਾਹੀਂ ਪਰਵਾਸ ਦੀ ਸੰਖੇਪ ਕਹਾਣੀ ਸਾਰੀ ਦੁਨੀਆਂ ਵਿਚ ਪ੍ਰਚਲਤ ਪਰਵਾਸ ਦੀ ਨਕਸ਼ਾ-ਕਸ਼ੀ ਹੈ। ਪ੍ਰੈਜ਼ੀਡੈਂਟ ਕਲਿੰਟਨ ਨੇ 1994 ਵਿਚ ਗ਼ੈਰ ਕਾਨੂੰਨੀ ਪਰਵਾਸ ਰੋਕਣ ਲਈ Operation Gatekeeper ਸ਼ੁਰੂ ਕੀਤਾ। ਅਮਰੀਕਾ ਦੇ ਪਰਵਾਸੀ ਮਹਿਕਮੇ ਨੇ ਦੋਹਰੀ ਲੋਹੇ ਦੀ ਵਾੜ ਕਰ ਦਿੱਤੀ; ਤੇਜ਼ ਰੌਸ਼ਨੀਆਂ searchlights ਲਾਈਆਂ, ਬਿਜਲੀ ਦੇ ਹਾਈਟੈੱਕ ਜੰਤਰ ਲਾਏ। ਸਰਹੱਦ ਦੀ ਰਾਖੀ ਕਰਨ ਵਾਲੇ ਉਪ-ਕਰਮੀਆਂ ਦੀ ਗਿਣਤੀ ਦੁੱਗਣੀ ਹੋ ਗਈ। ਚੌਕਸੀ ਰੱਖਣ ਦਾ ਫੰਡ 1994 ਤੋਂ 2000 ਤਕ ਤਿੱਗਣਾ ਹੋ ਕੇ 5.5 ਬਿਲੀਅਨ ਹੋ ਗਿਆ (ਅਮਰੀਕੀ ਬਿਲੀਅਨ ਹਜ਼ਾਰ ਮਿਲੀਅਨ ਦਾ ਹੁੰਦਾ ਹੈ; ਅੰਗਰੇਜ਼ੀ ਮਿਲੀਅਨ ਮਿਲੀਅਨ ਦਾ)। ਗ਼ੈਰ-ਕਾਨੂੰਨੀ ਪਰਵਾਸੀਆਂ ਦੀ ਗਿਣਤੀ ਵਿਚ ਕੋਈ ਫਰਕ ਨਹੀਂ ਪਿਆ, ਸਗੋਂ ਸਰਕਾਰੀ ਅੰਕੜੇ ਇਹਦੇ ਵਾਧੇ ਦੇ ਹਨ, ਨਾਲ਼ੇ ਕੈਲੇਫੋਰਨੀਆਂ ਦੇ ਕਾਸ਼ਤਕਾਰਾਂ ਨੂੰ ਨਾਜਾਇਜ਼ਾਂ ਦੀ ਕੋਈ ਕਮੀ ਮਹਿਸੂਸ ਨਹੀਂ ਹੋਈ। ਸਨ 1994 ਵਿਚ ਸੀਮਾ ਪਾਰ ਕਰਨ ਦੀ ਕੋਸ਼ਿਸ਼ ਕਾਰਨ ਮਰਨ ਵਾਲੇ 23 ਸੀ ਜਿਹੜੇ ਸਾਲ 2000 'ਚ ਵਧ ਕੇ 499 ਹੋ ਗਏ। ਸਨ 2000 ਵਿਚ ਬਹੁਤੀਆਂ ਮੌਤਾਂ ਪਿਆਸ ਦੁੱਖੋਂ, ਠੰਢ ਨਾਲ ਜਾਂ ਧੁੱਪ-ਗ੍ਰਹ (sun-stroke) ਕਰਕੇ ਹੁੰਦੀਆਂ ਕਿਉਂਜੁ ਹੁਣ ਨਾਜਾਇਜ਼ ਬੰਦੇ ਐਰੀਜ਼ੋਨਾ ਥਲ ਲੰਘਣ ਦੀ ਕੋਸ਼ਿਸ਼ ਕਰਦੇ, ਜਾਂ All American Canal (ਕੋਲੋਰਾਡੋ ਦਰਿਆ ਤੋਂ ਕੈਲੇਫੋਰਨੀਆ ਨੂੰ ਪਾਣੀ ਲਿਆਉਂਦੀ 80 ਮੀਲ ਲੰਮੀ ਧਰਤਿ-ਨਿਮਨ ਨਹਿਰ)'ਚ ਡੁੱਬ ਜਾਂਦੇ। ਛੇ ਸਾਲਾਂ ਵਿਚ ਨਾਜਾਇਜ਼ ਲੰਘਾਉਣ ਦੀ ਕੀਮਤ 143 ਡਾਲਰ ਤੋਂ 1500 ਡਾਲਰ ਹੋ ਗਈ।

ਮੌਤ ਅਤੇ ਗ਼ੈਰ-ਕਾਨੂੰਨੀ ਲਾਂਘੇ ਦੀ ਮਹਿੰਗ ਦਾ ਪਰਵਾਸ 'ਤੇ ਕੋਈ ਅਸਰ ਨਹੀਂ ਹੁੰਦਾ ਲਗਦਾ- ਫਰੀਦਾ ਮੌਤੋਂ ਭੁੱਖ ਬੁਰੀ।

000

ਬਸਤੀਵਾਦ (colonialism) ਅਤੇ ਸਰਮਾਏਦਾਰੀ ਨੇ ਪਰਵਾਸ ਦੀ ਗਤੀ ਵਿਚ ਵਿਸ਼ੇਸ਼ ਵਾਧਾ ਕੀਤਾ। ਦੂਜੀ ਵਿਸ਼ਵ ਜੰਗ ਮਗਰੋਂ ਪੱਛਮੀ ਯੌਰਪ ਦੀ ਆਰਥਿਕ ਉਨਤੀ ਕਾਰਨ ਪਰਵਾਸ ਨੇ ਓਧਰ ਨੂੰ ਮੋੜਾ ਪਾਇਆ। ਮਧ ਪੂਰਬ (Middle East), ਅਫਰੀਕਾ, ਲਾਤੀਨੀ ਅਮਰੀਕਾ ਅਤੇ ਏਸ਼ੀਆ 'ਚੋਂ ਵਿਕਸਤ ਦੇਸ਼ਾਂ 'ਚ ਪਹੁੰਚਣ ਦੀ ਤੇਜ਼ ਰੁਚੀ ਹੈ, ਅਤੇ ਪਰਵਾਸ ਦੀਆਂ ਅਗਲੀਆਂ ਲਹਿਰਾਂ ਇੱਥੋਂ ਹੀ ਉਠਣੀਆਂ ਹਨ। ਪਛੜੇ ਦੇਸ਼ਾਂ 'ਚੋਂ ਵਿਕਸਤ ਮਲਕਾਂ ਨੂੰ ਜਾਂਦੀ ਲੁਕਾਈ ਤੋਂ ਦਿਸਦਾ ਹੈ ਕਿ ਪੁਰਾਣਾ ਸਾਮਰਾਜ ਸੰਬੰਧ ਅਡਿੱਠ ਹੀ ਕਾਇਮ ਹੈ। ਪਹਿਲਾਂ ਸਾਮਰਾਜੀ ਸ਼ੋਸਨ ਲਈ ਬੇਗਾਨੇ ਦੇਸ਼ਾਂ ਵਿਚ ਜਾਂਦੇ ਸਨ; ਹੁਣ ਦਰਿੱਦਰ ਦੇਸ਼ਾਂ ਦੇ ਜਨ ਸ਼ੋਸਨ ਕਰਵਾਉਣ ਲਈ ਆਪ ਭੂਤਪੂਰਵ ਸਾਮਰਾਜਾਂ ਨੂੰ ਜਾਣ ਲਈ ਕਾਹਲੇ ਹਨ।

19ਵੀਂ ਸਦੀ ਵਿਚ ਅਮਰੀਕਾ ਨੇ ਮੈਕਸੀਕੋ ਦੇ ਇਲਾਕੇ ਫਤਿਹ ਕਰ ਲਏ, ਜਿਵੇਂ ਕੈਲੇਫੋਰਨੀਆ,ਫਲੋਰੇਡਾ ਅਤੇ ਨਿਊ ਮੈਕਸੀਕੋ ਦੇ ਸੂਬੇ। ਜੋ ਮੈਕਸੀਕੋ ਤੋਂ ਅਮਰੀਕਾ 'ਚ ਪਰਵਾਸ ਹੋਣ ਲੱਗਿਆ, ਨਾਲੇ ਅਮਰੀਕੀ ਕੰਪਨੀਆਂ 20ਵੀਂ ਸਦੀ ਵਿਚ ਮਿਥਕੇ ਮੈਕਸੀਕਨ ਮਜ਼ਦੂਰ ਭਰਤੀ ਕਰਦੀਆਂ ਸਨ। ਇੰਝ ਸਾਲ 1960 ਵਿਚ ਅਮਰੀਕਾ ਦੇ ਡਮੀਨੀਕਨ ਰੀਪਬਲਿਕ 'ਤੇ ਕਬਜ਼ੇ ਨਾਲ ਉੱਥੋਂ ਪਰਵਾਸ ਸ਼ੁਰੂ ਹੋਇਆ। ਕੋਰੀਆ ਤੇ ਵੀਅਤਨਾਮ ਵਿਚ ਅਮਰੀਕੀ ਮੁਦਾਖਲਤ ਨੇ ਉੱਥੋਂ ਅਮਰੀਕਾ ਨੂੰ ਪਰਵਾਸ ਦਾ ਪ੍ਰਬੰਧ ਕਰ ਦਿੱਤਾ। ਅਲਜੀਰੀਆ ਤੋਂ ਫਰਾਂਸ ਨੂੰ ਪਰਵਾਸ ਅਲਜੀਰੀਆ 'ਤੇ ਫਰਾਂਸੀਸੀ ਕਬਜ਼ੇ ਨਾਲ ਹੋਣ ਲੱਗਿਆ। ਤੁਰਕਾਂ ਦੀ ਜਰਮਨੀ ਲਈ 1960-70 ਵਿਚ ਸਿੱਧੀ ਮਜ਼ਦੂਰ ਭਰਤੀ ਹੋਈ ਸੀ। ਸਰਮਾਏਦਾਰੀ ਦਾ ਹਿਤ ਪਾਲਣਾ ਪਰਵਾਸ ਦੇ ਕਾਰਜ ਦਾ ਮੁਖ ਕਾਰਨ ਹੈ ਜਿਸ ਵਿਚ

ਭੂਤਪੂਰਵ ਸਾਮਰਾਜਾਂ ਨੂੰ ਰਿਆਸਤੀ (state) ਅਤੇ ਰਾਜਨੀਤਕ ਹਿੱਸਾ ਲੈਣਾ ਪੈਂਦਾ ਹੈ।

ਭੂਤਪੂਰਵ ਸਾਮਰਾਜੀ ਰਿਆਸਤ ਦੀ ਪਰਵਾਸ ਵਿਚ ਹਿੱਸੇਦਾਰੀ ਦਾ ਵਿਅੰਗਮਈ ਪਰਿਣਾਮ ਵੀ ਹੈ। ਪਹਿਲਾਂ ਸਥਾਨਕ ਸਰਕਾਰ ਹੀ ਆਪ ਪਰਵਾਸੀਆਂ ਨੂੰ ਢੋਣ ਦਾ ਇੰਤਜ਼ਾਮ ਕਰਦੀ ਸੀ, ਹੁਣ ਪਰਵਾਸੀ ਦਾਖਲੇ ਦੀ ਦਰ, ਸ਼ਰਤਾਂ ਆਦਿ ਨਿਸਚਤ ਕਰਦੀ ਹੈ। ਪਰ ਪਰਵਾਸੀ ਵਸੋਂ ਦੀ 'ਤਕਲੀਫ',ਰਿਹਾਇਸ਼ ਦੀ, ਬੱਚਿਆਂ ਦੇ ਸਕੂਲਾਂ ਦੀ, ਜਾਂ ਸੁਆਸਥ ਸੇਵਾ 'ਤੇ ਬੋਝ ਸਥਾਨਕ ਸਮਾਜਾਂ ਨੂੰ ਚੁੱਕਣਾ ਪੈਂਦਾ ਹੈ ਜਿਸ ਕਰਕੇ ਸੱਜੇ-ਖੜ(rightist), ਫਾਸ਼ੀ (fascist) ਪਾਰਟੀਆਂ ਤੇ ਵਿਚਾਰਧਾਰਾ ਦੇ ਪੁੰਗਰਨ ਲਈ ਅਵਸਰ ਪੈਦਾ ਹੋ ਜਾਂਦਾ ਹੈ। ਨਾਲੇ ਪ੍ਰਮੁਖ ਰਾਜਨੀਤਕ ਪਾਰਟੀਆਂ ਨੂੰ ਸੱਜੇ-ਖੜ ਜਾਣ ਦਾ ਰਾਹ ਬਣ ਜਾਂਦਾ ਹੈ। ਪਿੱਛੇ ਜਿਹੇ Le Monde diplomatique ਨੇ ਯੌਰਪ ਦੇ ਅੱਡੋ ਅੱਡ ਦੇਸ਼ਾਂ ਵਿਚ ਵਸੋਂ ਦੇ ਅਨੁਪਾਤ ਅਨੁਸਾਰ ਸੱਜੇ-ਖੜ ਦੇ ਹਾਮੀ ਲੋਕਾਂ ਦੀ ਗਿਣਤੀ ਦਾ ਨਕਸ਼ਾ ਤਿਆਰ ਕੀਤਾ, ਜੋ ਸਵੀਡਨ ਨੰਬਰ ਇਕ 'ਤੇ ਆਇਆ। ਜੇ ਦੁਨੀਆਂ ਦੇ ਆਦਰਸ਼ਕ ਸੋਸ਼ਲ ਡੈਮੋਕਰੇਟ ਦੇਸ਼ ਦਾ ਇਹ ਹਾਲ ਹੈ ਤਾਂ ਦੁਨੀਆਂ ਵਿਚ ਨਸਲੀ ਬਰਾਬਰੀ, ਸਮ-ਸਮਾਜ (socialism) ਦੀ ਕਿਹੜੀ ਪਾਇਆਂ ਬਾਕੀ ਰਹਿ ਜਾਣੀ ਹੈ।

ਉਦਯੋਗ ਦੀ ਉਨਤੀ ਨੂੰ ਪਰਵਾਸ ਦੀ ਲੋੜ ਪੈਂਦੀ ਹੈ ਕਿਉਂਕਿ ਇਕ ਤਾਂ ਇਹਨੂੰ ਮਜ਼ਦੂਰੀ ਲਈ ਨਿਰਧਨ ਕਾਮੇ ਚਾਹੀਦੇ ਹਨ, ਦੂਸਰੇ ਸਥਾਨਕ ਵਸੋਂ ਆਪਣੀ ਐਸੀ ਵੈਸੀ ਜੀਵਨ-ਸ਼ੈਲੀ ਛੱਡਕੇ ਪਰਵਾਸੀ ਕੰਮਾਂ ਵਾਲੀ ਹੋਰ ਵੀ ਨਿੱਘਰੀ ਹਾਲਤ 'ਚ ਪੈਣਾ ਨਹੀਂ ਚਾਹੁੰਦੀ। ਪੰਜਾਬੀ ਮੁਹਾਵਰਾ 'ਕਾਲ਼ ਤਾਂ ਪਰਦੇਸ 'ਚ ਹੀ ਕੱਟ ਹੁੰਦਾ ਹੈ' ਇਹੀ ਅਰਥ ਦਿੰਦਾ ਹੈ ਕਿ ਲੋੜ ਦਾ ਕਸ਼ਟ ਹੀ ਬੰਦੇ ਨੂੰ ਪਰਦੇਸੀ ਬਣਾਉਂਦਾ ਹੈ। ਦੁਨੀਆਂ ਦੇ ਪਹਿਲੇ ਉਦਯੋਗੀ ਮੁਲਕ ਬਰਤਾਨੀਆ ਨੂੰ ਪਰਵਾਸ ਦਾ ਅਨੁਭਵ ਹੋਇਆ, ਜੋ ਬਰਤਾਨੀਆ ਦੀ ਨਿਕਟਤਮ ਬਸਤੀ (colony) ਆਇਰਲੈਂਡ ਸ਼੍ਰਮਕ ਸਪਲਾਈ ਦਾ ਸੋਮਾ ਹੋ ਗਈ। ਸਾਮਰਾਜੀ ਆਰਥਿਕ ਨੀਤੀਆਂ ਨੇ ਆਇਰਲੈਂਡ ਨੂੰ ਭੁੱਖ ਨੰਗ ਦਾ ਦੇਸ ਬਣਾ ਦਿੱਤਾ। ਸਨ 1822 ਅਤੇ 46-47 ਦੇ 'ਕਾਲਾਂ ਨੇ ਆਇਰਲੈਂਡ ਨੂੰ ਬੰਦਿਆਂ ਤੋਂ ਖਾਲੀ ਕਰ ਦਿੱਤਾ, ਜੋ ਉਹਨਾਂ ਨੂੰ ਬਰਤਾਨੀਆ, ਅਮਰੀਕਾ, ਆਸਟਰੇਲੀਆ ਦੇ ਰਾਹ ਪੈਣਾ ਪਿਆ। ਸਨ 1851 ਵਿਚ ਸੱਤ ਲੱਖ ਆਇਰਸ਼ ਇੰਗਲੈਂਡ-ਵੇਲਜ਼ ਦੀ ਵਸੋਂ ਦਾ ਤਿੰਨ ਅਤੇ ਸਕਾਟਲੈਂਡ ਦੀ ਵਸੋਂ ਦਾ ਸੱਤ ਫੀਸਦੀ ਸੀ।

ਸਨ 1890 ਵਿਚ ਜਰਮਨੀ ਨੇ ਪਰਵਾਸੀ ਸ਼੍ਰਮਕਾਂ 'ਤੇ ਨਿਯੰਤਰਣ ਪ੍ਰਬੰਧ (control system) ਆਰੰਭਿਆ। 1. ਸ਼੍ਰਮਕ ਪੋਲ (ਪੋਲੈਂਡ ਵਾਸੀ) ਅਸਥਾਈ ਮੌਸਮੀ ਕਾਮੇ ਹੀ ਹੁੰਦੇ ਸੀ, 2. ਆਪਣੇ ਟੱਬਰ ਦੇ ਜੀਅ ਨਹੀਂ ਲਿਆ ਸਕਦੇ ਸੀ, 3. ਹਰ ਸਾਲ ਕੁਝ ਮਹੀਨੇ ਜਰਮਨੀ ਛੱਡਕੇ ਜਾਣਾ ਪੈਂਦਾ ਸੀ। ਰੋਜ਼ਗਾਰ ਦੀਆਂ ਸ਼ਰਤਾਂ ਨੂੰ ਕਾਇਮ ਰੱਖਣ ਲਈ ਪੁਲਸ ਕੋਡ (code) ਵਿਚ ਵਾਧੇ ਕੀਤੇ ਗਏ ਜਿਹਨਾਂ ਅਨੁਸਾਰ 1.ਉਹ ਚੰਗੇਰੇ ਭੱਤੇ ਦੇ ਕੰਮ ਨਹੀਂ ਲੈ ਸਕਦੇ ਸੀ, 2. ਉਹਨਾਂ ਨੂੰ ਫੜਕੇ ਮਾਲਕਾਂ ਪਾਸ ਭੇਜ ਦਿੱਤਾ ਜਾਂਦਾ, 3. ਨਾਲੇ ਕੈਦ ਜਾਂ ਦੇਸ਼-ਨਿਕਾਲਾ ਦਿੱਤਾ ਜਾ ਸਕਦਾ ਸੀ। ਪੁਲਸ ਦਾ ਜ਼ਾਬਤਾ ਜਾਣ ਬੁੱਝ ਕੇ ਵੇਤਨ ਥੋੜ੍ਹਾ ਕਰਨ ਲਈ ਸੀ, ਅਤੇ ਕਿਰਤੀ ਮੰਡੀ ਵਿਚ ਵੰਡ ਪਾਈ ਰੱਖਣ ਲਈ। ਇਹੀ ਪ੍ਰਬੰਧ ਨਾਜ਼ੀਆਂ ਦੀ ਜਬਰੀ ਮਜ਼ਦੂਰੀ ਅਤੇ 1955 ਵਿਚ 'ਪ੍ਰਾਹੁਣੇ ਸ਼੍ਰਮਕਾਂ' ਦਾ ਜ਼ਾਬਤਾ ਬਣਿਆ ਰਿਹਾ।

ਸਨ 1907 ਵਿਚ ਜਰਮਨੀ ਵਿਚ 9,50,000 ਵਿਦੇਸ਼ੀ ਕਾਮੇ ਸੀ ਜਿਹਨਾਂ ਦੀ ਜਰਮਨ ਉਦਯੋਗ ਦੇ ਵਿਕਾਸ ਵਿਚ ਭਾਰੀ ਹਿੱਸਾਦਾਰੀ ਹੈ। 3 ਲੱਖ ਖੇਤੀ ਵਿਚ, 5 ਲੱਖ ਉਦਯੋਗ ਵਿਚ, 86 ਹਜ਼ਾਰ ਵਪਾਰ, ਆਵਾਜਾਈ ਵਿਚ। ਇੰਝੇ ਫਰਾਂਸ 'ਚ 1851 ਵਿਚ ਵਿਦੇਸ਼ੀ 3,81,000 (ਵਸੋਂ ਦਾ 1.1 ਫੀਸਦੀ) ਸੀ; ਜੋ 1911 ਵਿਚ 12 ਲੱਖ (ਤਿੰਨ

ਫੀਸਦੀ) ਹੋ ਗਏ। ਬਹੁਤੇ ਇਟਲੀ, ਬੈਲਜੀਅਮ, ਜਰਮਨੀ, ਸਵਿਟਜ਼ਰਲੈਂਡ ਤੋਂ ਆਏ ਸੀ, ਮਗਰੋਂ ਸਪੇਨ, ਪੁਰਤਗਾਲ ਤੋਂ।

ਉਦਯੋਗੀ ਯੁਗ ਦੇ ਕਾਂਗ ਸਮੇਂ (1800-1860) ਅਮਰੀਕਾ ਵਿਚ 66 ਫੀਸਦੀ ਆਵਾਸੀ ਬਰਤਾਨੀਆ ਤੋਂ ਸੀ, ਅਤੇ 22 ਫੀਸਦੀ ਜਰਮਨੀ ਤੋਂ। ਫੇਰ 1800 ਤੋਂ 1930 ਵਿਚ ਚਾਰ ਕਰੋੜ ਯੌਰਪੀ ਉਤਰੀ ਅਮਰੀਕਾ, ਆਸਟਰੇਲੀਆ ਗਏ। ਸਨ 1850-1914 ਵਿਚ ਬਹੁਤੀ ਪਰਵਾਸੀ ਵਸੋਂ ਆਇਰਲੈਂਡ, ਇਟਲੀ, ਸਪੇਨ ਅਤੇ ਪੂਰਬੀ ਯੌਰਪ ਤੋਂ ਸੀ। ਅਮਰੀਕਾ ਵਿਚ ਸਰਮਾਏ ਦੇ ਸੰਚਯਨ (capital accumulation) ਦਾ ਮੁਖ ਸੋਮਾ ਅਸ਼ਵੇਤ ਗ਼ੁਲਾਮੀ ਸੀ। ਸਨ 1861-65 ਦੀ ਖਾਨਾਜੰਗੀ ਮਗਰੋਂ ਉਦਯੋਗੀ ਉਡਾਣ ਨੇ ਦੱਖਣੀ ਅਮਰੀਕਾ ਦੀ ਕਪਾਹ ਅਤੇ ਕ੍ਰਿਸ਼ਕ ਪੈਦਾਵਾਰ ਦੀ ਥੋੜ ਨੇ ਨਾਮ-ਧ੍ਰੀਕ ਸੁਤੰਤਰ ਅਸ਼ਵੇਤਾਂ ਨੂੰ ਬੰਨ੍ਹਕੇ ਰੱਖਣ ਦੇ ਤਰੀਕੇ ਕੱਢ ਲਏ। ਪਰ ਯੌਰਪ ਅਤੇ ਮੈਕਸੀਕੋ ਤੋਂ ਪਰਵਾਸੀਆਂ ਦੀ ਕੇਂਦਰੀ ਮਹੱਤਤਾ ਸੀ (ਭਾਵੇਂ ਉਤਰੀ ਅਮਰੀਕਾ ਨੂੰ ਪਹੁੰਚਣ ਦੀ ਅਸ਼ਵੇਤ ਲਹਿਰ ਚੱਲੀ ਸੀ)। ਨਹਿਰਾਂ ਅਤੇ ਰੇਲ ਕੰਪਨੀਆਂ ਦੇ ਪਰਵਾਸੀ ਕਾਮੇ ਉਸਾਰੀ ਅਧੀਨ ਰਾਹਾਂ 'ਤੇ ਵਸ ਗਏ। ਕੁਝ ਆਇਰਸ਼, ਇਟਾਲੀਅਨ ਅਤੇ ਯਹੂਦੀਆਂ ਦੇ ਟੋਲੇ ਉਤਰੀ ਤਟ 'ਤੇ ਵਸੇ। ਕੁਝ ਕੇਂਦਰੀ ਅਤੇ ਪੂਰਬੀ ਯੌਰਪ ਦੇ ਟੋਲੇ ਮਧ-ਪੱਛਮ (midwest) ਦੇ ਭਾਰੀ ਉਦਯੋਗ ਵਿਚ ਰੋਜ਼ਗਾਰ ਨੇ ਉੱਥੇ ਆਕਰਸ਼ਤ ਕਰ ਲਏ।

ਲੰਡਨ ਦੇ (East End) ਗ਼ਰੀਬ ਇਲਾਕੇ ਵਿਚ ਪਹਿਲਾਂ ਯਹੂਦੀ ਆਏ ਸੀ। ਹੁਣ ਉਹਨਾਂ ਲਈ ਗ਼ੁਰਬਤ ਅਤੇ ਨਸਲੀ ਦਮਨ ਦਾ ਵਿਰਸਾ ਬੰਗਲਾਦੇਸ਼ੀਆਂ ਨੇ ਸੰਭਾਲ ਲਿਆ ਹੈ, ਉਹੀ ਘਰ, ਉਹੀ ਥੁੜ-ਵੇਤਨੀ ਰੋਜ਼ਗਾਰ, ਜੋ synagogues ਦੀਆਂ ਥਾਉਂ ਮਸਜਦਾਂ ਹਨ, ਨਾਲ ਉਹੀ ਹਿੰਸਾ। ਲਿਖਾਰੀਆਂ ਅਨੁਸਾਰ ਅੱਜ ਬਰਤਾਨਵੀ ਨਸਲਪ੍ਰਸਤੀ ਓਨੀ ਹੀ ਸਖਤ ਹੈ ਜਿੰਨੀ ਵੀਹਵੀਂ ਸਦੀ ਵਿਚ ਹੁੰਦੀ ਸੀ।

000

ਵੈਨਜ਼ੁਏਲਾ (Venezuela) ਦੀ ਤੇਲ-ਆਧਾਰਤ ਆਰਥਿਕ ਵ੍ਰਿਧੀ ਕਾਰਨ ਕੋਲੰਬੀਆ ਦੇ ਲੱਖਾਂ ਗ਼ੈਰ ਕਾਨੂੰਨੀ ਪਰਵਾਸੀ 1995 ਤਾਈਂ ਦੋ ਕਰੋੜ ਦੀ ਆਬਾਦੀ ਵਿਚ ਦਸ ਫੀਸਦੀ ਅਰਥਾਤ 20 ਲੱਖ ਹੋ ਗਏ। ਇਹਦਾ ਹੋਰ ਕਾਰਨ ਵੈਨਜ਼ੁਏਲਾ ਦੇ ਸਿੱਕੇ ਦੀ ਤਕੜਾਈ ਸੀ। ਸਸਤੇ ਰੁਪਏ ਵਾਲੇ ਭਾਰਤੀ ਪਰਵਾਸੀ ਮਹਿੰਗੇ ਡਾਲਰ ਪੌਂਡ ਵਾਲੇ ਦੇਸ਼ਾਂ ਨੂੰ ਭੱਜਦੇ ਹਨ ਕਿਉਂਕਿ ਉੱਥੋਂ ਦੀ ਘਟੀਆ ਦਿਹਾੜੀ ਵੀ ਮੁਦਰਾ ਵਟਾਂਦਰੇ (foreign exchange) ਸਦਕਾ ਹਿੰਦੁਸਤਾਨ ਵਿਚ ਤਕੜੀ ਸਮਰਿੱਧ ਲਗਦੀ ਹੈ।

ਮੰਦੇ ਵਿਚ ਸਰਕਾਰੀ ਸੰਜਮ ਅਤੇ ਰਾਜ-ਹਰਨ ਦੀ ਕੋਸ਼ਿਸ਼ ਸਮੇਂ ਸਰਕਾਰ ਨੇ ਗ਼ੈਰ-ਕਾਨੂੰਨੀਆਂ ਨੂੰ ਦੇਸ਼ ਬਦਰ ਕਰਨ ਦੀ ਧਮਕੀ ਦਿੱਤੀ ਪਰ ਸਰਕਾਰ ਦੀ ਅਜਿਹਾ ਕਰਨ ਦੀ ਸਮਰੱਥਾ ਅਤੇ ਨੀਯਤ 'ਤੇ ਸੰਦੇਹ ਸੀ। ਵੈਨਜ਼ੁਏਲਾ ਦੀ ਪਰਵਾਸੀ ਲੋੜ ਦੀ ਨਿਰਭਰਤਾ ਦੀ ਅਫਰੀਕਾ ਵਿਚ ਪ੍ਰਕਿਰਿਆ ਦਾ ਅਮਰੀਕਾ ਤੇ ਯੌਰਪ ਵਿਚ ਦਹੁਰਾਉ ਹੁੰਦਾ ਰਹਿੰਦਾ ਹੈ। ਜ਼ੇਰ-ਸਹਿਰਾ ਅਫਰੀਕਾ ਦੇ ਮੁਲਕਾਂ ਵਿਚ ਗ਼ੈਰ ਕਾਨੂੰਨੀ ਆਵਾਜਾਈ ਪੇਚੀਦਾ ਹੈ, ਜਿਸਨੂੰ ਚੰਗੇ ਆਰਥਿਕ ਸਮੇਂ ਅਤੇ ਤੁਅਲਕਾਤ ਵਿਚ ਵਸਾਰਿਆ ਜਾਂਦਾ ਹੈ ਪਰ ਮੰਦੇ ਅਤੇ ਖਿੱਚੋਤਾਣ ਦੇ ਤੁਅਲਕਾਤ ਸਮੇਂ ਇਹਦਾ ਮਸਲਾ ਬਣ ਜਾਂਦਾ ਹੈ।

ਮਾਨਵ-ਸ਼ਕਤੀ ਦਰਾਮਦ ਤੇ ਬਰਾਮਦ ਕਰਨ ਵਾਲੇ ਦੇਸ਼ਾਂ ਦੀ ਆਪਸੀ ਨਿਰਭਰਤਾ ਹੈ, ਜਿਸਦਾ ਪ੍ਰਮੁਖ ਗੁਣ ਇਹਦੀ ਨਾਬਰਾਬਰੀ ਹੈ। ਦਰਾਮਦ ਕਰਨ ਵਾਲੇ ਦੇਸ਼ ਤਾਂ ਪਰਵਾਸ ਦੀ ਥੁੜ ਨੂੰ ਮਾੜਾ ਮੋਟਾ ਸਹਾਰ ਸਕਦੇ ਹਨ ਪਰ ਬਰਾਮਦ ਕਰਨ ਵਾਲੇ ਇਹਦਾ

ਕੀ ਕਰਨ? ਪਰਵਾਸ ਵੀ ਕੰਢੇ ਅਤੇ ਕੇਂਦਰੀ (ਸਾਮਰਾਜੀ) ਅਤੇ ਕੰਢੇ 'ਤੇ (ਅਰਧ-ਸੁਤੰਤਰ ਦੇਸ਼ਾਂ) ਦੀ ਬੁਨਿਆਦ 'ਤੇ ਦ੍ਰਿਸ਼ਟਮਾਨ ਹੈ। ਕੇਂਦਰ-ਕੰਢੇ ਵਾਂਗ ਦੇਸ਼ਾਂ ਵਿਚ ਵੀ ਸਰਮਾਏਦਾਰੀ ਦੀ ਨਾਬਰਾਬਰ ਉਨਤੀ ਹੁੰਦੀ ਰਹਿੰਦੀ ਹੈ। ਸਾਮਵਾਦੀ (communist) ਗੱਲ ਤਾਂ ਠੀਕ ਕਹਿੰਦੇ ਹਨ ਪਰ ਸਿਆਸੀ ਉਦਮ ਲਈ ਵੇਰਵੇ ਦੀ ਲੋੜ ਹੁੰਦੀ ਹੈ।

ਦੂਸਰੇ ਹਰ ਦਰਾਮਦੀ ਮੁਲਕ ਨਾਜਾਇਜ਼ਾਂ ਦਾ ਬੇਅਸੂਲਾ ਰੌਲ਼ਾ ਪਾਉਂਦਾ ਹੈ। ਕੈਲੇਫੋਰਨੀਆ ਵਿਚ ਮੈਕਸੀਕਨ ਨਾਜਾਇਜ਼ਾਂ ਬਗ਼ੈਰ ਕ੍ਰਿਸ਼ੀ ਦਾ ਕਾਰੋਬਾਰ ਚੱਲ ਨਹੀਂ ਸਕਦਾ। ਜਰਮਨ ਕਾਰ ਉਦਯੋਗ ਅੱਜੋਕੇ ਦਿਹਾੜਿਆਂ ਤੋੜੀ ਬੇਹੁਨਰ (unskilled) ਮਜ਼ਦੂਰਾਂ ਲਈ ਕੇਵਲ ਨਾਜਾਇਜ਼ ਦੀ ਹੀ ਭਰਤੀ ਕਰਦਾ ਸੀ। ਇੰਝੇ ਫਰਾਂਸੀਸੀ ਕਾਰ ਇੰਡਸਟਰੀ ਅਲਜੀਰੀਆਈ ਨਾਜਾਇਜ਼ਾਂ ਨੂੰ ਤਰਜੀਹ ਦਿੰਦੀ ਸੀ। ਇਹਨਾਂ ਦੇ ਡੂਮ ਡਰਾਬੇ ਪਰਵਾਸੀਆਂ ਨੂੰ ਤਰਾਹੁਣ ਅਤੇ ਬਰਾਮਦੀ ਦੇਸ਼ਾਂ ਨੂੰ ਨੀਵੇਂ ਦਿਖਾਉਣ ਲਈ ਹੁੰਦੇ ਹਨ।

ਪਰਵਾਸ ਵੀ ਵੱਡੀ ਛਾਲ ਗ੍ਰਾਮ ਤੋਂ ਨਗਰ ਆਉਣ ਦੀ ਹੈ, ਜਿੱਥੋਂ ਅਮਰੀਕਾ, ਯੌਰਪ ਤੇ ਅਰਬ ਦੇਸ਼ਾਂ ਨੂੰ ਚੜ੍ਹਾਈ ਠੀਕ ਲਗਦੀ ਹੈ। ਮੈਂ ਪਿੰਡੋਂ ਲੁਧਿਆਣੇ, ਲੁਧਿਆਣੇ ਤੋਂ ਲੰਡਨ (ਸਾਊਥਾਲ) ਜਾ ਵਸਿਆ। ਇਹ ਵੀ ਧਿਆਨਯੋਗ ਤੱਥ ਹੈ ਕਿ ਪਛੜੇ ਦੇਸ਼ਾਂ ਦੀ ਅੱਜੋਕੀ ਨਗਰ-ਕਾਰੀ (urbanization) ਦੂਰੋਂ ਹੀ ਪਰਵਾਸ ਨੂੰ ਸ਼ਹਿ ਦਿੰਦੀ ਹੈ।

000

ਪਰਵਾਸ ਦੀ ਫੌਜੀ ਚੜ੍ਹਤ ਅਤੇ ਵਿਸ਼ਵ-ਵਪਾਰ, ਪੂੰਜੀ-ਨਿਵੇਸ਼ (investment) ਉੱਤੇ ਨਿਯੰਤਰਣ ਰੱਖਣ ਵਾਂਗੂੰ ਪ੍ਰਥਮ ਜਗਤ ਵੱਲੋਂ ਤੀਜੇ ਜਗਤ ਨੂੰ ਆਪਣੇ 'ਤੇ ਨਿਰਭਰ ਰੱਖਣ ਦਾ ਕਾਰਜ ਹੈ। ਕਿੰਨੇ ਹੀ ਮੁਲਕ ਪਰਵਾਸੀਆਂ ਵੱਲੋਂ ਭੇਜੇ ਪੈਸੇ 'ਤੇ ਨਿਰਭਰ ਹਨ। ਸਨ 2000 ਵਿਚ ਮਰਾਕੋ ਵਿਚ 2 ਬਿਲੀਅਨ ਪਰਵਾਸੀ ਰਕਮ ਆਈ ਜਿਹੜੀ ਮਰਾਕੋ ਦੇ ਨਿਰਯਾਤ ਦੇ ਤੀਜੇ ਹਿੱਸੇ ਬਰਾਬਰ ਸੀ ਅਤੇ ਵਿਦੇਸ਼ੀ ਮਦਦ ਤੋਂ ਦੁੱਗਣੀ ਸੀ।

ਇੰਝੇ ਵਿਦੇਸ਼ੀ ਰਕਮ ਦਾ ਟਿਉਨੀਸ਼ੀਆ ਅਲਜੀਰੀਆ ਉੱਤੇ ਤਕੜਾ ਅਸਰ ਸੀ (ਭਾਵੇਂ ਅਲਜੀਰੀਆ ਪੁੱਜਦਾ ਪੈਸਾ ਲਿਖਤ 'ਚ ਨਹੀਂ ਆਉਂਦਾ)। ਸਨ 1985 ਵਿਚ ਯੌਰਪ ਤੋਂ ਇਹਨਾਂ ਦੇਸ਼ਾਂ ਨੂੰ ਚਾਰ ਤੋਂ ਪੰਜ ਬਿਲੀਅਨ ਡਾਲਰ ਦੀ ਭੇਜ-ਭਜਾਈ ਹੋਈ।

ਮਿਸਰ ਅਰਬ ਦੇਸ਼ਾਂ 'ਚ ਸਭ ਤੋਂ ਵੱਧ 7 ਕਰੋੜ ਦੀ ਆਬਾਦੀ ਵਾਲਾ ਦੇਸ਼ ਹੈ। ਮਿਸਰੀ ਪਰਵਾਸ ਦੀ ਸੰਖਿਆ ਤੇਲ-ਪੈਦਾ ਕਰਦੇ ਅਰਬ ਮੁਲਕਾਂ ਦੀ ਤੇਲ ਤੋਂ ਆਮਦਨੀ ਅਤੇ ਮਿਸਰ ਦੀਆਂ ਆਪਣੀਆਂ ਘਰੇਲੂ ਵਿਦੇਸ਼ੀ ਨੀਤੀਆਂ ਨਾਲ ਮੇਲ ਖਾਂਦੀ ਹੈ। ਪਿੰਡਾਂ ਦੇ ਪਿੰਡ (ਮੋਰਾਂਵਾਲੀ ਵਾਂਗੂੰ) ਸੁੰਨੇ ਹੋਏ ਲਗਦੇ ਹਨ। ਮਿਸਰ ਵੱਲੋਂ ਇਜ਼ਰਾਈਲ ਨਾਲ ਸੰਬੰਧ ਬਣਾਉਣ 'ਤੇ ਲਿਬੀਆ ਦੇ ਕਰਨਲ ਗੱਦਾਫੀ ਨੇ ਹਜ਼ਾਰਾਂ ਮਿਸਰੀ ਲਿਬੀਆ 'ਚੋਂ ਕੱਢ ਦਿੱਤੇ।

ਇਕੀਵੀਂ ਸਦੀ ਦੇ ਮੁੱਢ ਤੋਂ ਮੈਕਸੀਕੋ ਨੂੰ ਅਮਰੀਕਾ ਵਿਚ ਆਪਣੇ ਪਰਵਾਸੀਆਂ ਦੀ ਭੇਜੀ ਰਕਮ 9 ਬਿਲੀਅਨ ਡਾਲਰ ਸਾਲਾਨਾ ਬਣਦੀ ਹੈ।

ਜਿਹਨਾਂ ਮੁਲਕਾਂ ਵਿਚ ਵਿਦੇਸ਼ੀ ਵਪਾਰ ਬਹੁਤ ਹੌਲਾ ਰਹਿੰਦਾ ਹੈ (ਨਿਰਯਾਤ ਦੀ ਆਮਦਨੀ ਆਯਾਤ ਦੀ ਲਾਗਤ ਨਾਲੋਂ ਕਿਤੇ ਘੱਟ ਹੈ) blance of payment ਵਿਚ ਉਹਨਾਂ ਦੀ ਪਰਵਾਸੀ ਰਕਮ ਵਿਸ਼ੇਸ਼ ਮਹੱਤਤਾ ਰਖਦੀ ਹੈ। ਸਨ 1994 'ਚ ਪਾਕਿਸਤਾਨੀ ਪਰਵਾਸੀਆਂ ਨੇ ਮੁਲਕ ਦੀ ਸਮੁੱਚੀ ਵਸਤਾਂ/ਸੇਵਾਵਾਂ ਦੀ ਨਿਰਯਾਤ ਦੀ ਆਮਦਨੀ ਦਾ 17 ਫੀਸਦੀ ਮਤਲਬ 1.4 ਬਿਲੀਅਨ ਡਾਲਰ ਭੇਜੇ। ਬੰਗਲਾ ਦੇਸ਼ ਦੀ ਉਪਰੋਕਤ ਰਸੀਦ 34 ਫੀਸਦੀ ਮਤਲਬ 1.1 ਬਿਲੀਅਨ ਡਾਲਰ ਹੈ; ਹਿੰਦੁਸਤਾਨ ਦੀ 14 ਫੀਸਦੀ 5 ਬਿਲੀਅਨ

ਡਾਲਰ ਦੀ, ਸ੍ਰੀਲੰਕਾ ਦੀ 17 ਫੀਸਦੀ .7 ਬਿਲੀਅਨ ਦੀ। ਇਹ ਅੰਕੜੇ ਤਾਂ ਵਿਸ਼ਵ ਭਰ ਦੇ ਹਨ ਜਿਹਨਾਂ ਦਾ ਬਹੁਤ ਹਿੱਸਾ ਮਧ ਪੂਰਬ (Middle East) ਤੋਂ ਆਇਆ ਹੈ।

ਕਿਉਂਕਿ ਅਕਸਰ ਪਰਵਾਸੀ ਮਧ ਸ਼੍ਰੇਣੀ 'ਚੋਂ ਹੁੰਦੇ ਹਨ, ਨਾ ਕਿ ਦਰਿੱਦਰ-ਤਮ ਵਰਗ 'ਚੋਂ, ਇਸ ਕਰਕੇ ਪਰਵਾਸੀ ਭੇਜ (remittance) ਬਹੁਤ ਵਾਰ ਸਮਾਜਕ ਨਾਬਰਾਬਰੀ ਨੂੰ ਤੇਜ਼ ਕਰਦੀ ਲਗਦੀ ਹੈ। ਤੁਰਕੀ ਦੀ ਸਰਕਾਰੀ ਨੀਤੀ ਵਿਦੇਸ਼ੀ remittance ਰਾਹੀਂ ਘਰੋਗੀ ਬੇਰੁਜ਼ਗਾਰੀ ਘਟਾਉਣ ਅਤੇ ਵਿਦੇਸ਼ੀ ਮੁਦਰਾ ਪ੍ਰਾਪਤ ਕਰਨ ਦੀ ਹੈ। ਫਿਲਪਾਈਨਜ਼ ਅਤੇ ਇੰਡੋਨੇਸ਼ੀਆ ਦੀਆਂ ਸਰਕਾਰਾਂ ਸ਼੍ਰਮਕਾਂ ਦੇ ਨਿਰਯਾਤ ਨੂੰ ਆਪਣੀ ਆਪਣੀ ਆਰਥਿਕ ਲਾਮਬੰਦੀ (strategy) ਦਾ ਮਹੱਤਵਪੂਰਨ ਅੰਗ ਸਮਝਦੀਆਂ ਹਨ।

000

ਸੰਨ 2002 ਵਿਚ ਅਮਰੀਕਾ ਵਿਚ 18 ਲੱਖ ਖੇਤੀ ਕਾਮੇ (farm worker) ਸੀ ਜਿਹਨਾਂ ਵਿਚ ਅੱਧੇ ਤੋਂ ਜ਼ਿਆਦਾ ਗ਼ੈਰ ਕਾਨੂੰਨੀ ਸੀ। 1980-90 ਦੌਰਾਨ, ਮਿਸਾਲ ਵਜੋਂ ਵਧ ਰਹੀ ਗ੍ਰਾਮੀਨ ਦਰਿੱਦਰਤਾ ਕਾਰਨ ਕੈਲੇਫੋਰਨੀਆ ਅਮਰੀਕਾ ਦਾ ਨਿਰਧਨਤਮ ਅੰਗ ਸੀ, ਜੋ ਗ਼ੈਰ ਕਾਨੂੰਨੀਆਂ ਨੂੰ ਆਕਰਸ਼ਤ ਕਰਦਾ ਰਿਹਾ। ਫਰਾਂਸ ਵਿਚ ਵੀ ਕਈ ਚੰਗੇ ਭਲੇ ਕਾਨੂੰਨੀਆਂ ਨੂੰ ਕ੍ਰਿਸ਼ੀ 'ਚ ਰੋਜ਼ਗਾਰ ਲੈਣ ਲਈ ਗ਼ੈਰ-ਕਾਨੂੰਨੀ ਹੋਣ ਦਾ ਝੂਠ ਬੋਲਣਾ ਪੈਂਦਾ ਹੈ।

ਦੋ ਵਿਦਵਾਨਾਂ ਨੇ ਦੁਨੀਆਂ 'ਚ 22 ਆਹਲਾ ਆਮਦਨੀ ਦੇ ਦੇਸ਼ ਗਿਣਾਏ ਹਨ ਅਤੇ 110 ਦਰਮਿਆਨਾ ਹਲਕੀ ਆਮਦਨੀ ਵਾਲੇ। ਅਨੁਮਾਨ ਹੈ ਜੇ ਕੋਈ ਵਿਅਕਤੀ ਉੱਤਰ ਕੈਟੇਗਰੀ ਦੇ ਦੇਸ਼ ਤੋਂ ਪੂਰਬ ਕੈਟਗਰੀ ਦੇ ਦੇਸ਼ ਜਾਂਦਾ ਹੈ ਤਾਂ ਉਹਦੀ ਆਮਦਨ 'ਚ 10 ਤੋਂ 20 ਗੁਣਾ ਵਾਧਾ ਹੁੰਦਾ ਹੈ। ਅਨੇਕ ਗ਼ੈਰ-ਕਾਨੂੰਨੀ ਆਪਣੀ ਹਿੰਮਤ ਨੂੰ ਨਾਇਕਾਨਾ (heroic) ਸਮਝਦੇ ਹਨ। ਫਿਲਪਾਈਨਜ਼ ਨੈਨੀਆਂ (nannies ਸਿਸ਼ੂ-ਸੇਵਕ) ਦੇ ਪਰਵਾਸ ਵਿਚ ਦੁਨੀਆਂ 'ਚ ਪਹਿਲੇ ਨੰਬਰ 'ਤੇ ਆਉਂਦਾ ਹੈ, ਜਿੱਥੋਂ ਦੀਆਂ ਮਾਵਾਂ ਆਪਣੇ ਨਿਆਣੇ ਪਿੱਛੇ ਛੱਡ ਕੇ ਵਿਕਸਤ ਦੇਸ਼ਾਂ ਵਿਚ ਖੁਸ਼ਹਾਲ ਘਰਾਂ ਦੇ ਨਿਆਣੇ ਪਾਲਦੀਆਂ ਹਨ। ਫਿਲਪਾਈਨਜ਼ ਦੀ ਸਰਕਾਰ ਠੀਕ ਹੀ ਏਸ ਰਾਸ਼ਟਰੀ ਅਭਿਯਾਨ ਨੂੰ 'ਨਾਇਕ ਸਮਾਨ' ਦਰਸਾਉਂਦੀ ਹੈ।

000

ਵਿਕਸਤ ਦੇਸ਼ਾਂ ਵਿਚ ਰੋਜ਼ਗਾਰ ਦੇ ਖੰਡ ਹਨ। ਦੇਸੀ ਮਜ਼ਦੂਰ ਗੰਦਾ, ਮੁਸ਼ਕੀ, ਭਾਰਾ ਕੰਮ ਕਰਨ ਨੂੰ ਤਿਆਰ ਨਹੀਂ; ਲਘੂ ਵੇਤਨੀ, ਅਸਥਾਈ ਅਤੇ ਫੁਟਕਲ ਕੰਮ ਹੋਰ ਵੀ ਨਾਮਨਜ਼ੂਰ ਹਨ। ਅਜਿਹੇ ਰੋਜ਼ਗਾਰ ਹੁਣ ਪਰਵਾਸੀਆਂ ਦਾ ਅਜਾਰਾ ਹੋ ਗਏ ਹਨ। ਸਫਾਈ ਝਾੜੂ ਪੋਚੇ ਦਾ ਕੰਮ ਹੁਣ ਸਥਾਨਕਾਂ ਦੇ ਕਰਨ ਦਾ ਨਹੀਂ। ਦਿਲਚਸਪ ਗੱਲ ਇਹ ਹੈ ਕਿ ਮਾਤਰਾਤਮਕ ਆਰਥਿਕ ਵਿਸ਼ਲੇਸ਼ਨ (quantitative analysis) ਵਿਚ ਪਰਵਾਸੀਆਂ ਦਾ ਰੋਜ਼ਗਾਰ ਖੰਡ ਨਜ਼ਰ ਨਹੀਂ ਆਉਂਦਾ। ਆਰਥਿਕ ਮੰਦਵਾੜੇ ਕਾਰਨ ਰੋਜ਼ਗਾਰ ਦੇ ਘਾਟੇ ਦਾ ਅਸਰ ਪਰਵਾਸੀ ਖੰਡ 'ਤੇ ਵੀ ਹੋਣਾ ਚਾਹੀਦਾ ਹੈ ਪਰ ਅਜਿਹਾ ਹੁੰਦਾ ਨਹੀਂ। ਇਹਦਾ ਕੀ ਕਾਰਨ ਹੈ? ਦੇਸੀ ਮਜ਼ਦੂਰ ਨੇ ਗੰਦਾ, ਮੁਸ਼ਕੀ, ਭਾਰਾ ਕੰਮ ਨਹੀਂ ਕਰਨਾ। ਸਮਾਜ ਦੇ ਅਜਿਹੇ ਬੜੇ ਕੰਮ ਹਨ ਜਿਹਨਾਂ ਨੂੰ ਕਰਨ ਤੋਂ ਬਿਨਾਂ ਰਿਹਾ ਨਹੀਂ ਜਾ ਸਕਦਾ, ਜਿਵੇਂ ਸਫਾਈ, ਪਕਾਈ, ਢੋਆ-ਢੁਆਈ ਆਦਿ। ਫੇਰ ਨਾਜਾਇਜ਼ਾਂ ਨੂੰ ਅਜਿਹੇ ਕੰਮਾਂ ਦਾ ਹੀ ਆਸਰਾ ਹੈ, ਜਿਵੇਂ ਦੱਖਣੀ ਫਰਾਂਸ ਤੇ ਕੈਲੇਫੋਰਨੀਆ ਦੀ ਖੇਤੀ ਦਾ।

ਪਰਵਾਸੀ ਰੋਜ਼ਗਾਰ ਲਘੂ-ਸਮੂਹਾਂ ਦੇ ਗੁਣਾਤਮਕ ਵਿਸ਼ਲੇਸ਼ਨ 'ਚ ਹੀ ਪ੍ਰਗਟ ਹੋ ਸਕਦੇ ਹਨ। ਨਹੀਂ ਤਾਂ ਇਹ ਵੀ ਪਰਵਾਸ ਦੇ ਦ੍ਰਿਸ਼ਟਮਾਨ (phenomenan) ਦੇ ਅਨੁਮਾਨਾਂ 'ਚ ਰੁਲੀ ਰਹਿੰਦੀ ਹੈ। ਵਿਆਖਿਆ ਦੀ ਥਾਉਂ ਹੈਰਾਨੀ ਲੱਗੀ ਰਹਿੰਦੀ ਹੈ ਜੋ ਆਰਥਿਕ

ਤੇਜ਼ੀ 'ਚ ਤਾਂ ਪਰਵਾਸ ਦੇ ਵਾਧੇ ਦੀ ਸਮਝ ਲਗਦੀ ਹੈ, ਪਰ ਮੰਦੇ 'ਚ ਵੀ ਇਹ ਘਟਦਾ ਨਜ਼ਰ ਕਿਉਂ ਨਹੀਂ ਆਉਂਦਾ। ਪੱਤਰਕਾਰੀ ਦੇ ਜਗਤ ਵਿਚ ਪ੍ਰਚਲਤ ਅਤੇ ਪ੍ਰਸਿੱਧ ਲਤੀਫ਼ਾ (joke) ਹੈ ਕਿ ਨਿਊਯਾਰਕ ਦੀ ਆਰਥਿਕਤਾ ਨਾਜਾਇਜ਼ਾਂ ਦੇ ਸਿਰ 'ਤੇ ਖੜ੍ਹੀ ਹੈ।

ਸੰਯੁਕਤ ਸਾਮਰਾਜ (ਯੌਰਪ+ਅਮਰੀਕਾ) ਦੀ ਪਰਵਾਸੀ-ਭੇਜ ਮੁਲਕਾਂ 'ਤੇ ਨਿਰਭਰਤਾ ਹੈ, ਪਰ ਦੋਵੇਂ ਧਿਰਾਂ ਦੀ ਨਾਬਰਾਬਰ ਦੀ ਨਿਰਭਰਤਾ। ਇਹ ਨਿਰਭਰਤਾ ਧੰਦਾ-ਵੰਤ (entrepreneurs) ਅਤੇ ਸ਼੍ਰਮਕਾਂ ਦੀ ਨਾਬਰਾਬਰ ਨਿਰਭਰਤਾ ਦੇ ਨਮੂਨੇ 'ਤੇ ਹੈ। ਇਕ ਦੂਸਰੇ ਤੋਂ ਬਿਨਾਂ ਸਰਦਾ ਤਾਂ ਦੋਵਾਂ ਦਾ ਨਹੀਂ। ਪਰ ਧੰਦਾ-ਵੰਤ ਆਪਣੀ ਨਿਰਭਰਤਾ ਦਾ ਥੋੜ੍ਹਾ ਬਹੁਤਾ ਠਹੀਆ-ਠੱਪਾ ਕਰ ਸਕਦੇ ਹਨ, ਜੋ ਸ਼੍ਰਮਕ ਤਾਂ ਕਿਸੇ ਤਰੀਕੇ ਆਪਣੇ ਸੰਘ ਨੂੰ ਘਟਾ ਨਹੀਂ ਸਕਦੇ।

ਕੁਝ ਮਹੀਨੇ ਹੋਏ ਅਮਰੀਕਾ ਵਿਚ Fast Food ਉਦਯੋਗ 'ਚ ਸ਼੍ਰਮਕਾਂ ਨੇ ਕੌਮੀ ਘੱਟੋ ਘੱਟ ਉਜਰਤ (national minimum wage) ਮੰਗੀ ਸੀ। ਗੁੱਝਾ ਰੌਲਾ ਇਹ ਸੀ ਕਿ ਸੂਬਾਈ ਸਾਰਕਾਰ ਜਨ-ਹਿਤ ਰਾਹਤ (welfare contribution) ਦੇ ਕੇ ਉਹਨਾਂ ਦਾ ਵੇਤਨ ਰਾਸ਼ਟਰੀ ਨਿਮਨਤਮ ਦੇ ਬਰਾਬਰ ਕਿਉਂ ਕਰਦੀ ਹੈ। ਨਾਲੇ ਸ਼੍ਰਮ ਦੀ ਥਾਉਂ ਏ(A) ਤੋਂ ਲੈ ਕੇ ਜ਼ੈੱਡ (Z) ਤਕ ਮਸ਼ੀਨਰੀ ਲਾ ਦੇਣੀ ਹੈ।

ਸਾਮਰਾਜੀ ਦੇਸ਼ ਲੋੜ ਅਨੁਸਾਰ ਪਰਵਾਸ ਦਾ ਦਾਖਲਾ ਘਟਾ ਵਧਾ ਸਕਦੇ ਹਨ। ਇੱਥੋਂ ਤਕ ਕਿ ਪਰਵਾਸੀ-ਭੇਜ ਦੇਸ਼ਾਂ ਨੂੰ ਆਪ ਰੋਕ ਲਾਉਣ 'ਤੇ ਮਜਬੂਰ ਕਰ ਸਕਦੇ ਹਨ। ਭੂਤਪੂਰਵ 'ਬਸਤੀਆਂ' ਮਿਲਵਰਤਣ ਲਈ ਕਾਹਲੀਆਂ ਰਹਿੰਦੀਆਂ ਹਨ, ਜਿਵੇਂ ਮਰਾਕੋ। ਲਿਬੀਆ ਦਾ ਸ਼ਕਤੀਮਾਨ ਕਰਨਲ ਗੱਦਾਫੀ ਤਾਂ ਆਪਣੀ ਦੱਖਣੀ ਸਰਹੱਦ 'ਤੇ ਯੌਰਪ ਨੂੰ ਜਾਂਦੇ ਪਰਵਾਸੀਆਂ ਨੂੰ ਰੋਕਦਾ ਸੀ।

ਪੰਦਰਵੀਂ ਸਦੀ ਤੋਂ ਸਾਮਰਾਜੀ-ਸਰਮਾਏਦਾਰ ਸ਼ਵੇਤ ਗ਼ੁਲਾਮੀ (white slavery) ਸ਼ੁਰੂ ਹੋਈ। ਅੰਗਰੇਜ਼, ਫਰਾਂਸੀਸੀ ਆਪ ਗ਼ੁਲਾਮੀ ਦੇ ਇੱਛਾਧਾਰੀ ਹੁੰਦੇ ਸੀ। ਫਸਲ ਵਜੋਂ ਤੰਬਾਕੂ ਦੀ ਕਾਢ ਨੇ ਇੰਨੇ ਗ਼ੁਲਾਮਾਂ ਦੀ ਲੋੜ ਪੈਦਾ ਕਰ ਦਿੱਤੀ ਜਿਸਨੂੰ ਸ਼ਵੇਤ ਗ਼ੁਲਾਮੀ ਪੂਰਾ ਨਾ ਕਰ ਸਕੀ। ਫੇਰ ਅਸ਼ਵੇਤ ਗ਼ੁਲਾਮੀ ਦਾ ਸਾਮਰਾਜੀ ਸਰਕਾਰਾਂ ਨੇ ਧੰਦਾ ਸ਼ੁਰੂ ਕੀਤਾ। 19ਵੀਂ ਸਦੀ 'ਚ ਮਾਰਕਸ ਅਨੁਸਾਰ ਸ਼੍ਰਮਕ ਵਰਗ ਨੇ ਅਸ਼ਵੇਤ ਗ਼ੁਲਾਮੀ ਦੀ ਥਾਂ ਲੈ ਲਈ। (ਪਰ ਬਸਤੀਆਂ ਵਿਚ, ਜਮਾਇਕਾ, ਫਿਜੀ, ਪੂਰਬੀ ਅਫਰੀਕਾ ਵਿਚ ਇਹਦੀ ਥਾਂ ਹਿੰਦੋਸਤਾਨ ਤੋਂ indentured labour ਨੇ ਲੈ ਲਈ)। ਹੁਣ ਤਾਂ ਸ਼ਾਇਦ, ਸੰਯੁਕਤ ਸਾਮਰਾਜ ਵਿਚ ਸ਼੍ਰਮਕ ਵਰਗ ਦੀ ਥਾਂ ਜਾਇਜ਼ਾਂ, ਨਾਜਾਇਜ਼ਾਂ ਨੇ ਲੈ ਲੈਣੀ ਹੈ। ਏਸ ਦੀ ਮਾੜ੍ਹ ਤੇ ਗਤੀ 'ਤੇ ਸੰਦੇਹ ਹੋ ਸਕਦਾ ਹੈ ਪਰ ਇਹਦੇ ਭਵਿੱਖ 'ਤੇ ਨਹੀਂ'।

000

ਮਧਾਣੀ 'ਤੇ ਮੱਖਣ ਵਾਂਗੂੰ ਪਰਵਾਸੀ ਸਾਮਰਾਜੀ ਦੇਸ਼ਾਂ ਦੇ ਮਹਾਂਨਗਰਾਂ 'ਚ ਇਕੱਠੇ ਹੋ ਕੇ ਨਾਗਰਿਕ ਦ੍ਰਿਸ਼ (cityscape) ਹੀ ਬਦਲ ਦਿੰਦੇ ਹਨ, ਜੋ ਅਜਿਹਾ ਛੋਟੇ ਸ਼ਹਿਰਾਂ ਕਸਬਿਆਂ 'ਚ ਨਹੀਂ ਹੁੰਦਾ। ਅਮਰੀਕੀ ਘਰੋਗੀ ਜੰਗ (civil war) ਤੋਂ ਬਾਅਦ ਅਸ਼ਵੇਤ ਨਿਊਯਾਰਕ, ਸ਼ਿਕਾਗੋ 'ਚ ਜਮ੍ਹਾਂ ਹੋਣ ਲੱਗੇ। ਸਨ 1970 ਮਗਰੋਂ ਮੈਕਸੀਕਨ ਕੈਲੇਫੋਰਨੀਆ, ਨਿਊਯਾਰਕ, ਫਲੋਰੇਡਾ, ਟੈਕਸਾਸ, ਇਲੀਨੋਇਸ, ਨਿਊ ਜਰਸੀ ਵਿਚ।

ਮਹਾਂਨਗਰਾਂ ਵਿਚ ਪਰਵਾਸੀ ਵਾਧੇ ਨਾਲ ਖੁਸ਼-ਨਸਲੀ (ethnic) ਲਘੂ ਬਿਜ਼ਨੱਸ ਅਤੇ ਰੈਸਤੋਰਾਂ (restaurants) ਖੁਲ੍ਹਦੇ ਹਨ, ਜਿਵੇਂ ਜਰਮਨੀ ਵਿਚ ਤੁਰਕਾਂ ਦੇ ਅਤੇ ਲਾਸ ਏਂਜਲਜ਼ ਵਿਚ ਕੋਰੀਅਨ ਦੇ। ਲਾਸ ਏਂਜਲਜ਼ ਦੇ 1992 ਦੇ ਦੰਗਿਆਂ ਵਿਚ ਕੋਰੀਅਨ ਅਤੇ

ਅਸ਼ਵੇਤ ਬਿਜ਼ਨੱਸ ਵਿਚ ਆਪਸੀ ਖਹਿ ਦਾ ਅੰਗ ਵੀ ਸੀ।

ਅਮਰੀਕਾ ਦੇ ਪੱਛਮ ਵੱਲ ਨੂੰ ਪਸਾਰ ਨੇ ਆਦਿਮੂਲ (aboriginal) ਵਾਸੀਆਂ ਨੂੰ ਤਬਾਹ ਕਰ ਦਿੱਤਾ, ਜੋ ਆਦਿਮੂਲ ਦੀ ਬਰਬਾਦੀ ਅਮਰੀਕੀ ਰਾਸ਼ਟਰਵਾਦ (nationalism) ਦਾ ਇਕ ਸਮੇਂ 'ਵੀਰ' ਪੱਖ ਸੀ।

ਪਰਵਾਸ ਦਾ ਦਿਲਚਸਪ ਪੱਖ ਹੈ ਜੋ ਈਕੂਡੋਰ Ecudor ਅਤੇ ਡੁਮੀਨੀਕਨ ਰੀਪਬਲਿਕ Dominican Republic ਦੇ ਪ੍ਰਧਾਨਗੀ ਦੇ ਉਮੀਦਵਾਰ ਨਿਊਯਾਰਕ ਸ਼ਹਿਰ ਵਿਚ; ਇਟਲੀ ਅਤੇ ਪੁਰਤਗਾਲ ਦੀਆਂ ਪਾਰਟੀਆਂ ਪੈਰਿਸ ਵਿਚ ਚੋਣ ਅਭਿਆਨ ਕਰਦੀਆਂ ਹਨ। ਕੈਨੇਡਾ ਵਿਚ 'ਬੇਗਾਨਿਆਂ' ਦੇ ਮਨਪਸੰਦ ਸ਼ਹਿਰ ਟਰਾਂਟੋ ਅਤੇ ਵੈਨਕੂਵਰ ਹਨ। ਆਸਟਰੇਲੀਆ ਵਿਚ ਮੈਲਬਰਨ ਤੇ ਸਿਡਨੀ ਦੇ ਚਾਈਨਾ ਟਾਊਨ ਹਨ।

000

ਪਰਵਾਸੀ ਪੰਜਾਬੀ ਸਾਹਿਤ ਬਾਰੇ ਕੁਝ ਕਹਿਣ ਦਾ ਮੇਰਾ ਰੀਣ ਕੁ ਹੱਕ ਹੈ। ਇਹਦਾ ਸਰਾਹਣੀ ਲੱਛਣ ਆਕ੍ਰੋਸ਼ ਹੈ। ਦੁੱਖ ਰੋਣਾ ਜ਼ਰੂਰੀ ਲੋੜ ਹੈ; ਦੁਖ ਸੁਖ ਕਰਨਾ ਹੋਰ ਵੀ ਚੰਗਾ ਹੁੰਦਾ ਹੈ। ਆਕ੍ਰੋਸ਼ ਦੇ ਵਰਨਣ ਤੇ ਇਹਦੇ ਪਰਿਣਾਮ ਵਜੋਂ ਅਮਲ ਕਰਨ ਲਈ ਅਵਲੋਕਨ ਦੀ ਲੋੜ ਹੁੰਦੀ ਹੈ। ਨਿਜੀ ਅਵਲੋਕਨ ਦੀ ਸੰਭਾਵਨਾ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਪਰ ਪਰਵਾਸੀ ਅਲਪ ਦੀ ਅਵਲੋਕਨ ਦੀ ਥਾਉਂ ਦੁਬਿਧਾ ਹੈ। ਦੇਸ਼ ਨੂੰ ਵਾਪਸ ਮੁੜਿਆ ਨਹੀਂ ਜਾ ਸਕਦਾ, ਜਿਹੜਾ ਵਲਾਇਤ ਨਾਲੋਂ ਜ਼ਿਆਦਾ ਅਣ-ਜੀਆਇਆਂ (unwelcome) ਹੋ ਰਿਹਾ। ਵਲਾਇਤੀ ਵਸੇਬੇ ਦਾ ਕੋਈ ਵਸਾਹ ਨਹੀਂ, ਵਿਚੇ ਆਪਣੀ ਜਣ- ਉੱਤਰਜਾਂ ਦਾ। ਨਾ ਤਾਂ ਪਰਵਾਸੀ ਅਲਪ ਨੂੰ ਆਪਣੇ ਭਵਿੱਖ ਦੀ ਕੋਈ ਝਲਕ ਨਜ਼ਰ ਆਉਂਦੀ ਹੈ, ਨਾ ਹੀ ਵਲਾਇਤੀ ਸਹਿਚਾਰ ਵਿਚ ਭਵਿੱਖ ਦੀ ਕੋਈ ਝਾਤ ਪੈਂਦੀ ਹੈ। ਪਰਵਾਸੀ ਅਲਹਿਦਗੀ ਦਾ ਬਿੰਬ ਪਾਲਣਾ ਮਨੋਵਿਗਿਆਨਕ ਜ਼ਰੂਰ ਹੈ ਪਰ ਬਹੁਤਾ ਸਿਰਜਣਾਤਮਕ ਨਹੀਂ ਲਗਦਾ।

ਇਕ ਗੱਲ ਹੌਸਲਾ ਅਫਜ਼ਾਈ ਵਾਲੀ ਹੈ। ਰਜਨੀ ਪਾਮਦੱਤ ਅਤੇ ਕੁਮਾਰਾਸਵਾਮੀ ਨੇ ਹਿੰਦੋਸਤਾਨੀ ਸਿਆਸਤ ਅਤੇ ਚਿਤਰਕਾਰੀ ਬਾਰੇ ਮਾਅਨੀਖੇਜ਼ ਕੰਮ ਕੀਤਾ ਸੀ। ਇੰਝੇ ਸਾਡੇ ਪਰਵਾਸੀ ਅਕਾਦਮਿਕ ਭਾਈਆਂ ਨੇ ਪੰਜਾਬ ਦੀ ਆਰਥਿਕਤਾ ਅਤੇ ਨਿਕਟ ਬੀਤੇ ਦਹਿਸ਼ਤਵਾਦ ਬਾਰੇ ਸਰਾਹਣੀ ਖੋਜ ਕੀਤੀ ਹੈ। ਮੇਰੀ ਆਸ ਹੈ ਉਹਨਾਂ ਦੇ ਕਿਸੇ ਭਾਈ ਭੈਣ ਨੇ ਪੰਜਾਬੀ ਸਿਰਜਣਾ ਦੀ ਗਹਿਰਾਈ 'ਚ ਜਾਣ ਦੀ ਹਿੰਮਤ ਕੀਤੀ ਹੋਣੀ ਹੈ, ਜਿਸਦੀ ਮੈਨੂੰ ਆਪਣੀ ਉਣਤਾਈ ਕਾਰਨ ਇਤਲਾਹ ਨਹੀਂ ਹੈ, ਜੋ ਕਲ੍ਹ ਨੂੰ ਵਲਾਇਤੀ, ਦੇਸੀ ਪਾਠਕਾਂ 'ਤੇ ਰੋਸ਼ਨ ਹੋ ਜਾਣੀ ਹੈ।

The Age of Migration: International Population Movment in the Modern World, Stephen Castle & Mark J.Miller, Palgrave (Macmillan), 2003, Rs535/- □□

[144, ਸੈਕਟਰ 65, ਫੇਜ਼ 11, ਐੱਸ.ਏ.ਐੱਸ. ਨਗਰ-ਮੁਹਾਲੀ-160 062]

ਸੰਤ ਸਿੰਘ ਸੇਖੋਂ ਦੇ ਨਾਵਲਾਂ ਵਿਚ ਕਿਸਾਨੀ ਸੰਕਟ : ਤਾਰਾ ਸਿੰਘ

ਸੰਤ ਸਿੰਘ ਸੇਖੋਂ ਵੀਹਵੀਂ ਸਦੀ ਦੇ ਪ੍ਰਮੁੱਖ ਤੇ ਪ੍ਰਬੁੱਧ ਪੰਜਾਬੀ ਸਾਹਿਤਕਾਰ, ਆਲੋਚਕ ਤੇ ਚਿੰਤਕ ਵਜੋਂ ਸਵੀਕਾਰਿਆ ਗਿਆ ਤੇ ਸਥਾਪਤ ਹੋਇਆ ਹਸਤਾਖ਼ਰ ਹੈ। ਪੰਜਾਬੀ ਸਾਹਿਤ ਦੇ ਹਰ ਖੇਤਰ ਜਿਵੇਂ ਕਵਿਤਾ, ਕਹਾਣੀ, ਨਾਟਕ, ਨਾਵਲ, ਸ੍ਵੈਜੀਵਨੀ, ਆਲੋਚਨਾ ਆਦਿ ਵਿਚ ਉਸ ਨੇ ਆਪਣੀ ਵਿਲੱਖਣ/ਨਿਵੇਕਲੀ ਪਛਾਣ ਸਥਾਪਤ ਕੀਤੀ ਹੈ। ਸੰਤ ਸਿੰਘ ਸੇਖੋਂ ਦਾ ਪੰਜਾਬੀ ਸਾਹਿਤ-ਜਗਤ ਵਿਚ ਪ੍ਰਵੇਸ਼ ਭਾਵੇਂ 1941 ਈ. ਵਿਚ ਪ੍ਰਕਾਸ਼ਤ ਇਕਾਂਗੀ ਸੰਗ੍ਰਹਿ ਛੇ ਘਰ ਨਾਲ ਹੋਇਆ ਪਰੰਤੂ ਇਸ ਤੋਂ ਪਹਿਲਾਂ ਉਸ ਨੇ 1949 ਈ. ਵਿਚ ਪੰਜਾਬੀ ਵਿਚ ਪ੍ਰਕਾਸ਼ਤ ਆਪਣਾ ਪਹਿਲਾ ਨਾਵਲ **ਲਹੂ ਮਿੱਟੀ** ਅੰਗਰੇਜ਼ੀ ਭਾਸ਼ਾ ਵਿਚ 'ਬਲੱਡ ਐਂਡ ਅਰਥ' ਸਿਰਲੇਖ ਅਧੀਨ 1936 ਜਾਂ 1940 ਈ. ਦੇ ਨੇੜੇ-ਤੇੜੇ ਲਿਖ ਲਿਆ ਸੀ।[1] ਉਦੋਂ ਇਹ ਅੰਗਰੇਜ਼ੀ ਵਿਚ ਨਹੀਂ ਛਪ ਸਕਿਆ ਅਤੇ ਹੁਣ ਮੂਲ ਰੂਪ ਵਿਚ ਨੈਸ਼ਨਲ ਬੁੱਕ ਟਰੱਸਟ ਦੁਆਰਾ ਛਾਪਿਆ ਜਾ ਰਿਹਾ ਹੈ। ਇਹ ਨਾਵਲ ਰੂਸੀ ਭਾਸ਼ਾ ਵਿਚ ਵੀ ਅਨੁਵਾਦ ਹੋ ਚੁੱਕਿਆ ਹੈ। ਲੇਖਕ ਦਾ ਦੂਸਰਾ ਨਾਵਲ **ਬਾਬਾ ਆਸਮਾਨ** ਕਿਤਾਬੀ ਰੂਪ ਵਿਚ 1973 ਈ. ਵਿਚ ਪ੍ਰਕਾਸ਼ਤ ਹੋਇਆ ਹੈ।

ਸਵੈਜੀਵਨੀ ਮੂਲਕ ਵਿਧੀ ਅਨੁਸਾਰ ਲਿਖੇ ਗਏ **ਲਹੂ ਮਿੱਟੀ** ਨਾਵਲ ਦੀ ਕਥਾ ਦਾ ਆਰੰਭ ਬਹੁਤ ਹੀ ਸੁਭਾਵਕ ਰੂਪ ਵਿਚ ਹੁੰਦਾ ਹੈ। ਪੰਜਾਬ ਦੇ ਇਕ ਵਿਸ਼ੇਸ਼ ਕਾਲ-ਖੰਡ ਨੂੰ ਆਧਾਰ ਬਣਾ ਕੇ ਨਾਵਲ ਵਿਚ ਪਹਿਲੀ ਤੇ ਦੂਸਰੀ ਸੰਸਾਰ ਜੰਗ, ਗਦਰ ਲਹਿਰ ਦਾ ਦੇਸ਼ ਦੇ ਸੁਤੰਤਰਤਾ ਅੰਦੋਲਨ ਵਿਚ ਯੋਗਦਾਨ ਆਦਿ ਇਤਿਹਾਸਕ ਪ੍ਰਸੰਗਾਂ ਨੂੰ ਪੰਜਾਬ ਦੀ ਛੋਟੀ ਕਿਸਾਨੀ ਦੇ ਆਰਥਿਕ, ਸਮਾਜਕ ਤੇ ਮਨੋਵਿਗਿਆਨਕ ਸੰਕਟਾਂ ਦੇ ਪ੍ਰਕਰਣ ਵਿਚ ਰੱਖ ਕੇ ਇਸ ਦੇ ਬਹੁ-ਪਾਸਾਰੀ ਯਥਾਰਥ ਨੂੰ ਭਾਵਪੂਰਤ ਢੰਗ ਨਾਲ ਚਿਤਰਿਆ ਗਿਆ ਹੈ। ਸੰਤ ਸਿੰਘ ਸੇਖੋਂ ਨੂੰ ਕਿਸਾਨੀ ਜੀਵਨ ਦੇ ਮੌਜੂਦਾ ਸੰਕਟ ਦੀਆਂ ਸੰਭਾਵਨਾਵਾਂ ਵੀਹਵੀਂ ਸਦੀ ਦੇ ਆਰੰਭ ਵਿਚ ਹੀ ਨਜ਼ਰ ਆਉਣ ਲੱਗ ਪਈਆਂ ਸਨ। **ਲਹੂ ਮਿੱਟੀ** ਪੰਜਾਬ ਦੇ ਕਿਸਾਨੀ ਜੀਵਨ ਵਿਚ ਆਉਣ ਵਾਲੇ ਨਿਘਾਰ ਜਾਂ ਸੰਕਟ ਪ੍ਰਤੀ ਸਾਵਧਾਨ ਕਰਨ ਤੇ ਚੇਤਾਵਨੀ ਦੇਣ ਵਾਲੀ ਪਹਿਲੀ ਪ੍ਰਭਾਵਸ਼ਾਲੀ ਰਚਨਾ ਹੈ[2]। ਇਸ ਰਚਨਾ ਰਾਹੀਂ ਪੰਜਾਬ ਦੀ ਕਿਸਾਨੀ ਦੇ ਸਮਾਜਕ, ਆਰਥਿਕ ਤੇ ਮਾਨਵੀ ਅੰਤਰ-ਵਿਰੋਧ ਪਹਿਲੀ ਵਾਰ ਇਕ ਸ਼੍ਰੇਣੀ ਵਜੋਂ ਪਰਿਭਾਸ਼ਤ ਹੋਣ ਕਰਕੇ **ਲਹੂ ਮਿੱਟੀ** ਨੂੰ ਕਿਸਾਨੀ ਜੀਵਨ ਨਾਲ ਸੰਬੰਧਤ ਪਹਿਲਾ ਯਥਾਰਥਵਾਦੀ ਨਾਵਲ ਸਵੀਕਾਰਿਆ ਜਾ ਸਕਦਾ ਹੈ। ਇਸ ਤੋਂ ਪਹਿਲਾਂ ਦਾ ਪੰਜਾਬੀ ਨਾਵਲ ਜ਼ਿਆਦਾਤਰ ਸ਼ਹਿਰੀ ਮੱਧਵਰਗ ਦੇ ਸਰੋਕਾਰਾਂ ਨੂੰ ਆਦਰਸ਼ਵਾਦੀ ਰੂਪ ਵਿਚ ਚਿਤਰਣ ਤੇ ਚਿਤਵਣ ਵੱਲ ਹੀ ਵਧੇਰੇ ਰੁਚਿਤ ਰਿਹਾ ਹੈ ਅਤੇ ਕਿਸੇ ਵੀ ਨਾਵਲ ਵਿਚ ਪੰਜਾਬ ਦੇ ਕਿਸਾਨੀ ਜੀਵਨ ਦੀ ਦਸ਼ਾ ਅਤੇ ਦੁਸ਼ਵਾਰੀਆਂ ਦਾ ਇੰਨਾ ਭਾਵਪੂਰਤ ਚਿਤਰਣ ਹੋਇਆ ਨਹੀਂ ਮਿਲਦਾ। ਪੰਜਾਬੀ ਸਮਾਜ ਵਿਚ ਪ੍ਰਚੱਲਿਤ 'ਉੱਤਮ ਖੇਤੀ ਮੱਧਮ ਵਪਾਰ ਤੇ ਨਖਿੱਧ ਚਾਕਰੀ' ਦਾ ਮੁਹਾਵਰਾ ਇਸ ਨਾਵਲ ਵਿਚ ਉਲਟ-ਪੁਲਟ ਹੋਇਆ ਦਿਸਦਾ ਹੈ।

ਸੰਤ ਸਿੰਘ ਸੇਖੋਂ ਦੀ ਰਚਨਾ-ਦ੍ਰਿਸ਼ਟੀ ਆਪਣੇ ਪੂਰਵਲੇ ਨਾਵਲਕਾਰਾਂ ਨਾਲੋਂ ਸਪਸ਼ਟ ਭਾਂਤ ਵੱਖਰੀ ਹੈ। ਇਹ ਵੱਖਰਤਾ ਉਸ ਦੇ ਯਥਾਰਥਕ ਅਨੁਭਵ-ਬੋਧ ਦੀ ਸੂਚਕ ਹੈ। **ਲਹੂ ਮਿੱਟੀ** ਨਾਵਲ ਦੀ ਵਿਸ਼ੇਸ਼ ਖ਼ੂਬੀ ਤੇ ਪਹਿਲੇ ਨਾਵਲਾਂ ਨਾਲੋਂ ਵੱਖਰਤਾ ਵੀ ਇਸ ਗੱਲ

ਵਿਚ ਹੈ ਕਿ ਇਹ ਪੰਜਾਬ ਦੀ 'ਲਹੂ ਮਿੱਟੀ' ਵਿਚੋਂ ਹੀ ਪੈਦਾ ਹੋਇਆ ਹੈ। ਇਸ ਵਿਚ ਸੰਤ ਸਿੰਘ ਸੇਖੋਂ ਬਿਰਤਾਂਤ ਦੇ ਦੋ ਸਮਾਨੰਤਰ ਪੱਧਰ ਸਿਰਜਦਾ ਹੈ। ਇਕ ਪਾਸੇ ਉਹ ਇਤਿਹਾਸਕ ਤੇ ਰਾਜਨੀਤਿਕ ਘਟਨਾਵਾਂ ਦਾ ਅਤੇ ਦੂਜੇ ਪਾਸੇ ਪੰਜਾਬ ਦੇ ਇਕ ਗ਼ਰੀਬ ਕਿਸਾਨ ਪਰਿਵਾਰ ਦੀ ਹੋਂਦ ਤੇ ਹੋਣੀ ਦਾ ਬਿਰਤਾਂਤ ਉਸਾਰਦਾ ਹੈ। ਪਹਿਲੇ ਬਿਰਤਾਂਤ ਵਿਚ ਉਹ ਵੀਹਵੀਂ ਸਦੀ ਦੇ ਪਹਿਲੇ ਚਾਰ-ਪੰਜ ਦਹਾਕਿਆਂ ਦੌਰਾਨ ਪੰਜਾਬ ਦੀ ਧਰਤੀ 'ਤੇ ਵਾਪਰੀਆਂ ਰਾਜਨੀਤਕ, ਸਮਾਜਕ ਤੇ ਸਭਿਆਚਾਰਕ ਘਟਨਾਵਾਂ ਦਾ ਵਰਨਣ ਕਰਦਾ ਹੈ ਅਤੇ ਇਸ ਦੇ ਸਮਾਨੰਤਰ ਇਕ ਕਿਸਾਨ ਪਰਿਵਾਰ ਦੇ ਆਪਣੀ ਜੱਦੀ ਜ਼ਮੀਨ ਉਤੇ ਖੁੱਸ ਚੁੱਕੇ ਅਧਿਕਾਰ ਨੂੰ ਮੁੜ ਪ੍ਰਾਪਤ ਕਰਨ ਦੀ ਤਾਂਘ ਦੀ ਸੰਵੇਦਨਸ਼ੀਲ ਸੰਗਰਾਮ-ਗਾਥਾ ਨੂੰ ਬੜੀ ਭਾਵਪੂਰਤ ਮਾਰਮਿਕਤਾ ਸਹਿਤ ਉਸਾਰਦਾ ਹੈ। ਨਾਵਲ ਦੀ ਕਥਾ ਇਕੋ ਪਰਿਵਾਰ ਦੇ ਤਿੰਨ ਪਾਤਰਾਂ, ਮਦਨ, ਬਿਜੈ ਸਿੰਘ ਤੇ ਦਇਆ ਕੌਰ ਦੇ ਇਰਦ-ਗਿਰਦ ਘੁੰਮਦੀ ਤੇ ਉਸਰਦੀ ਹੈ। ਇਨ੍ਹਾਂ ਵਿਚੋਂ 'ਮਦਨ' ਨਾਮ ਦੇ ਪਾਤਰ ਨੂੰ ਸੰਤ ਸਿੰਘ ਸੇਖੋਂ ਦੀ ਸ਼ਖ਼ਸੀਅਤ ਦਾ ਹੀ ਗਲਪੀ ਰੂਪ ਮੰਨਿਆ ਜਾਂਦਾ ਹੈ। ਡਾ. ਜੋਗਿੰਦਰ ਸਿੰਘ ਰਾਹੀ ਅਨੁਸਾਰ **ਲਹੂ ਮਿੱਟੀ** ਦੇ ਰਚਨਾ ਸੰਸਾਰ ਵਿਚ ਪਾਤਰਾਂ ਅਤੇ ਘਟਨਾਵਾਂ ਦਾ ਚਰਿੱਤਰ ਵਾਤਾਵਰਣ ਦਾ ਵਿਸਥਾਰ-ਚਿੱਤਰ ਉਲੀਕਣ ਵਾਲਾ ਨਹੀਂ ਸਗੋਂ ਵਿਅਕਤਿਤਵ ਅਤੇ ਵਾਤਾਵਰਣ ਦੇ ਤਣਾਉ ਵਿਚੋਂ ਸਥਿਤੀ ਦੇ ਮਾਨਵੀ ਅਤੇ ਇਤਿਹਾਸਕ ਅੰਤਰ-ਵਿਰੋਧਾਂ ਨੂੰ ਸਿਰਜਣ ਵਾਲਾ ਹੈ। ਦੂਸਰੇ ਸ਼ਬਦਾਂ ਵਿਚ ਨਾਵਲ ਦੇ ਪਾਤਰ ਅਤੇ ਘਟਨਾਵਾਂ ਕੇਵਲ ਆਪਣੇ ਆਪ ਵਿਚ ਹੀ ਵਾਸਤਵਿਕ ਨਹੀਂ ਸਗੋਂ ਪ੍ਰਤਿਨਿਧ ਰੂਪ ਵਿਚ ਵੀ ਸਮਾਜਕ ਜੀਵਨ ਦੇ ਇਕ ਵਿਸ਼ੇਸ਼ ਮਾਨਵੀ ਅਤੇ ਇਤਿਹਾਸਕ ਸੱਚ ਦਾ ਨਿਤਾਰਾ ਕਰਨ ਵਾਲੇ ਹਨ[3]। ਮਦਨ ਦੀ ਸਫ਼ਲਤਾ ਬਾਰੇ ਡਾ. ਟੀ. ਆਰ. ਵਿਨੋਦ ਦੀ ਇਹ ਧਾਰਨਾ ਸਹੀ ਜਾਪਦੀ ਹੈ ਕਿ ਨਾਵਲ ਦੇ ਸਮੁੱਚੇ ਸੰਦਰਭ ਵਿਚ ਇਹ ਹੱਲ ਕੇਵਲ ਵਿਅਕਤੀਵਾਦੀ ਸਫ਼ਲਤਾ ਦਾ ਹੀ ਬੋਧ ਕਰਵਾਉਂਦਾ ਹੈ ਅਤੇ ਸਮੁੱਚੇ ਸਮਾਜਕ ਸੰਕਟ ਦੇ ਸੰਦਰਭ ਵਿਚ ਉਹ ਇਸ ਸਮਾਧਾਨ ਦਾ ਵਿਅੰਗਾਰਥ ਹੀ ਉਘਾੜਦਾ ਹੈ[4]। ਪਰੰਤੂ ਨਾਵਲ ਵਿਚ ਬਿਜੈ ਸਿੰਘ ਦੇ ਪਰਿਵਾਰ ਦੀ ਸਮਾਜਕ ਤੇ ਆਰਥਿਕ ਸਥਿਤੀ ਨੂੰ ਜਿਸ ਤਰ੍ਹਾਂ ਇਤਿਹਾਸਕ ਵਕਫ਼ੇ ਵਿਚ ਫੈਲਾਇਆ ਗਿਆ ਹੈ, ਉਹ ਸਮੁੱਚੇ ਨਿਮਨ ਕਿਸਾਨੀ ਜੀਵਨ ਦੇ ਸਮਾਜਕ, ਆਰਥਿਕ ਤੇ ਮਨੋਵਿਗਿਆਨਕ ਅੰਤਰ-ਵਿਰੋਧਾਂ ਨੂੰ ਹੀ ਪਰਿਭਾਸ਼ਤ ਕਰਦੀ ਪ੍ਰਤੀਤ ਹੁੰਦੀ ਹੈ।

ਲਹੂ ਮਿੱਟੀ ਨਾਵਲ ਵਿਚ ਦੂਸਰੇ ਸੰਸਾਰ ਯੁੱਧ, ਗ਼ਦਰ ਪਾਰਟੀ, ਜਲ੍ਹਿਆਂ ਵਾਲੇ ਬਾਗ਼ ਦਾ ਸਾਕਾ, ਗੁਰਦੁਆਰਾ ਸੁਧਾਰ ਲਹਿਰ, ਸਿੰਘ ਸਭਾ ਲਹਿਰ, ਗੁਰੂ ਕੇ ਬਾਗ਼ ਦਾ ਮੋਰਚਾ, ਸਾਈਮਨ ਕਮਿਸ਼ਨ, ਲਾਲਾ ਲਾਜਪਤ ਰਾਏ, ਕਰਤਾਰ ਸਿੰਘ ਸਰਾਭਾ ਤੇ ਸ਼ਹੀਦ ਭਗਤ ਸਿੰਘ ਦੀ ਸ਼ਹੀਦੀ ਆਦਿ ਦਾ ਵਰਨਣ ਇਤਿਹਾਸਕ ਵੇਰਵਿਆਂ ਅਤੇ ਮੁੱਲਵਾਨ ਅੰਤਰ-ਦ੍ਰਿਸ਼ਟੀਆਂ ਸਮੇਤ ਦਿੱਤਾ ਗਿਆ ਹੈ ਪਰੰਤੂ ਇਸ ਦਾ ਮੁੱਖ ਫੋਕਸ ਛੋਟੀ ਕਿਸਾਨੀ ਹੀ ਰਿਹਾ ਹੈ। ਇਸ ਲਈ ਕਿਸਾਨੀ ਜੀਵਨ ਦੀਆਂ ਆਰਥਿਕ ਤੰਗੀਆਂ, ਮੁਸ਼ੱਕਤ ਭਰਿਆ ਜੀਵਨ, ਭੈੜਾਂ ਭਰਿਆ ਸਮਾਜਕ ਚੌਗਿਰਦਾ ਤੇ ਆਚਰਣਕ ਕਮਜ਼ੋਰੀਆਂ ਇਸ ਨਾਵਲ ਨੂੰ ਸਾਡੇ ਸਭਿਆਚਾਰ ਦਾ ਇਕ ਪ੍ਰਤੀਨਿਧ ਨਮੂਨਾ ਹੀ ਨਹੀਂ ਬਣਾਉਂਦੀਆਂ ਸਗੋਂ ਨਿਆਰੀ ਜੀਵੰਤਤਾ ਵੀ ਬਖ਼ਸ਼ਦੀਆਂ ਹਨ। ਸੇਖੋਂ ਦੀ ਉਸਾਰੂ ਜੀਵਨ-ਦ੍ਰਿਸ਼ਟੀ ਇਸ ਗੱਲ ਵਿਚ ਹੈ ਕਿ ਥੁੜਾਂ, ਮੁਸ਼ਕਲਾਂ, ਉਲਝਣਾਂ ਤੇ ਹੋਰ ਅਨੇਕਾਂ ਸੰਕਟਾਂ ਵਿਚ ਘਿਰੇ ਉਸ ਦੇ ਮਰਦ-ਇਸਤਰੀ, ਜਵਾਨ-ਬਾਲ-ਬਜ਼ੁਰਗ ਸਾਰੇ ਪਾਤਰ ਜੀਵਨ ਦੀ ਪ੍ਰਬਲ ਤਾਂਘ, ਸਾਹਸ, ਮਿਹਨਤ ਤੇ

ਸੰਘਰਸ਼ ਨੂੰ ਪ੍ਰਣਾਏ ਹੋਏ ਹਨ।[5] ਨਾਵਲ ਵਿਚ ਬਿਜੈ ਸਿੰਘ ਦੀਆਂ ਮੁਸ਼ਕਲਾਂ ਉਸਦੀਆਂ ਵਿਅਕਤੀਗਤ ਕਮਜ਼ੋਰੀਆਂ ਦਾ ਸਿੱਟਾ ਨਹੀਂ ਸਗੋਂ ਵਿਵਸਥਾ ਦੇ ਅਮਾਨਵੀ ਸਰੂਪ ਦਾ ਪ੍ਰਤਿਫ਼ਲ ਹਨ। ਅਮਾਨਵੀ ਪਰਿਸਥਿਤੀਆਂ ਵਿਚ ਵਿਚਰ ਰਿਹਾ ਪੰਜਾਬੀ ਕਿਸਾਨ ਸੰਤ ਸਿੰਘ ਸੇਖੋਂ ਨੂੰ ਇਕ ਯੋਧਾ ਹੀ ਜਾਪਦਾ ਹੈ, ਜਿਸਦੇ ਸੰਘਰਸ਼ਮਈ ਜੀਵਨ ਵਿਚ ਵਿਦਰੋਹ ਹੈ, ਗੁੱਸਾ ਹੈ ਤੇ ਸਫ਼ਲਤਾ ਦਾ ਯਕੀਨ ਵੀ ਹੈ। **ਲਹੂ ਮਿੱਟੀ** ਦਾ ਪ੍ਰਮੁੱਖ ਪਾਤਰ ਬਿਜੈ ਸਿੰਘ ਆਪਣੇ ਜੀਵਨ ਸੰਘਰਸ਼ ਦੌਰਾਨ ਜਿਹੜੀਆਂ ਕਠਿਨਾਈਆਂ ਤੇ ਮੁਸ਼ਕਲਾਂ ਦਾ ਸਾਹਮਣਾ ਕਰਦਾ ਹੈ, ਉਹ ਕਿਸੇ ਵੀਰ-ਗਾਥਾ ਦੇ ਨਾਇਕ ਦੀਆਂ ਕਠਿਨਾਈਆਂ ਤੇ ਮੁਸ਼ਕਲਾਂ ਤੋਂ ਘੱਟ ਨਹੀਂ ਹਨ। ਇਸ ਲਈ ਬਿਜੈ ਸਿੰਘ ਦੇ ਸਿਰੜ ਨੂੰ ਵਿਸ਼ਵ ਪ੍ਰਸਿੱਧ ਨਾਵਲ **Old Man and The Sea** ਦੇ ਨਾਇਕ ਬੁੱਢੇ ਮਾਹੀਗੀਰ ਨਾਲ ਤੁਲਨਾਇਆ ਜਾਂਦਾ ਹੈ।[6] **ਲਹੂ ਮਿੱਟੀ** ਨਾਵਲ ਦੇ ਸਾਰੇ ਹੀ ਪਾਤਰ ਪਰਿਸਥਿਤੀਆਂ ਨਾਲ ਘੁਲਦੇ ਨਜ਼ਰ ਆਉਂਦੇ ਹਨ। ਦਇਆ ਕੌਰ ਵੀ ਤਮਾਮ ਗੁੱਸੇ ਗਿਲਿਆਂ ਨੂੰ ਦਿਲ ਵਿਚ ਸਾਂਭੀ ਆਪਣੇ ਘਰ-ਪਰਿਵਾਰ ਲਈ ਲਹੂ-ਮਿੱਟੀ ਹੁੰਦੀ ਰਹਿੰਦੀ ਹੈ। ਇਸੇ ਲਈ ਡਾ. ਮਹਿਲ ਸਿੰਘ ਨੂੰ ਸਮੁੱਚੇ ਪਰਿਵਾਰ ਦੀ ਕਰੜੀ ਮੁਸ਼ੱਕਤ ਤੇ ਕੁਰਬਾਨੀ ਮਦਨ ਦੀ ਸਫ਼ਲਤਾ ਤੋਂ ਵੱਡੀ ਜਾਪਦੀ ਹੈ। ਸਫ਼ਲਤਾ ਤਾਂ ਰਚਨਾ ਦਾ ਕੇਵਲ ਅੰਤਲਾ ਰੂਪ ਹੈ। ਲਹੂ ਮਿੱਟੀ ਦੀ ਅਸਲ ਵਿਸ਼ੇਸ਼ਤਾ ਬਿਜੈ ਸਿੰਘ ਦੇ ਪਰਿਵਾਰ ਦੀ ਸਫ਼ਲਤਾ ਦਰਸਾਉਣ ਵਿਚ ਨਹੀਂ, ਸਗੋਂ ਉਸਦੀ ਪ੍ਰਾਪਤੀ ਲਈ ਸੂਈ ਦੇ ਨੱਕੇ ਵਿਚੋਂ ਲੰਘਣ ਵਾਂਗ ਤਾਰੇ ਮੁੱਲ ਨੂੰ ਪੇਸ਼ ਕਰਨ ਵਿਚ ਹੈ।

ਸੰਤ ਸਿੰਘ ਸੇਖੋਂ ਦੇ ਆਪਣੇ ਦੱਸਣ ਅਨੁਸਾਰ ਲਹੂ ਮਿੱਟੀ ਇਕ ਟ੍ਰੈਲਜ਼ੀ ਨਾਵਲ ਦਾ ਪਹਿਲਾ ਭਾਗ ਹੀ ਸੀ। ਇਸ ਦੇ ਦੋ ਭਾਗ ਅਜੇ ਰਚੇ ਜਾਣੇ ਸਨ, ਜਿਹੜੇ ਸੰਪੂਰਨ ਨਹੀਂ ਹੋ ਸਕੇ।[7] ਅਧੂਰੇ ਰੂਪ ਵਿਚ ਸੇਖੋਂ ਦੇ ਨਾਵਲ 'ਦੁੱਲੇ ਦੀ ਵਾਰ' ਦੇ ਚਾਰ-ਚਾਰ ਪੰਨਿਆਂ ਦੇ ਦੋ ਕਾਂਡ ('ਨਹੀਓਂ ਰੀਸ ਝਨਾਂ ਦੀ' ਅਤੇ 'ਨਵੇਂ ਆਬਾਦਕਾਰਾਂ ਦਾ ਕਾਫ਼ਲਾ') ਪ੍ਰਾਪਤ ਹੋਏ ਹਨ।[8] ਇਹ ਕਾਂਡ ਲਹੂ ਮਿੱਟੀ ਨਾਵਲ ਦੇ ਅਗਲੇ ਭਾਗਾਂ ਦੀ ਵਿਉਂਤ ਦਾ ਹੀ ਹਿੱਸਾ ਹੋ ਸਕਦੇ ਹਨ। ਲੇਖਕ ਦੀਆਂ 'ਏਹੁ ਨਿਦੋਸਾ ਮਾਰੀਐ', 'ਇਕ ਯੋਧੇ ਦੇ ਚਲਾਣਾ' ਤੇ 'ਅੰਤਮ ਵਿਦਾਇਗੀ' ਨਾਮੀ ਕਹਾਣੀਆਂ ਵੀ ਕਿਸਾਨੀ ਜੀਵਨ ਦੇ ਸੰਕਟ ਨੂੰ ਰੂਪਮਾਨ ਕਰਨ ਵਾਲੀ ਕਿਸੇ ਵੱਡੀ ਰਚਨਾ ਦਾ ਆਧਾਰ ਵਸਤੂ ਬਣ ਸਕਣ ਵਾਲੀਆਂ ਸੰਭਾਵਨਾਵਾਂ ਭਰਪੂਰ ਰਚਨਾਵਾਂ ਹਨ।

ਲਹੂ ਮਿੱਟੀ ਦੇ ਪ੍ਰਕਾਸ਼ਨ ਤੋਂ ਤਕਰੀਬਨ ਬਾਈ ਵਰ੍ਹੇ ਮਗਰੋਂ ਸੰਤ ਸਿੰਘ ਸੇਖੋਂ ਦਾ ਦੂਸਰਾ ਨਾਵਲ **ਬਾਬਾ ਆਸਮਾਨ** ਪਹਿਲਾਂ 'ਦ੍ਰਿਸ਼ਟੀ' ਦੇ ਅਗਸਤ 1971 ਅੰਕ ਵਿਚ ਛਪਣ ਉਪਰੰਤ 1973 ਈ. ਵਿਚ ਕਿਤਾਬੀ ਰੂਪ ਵਿਚ ਪ੍ਰਕਾਸ਼ਤ ਹੋਇਆ ਹੈ।[9] ਇਹ ਨਾਵਲ ਗ਼ਦਰ ਲਹਿਰ ਨਾਲ ਸੰਬੰਧਤ ਇਕ ਗ਼ਦਰੀ ਜਰਨੈਲ ਬਾਬਾ ਹਰੀ ਸਿੰਘ ਉਸਮਾਨ ਦੇ ਵਾਸਤਵਿਕ ਜੀਵਨ 'ਤੇ ਆਧਾਰਤ ਹੈ। 'ਬਾਬਾ ਹਰੀ ਸਿੰਘ ਉਸਮਾਨ ਦਾ ਜਨਮ 20 ਅਕਤੂਬਰ 1879 ਨੂੰ ਹੋਇਆ। 19 ਸਾਲ ਦੀ ਉਮਰ ਵਿਚ ਆਪ ਫ਼ੌਜ ਵਿਚ ਭਰਤੀ ਹੋ ਗਏ। ਅਣਖ਼ੀਲੇ ਸੁਭਾਅ ਦੇ ਹੋਣ ਕਰਕੇ ਸਾਢੇ ਛੇ ਸਾਲ ਮਗਰੋਂ ਨੌਕਰੀ ਛੱਡ ਕੇ ਖੇਤੀਬਾੜੀ ਕਰਨ ਲੱਗ ਪਏ ਅਤੇ 30 ਅਕਤੂਬਰ 1907 ਈ. ਨੂੰ ਰੋਜ਼ੀ-ਰੋਟੀ ਲਈ ਫ਼ਿਲਪਾਈਨ ਚਲੇ ਗਏ। ਫਿਰ ਅਮਰੀਕਾ ਪਹੁੰਚ ਕੇ ਅਤੇ 200 ਏਕੜ ਜ਼ਮੀਨ ਠੇਕੇ 'ਤੇ ਲੈ ਕੇ ਕਪਾਹ ਦੀ ਖੇਤੀ ਕਰਨ ਲੱਗ ਪਏ। ਆਪ ਬੇਹੱਦ ਮਿਹਨਤੀ ਤੇ ਸਿਰੜੀ ਇਨਸਾਨ ਸਨ। ਇਸ ਸਮੇਂ ਦੌਰਾਨ ਹੀ ਉਨ੍ਹਾਂ ਦਾ ਸੰਪਰਕ ਗ਼ਦਰ ਪਾਰਟੀ ਨਾਲ ਹੋਇਆ ਤੇ ਇਸ ਦੇ ਪੱਕੇ ਮੈਂਬਰ ਬਣ ਗਏ।

ਪਾਰਟੀ ਦੇ ਫ਼ੈਸਲੇ ਅਨੁਸਾਰ ਆਪਣੇ ਕੁਝ ਸਾਥੀਆਂ ਸਮੇਤ 15 ਅਪਰੈਲ 1915 ਨੂੰ ਜਰਮਨ ਕੌਂਸਲ ਦੀ ਮੱਦਦ ਨਾਲ ਅਮਰੀਕਾ ਤੋਂ ਹਿੰਦੁਸਤਾਨ ਦੀ ਗ਼ਦਰ ਪਾਰਟੀ ਵਾਸਤੇ ਹਥਿਆਰਾਂ ਦਾ ਭਰਿਆ ਸਮੁੰਦਰੀ ਜਹਾਜ਼ ਲੈ ਕੇ ਰਵਾਨਾ ਹੋ ਗਏ, ਪਰੰਤੂ ਪੰਜ ਕੁ ਮਹੀਨਿਆਂ ਮਗਰੋਂ ਹੀ ਆਪ ਫੜੇ ਗਏ। ਜਕਾਰਤਾ (ਜਾਵਾ) ਵਿਖੇ ਆਪ ਕਿਸੇ ਤਰ੍ਹਾਂ ਬਚ ਨਿੱਕਲੇ ਅਤੇ ਉਥੋਂ ਦੇ ਪਹਾੜੀ ਖੇਤਰ 'ਗੰਗਹਾਲੂ' ਦੇ ਜੰਗਲਾਂ ਵਿਚ ਤਕਰੀਬਨ ਬਾਈ-ਤੇਈ ਸਾਲ 'ਉਸਮਾਨ ਖਾਂ' ਦੇ ਨਾਮ ਹੇਠ ਗੁਪਤਵਾਸ ਜੀਵਨ ਬਤੀਤ ਕਰਦੇ ਰਹੇ। ਬਾਬਾ ਉਸਮਾਨ ਇੱਥੋਂ 1938 ਵਿਚ ਗ਼ਦਰ ਦੇ ਦੂਜੇ ਪੜਾਅ ਦੀ ਤਿਆਰੀ ਲਈ ਚੱਲ ਪਏ ਅਤੇ ਆਜ਼ਾਦ ਹਿੰਦ ਲੀਗ ਤੇ ਫ਼ੌਜ ਵਿਚ ਕ੍ਰਾਂਤੀਕਾਰੀ ਕੰਮ ਦੀ ਉਸਾਰੀ ਕਰਦੇ ਰਹੇ। ਕੁਝ ਸਮਾਂ ਡੱਚ ਸਾਮਰਾਜੀਆਂ ਦੀ ਕੈਦ ਕੱਟਣ ਉਪਰੰਤ ਆਪ ਇਕ ਅਕਤੂਬਰ 1948 ਨੂੰ ਆਪਣੇ ਜੱਦੀ ਪਿੰਡ ਬੱਦੋਵਾਲ ਪਰਤ ਆਏ'।[10] **ਬਾਬਾ ਆਸਮਾਨ** ਇਸ ਅਣਖ਼ੀਲੇ ਤੇ ਦੇਸ਼ ਦੀ ਆਜ਼ਾਦੀ ਲਈ ਬੇਮਿਸਾਲ ਕੁਰਬਾਨੀਆਂ ਕਰਨ ਵਾਲੇ ਯੋਧੇ ਦੇ ਇਨ੍ਹਾਂ ਵਾਸਤਵਿਕ ਜੀਵਨ ਸਮਾਚਾਰਾਂ ਉਪਰ ਆਧਾਰਤ ਇਕ ਜੀਵਨੀਮੂਲਕ ਨਾਵਲ ਹੈ। ਨਾਵਲ ਵਿਚ ਵੀਹਵੀਂ ਸਦੀ ਦੇ ਆਰੰਭਕ ਦਹਾਕਿਆਂ ਦੌਰਾਨ ਪੰਜਾਬੀ ਕਿਸਾਨ ਦੀ ਨਿੱਘਰਦੀ ਹਾਲਤ, ਸਮਾਜਕ ਕਦਰਾਂ-ਕੀਮਤਾਂ, ਸਭਿਆਚਾਰ ਤੇ ਭੂਗੋਲਿਕ ਹਾਲਤਾਂ ਬਾਰੇ ਭਰਪੂਰ ਜਾਣਕਾਰੀ ਪ੍ਰਦਾਨ ਕਰਦਿਆਂ ਉਸ ਸਮੇਂ ਦੇ ਇਤਿਹਾਸ ਨੂੰ ਵੀ ਖ਼ੂਬਸੂਰਤੀ ਸਹਿਤ ਉਘਾੜਿਆ ਗਿਆ ਹੈ। ਨਾਵਲ ਦਾ ਕੈਨਵਸ ਵਿਸ਼ਾਲ ਹੋਣ ਸਦਕਾ ਇਹ ਪੰਜਾਬ ਤੇ ਭਾਰਤ ਸਮੇਤ ਸਮੁੱਚੇ ਵਿਸ਼ਵ ਨੂੰ ਹੀ ਆਪਣੇ ਕਲਾਵੇ ਵਿਚ ਲੈ ਲੈਂਦਾ ਹੈ।

ਬਹੁ-ਪਰਤੀ ਸੰਕਟਾਂ ਵਿਚ ਗ੍ਰਸੀ ਹੋਈ ਛੋਟੀ ਪੰਜਾਬੀ ਕਿਸਾਨੀ ਦੇ ਇਕ ਪਰਿਵਾਰ ਵਿਚ ਸਾਵਾ ਚਾਰ ਭਰਾਵਾਂ ਵਿਚ ਦੂਜੇ ਥਾਂ 'ਤੇ ਹੈ। ਨਾਵਲ ਵਿਚ ਉਹ ਤਿੰਨ ਨਾਵਾਂ-ਸਾਵਾ, ਸਾਵਣ ਸਿੰਘ ਤੇ ਮੁਹੰਮਦ ਉਸਮਾਨ ਨਾਲ ਵਿਚਰਦਾ ਹੈ। ਆਰਥਿਕ ਦੁਸ਼ਵਾਰੀਆਂ ਦਾ ਸਤਾਇਆ, ਪਹਿਲਵਾਨੀ ਦਾ ਸ਼ੌਕ ਦਿਲ ਵਿਚ ਦਬਾ ਕੇ ਉਹ ਗੁਆਂਢੀ ਪਿੰਡ ਦੇ ਸਫ਼ੈਦਪੋਸ਼ ਦਿਆਲ ਸਿੰਘ ਦੀ ਸਹਾਇਤਾ ਨਾਲ ਸ਼ੰਘਾਈ (ਚੀਨ) ਪਹੁੰਚ ਜਾਂਦਾ ਹੈ। ਇਹ ਨਾਵਲ ਪਰਵਾਸ ਨੂੰ ਕਿਸਾਨੀ ਦੀ ਆਰਥਿਕ ਮੰਦਹਾਲੀ ਦੇ ਇਕ ਵਧੀਆ ਬਦਲ ਵਜੋਂ ਸੁਝਾਉਂਦਾ ਪ੍ਰਤੀਤ ਹੁੰਦਾ ਹੈ। ਸਾਵਣ ਦਾ ਇਕ ਵੱਡਾ ਭਰਾ ਫ਼ੌਜ ਵਿਚ ਸਿਪਾਹੀ ਹੈ। ਫ਼ੌਜ ਦੀ ਨੌਕਰੀ ਵੀ ਪੰਜਾਬੀ ਕਿਸਾਨੀ ਲਈ ਇਕ ਵੱਡਾ ਪੇਸ਼ਾਵਰ ਬਦਲ ਰਿਹਾ ਹੈ। ਪੰਜਾਬ ਦੇ ਪੇਂਡੂ ਜੀਵਨ ਦੀਆਂ ਸਮਾਜਕ ਦੁਸ਼ਵਾਰੀਆਂ ਪ੍ਰਤਿ ਵੀ ਸੰਤ ਸਿੰਘ ਸੇਖੋਂ ਪੂਰੀ ਤਰ੍ਹਾਂ ਸੁਚੇਤ ਹੈ। ਈਰਖਾ, ਬਦਲਾਖ਼ੋਰੀ, ਕਤਲ, ਮੁਕੱਦਮੇਬਾਜ਼ੀ, ਅਣ-ਵਿਆਹੇ ਰਹਿ ਜਾਣ ਅਤੇ ਹੋਰ ਅਨੇਕਾਂ ਬਿਪਤਾਵਾਂ/ਅਲਾਮਤਾਂ ਨੂੰ ਉਸਨੇ ਆਪਣੇ ਨਾਵਲਾਂ ਵਿਚ ਸਹਿਜਤਾ ਤੇ ਸੁੱਘੜਤਾ ਸਹਿਤ ਉਭਾਰਿਆ ਹੈ।

ਬਾਬਾ ਆਸਮਾਨ ਨਾਵਲ ਦਾ ਵਸਤੂ-ਕਾਲ ਵੀ **ਲਹੂ ਮਿੱਟੀ** ਵਾਲਾ ਪਹਿਲੇ ਤੇ ਦੂਜੇ ਸੰਸਾਰ ਯੁੱਧ ਵੇਲੇ ਦਾ ਹੀ ਹੈ। ਬਾਬਾ ਆਸਮਾਨ ਨਾਵਲ ਦੀ ਕਥਾ-ਵਸਤੂ ਦੀ ਇਕ ਤੰਦ ਵੀ **ਲਹੂ ਮਿੱਟੀ** ਨਾਲ ਸਾਂਝੀ ਹੈ, ਜਿਹੜੀ ਨਿਮਨ ਕਿਸਾਨੀ ਦੀ ਆਰਥਿਕ ਮੰਦਹਾਲੀ ਤੇ ਉਸ ਵਿਚੋਂ ਪੈਦਾ ਹੋਈ ਤਣਾਅਪੂਰਨ ਸਥਿਤੀ ਨਾਲ ਸੰਬੰਧਤ ਹੈ। ਦੂਸਰੀ ਗ਼ਦਰੀ ਬਾਬਾ ਆਸਮਾਨ ਦੀ ਕਹਾਣੀ ਹੈ, ਜਿਸ ਨੂੰ ਨਾਇਕ ਬਣਾ ਕੇ ਸੰਤ ਸਿੰਘ ਸੇਖੋਂ ਦੁਆਰਾ ਸੰਸਾਰ ਭਰ ਵਿਚ ਵਾਪਰ ਰਹੀਆਂ ਰਾਜਨੀਤਕ ਗਤੀਵਿਧੀਆਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਆਰਥਿਕ ਮੰਦਹਾਲੀ ਕਾਰਨ ਵਿਸ਼ੇਸ਼ ਪਹੁੰਚ ਕੇ ਬਾਬਾ ਆਸਮਾਨ

ਉਰਫ਼ ਸਾਵਣ ਸਿੰਘ ਅੰਦਰ ਰਾਸ਼ਟਰੀ ਚੇਤਨਾ ਜਾਗ ਪੈਂਦੀ ਹੈ ਅਤੇ ਉਸ ਅੰਦਰ ਆਜ਼ਾਦੀ ਦੀ ਤਾਂਘ ਅੰਗੜਾਈਆਂ ਲੈਣ ਲਗਦੀ ਹੈ। ਸ਼ੰਘਾਈ ਪਹੁੰਚ ਕੇ ਹੀ ਉਸਦੀਆਂ ਰਾਜਨੀਤਕ ਸਰਗਰਮੀਆਂ ਸ਼ੁਰੂ ਹੋ ਜਾਂਦੀਆਂ ਹਨ। ਚੀਨ ਤੇ ਅਮਰੀਕਾ ਫੇਰੀਆਂ ਦੌਰਾਨ ਉਸ ਨੂੰ ਵੱਡੇ ਕਿਸਾਨਾਂ ਤੇ ਵਪਾਰੀਆਂ ਦੁਆਰਾ ਛੋਟੇ ਕਿਸਾਨਾਂ ਤੇ ਕਾਮਿਆਂ ਦੀ ਹੋ ਰਹੀ ਲੁੱਟ-ਖਸੁੱਟ ਦਾ ਤੀਬਰ/ਪ੍ਰਤੱਖ ਅਨੁਭਵ ਹੁੰਦਾ ਹੈ। ਫ਼ਲਸਰੂਪ 'ਬਾਬਾ ਆਸਮਾਨ' ਤੇ ਹੋਰਨਾਂ ਦੇਸ਼ ਭਗਤਾਂ ਦੀ ਪ੍ਰੇਰਨਾ ਨਾਲ ਆਜ਼ਾਦੀ-ਸੰਗਰਾਮ ਵਿਚ ਸ਼ਾਮਲ ਹੋ ਕੇ ਕਿਸਾਨਾਂ ਤੇ ਕਾਮਿਆਂ ਦੁਆਰਾ ਸੁਹਿਰਦਤਾ ਵਿਖਾਉਣ ਦੇ ਵੇਰਵੇ ਵੀ ਨਾਵਲ ਵਿਚ ਦਰਜ ਹਨ। ਇਉਂ **ਬਾਬਾ ਆਸਮਾਨ** ਵਿਸ਼ਵ ਸੰਦਰਭ ਵਿਚ ਵੀਹਵੀਂ ਸਦੀ ਦੇ ਪਹਿਲੇ ਅੱਧ ਦੀਆਂ ਭਰਪੂਰ ਤਬਦੀਲੀਆਂ, ਆਜ਼ਾਦੀ ਅੰਦੋਲਨ, ਦੂਸਰੀ ਸੰਸਾਰ ਜੰਗ, ਗ਼ਦਰ ਲਹਿਰ, ਸੁਭਾਸ਼ ਚੰਦਰ ਬੋਸ ਆਦਿ ਬਾਰੇ ਭਰਪੂਰ ਜਾਣਕਾਰੀ ਤੇ ਮੁੱਲਵਾਨ ਅੰਤਰ- ਦ੍ਰਿਸ਼ਟੀਆਂ ਨਾਲ ਭਰਪੂਰ ਰਚਨਾ ਹੈ। ਅਸਲ ਵਿਚ ਸੰਤ ਸਿੰਘ ਸੇਖੋਂ ਨੇ ਬਾਬਾ ਆਸਮਾਨ ਰਾਹੀਂ ਪੰਜਾਬੀ ਬੰਦੇ ਦੀਆਂ ਕਦੀਮੀ, ਬਲਸ਼ਾਲੀ ਤੇ ਦਿਲਚਸਪ ਜੀਵਨ ਰੌਆਂ ਦਾ ਪ੍ਰਤਿਨਿਧ ਚਰਿੱਤਰ ਬੜੀ ਖ਼ੂਬਸੂਰਤੀ ਸਹਿਤ ਉਸਾਰਿਆ ਹੈ।[11] ਸ਼ਾਇਦ ਇਸ ਸਦਕਾ ਹੀ ਡਾ. ਰਘਬੀਰ ਸਿੰਘ ਨੇ ਵੀ ਇਸ ਨਾਵਲ ਵਿਚ ਗ਼ਦਰੀ ਦੇਸ਼ ਭਗਤ ਹਰੀ ਸਿੰਘ ਉਸਮਾਨ ਦੇ ਜੀਵਨ-ਬਿਰਤਾਂਤ ਨੂੰ ਤਤਕਾਲੀਨ ਸਮਾਜਕ- ਰਾਜਨੀਤਕ ਚੌਖ਼ਟੇ ਦੇ ਅੰਤਰਗਤ ਪੇਸ਼ ਕੀਤਾ ਗਿਆ ਹੋਣ ਕਰਕੇ, ਯਥਾਰਥਵਾਦੀ ਨਾਵਲ ਵਜੋਂ ਵਾਚਣਾ ਹੀ ਯੋਗ ਸਮਝਿਆ ਹੈ।[12] ਇਕ ਯਥਾਰਥਵਾਦੀ ਨਾਵਲਕਾਰ ਹੋਣ ਕਰਕੇ ਹੀ ਸੰਤ ਸਿੰਘ ਸੇਖੋਂ ਨੇ ਆਪਣੇ ਨਾਵਲਾਂ ਵਿਚ ਪਾਤਰ ਉਸਾਰੀ ਵੱਲ ਵਧੇਰੇ ਧਿਆਨ ਦਿੱਤਾ ਹੈ। ਉਸ ਦੇ ਪਾਤਰ ਹੱਡ-ਮਾਸ ਦੇ ਪੁਤਲੇ ਹਨ ਅਤੇ ਪ੍ਰਤਿਕੂਲ ਜੀਵਨ ਸਥਿਤੀਆਂ ਦਾ ਆਪਣੀ ਸਾਰੀ ਸੂਝ ਅਤੇ ਸਮਰੱਥਾ ਨਾਲ ਟਾਕਰਾ ਕਰਦੇ ਨਜ਼ਰ ਆਉਂਦੇ ਹਨ। **ਬਾਬਾ ਅਸਮਾਨ** ਨਾਵਲ ਵਿਚ ਵੀ ਸਾਵਣ ਸਿੰਘ ਕਈ ਵਾਰ ਮੁਸੀਬਤਾਂ ਵਿਚ ਫਸਦਾ ਹੈ ਪਰ ਉਹ ਕਦੇ ਵੀ ਡੋਲਦਾ/ਘਬਰਾਉਂਦਾ ਨਹੀਂ, ਸਗੋਂ ਸਾਰੇ ਸੰਕਟਾਂ ਵਿਚੋਂ ਹੋਰ ਵਧੇਰੇ ਪ੍ਰੌਢ, ਪਰਿਪੱਕ ਤੇ ਸੂਝਵਾਨ ਹੋ ਕੇ ਨਿੱਕਲਦਾ ਹੈ। ਇਉ ਇਕ ਸਾਧਾਰਨ ਕਿਸਾਨੀ ਪਿਛੋਕੜ ਵਾਲੇ ਪਾਤਰ ਨੂੰ ਜੀਵਨ ਦੀਆਂ ਵਾਸਤਵਿਕ ਤੇ ਕਠੋਰ ਪਰਿਸਥਿਤੀਆਂ ਵਿਚੋਂ ਲੰਘਾ ਕੇ, ਇਨਕਲਾਬੀ ਚੇਤਨਾ ਵਾਲੇ ਯੋਧੇ ਦੇ ਰੂਪ ਵਿਚ ਪਰਿਵਰਤਤ ਹੁੰਦਾ ਵਿਖਾਇਆ ਗਿਆ ਹੈ।

ਸੰਤ ਸਿੰਘ ਸੇਖੋਂ ਦਾ ਜੀਵਨ ਅਨੁਭਵ ਤੇ ਕਲਾਤਮਕ ਸੂਝ ਆਪਣੇ ਪੂਰਵਵਰਤੀ ਨਾਵਲਕਾਰਾਂ ਨਾਲੋਂ ਵਧੇਰੇ ਵਿਸ਼ਾਲ, ਯਥਾਰਥਕ ਤੇ ਪ੍ਰੌਢ ਹੋਣ ਸਦਕਾ ਉਸ ਦੀਆਂ ਰਚਨਾਵਾਂ ਵਿਚੋਂ ਇਕ ਵਿਸ਼ੇਸ਼ ਭਾਂਤ ਦੀ ਗੁਣਾਤਮਕ ਵਿਲੱਖਣਤਾ ਦ੍ਰਿਸ਼ਟੀਗੋਚਰ ਹੁੰਦੀ ਹੈ। ਫ਼ਲਸਰੂਪ ਉਸ ਦੇ ਨਾਵਲਾਂ ਦੇ ਪਾਤਰ ਤੇ ਘਟਨਾਵਾਂ ਕੇਵਲ ਆਪਣੇ ਆਪ ਵਿਚ ਹੀ ਵਾਸਤਵਿਕ ਨਹੀਂ, ਸਗੋਂ ਪ੍ਰਤਿਨਿਧ ਰੂਪ ਵਿਚ ਸਮੁੱਚੇ ਸਮਾਜਕ ਜੀਵਨ ਦੇ ਅੰਤਰ-ਵਿਰੋਧਾਂ ਦੀ ਵੀ ਪ੍ਰਤਿਨਿਧਤਾ ਕਰਦੇ ਹਨ।[13] ਉਸ ਦੀ ਰਚਨਾਕਾਰੀ ਦੀ ਵਿਸ਼ੇਸ਼ਤਾ/ਵਿਲੱਖਣਤਾ ਇਸ ਗੱਲ ਵਿਚ ਹੈ ਕਿ ਉਹ ਵਾਸਤਵਿਕ ਸਥਿਤੀ ਦਾ ਵਰਣਨ ਮਾਤਰ ਹੀ ਨਹੀਂ ਕਰਦਾ ਸਗੋਂ ਇਸ ਦੇ ਬੌਧਿਕ ਵਿਸ਼ਲੇਸ਼ਣ ਦੇ ਨਾਲ-ਨਾਲ ਮੌਲਿਕ ਅੰਤਰ-ਦ੍ਰਿਸ਼ਟੀਆਂ ਸਿਰਜਣ ਦੀ ਸਮਰੱਥਾ ਵੀ ਰੱਖਦਾ ਹੈ।[14] ਨਿਰਸੰਦੇਹ ਸੰਤ ਸਿੰਘ ਸੇਖੋਂ ਨੇ ਨਿਮਨ ਪੰਜਾਬੀ ਕਿਸਾਨੀ ਜੀਵਨ ਦੇ ਵਿਭਿੰਨ ਪੱਖਾਂ/ਸਰੋਕਾਰਾਂ ਨੂੰ 'ਲਹੂ ਮਿੱਟੀ' ਤੇ 'ਬਾਬਾ ਆਸਮਾਨ' ਨਾਵਲਾਂ ਵਿਚ ਯਥਾਰਥਕ ਤੇ ਭਾਵਪੂਰਤ ਰੂਪ ਵਿਚ ਚਿਤਰਿਆ ਤੇ ਚਿਤਵਿਆ ਹੈ। ਆਸ ਕੀਤੀ ਜਾ ਸਕਦੀ ਹੈ ਕਿ ਆਪਣੇ ਅਜਿਹੇ ਗੁਣਾਂ ਸਦਕਾ, ਪੰਜਾਬੀ ਸਾਹਿਤ ਜਗਤ ਵਿਚ ਇਨ੍ਹਾਂ ਨਾਵਲਾਂ ਦਾ ਸਾਹਿਤਕ ਤੇ ਇਤਿਹਾਸਕ ਮਹੱਤਵ ਹਮੇਸ਼ਾ ਬਣਿਆ ਰਹੇਗਾ।

ਟਿੱਪਣੀਆਂ ਤੇ ਹਵਾਲੇ

1. (i) "ਉਸ (ਸੇਖੋਂ) ਨੇ 1936 ਵਿਚ ਆਪਣਾ ਨਾਵਲ ਲਹੂਮਿੱਟੀ ਲਿਖਿਆ, ਜਿਸ ਨੂੰ ਪਹਿਲਾਂ ਉਸ ਨੇ ਅੰਗਰੇਜ਼ੀ ਵਿਚ ਲਿਖਿਆ ਸੀ" ਪ੍ਰੋ. ਹਰਦਿਆਲ ਸਿੰਘ, 'ਸੇਖੋਂ: ਜੀਵਨ ਤੇ ਵਿਚਾਰ', ਸਾਹਿਤ ਸਮਾਚਾਰ (ਸੰਤ ਸਿੰਘ ਸੇਖੋਂ ਅੰਕ), ਲਾਹੌਰ ਬੁੱਕ ਸ਼ਾਪ ਲੁਧਿਆਣਾ, ਪੰਨਾ 341
   (ii) "ਕਹਿੰਦੇ ਹਨ ਕਿ ਇਹ ਨਾਵਲ (ਲਹੂਮਿੱਟੀ) ਪਹਿਲਾਂ ਅੰਗ੍ਰੇਜ਼ੀ ਵਿਚ ਲਿਖਿਆ ਗਇਆ ਸੀ, 'ਭਲੋਦ ਓਨਦ ਸ਼ੋਲਿ' ਨਾਮ ਹੇਠ ਅਤੇ ਫਿਰ ਇਸ ਦਾ ਅਨੁਵਾਦ ਸੇਖੋਂ ਨੇ ਪੰਜਾਬੀ ਵਿਚ ਕੀਤਾ ..."_ ਪ੍ਰੋ. ਹਿੰਮਤ ਸਿੰਘ ਸੋਢੀ, 'ਲਹੂ ਮਿੱਟੀ', ਸਾਹਿਤ ਸਮਾਚਾਰ (ਸੰਤ ਸਿੰਘ ਸੇਖੋਂ ਅੰਕ), ਪੰਨਾ 482
   (iii) "ਇਸ ਨਾਵਲ ਦੇ ਅੰਗਰੇਜ਼ੀ ਵਿਚ ਪਹਿਲਾਂ ਲਿਖੇ ਜਾਣ ਦੇ ਕਾਰਨ ਕਈ ਸ਼ਬਦ ਤੇ ਮੁਹਾਵਰੇ ਨਿਰੋਲ ਅੰਗਰੇਜ਼ੀ ਜੀਵਨ ਦੇ ਆ ਗਏ ਹਨ।" ਹਰਭਜਨ ਸਿੰਘ ਹੁੰਦਲ, 'ਸੰਤ ਸਿੰਘ ਸੇਖੋਂ ਦੀ ਨਾਵਲ-ਕਲਾ', ਸਾਹਿਤ ਸਮਾਚਾਰ (ਸੰਤ ਸਿੰਘ ਸੇਖੋਂ ਅੰਕ), ਪੰਨਾ 489
   (iv) "ਪਹਿਲੀ ਵੱਡੀ ਗੱਲ ਇਹ ਹੈ ਕਿ ਸੰਤ ਸਿੰਘ ਸੇਖੋਂ ਨੇ ਪਹਿਲੋਂ ਇਹ ਰਚਨਾ ਅੰਗਰੇਜ਼ੀ ਵਿਚ ਕੀਤੀ ਸੀ। ....ਅੰਗ੍ਰੇਜ਼ੀ ਵਿਚ ਇਸ ਦਾ ਖਰੜਾ 1940 ਤੋਂ ਪਹਿਲੋਂ ਤਿਆਰ ਹੋ ਚੁੱਕਾ ਸੀ ਅਤੇ ਇਸ ਦਾ ਪੰਜਾਬੀ ਵਿਚ ਅਨੁਵਾਦ 1947 ਤੋਂ ਪਿੱਛੋਂ ਜਾਂ ਘੱਟੋ-ਘੱਟ ਇਹ ਪਰਕਾਸ਼ਤ ਕਿਤੇ ਜਾ ਕੇ ਵੰਡ ਤੋਂ ਕੁਝ ਸਾਲ ਪਿੱਛੋਂ ਹੋਈ। ਇਸ ਕਰਕੇ ਕਿਹਾ ਜਾ ਸਕਦਾ ਹੈ ਕਿ ਇਸ ਦੀ ਰਚਨਾ 1930 ਦੇ ਦਹਾਕੇ ਦੀ ਅੰਗ੍ਰੇਜ਼ੀ ਨਾਵਲ ਦੇ ਅਧੀਨ ਵਿਸ਼ੇਸ਼ ਕਰਕੇ ਹੋਈ ਹੋਵੇਗੀ ..." ਪ੍ਰੋ. ਗੁਰਚਰਨ ਸਿੰਘ, 'ਵੰਡ ਪਿੱਛੋਂ ਦਾ ਪੰਜਾਬੀ ਨਾਵਲ', ਸਾਹਿਤ ਸਮਾਚਾਰ (ਉਪਨਿਆਸਕਾਰ ਅੰਕ), ਜੁਲਾਈ-ਦਸੰਬਰ 1961, ਪੰਨਾ 247
   (v) "His novel Lahu Mitti (Blood and Soil) published in 1948 wa hailed as a realistic portrayal of peasant life in Punjab during the first thirty years of 20th century" Sant Singh Sekhon, Kartar Singh Duggal, A History of Punjabi Literature', Sahitya Akademi, New Delhi, 1992, p 251
   (vi) ''....ਇਹ ਨਾਵਲ ਪਹਿਲੀ ਵਾਰ ਪ੍ਰੋ. ਮੋਹਨ ਸਿੰਘ ਨੇ ਹਿੰਦ ਪਬਲਿਸ਼ਰਜ਼ ਦੀ ਤਰਫ਼ੋਂ 1948 ਈ. ਵਿਚ ਛਾਪਣ ਦਾ ਪ੍ਰਯਤਨ ਕੀਤਾ ਸੀ ਪਰੰਤੂ ਸ. ਜੀਵਨ ਸਿੰਘ (ਲਾਹੌਰ ਬੁੱਕ ਸ਼ਾਪ) ਇਸ ਦੇ ਛਪੇ ਪੰਨਿਆਂ ਨੂੰ ਚੁੱਕ ਕੇ ਲੈ ਗਿਆ ਅਤੇ ਅਗਲੇ ਵਰ੍ਹੇ ਇਸ ਨੂੰ ਪ੍ਰਕਾਸ਼ਿਤ ਕਰ ਦਿੱਤਾ। 'ਲਹੂ ਮਿੱਟੀ' ਨਾਵਲ ਦੇ ਬਿਰਤਾਂਤ ਨੂੰ ਇਸ ਦੇ ਛਪਣ ਤੋਂ ਪੰਜ-ਸੱਤ ਵਰ੍ਹੇ ਪਹਿਲਾਂ ਸੇਖੋਂ ਨੇ ਅੰਗਰੇਜ਼ੀ ਭਾਸ਼ਾ ਵਿਚ ਲਿਖਿਆ ਸੀ। ਪਰ ਅੰਗਰੇਜ਼ੀ ਵਿਚ ਇਸ ਦੇ ਪ੍ਰਕਾਸ਼ਨ ਦੀ ਵਿਵਸਥਾ ਨਾ ਹੋ ਸਕੀ, ਜਿਸ ਕਾਰਨ ਲੇਖਕ ਨੇ ਪੰਜਾਬੀ ਭਾਸ਼ਾ ਵਿਚ ਇਸ ਦਾ ਪੁਨਰ-ਲੇਖਣ ਕਰ ਦਿੱਤਾ। ..."_ਪ੍ਰੋ. ਬ੍ਰਹਮਜਗਦੀਸ਼ ਸਿੰਘ, ਸੰਤ ਸਿੰਘ ਸੇਖੋਂ: ਜੀਵਨ ਤੇ ਰਚਨਾ, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 2011, ਪੰਨਾ 57
   (vii) 'ਲਹੂ ਮਿੱਟੀ' : ਸੰਤ ਸਿੰਘ ਸੇਖੋਂ ਨੇ ਇਹ ਨਾਵਲ ਪਹਿਲਾਂ ਅੰਗਰੇਜ਼ੀ ਵਿਚ ਭਲੋਦ ਓਨਦ ਓਓਰਟਹ ਸਿਰਲੇਖ ਹੇਠ ਲਿਖਿਆ ਸੀ, ਜੋ ਸ਼ਾਇਦ ਅੰਗਰੇਜ਼ੀ ਵਿਚ ਪ੍ਰਕਾਸ਼ਤ ਨਾ ਹੋ ਸਕਿਆ। ਖ਼ੁਦ ਸੰਤ ਸਿੰਘ ਸੇਖੋਂ ਨੇ ਇਸ ਦਾ ਪੰਜਾਬੀ ਅਨੁਵਾਦ 1949 ਵਿਚ ਛਪਵਾਇਆ। ..."_ਡਾ. ਜਸਵਿੰਦਰ ਸਿੰਘ, ਸੰਤ ਸਿੰਘ ਸੇਖੋਂ: ਜੀਵਨ ਤੇ ਰਚਨਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013, ਪੰਨਾ 83
   (viii) "...ਮੈਨੂੰ ਇਸ ਗੱਲ ਦੀ ਖ਼ਾਸ ਖੁਸ਼ੀ ਹੈ ਕਿ 'ਲਹੂ ਮਿੱਟੀ' ਨਾਵਲ ਜਿਹੜਾ ਉਹਨਾਂ (ਸੰਤ ਸਿੰਘ ਸੇਖੋਂ) ਅੰਗਰੇਜ਼ੀ ਵਿਚ'ਬਲੱਡ ਐਂਡ ਅਰਥ' ਦੇ ਨਾਂ ਥੱਲੇ ਲਿਖਿਆ ਸੀ, ਨੈਸ਼ਨਲ ਬੁੱਕ ਟਰੱਸਟ ਵੱਲੋਂ ਮੂਲ ਰੂਪ ਵਿਚ ਛਪ ਰਿਹਾ ਹੈ।..." _ਅਵਤਾਰ ਸਿੰਘ ਬਿਲਿੰਗ, 'ਸੰਜੀਦਾ ਆਲੋਚਕ ਡਾ. ਤੇਜਵੰਤ ਸਿੰਘ ਗਿੱਲ', ਸਿਰਜਣਾ-172, ਅਪਰੈਲ-ਜੂਨ 2014, ਪੰਨਾ 43
2. (ਡਾ.) ਮਹਿਲ ਸਿੰਘ, 'ਲਹੂ ਮਿੱਟੀ ਦਾ ਪੰਜਾਬੀ ਨਾਵਲ ਵਿਚ ਸਥਾਨ', ਬਿਕਰਮ ਸਿੰਘ ਘੁੰਮਣ (ਡਾ.) (ਸੰਪਾ.), ਸੰਤ ਸਿੰਘ ਸੇਖੋਂ: ਰਚਨਾ ਸੰਸਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1998, ਪੰਨਾ 131
3. (ਡਾ.) ਜੋਗਿੰਦਰ ਸਿੰਘ ਰਾਹੀ, ਸਮਾਂ ਤੇ ਸੰਵਾਦ, ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ, ਜੂਨ 1997, ਪੰਨਾ 22.
4. (ਡਾ.) ਟੀ. ਆਰ. ਵਿਨੋਦ, ਪੰਜਾਬੀ ਨਾਵਲ ਦਾ ਸੰਸਕ੍ਰਿਤਿਕ ਅਧਿਐਨ, ਲੋਕਗੀਤ ਪ੍ਰਕਾਸ਼ਨ, ਸਰਹਿੰਦ, 1990, ਪੰਨਾ 159
5. ਡਾ. ਜਸਵਿੰਦਰ ਸਿੰਘ, ਸੰਤ ਸਿੰਘ ਸੇਖੋਂ: ਜੀਵਨ ਤੇ ਰਚਨਾ, 2013, ਪੰਨਾ 90, 91
6. ਪ੍ਰੋ. ਹਿੰਮਤ ਸਿੰਘ ਸੋਢੀ, 'ਲਹੂ ਮਿੱਟੀ', ਸਾਹਿਤ ਸਮਾਚਾਰ (ਸੰਤ ਸਿੰਘ ਸੇਖੋਂ ਅੰਕ), ਪੰਨਾ 478.
7. ਪ੍ਰੋ. ਗੁਰਚਰਨ ਸਿੰਘ,'ਵੰਡ ਪਿੱਛੋਂ ਦਾ ਪੰਜਾਬੀ ਨਾਵਲ', ਸਾਹਿਤ ਸਮਾਚਾਰ (ਉਪਨਿਆਸਕਾਰ ਅੰਕ), ਜੁਲਾਈ-ਦਸੰਬਰ 1961, ਪੰਨਾ 247
8. ਡਾ. ਜਸਵਿੰਦਰ ਸਿੰਘ, ਸੰਤ ਸਿੰਘ ਸੇਖੋਂ : ਜੀਵਨ ਤੇ ਰਚਨਾ, 2013, ਪੰਨਾ 82
9. (ਡਾ.) ਜੋਗਿੰਦਰ ਸਿੰਘ ਨਹਿਰੂ, ਸੰਤ ਸਿੰਘ ਸੇਖੋਂ ਦੀ ਨਾਵਲ ਕਲਾ, ਲੋਕਾਇਤ ਪ੍ਰਕਾਸ਼ਨ, ਚੰਡੀਗੜ੍ਹ, 1984, ਪੰਨਾ 6
10. ਜਸਦੇਵ ਸਿੰਘ ਲਲਤੋਂ, 'ਗੁੰਮਨਾਮ ਗ਼ਦਰੀ ਜਰਨੈਲ ਬਾਬਾ ਹਰੀ ਸਿੰਘ ਉਸਮਾਨ', ਪੰਜਾਬੀ ਟ੍ਰਿਬਿਊਨ, 15 ਅਕਤੂਬਰ 2014, ਪੰਨਾ 7
11. ਡਾ. ਜਸਵਿੰਦਰ ਸਿੰਘ, ਸੰਤ ਸਿੰਘ ਸੇਖੋਂ : ਜੀਵਨ ਤੇ ਰਚਨਾ, 2013, ਪੰਨਾ 88
12. (ਡਾ.) ਰਘਬੀਰ ਸਿੰਘ, ਯਥਾਰਥੀ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, ਸਤੰਬਰ 1986, ਪੰਨਾ 75
13. (ਡਾ.) ਜੋਗਿੰਦਰ ਸਿੰਘ ਨਹਿਰੂ, ਸੰਤ ਸਿੰਘ ਸੇਖੋਂ ਦੀ ਨਾਵਲ ਕਲਾ, ਲੋਕਾਇਤ ਪ੍ਰਕਾਸ਼ਨ, ਚੰਡੀਗੜ੍ਹ, 1984, ਪੰਨਾ 57
14. (ਡਾ.) ਜਸਵਿੰਦਰ ਸਿੰਘ, ਸੰਤ ਸਿੰਘ ਸੇਖੋਂ : ਜੀਵਨ ਤੇ ਰਚਨਾ, 2013, ਪੰਨਾ 87 ❑❑

(ਐਸੋਸੀਏਟ ਪ੍ਰੋਫ਼ੈਸਰ,ਡਿਪਾਰਟਮੈਂਟ ਡਿਸਟੈਂਸ ਐਜੂਕੇਸ਼ਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ
ਈਮੇਲ: tarasinghdr@gmail.com

ਦਰਸ਼ਨ ਸਿੰਘ ਦਾ ਨਾਵਲ 'ਲੋਟਾ' : ਰਘਬੀਰ ਸਿੰਘ

ਇਸ ਤੱਥ ਦੇ ਸਨਮੁਖ ਕਿ ਦਰਸ਼ਨ ਸਿੰਘ ਨੇ ਸਾਹਿਤ-ਸਿਰਜਣਾ ਦੀ ਆਪਣੀ ਯਾਤਰਾ ਪ੍ਰੌਢ ਅਵਸਥਾ ਵਿਚ ਪਹੁੰਚਕੇ ਮੁਕਾਬਲਤਨ ਪਛੇਤੀ ਸ਼ੁਰੂ ਕੀਤੀ ਹੈ, ਉਸ ਦੀ ਰਚਨਾਤਮਕ ਪ੍ਰਾਪਤੀ ਹੈਰਾਨ ਕਰਨ ਵਾਲੀ ਹੈ। ਜਿਸ ਉਮਰ ਵਿਚ ਪਹੁੰਚ ਕੇ ਆਮ ਤੌਰ 'ਤੇ ਵੱਡੇ ਮਹਾਂਰਥੀ ਸਾਹਿਤਕਾਰਾਂ ਦੇ ਵੀ ਸਿਰਜਣਾ ਦੇ ਸੋਮੇ ਸੁੱਕ ਜਾਂਦੇ ਹਨ, ਅਤੇ ਬਹੁਤ ਸਾਰੇ ਉਸ ਅਵਸਥਾ ਤੋਂ ਮੁਨਕਰ ਹੁੰਦੇ ਹੋਏ ਅਕਸਰ ਅੱਕੀਂ ਪਲਾਹੀਂ ਹੱਥ ਮਾਰ ਕੇ ਆਪਣੇ ਆਪ ਨੂੰ ਧੋਖਾ ਦੇਣ ਦਾ ਯਤਨ ਕਰਦੇ ਹਨ, ਉਸ ਉਮਰ ਵਿਚ ਦਰਸ਼ਨ ਸਿੰਘ ਦੀ ਕਲਮ ਪੂਰੀ ਰਵਾਨੀ ਨਾਲ ਆਪਣਾ ਜੌਹਰ ਵਿਖਾਉਣ ਵਿਚ ਲੱਗੀ ਹੋਈ ਹੈ। ਜੋ ਕੁਝ ਉਸਦੀ ਕਲਮ ਦੀ ਨੋਕ 'ਚੋਂ ਨਿਕਲ ਕੇ ਸਾਹਮਣੇ ਆ ਰਿਹਾ ਹੈ, ਉਸ ਵਿਚ ਕਿਤੇ ਵੀ ਕੋਈ ਪੇਤਲਾਪਨ ਨਜ਼ਰ ਨਹੀਂ ਆਉਂਦਾ। ਸਗੋਂ ਇਹ ਪੁਸ਼ਟ ਹੁੰਦਾ ਹੈ ਕਿ ਪ੍ਰੌਢ ਅਨੁਭਵ ਅਤੇ ਚਿੰਤਨ ਦੀ ਗਹਿਰਾਈ ਨੇ ਉਸ ਨੂੰ ਸੰਘਣੇਪਨ ਦੀ ਚਾਸ਼ਨੀ ਵਿਚੋਂ ਲੰਘਾਇਆ ਹੈ। ਅਵੱਸ਼ ਹੀ ਦਰਸ਼ਨ ਸਿੰਘ ਆਪਣੀ ਜੀਵਨ-ਯਾਤਰਾ ਦੇ ਵਡੇਰੇ ਭਾਗ ਵਿਚ ਕੰਮ-ਕਾਰ ਵਜੋਂ ਵੀ ਸਾਹਿਤ,ਰਾਜਨੀਤੀ ਅਤੇ ਬੌਧਕ ਚਿੰਤਨ ਨਾਲ ਜੁੜਿਆ ਰਿਹਾ ਸੀ ਅਤੇ ਇੰਝ ਉਹ ਇਕ ਤਰ੍ਹਾਂ ਨਾਲ ਸਾਹਿਤ-ਜਗਤ ਦੇ ਜੇ ਅੰਦਰੂਨੀ ਘੇਰੇ ਵਿਚ ਨਹੀਂ ਤਾਂ ਫਿਰਨੀ ਉੱਤੇ ਵਿਚਰਨ ਵਾਲਾ ਮਨੁੱਖ ਜ਼ਰੂਰ ਸੀ। ਪਰ ਜਿਉਂ ਹੀ ਉਹ ਰਵਾਇਤੀ ਕਾਰ-ਵਿਹਾਰ ਤੋਂ ਵਿਹਲਾ ਹੋਇਆ ਤਾਂ ਜਿਵੇਂ ਉਸਦੀ ਰਚਨਾਤਮਕਤਾ ਦੇ ਭੀੜੇ ਹੋਏ ਦੁਆਰ ਇਕਦਮ ਖੁਲ੍ਹ ਗਏ ਅਤੇ ਉਹ ਪੰਜਾਬੀ ਸਾਹਿਤ-ਜਗਤ ਦੇ ਨਿਵੇਕਲੇ ਵਰਤਾਰੇ ਵਜੋਂ ਆ ਨਮੂਦਾਰ ਹੋਇਆ। ਸਿਰਫ ਇਹ ਗੱਲ ਨਹੀਂ ਕਿ ਪਿਛਲੇ ਡੇਢ ਦੋ ਦਹਾਕੇ ਦੇ ਸਮੇਂ ਦੌਰਾਨ ਨਾਵਲਾਂ ਅਤੇ ਕਹਾਣੀਆਂ ਦੇ ਰੂਪ ਵਿਚ ਗਿਣਤੀ ਪੱਖੋਂ ਉਹ ਆਪਣੀ ਰਚਨਾ ਦਾ ਘੇਰਾ ਮੋਕਲ਼ਾ ਕਰਦਾ ਗਿਆ ਹੈ, ਉਸਦੀ ਰਚਨਾ ਨੇ ਗੁਣ ਪੱਖੋਂ ਵੀ ਆਪਣੀ ਪਛਾਣ ਸਥਾਪਤ ਕੀਤੀ ਹੈ। 'ਮੀਂਹ ਕਣੀ ਦੇ ਦਿਨ' ਤੋਂ ਸ਼ੁਰੂ ਹੋ ਕੇ 'ਭੂਮਿਕਾ' ਤਕ ਪ੍ਰਕਾਸ਼ਤ ਹੋਈ ਬਹੁ-ਭਾਂਤੀ ਅਮੀਰ ਜੀਵਨ-ਅਨੁਭਵ, ਮਨੋਵਿਗਿਆਨਕ ਸੋਝੀ ਅਤੇ ਸਮਾਜੀ-ਸਿਆਸੀ ਜਾਣਕਾਰੀ ਨਾਲ ਪਰੁੱਚੀ ਉਸਦੀ ਹਰ ਨਵੀਂ ਗਲਪ ਕਿਰਤ ਪਾਠਕਾਂ ਦਾ ਧਿਆਨ ਖਿੱਚਦੀ ਆਈ ਹੈ। ਭਾਸ਼ਾ ਵਿਭਾਗ ਵੱਲੋਂ ਸ਼੍ਰੋਮਣੀ ਸਾਹਿਤਕਾਰ ਦੇ ਪੁਰਸਕਾਰ ਨਾਲ ਸਨਮਾਨੇ ਜਾਣ ਨੇ ਉਸਦੀ ਇਸ ਸਮਰੱਥਾ ਨੂੰ ਇਕ ਤਰ੍ਹਾਂ ਨਾਲ ਪ੍ਰਮਾਣਤ ਕੀਤਾ ਹੈ।

ਦਰਸ਼ਨ ਸਿੰਘ ਦੇ ਅਨੁਭਵ ਦਾ ਘੇਰਾ ਜਿੰਨਾ ਸੰਘਣਾ ਤੇ ਵਿਸ਼ਾਲ ਹੈ, ਉਨਾ ਹੀ ਜ਼ਿਆਦਾ ਉਸਦਾ ਰਚਨਾਤਮਕ ਰੂਪਾਂਤਰਣ ਕਰਨ ਲਈ ਉਹ ਆਪਣੇ ਆਪ ਵਿਚ ਹੀ ਪ੍ਰੇਰਤ ਵੀ ਹੈ। ਇਸ ਲਈ ਉਹ ਰਚਨਾਤਮਕ ਕਾਰਜ ਵਿਚ ਤੇਜ਼ ਗਤੀ ਨਾਲ ਜੁਟਿਆ ਹੋਇਆ ਹੈ। ਪਰ ਇਹ ਤੇਜ਼ ਗਤੀ ਕਿਧਰੇ ਵੀ ਉਸਦੀ ਰਚਨਾ ਦੇ ਕਾਹਲੀ ਨਾਲ ਪਰੋਸੀ ਗਈ ਲਿਖਤ ਦਾ ਪ੍ਰਭਾਵ ਨਹੀਂ ਦਿੰਦੀ। ਸਹਿਜ ਸਰਲ ਭਾਸ਼ਾ ਅਤੇ ਉਸੇ ਭਾਂਤ ਦੀ ਸ਼ੈਲੀ ਰਾਹੀਂ ਪੇਸ਼ ਹੁੰਦੀ ਉਸਦੀ ਗਲਪ ਲਿਖਤ ਇਕਹਿਰੀ ਪਰਤ ਵਾਲੀ ਨਹੀਂ ਹੁੰਦੀ, ਉਸ ਵਿਚੋਂ ਕਿੰਨੀਆਂ ਹੀ ਪਰਤਾਂ ਉਘੜਦੀਆਂ ਵੇਖੀਆਂ ਜਾ ਸਕਦੀਆਂ ਹਨ। ਇਹ ਜਾਣ ਲੈਣਾ ਵੀ ਕੁਥਾਂ ਨਹੀਂ ਹੋਵੇਗਾ ਕਿ ਉਸਦੀ ਰਚਨਾਤਮਕ ਪ੍ਰਾਪਤੀ ਸਿਰਫ ਉਤਨੀ ਹੀ ਨਹੀਂ, ਜੋ ਪ੍ਰਕਾਸ਼ਤ ਰੂਪ ਵਿਚ ਉਪਲਬਧ ਹੈ। ਕਾਫੀ ਕੁਝ ਉਸਨੇ ਹੋਰ ਵੀ ਲਿਖ ਛੱਡਿਆ ਹੈ, ਜੋ ਹਾਲੇ ਛਾਪੇ ਦੀ ਭੇਟ ਨਹੀਂ ਚੜ੍ਹਿਆ। ਮਿਹਨਤ ਨਾਲ ਲਿਖਣ ਦੇ ਬਾਵਜੂਦ ਆਪਣੀਆ ਕੁਝ ਬਹੁਤ

ਹੀ ਅਰਥ ਭਰਪੂਰ, ਖਾਸ ਤੌਰ 'ਤੇ 'ਪੰਜਾਬ ਸੰਤਾਪ' ਦੇ ਦਿਨਾਂ ਨੂੰ ਵਸਤੂ ਸਮੱਗਰੀ ਵਜੋਂ ਕਲਾਵੇ ਵਿਚ ਲੈਂਦੀਆਂ, ਲਿਖਤਾਂ ਉਸਨੇ ਪਰਾ-ਸਾਹਿਤਕ ਕਾਰਨਾਂ ਕਰਕੇ ਖੁਦ ਹੀ ਠੰਢੇ ਬਸਤੇ ਵਿਚ ਪਾ ਰੱਖੀਆਂ ਹਨ। ਲੇਖਕ ਨੂੰ ਆਪਣੀ ਹਰ ਲਿਖਤ ਨਾਲ ਸੰਤਾਨ ਵਰਗਾ ਮੋਹ ਹੁੰਦਾ ਹੈ ਪਰ ਦਰਸ਼ਨ ਸਿੰਘ ਮਿਹਨਤ ਨਾਲ ਕੀਤੀ ਇਸ ਕਮਾਈ ਨੂੰ ਮੋਹ ਤੋਂ ਮੁਕਤ ਹੋ ਕੇ ਤਿਆਗਣ ਜਾਂ ਘੱਟੋ ਘੱਟ ਭੁੱਲ ਜਾਣ ਵਿਚ ਵੀ ਕੋਈ ਔਕੜ ਮਹਿਸੂਸ ਨਹੀਂ ਕਰਦਾ ਜਾਪਦਾ।

ਨੇੜਲੇ ਅਨੁਭਵ ਦੇ ਘੇਰੇ ਤੋਂ ਦੂਰ ਨਾ ਜਾਂਦਿਆਂ ਹੋਇਆਂ ਦਰਸ਼ਨ ਸਿੰਘ ਨੇ ਆਪਣੇ ਨਾਵਲਾਂ ਨੂੰ ਥੀਮ ਤੇ ਵਸਤੂ ਪੱਖੋਂ ਮੁਖ ਤੌਰ 'ਤੇ ਤਿੰਨ ਪੱਖਾਂ ਉੱਤੇ ਕੇਂਦਰਤ ਕੀਤਾ ਹੈ। ਇਕ ਤਾਂ ਹੈ ਜਾਣੀਆਂ ਪਛਾਣੀਆਂ ਸਾਹਿਤਕ ਸ਼ਖ਼ਸੀਅਤਾਂ ਨੂੰ ਲੈ ਕੇ ਕਲਾਤਮਕ ਬਿਰਤੀ ਵਾਲੇ ਉਹਨਾਂ ਦੇ ਆਪੇ ਦੀ ਅਸਾਧਾਰਨਤਾ ਦੀ ਪੈਮਾਇਸ਼ ਕਰਨਾ। 'ਬੱਦਲਾਂ ਦੀ ਪੌੜੀ', 'ਧਰਤੀ' ਅਤੇ 'ਭੂਮਿਕਾ' ਵਰਗੇ ਉਸਦੇ ਨਾਵਲ ਇਸ ਕੋਟੀ ਵਿਚ ਆਉਂਦੇ ਹਨ। ਦੂਜਾ ਹੈ ਦੇਸ਼ ਦੇ ਇਤਿਹਾਸਕ ਤੇ ਸਮਕਾਲੀਨ ਸਮਾਚਾਰਾਂ ਦੇ ਰਾਜਨੀਤਕ ਪ੍ਰਸੰਗ ਨੂੰ ਵੱਡੀਆਂ ਘਟਨਾਵਾਂ ਜਾਂ ਸ਼ਖ਼ਸੀਅਤਾਂ ਦੇ ਰਾਹੀਂ ਸਮਝਣ ਸਮਝਾਉਣ ਦੀ ਕੋਸ਼ਿਸ਼ ਕਰਨਾ। 'ਦੇਸ ਕੁਦੇਸ','ਭਾਊ', 'ਗੈਲਰੀ ਸ਼ਹੀਦਾਂ' ਆਦਿ ਨਾਵਲ ਇਸ ਦੂਸਰੀ ਕੋਟੀ ਵਿਚ ਆਉਂਦੇ ਹਨ। ਤੀਜੇ ਉਸਨੇ ਦੇਸ ਵਿਦੇਸ਼ ਦੇ ਉਚੇਰੇ ਮਧ ਵਰਗ ਵਿਚ ਵਿਚਰਨ ਦੇ ਆਪਣੇ ਅਨੁਭਵ ਵਿਚੋਂ ਪੂੰਜੀਵਾਦੀ ਸਭਿਆਚਾਰਕ ਕਦਰਾਂ-ਕੀਮਤਾਂ ਦੇ ਪਰਿਵੇਸ਼ ਵਿਚ ਰਿਸ਼ਤਿਆਂ ਦੀ ਉਭਰਦੀ ਨਵੀਂ ਵਿਆਕਰਣ ਨੂੰ ਰੂਪਮਾਨ ਕੀਤਾ ਹੈ। 'ਕੰਡਾ', 'ਬੁਝਾਰਤ', 'ਹਨੇਰੀ', 'ਮੀਂਹ ਕਣੀ ਦੇ ਦਿਨ' ਜਾਂ 'ਮੀਂਹ ਵਰਸੇਂਦਾ' ਨਾਂ ਦੇ ਨਾਵਲਾਂ ਨੂੰ ਇਸ ਤੀਜੀ ਕੋਟੀ ਵਿਚ ਰੱਖਿਆ ਜਾ ਸਕਦਾ ਹੈ। ਉਸਦੀਆਂ ਰਚਨਾਵਾਂ ਉੱਤੇ ਸਮੁੱਚੇ ਰੂਪ ਵਿਚ ਵਿਸਤ੍ਰਿਤ ਚਰਚਾ ਦੀ ਗੁੰਜਾਇਸ਼ ਹੈ, ਪਰ ਹਾਲੇ ਏਥੇ ਉਸਦੀ ਨਵੀਂ ਨਾਵਲ-ਰਚਨਾ 'ਲੋਟਾ' (ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਪੰਨੇ 258, ਮੁੱਲ 350 ਰੁਪਏ) ਨੂੰ ਹੀ ਧਿਆਨ-ਗੋਚਰੇ ਕਰਨ ਦਾ ਵਿਚਾਰ ਹੈ।

ਤਿੰਨੋਂ ਹੀ ਤਰ੍ਹਾਂ ਦੀ ਵਸਤੂ-ਸਮੱਗਰੀ ਵਾਲੇ ਦਰਸ਼ਨ ਸਿੰਘ ਦੇ ਨਾਵਲ ਇਕੋ ਜਿੰਨੀ ਸ਼ਿੱਦਤ ਤੇ ਕਲਾਤਮਕਤਾ ਸਹਿਤ ਲਿਖੇ ਹੋਣ ਦੀ ਗਵਾਹੀ ਦਿੰਦੇ ਹਨ। ਪਰ ਪਾਠਕ-ਜਗਤ ਵਿਚ ਵਧੇਰੇ ਚਰਚਾ ਦੇ ਪੱਖ ਤੋਂ ਉਸਦੀਆਂ ਉਹਨਾਂ ਲਿਖਤਾਂ ਵੱਲ ਮੁਕਾਬਲਤਨ ਜ਼ਿਆਦਾ ਧਿਆਨ ਗਿਆ ਹੈ, ਜਿਹਨਾਂ ਦਾ ਵਸਤੂ ਸਮਕਾਲ ਦੀਆਂ ਰਾਜਨੀਤਕ ਸ਼ਖ਼ਸੀਅਤਾਂ ਜਾਂ ਸਮਾਚਾਰਾਂ ਉੱਤੇ ਕੇਂਦਰਤ ਹੈ। ਸਮੁੱਚੇ ਦੇਸ਼ ਦੇ ਚਿਤਰਪਟ 'ਤੇ ਵਿਚਰਨ ਵਾਲੇ 'ਸਿਆਸਤ ਦਾ ਰੁਸਤਮ' ਦੱਸੇ ਜਾਂਦੇ ਪੰਜਾਬੀ ਮੂਲ ਦੇ ਇਕ ਉੱਘੇ ਰਾਜਸੀ ਆਗੂ ਦੇ ਜੀਵਨ ਨੂੰ ਕੇਂਦਰ ਵਿਚ ਰੱਖ ਕੇ ਲਿਖੇ ਗਏ ਉਸਦੇ ਨਾਵਲ ਨੂੰ ਏਨੀ ਪ੍ਰਸਿੱਧੀ ਮਿਲੀ ਹੈ ਕਿ ਕੁਝ ਹਲਕਿਆਂ ਵਿਚ ਦਰਸ਼ਨ ਸਿੰਘ ਦੀ ਵੱਡੀ ਪਛਾਣ ਹੀ 'ਭਾਊ' ਨਾਵਲ ਦੇ ਲੇਖਕ ਵਜੋਂ ਹੈ। ਦਰਸ਼ਨ ਸਿੰਘ ਖੁਦ ਤਾਂ ਰਾਜਨੀਤਕ ਵਿਅਕਤੀ ਵਜੋਂ ਨਹੀਂ ਵਿਚਰਿਆ ਪਰ ਦੇਸ਼ ਵਿਦੇਸ਼ ਦੀ ਰਾਜਨੀਤੀ ਨਾਲ ਉਸਦਾ ਡੂੰਘਾ ਵਾਹ- ਵਾਸਤਾ ਰਿਹਾ ਹੈ। ਰਾਜਨੀਤੀ ਵਿਚ ਇਕ ਹੱਦ ਤਕ ਵਿਚਾਰਧਾਰਕ ਤੇ ਬਹੁਤ ਹਾਲਤਾਂ ਵਿਚ ਅਕਾਦਮਿਕ ਭਾਂਤ ਦੀ ਉਸਦੀ ਦਿਲਚਸਪੀ ਹੁਣ ਵੀ ਬਣੀ ਹੋਈ ਹੈ। ਇਸ ਲਈ ਜਦੋਂ ਉਹ ਰਾਜਨੀਤੀ ਨੂੰ ਆਪਣੀ ਗਲਪ-ਰਚਨਾ ਦੀ ਵਸਤੂ ਬਣਾਉਂਦਾ ਹੈ ਤਾਂ ਉਸਦੀਆਂ ਸਾਰੀਆਂ ਫੈਕਲਟੀਆਂ ਆਪਣੀ ਪੂਰੀ ਸਮਰੱਥਾ ਸਹਿਤ ਸਾਕਾਰ ਹੋ ਜਾਂਦੀਆਂ ਹਨ। ਉਸਦਾ ਨਵਾਂ ਨਾਵਲ 'ਲੋਟਾ' ਵੀ ਰਾਜਨੀਤੀ ਦੇ ਵਿਸ਼ੇ ਨਾਲ ਹੀ ਸੰਬੰਧਤ ਹੈ।

ਲੋਟਾ ਵੈਸੇ ਤਾਂ ਤਰਲ ਪਦਾਰਥ ਪਾਉਣ ਵਾਲਾ ਇਕ ਬਰਤਨ ਹੈ, ਪਰ ਚਿੰਨ੍ਹਾਤਮਕ ਅਰਥਾਂ ਵਿਚ ਇਸ ਦੀ ਵਰਤੋਂ ਇਕ ਐਸੇ ਵਿਅਕਤੀ ਨੂੰ ਦਰਸਾਉਣ ਲਈ ਹੁੰਦੀ ਹੈ, ਆਪਣੀ ਥਾਂ 'ਤੇ ਟਿਕੇ ਨਾ ਰਹਿਣਾ ਤੇ ਰਿੜ੍ਹਦੇ ਜਾਣਾ ਜਿਸਦਾ ਚਰਿੱਤਰ ਹੋਵੇ। 'ਬੇਪੈਂਦਾ' ਲੋਟਾ ਅਕਸਰ ਟਿਕਿਆ ਨਹੀਂ ਰਹਿੰਦਾ ਅਤੇ ਇਸਦੇ ਰਿੜ੍ਹ ਜਾਣ ਦਾ ਖਦਸ਼ਾ ਬਣਿਆ ਰਹਿੰਦਾ ਹੈ। ਚਿੰਨ੍ਹਾਤਮਕ ਅਰਥਾਂ ਵਿਚ ਲੋਟੇ ਬੇਅਸੂਲੇ ਮਨੁੱਖ ਹੁੰਦੇ ਹਨ, ਢੁਫੇਰਗੜ੍ਹੀਏ, ਬੇ-ਦੀਨੇ, ਮੌਕਾਪ੍ਰਸਤ। ਰਾਜਨੀਤੀ ਦੇ ਬਦਲੇ ਹੋਏ ਅੱਜੋਕੇ ਮਾਪਦੰਡਾਂ ਦੇ ਪ੍ਰਸੰਗ ਵਿਚ ਅਜਿਹੇ ਲੋਟਿਆਂ ਦੀ ਦੇਸ਼ ਵਿਚ ਕੋਈ ਕਮੀ ਨਹੀਂ। 'ਆਇਆ ਰਾਮ ਗਿਆ ਰਾਮ' ਜਾਂ 'ਦਲ-ਬਦਲੂਆਂ' ਨਾਲ ਭਰਪੂਰ ਅੱਜੋਕੇ ਭਾਰਤ ਦੀ ਰਾਜ-ਲੀਲ੍ਹਾ ਦੀ ਇਕ ਝਲਕ ਪੇਸ਼ ਹੋਈ ਹੈ ਇਸ ਨਾਵਲ ਵਿਚ। ਵੈਸੇ ਨਾਵਲ ਦਾ ਮੁੱਖ ਪਾਤਰ ਸਿਆਸਤ ਵਿਚ ਵਿਚਰਨ ਵਾਲਾ ਇਸਦਾ ਸਰਗਰਮ ਖਿਡਾਰੀ ਨਹੀਂ। ਉਹ ਆਪਣੀ ਸਾਬਕਾ ਸਿਆਸੀ ਹੈਸੀਅਤ ਸਦਕਾ ਪ੍ਰਾਪਤ ਹੁੰਦੀਆਂ ਵਾਈਸ ਚਾਂਸਲਰੀ, ਕਿਸੇ ਕਮਿਸ਼ਨ ਦੀ ਮੈਂਬਰੀ ਜਾਂ ਚੇਅਰਮੈਨੀ ਵਰਗੀਆਂ ਪਦਵੀਆਂ ਉੱਤੇ ਬਿਰਾਜਮਾਨ ਰਹਿਣ ਵਾਲਾ ਵਿਅਕਤੀ ਹੈ, ਜਿਸਨੇ ਸਿਆਸਤ ਤੇ ਸਿਆਸਤਦਾਨਾਂ ਨਾਲ ਸੰਬੰਧ ਬਣਾਈ ਰੱਖਿਆ ਹੈ।

ਨਾਵਲ ਦੇ ਕਥਾਨਕ ਅਨੁਸਾਰ ਗੁਰਦਿਆਲ ਸਿੰਘ ਨਾਂ ਦੇ ਇਸ ਵਿਅਕਤੀ ਦੀ 'ਦਲਿਤ ਵਿਦਿਅਕ ਬੋਰਡ' ਦੇ ਉਸ ਉੱਚੇ ਅਹੁਦੇ ਦੀ ਮਿਆਦ ਮੁੱਕ ਗਈ ਸੀ, ਜਿਸ ਉੱਤੇ ਉਹਨੂੰ ਕਿਸੇ ਤਖਤ-ਬੈਠੇ ਸਿਆਸਤਦਾਨ ਨੇ ਲਿਹਾਜ਼ਨ ਲਾਇਆ ਸੀ। ਨਾਲ ਹੀ ਮੁੱਕ ਗਈ ਰਾਜਧਾਨੀ ਦਿੱਲੀ ਦੇ ਫੰਨੇ- ਖਾਂ ਇਲਾਕੇ 'ਚ ਬਣੀ ਉਸ ਕੋਠੀ 'ਚ ਰਹਿ ਸਕਣ ਦੇ ਹੱਕ ਦੀ ਮਿਆਦ ਵੀ, ਜਿਹੜਾ ਹੱਕ ਉਹਨੂੰ ਉਸ ਅਹੁਦੇ ਨਾਲ ਮਿਲਿਆ ਸੀ। ਉਹਨੂੰ ਏਸ ਕੋਠੀ 'ਚੋਂ ਫੁੱਟਣ ਦਾ ਹੁਕਮ ਹੋ ਗਿਆ, ਜਿਸ 'ਤੇ ਜੱਫਾ ਮਾਰੀ ਰੱਖਣ ਲਈ ਉਹਦੇ ਕੱਢੇ ਡੰਡ-ਬੈਠਕਾਂ ਦੀ ਕਹਾਣੀ ਨਾਵਲ ਦੀ ਮੁਖ ਵਸਤ ਬਣਦੀ ਹੈ।

ਰਾਜ ਸਭਾ ਦੀਆਂ ਚੋਣਾਂ ਸਿਰ 'ਤੇ ਹਨ ਅਤੇ ਜੇ ਗੁਰਦਿਆਲ ਸਿੰਘ ਹੁਣ ਰਾਜ ਸਭਾ ਦਾ ਮੈਂਬਰ ਬਣਨ ਵਿਚ ਕਾਮਯਾਬ ਹੋ ਜਾਵੇ ਤਾਂ ਇਸ ਹੈਸੀਅਤ ਵਿਚ ਲੋਧੀ ਐਸਟੇਟ ਦੀ ਇਹ ਵਿਸ਼ਾਲ ਕੋਠੀ ਉਸਦੇ ਨਾਂ ਬਣੀ ਰਹਿ ਸਕਦੀ ਹੈ। ਇਉਂ ਰਾਜ ਸਭਾ ਦੀ ਮੈਂਬਰੀ ਹਾਸਲ ਕਰਨ ਲਈ ਉਹ ਤਿੰਨ ਰਾਜਾਂ- ਹਰਿਆਣਾ, ਪੰਜਾਬ ਅਤੇ ਉਤਰ ਪ੍ਰਦੇਸ਼ ਦੀਆਂ ਵੱਖ ਵੱਖ ਰੀਜਨਲ ਪਾਰਟੀਆਂ ਦੇ ਲੀਡਰਾਂ ਦੇ ਦਰ ਖੜਕਾਉਂਦਾ ਹੈ। ਇਹਨਾਂ ਲੀਡਰਾਂ ਵਿਚ ਦੋ ਤਾਂ ਆਪਣੇ ਰਾਜਾਂ ਦੇ ਮੁਖ ਮੰਤਰੀ ਹਨ ਅਤੇ ਤੀਜੇ ਦੀ ਪਾਰਟੀ ਦੇ ਮੁੜ ਸੱਤਾ ਵਿਚ ਆਉਣ ਦੀ ਪੂਰੀ ਸੰਭਾਵਨਾ ਹੈ। ਇਸ ਕੁੱਤੇ-ਝਾਕ ਵਿਚ ਉਸਨੂੰ ਹਰਿਆਣੇ ਦੇ ਮੁਖ ਮੰਤਰੀ ਦੀ ਕੋਈ ਬੁੱਤੀ ਕਰਨ ਤੋਂ ਬਿਨਾਂ ਪੰਜਾਬ ਦੀਆਂ ਪ੍ਰਾਂਤਕ ਚੋਣਾਂ ਵਿਚ ਇਕ ਉਮੀਦਵਾਰ ਦੀ ਚੋਣ ਮੁਹਿੰਮ ਦਾ ਇੰਚਾਰਜ ਬਣਨਾ ਵੀ ਸਵੀਕਾਰ ਕਰਨਾ ਪੈਂਦਾ ਹੈ। ਪਰ ਏਨੇ ਤਰੱਦਦ ਦੇ ਬਾਵਜੂਦ ਖੈਰ ਉਸਦੇ ਪੱਲੇ ਨਹੀਂ ਪੈਂਦੀ। ਏਧਰੋਂ ਨਿਰਾਸ ਹੋਇਆ ਫਿਰ ਉਹ ਰਾਜ ਸਭਾ ਦੇ ਇਕ ਨਾਮਜ਼ਦ ਮੈਂਬਰ ਦੀ ਮੌਤ ਨਾਲ ਖਾਲੀ ਹੋਈ ਸੀਟ ਦੀ ਝਾਕ ਰੱਖਦਾ ਹੈ, ਜੋ ਨਾਮਜ਼ਦਗੀ ਦੇਸ਼ ਦੀ ਹਾਕਮ ਰਾਸ਼ਟਰੀ ਪਾਰਟੀ ਦੇ ਲੜ ਲੱਗਿਆਂ ਹਾਸਲ ਹੋ ਸਕਦੀ ਹੈ। ਇਸ ਮੰਤਵ ਲਈ ਪਹਿਲਾਂ ਤਿਆਗੀ ਹੋਈ ਰਾਸ਼ਟਰ ਪਾਰਟੀ ਦਾ ਮੁੜ ਪੱਲਾ ਫੜਨ ਅਤੇ ਹਰਿਆਣੇ ਦੀ ਜ਼ਿਮਨੀ ਚੋਣ ਵਿਚ ਆਪਣੇ ਨਿਕਟਵਰਤੀ ਮੁਖ ਮੰਤਰੀ ਦੀ ਪਾਰਟੀ ਦੇ ਉਮੀਦਵਾਰ ਦੇ ਵਿਰੁੱਧ ਹੀ ਪਰਚਾਰ ਮੁਹਿੰਮ ਵਿਚ ਕੁੱਦਣ ਲਈ ਉਹ ਮਜਬੂਰ ਹੁੰਦਾ ਹੈ। ਰਾਜ ਸਭਾ ਦੀ ਨਾਮਜ਼ਦਗੀ ਤਾਂ ਉਸਨੂੰ ਹੁਣ ਵੀ ਨਸੀਬ ਨਹੀਂ ਹੁੰਦੀ, ਪਰ ਜਿਸ ਮੁਖ ਮੰਤਰੀ ਦੇ ਦਰ 'ਤੇ

ਉਹ ਸਭ ਤੋਂ ਪਹਿਲਾਂ ਫਰਿਆਦੀ ਬਣਕੇ ਗਿਆ ਸੀ, ਉਸ ਨਾਲ ਦਗਾ ਕਮਾਉਣ ਦੇ ਇਵਜ਼ ਵਿਚ ਅਫਰੀਕਾ ਦੇ ਕਿਸੇ ਛੋਟੇ ਜਿਹੇ ਦੇਸ਼ ਬੋਟਸਵਾਨਾ ਵਿਚ ਉਸਦੇ ਰਾਜਦੂਤ ਲਗਾਏ ਜਾਣ ਦਾ ਐਲਾਨ ਹੋ ਜਾਂਦਾ ਹੈ। ਹੁਣ ਤਿੰਨ ਸਾਲ ਲਈ ਕੋਠੀ ਦਾ ਝੰਜਟ ਤਾਂ ਖਤਮ ਹੋਇਆ, ਤਿੰਨ ਸਾਲ ਬਾਅਦ ਫਿਰ ਦੇਖਿਆ ਜਾਵੇਗਾ ਕਿ ਉਦੋਂ ਕੀ ਕਰਨ ਦੀ ਲੋੜ ਪਏਗੀ।

ਗੁਰਦਿਆਲ ਦੀ ਏਸ ਵਾਰਤਾ ਦੇ ਰੂਪ ਵਿਚ ਸਿਆਸਤ 'ਚ ਲੁੱਡੀਆਂ ਪਾਉਂਦੀ ਮੌਕਾ-ਪ੍ਰਸਤੀ ਦਾ ਅਕਸ ਬਹੁਤ ਨਿਖਰਵੇਂ ਰੂਪ ਵਿਚ ਉਭਰਦਾ ਹੈ। ਸ਼ੀਸ਼ਾ ਉਹਦਾ ਹੈ ਪਰ ਉਸ ਵਿਚ ਦਿਸਦੇ ਨੇ ਉਹ ਸੱਭੇ ਚਿਹਰੇ, ਜਿਹਨਾਂ ਉੱਤੇ ਅਖੌਤੀ ਅਸੂਲਾਂ ਦੇ ਰਾਂਗਲੇ ਮੁਖੌਟੇ ਨੇ, ਪਰ ਜਿਹਨਾਂ ਦੇ ਅਸਲ ਨਕਸ਼ ਏਡੇ ਦਿਲ-ਲੁਭਾਵੇਂ ਨਹੀਂ। ਪਾਤਰਾਂ ਵਿਚੋਂ ਜਾਣੀਆਂ ਪਛਾਣੀਆਂ ਵੱਡੀਆਂ ਰਾਜਨੀਤਕ ਸ਼ਖਸੀਅਤਾਂ ਨੂੰ ਸਹਿਜੇ ਹੀ ਪਛਾਣਿਆ ਜਾ ਸਕਦਾ ਹੈ, ਜਦਕਿ ਮੁਖ ਪਾਤਰ ਗੁਰਦਿਆਲ ਸਿੰਘ ਦੀ ਅਸਲੀ ਜੀਵਨ ਵਿਚਲੀ ਸ਼ਕਲ ਵੀ ਗੁੱਝੀ ਨਹੀਂ ਰਹਿੰਦੀ।

ਨਾਵਲ ਦਾ ਦੂਜਾ ਅਹਿਮ ਪਾਤਰ ਗੁਰਦਿਆਲ ਦਾ ਗੁਆਂਢੀ ਸੁੰਦਰ ਦਾਸ ਹੈ ਤਾਂ ਵਿਰੋਧੀ ਦਲ ਵਿਚ, ਪਰ ਅੰਦਰਖਾਤੇ ਅੰਗਲੀਆਂ ਸੰਗਲੀਆਂ ਉਹਦੀਆਂ ਹਾਕਮ ਪਾਰਟੀ ਨਾਲ ਵੀ ਹਨ। ਉਹ ਧਨਵਾਨ ਹੈ, ਵੱਡੇ ਕਾਰੋਬਾਰਾਂ ਤੇ ਕਾਰਖਾਨਿਆਂ ਦਾ ਮਾਲਕ। ਆਰਥਿਕ ਪਛਾਣ ਬਣ ਜਾਣ 'ਤੇ ਆਪਣੀ ਸਿਆਸੀ ਪਛਾਣ ਬਣਾਉਣ ਲਈ ਉਸਨੇ ਸਮਾਜ-ਸੇਵੀ ਪਾਰਟੀ ਵਿਚ ਪੈਰ ਪਾਏ ਹੋਏ ਹਨ। ਉਸਦੀਆਂ ਕੋਸ਼ਿਸ਼ਾਂ ਨਾਲ ਹੀ ਰਾਜਨੀਤੀ ਵਿਚ ਆ ਕੇ ਫਿਲਮ ਅਭਿਨੇਤਰੀ ਤੋਂ ਪਾਰਲੀਮੈਂਟ ਦੀ ਮੈਂਬਰ ਬਣੀ ਅਲਕਾ ਮੁਰੁੱਗਪਾ ਉਸਦੀ ਸਖੀ ਸਮਝੀ ਜਾਂਦੀ ਹੈ, ਜੋ ਅਕਸਰ ਸੁੰਦਰ ਦਾਸ ਦੀ ਕੋਠੀ ਵਿਚ ਹੀ ਵਿਖਾਈ ਦਿੰਦੀ ਹੈ। ਹਮੇਸ਼ਾ ਟਸ਼ ਕੱਢਕੇ ਰਖਦੀ, ਡੀਜ਼ਾਈਨਰ ਸੂਟ ਪਾਉਂਦੀ ਅਤੇ ਹੱਥ ਵਿਚ ਪਰਸ ਲਟਕਾਈ ਰੱਖਣ ਵਾਲੀ ਇਕ ਹੋਰ ਉੱਘੀ ਰਾਜਸੀ ਨੇਤਾ ਹੈ ਛਾਯਾ ਦੇਵੀ। ਸਿਆਸਤ ਦੇ ਖਾਨਦਾਨੀ ਕਾਰੋਬਾਰ ਵਿਚ ਤਬਦੀਲ ਹੋ ਜਾਣ ਦੀ ਹਕੀਕਤ ਦਾ ਪ੍ਰਮਾਣ ਹੈ ਹਰਿਆਣੇ ਦਾ ਮੁਖ ਮੰਤਰੀ ਚੌਧਰੀ ਚੰਦਰ ਮੱਲ ਜੋ ਚੌਧਰੀ ਸੂਰਜ ਮੱਲ ਦਾ ਪੁੱਤਰ ਹੈ ਅਤੇ ਅੱਗੋਂ ਜਿਸਦਾ ਕੰਮ ਉਸਦੇ ਪੁੱਤਰ ਤਾਰਾ ਮੱਲ ਨੇ ਸੰਭਾਲਣਾ ਹੈ। ਇਹੀ ਗੱਲ ਪੰਜਾਬ ਵਿਚ ਪਾਰਸ ਸਾਹਿਬ ਤੇ ਉਹਨਾਂ ਦੇ ਸਾਹਿਬਜ਼ਾਦੇ ਉੱਤੇ ਢੁਕਦੀ ਹੈ। ਇਹ ਸਾਰੇ ਰਾਜਨੀਤੀਵੇਤਾ ਸਹੀ ਅਰਥਾਂ ਵਿਚ ਲੋਟੇ ਨਹੀਂ ਆਖੇ ਜਾ ਸਕਦੇ।

ਨਾਵਲ ਦੇ ਮੁਖ ਪਾਤਰ ਗੁਰਦਿਆਲ ਵਾਂਗ ਅਸਲੀ ਲੋਟਾ ਹੈ ਪੰਜਾਬ ਵਿਚ ਸੁਜਾਨਗੜ੍ਹ ਦੇ ਹਲਕੇ ਤੋਂ ਉਮੀਦਵਾਰ ਹਜ਼ੂਰ ਸਿੰਘ, ਜਿਸ ਨੇ ਕਿਸੇ ਵੇਲੇ ਆਪਣੀ ਹੀ ਸਰਬਤ ਪਾਰਟੀ ਬਣਾ ਰੱਖੀ ਸੀ, ਪਰ ਹੁਣ ਪਾਰਸ ਸਾਹਿਬ ਦੀ ਪਾਰਟੀ ਦਾ ਅੰਗ ਹੈ। ਇਹਨਾਂ ਵਿਚੋਂ ਕੋਈ ਇਕ ਵੀ ਸਿਆਸਤਦਾਨ ਅਜਿਹਾ ਨਹੀਂ ਜਿਸ ਵਿਚੋਂ ਆਦਰਸ਼ਕ ਵਿਹਾਰ ਜਾਂ ਨਿਰਸੁਆਰਥ ਪਹੁੰਚ ਦਾ ਕੋਈ ਮਾੜਾ ਮੋਟਾ ਸੰਕੇਤ ਮਿਲਦਾ ਹੋਵੇ। ਜੇ ਨਾਵਲ ਦੇ ਮੁਖ ਪਾਤਰ ਗੁਰਦਿਆਲ ਵਾਂਗ ਉਹ ਲੋਟੇ ਨਹੀਂ ਵੀ, ਤਦ ਵੀ ਸੁੰਦਰ ਦਾਸ, ਚੌਧਰੀ ਚੰਦਰ ਮੱਲ, ਪਾਰਸ ਸਾਹਿਬ, ਵੱਡੇ ਭਾਈ ਸਾਹਿਬ, ਛਾਇਆ ਦੇਵੀ, ਹਜ਼ੂਰਾ ਸਿੰਘ, ਰਤਨ ਲਾਲ ਬਤਰਾ, ਭੂਪਤ ਰਾਓ ਆਂਗਰੇ ਵਰਗੇ ਸਭ 'ਜਨਤਕ ਆਗੂ' ਆਪਣੇ ਆਪ, ਪਰਿਵਾਰ, ਰਿਸ਼ਤੇਦਾਰਾਂ, ਨਿਕਟਵਤੀਆਂ ਤੇ ਸੌਦੇਬਾਜ਼ਾਂ ਲਈ ਜੀਂਦੇ ਵਿਚਰਦੇ ਹਨ। ਇਹਨਾਂ ਜਨਤਕ ਆਗੂਆਂ ਨੇ 'ਜਨ-ਸੇਵਾ' ਤੇ 'ਸਿਧਾਂਤ' ਵਰਗੇ ਸੰਕਲਪਾਂ ਨੂੰ ਵੀ ਨਵੇਂ ਰੂਪ ਵਿਚ ਪਰਿਭਾਸ਼ਤ

ਕਰ ਦਿੱਤਾ ਹੈ। ਕਈ ਤਾਂ ਨਵੇਂ ਕੀਮਤ-ਪ੍ਰਬੰਧ ਤੋਂ ਏਨੇ ਪ੍ਰਭਾਵਤ ਹਨ ਕਿ ਉਹਨਾਂ ਨੂੰ ਆਪਣੇ ਦਾਇਰੇ ਦੇ ਅੰਦਰ ਇਹ ਕਹਿਣ ਵਿਚ ਵੀ ਕੋਈ ਸੰਕੋਚ ਨਹੀਂ ਕਿ ਉਹਨਾਂ ਦਾ ਸਿਧਾਂਤ ਤਾਂ ਸਵੈ-ਸੇਵਾ ਹੈ, ਜੇ ਇਸ ਤਰ੍ਹਾਂ ਕਰਦਿਆਂ ਲੋਕਾਂ ਦਾ ਕੋਈ ਭਲਾ ਹੋ ਜਾਵੇ ਤਾਂ ਉਹਨਾਂ ਨੂੰ ਕੋਈ ਉਜ਼ਰ ਨਹੀਂ। ਇਸ ਵਰਗ ਦੇ ਲੋਕਾਂ ਦੀ ਯੁਵਾ ਔਲਾਦ ਦਾ ਬੋਲ-ਵਿਹਾਰ, ਪਹਿਰਾਵੇ, ਖਾਣ-ਪੀਣ ਆਦਿ ਦੇ ਮਾਮਲੇ ਵਿਚ ਦੇਸੀ ਸਭਿਆਚਾਰ ਨਾਲ ਕੋਈ ਲਾਗਾ-ਦੇਗਾ ਨਹੀਂ। ਕੀ ਹੋਇਆ ਜੇ ਉਹਨਾਂ ਨੂੰ ਆਮ ਲੋਕਾਂ ਵਾਂਗ ਰੋਟੀ ਰੋਜ਼ੀ ਦਾ ਝੋਰਾ ਨਹੀਂ ਪਰ ਉਹਨਾਂ ਦੀਆਂ ਆਪਣੀਆਂ ਸਮੱਸਿਆਵਾਂ ਹਨ! ਮਹਿੰਗੀਆਂ ਕਾਰਾਂ ਤੇ ਇਕ ਤੋਂ ਵੱਧ ਕੋਠੀਆਂ ਦੀ ਸਾਂਭ-ਸੰਭਾਲ ਅਤੇ ਉਹਨਾਂ ਕੋਠੀਆਂ ਵਿਚ ਇਕੱਠੇ ਜਾਂ ਵੱਖਰੇ ਰਹਿਣ ਦੇ ਮਸਲੇ ਵੀ ਤਾਂ ਹਨ! ਨੇਤਾਵਾਂ ਦੀਆਂ ਬੀਵੀਆਂ ਪਾਰਟੀਆਂ ਵਿਚ ਵਿਚਰਦੀਆਂ ਹਨ ਜਾਂ ਚੰਗੀ ਨਸਲ ਦੇ ਕੁੱਤਿਆਂ ਦੇ ਸੰਗ-ਸਾਥ ਵਿਚ। ਅਤੇ ਨੇਤਾ ਲੋਕ ਆਪਣੀਆਂ ਉਕਤਾਈਆਂ ਹੋਈਆਂ ਪਤਨੀਆਂ ਤੋਂ ਉਕਤਾਏ ਹੋਰ ਚੰਗੀਆਂ ਬੀਬੀਆਂ ਨੂੰ ਸੰਗਤ ਮੁਹਈਆ ਕਰਦੇ ਹਨ।

ਰਾਜਨੀਤੀ ਦੀ ਖੇਡ ਵਿਚ ਪ੍ਰਾਂਤਕ ਤੇ ਕੌਮੀ ਪੱਧਰ ਉੱਤੇ ਪਾਰਟੀਆਂ ਦਾ ਵਖਰੇਵਾਂ ਅਤੇ ਸੱਤਾ ਹਥਿਆਉਣ ਲਈ ਉਹਨਾਂ ਦਾ ਚੋਣ ਦੰਗਲ ਵਿਚ ਕੁੱਦਣਾ ਆਪਣੀ ਥਾਂ, ਪਰ ਪਰਸਪਰ ਹਿਤਾਂ ਦੀ ਖਾਤਰ ਸਿਆਸੀ ਲੋਕਾਂ ਵਿਚਲੀਆਂ ਸਾਂਝ ਭਿਆਲੀਆਂ ਲਈ ਇਹ ਕੋਈ ਅੜਿੱਕੇ ਵਾਲੀ ਗੱਲ ਨਹੀਂ। ਪਹਿਲਵਾਨੀ ਫੈਡਰੇਸ਼ਨ ਵਰਗੇ ਸੱਚੇ ਝੂਠੇ ਸੰਗਠਨਾਂ ਵਿਚ ਰਲ਼ ਮਿਲਕੇ ਬੈਠਣ ਲਈ ਰਾਸ਼ਟਰੀ ਦਲ, ਭਗਵੇਂ ਦਲ ਜਾਂ ਕਿਸੇ ਹੋਰ ਦਲ ਦਾ ਨੇਤਾ ਹੋਣ ਦਾ ਤੱਥ ਕੋਈ ਫਰਕ ਨਹੀਂ ਪਾਉਂਦਾ। ਨਿੱਜੀ ਕੰਮਾਂ ਲਈ ਇਸ ਤਰ੍ਹਾਂ ਦਾ ਰਲ਼ਕੇ ਬੈਠਣਾ ਸਗੋਂ ਜ਼ਿਆਦਾ ਕਾਰ-ਆਮਦ ਸਾਬਤ ਹੁੰਦਾ ਹੈ। ਨਾਵਲ ਸਿਆਸਤਦਾਨਾਂ ਦੇ ਇਸ ਪੱਖ ਨੂੰ ਸਾਹਵੇਂ ਲਿਆਉਣ ਦੇ ਨਾਲ ਨਾਲ ਮਨਚੰਦਾ ਤੇ ਅਗਰਵਾਲ ਵਰਗੇ ਪਾਤਰਾਂ ਰਾਹੀਂ ਉਚੇਰੀ ਨੌਕਰਸ਼ਾਹੀ ਤੇ ਵੱਡੇ ਕਾਰੋਬਾਰੀਆਂ ਨਾਲ ਉਹਨਾਂ ਦੀ ਨਾਤੇਦਾਰੀ ਵੱਲ ਸੰਕੇਤ ਵੀ ਕਰਦਾ ਹੈ।

ਵੈਸੇ ਵੀ ਰਾਜਨੀਤੀ ਦੇ ਨਾਲ ਦਾ ਬਿਜ਼ਨੈੱਸ ਇਸ ਦੇਸ਼ ਵਿਚ ਕੋਈ ਨਹੀਂ। ਅਤੇ ਜੇ ਦੇਸ਼ ਤਰੱਕੀ ਕਰ ਰਿਹਾ ਹੈ ਤਾਂ ਰਾਜਨੀਤੀ ਦੇ ਕਾਰੋਬਾਰੀ ਮਨੁੱਖ ਤਰੱਕੀ ਕਿਵੇਂ ਨਹੀਂ ਕਰਨਗੇ! ਕਿਉਂਕਿ 'ਸੇਵਾ' ਕਰਨ ਲਈ ਵੀ ਇਸ ਸਮੇਂ ਚੰਗੇਰੀ ਹੈਸੀਅਤ ਦਰਕਾਰ ਹੈ, ਇਸ ਲਈ ਜਨਤਾ ਦੇ ਸਭ 'ਸੇਵਾਦਾਰਾਂ' ਦਾ ਮਾਇਆਧਾਰੀ ਹੋਣਾ ਵੀ ਜ਼ਰੂਰੀ ਹੈ। ਗੁਰਦਿਆਲ ਦੇ ਨਾਲ ਹੀ 'ਸੇਵਾਦਾਰਾਂ' ਵਜੋਂ ਉਭਰਦੇ ਇਹਨਾਂ 'ਗ਼ਰੀਬ' ਸਿਆਸਤਦਾਨਾਂ ਦੀ ਏਨੀ ਪਾਇਆਂ ਤਾਂ ਹੋਣੀ ਹੀ ਚਾਹੀਦੀ ਹੈ ਕਿ ਚੋਣਾਂ ਜਿੱਤਣ ਜਾਂ ਹੋਰ 'ਸੇਵਾ-ਸੰਭਾਲ' ਲਈ ਕਰੋੜਾਂ ਦੀ ਧਨ ਸੰਪਤੀ ਦੇ ਉਹ ਮਾਲਕ ਹੋਣ। ਚੋਣਾਂ ਲੜਨ ਲਈ ਮਾਇਆ ਦਰਕਾਰ ਹੈ ਅਤੇ ਚੋਣ ਮੁਹਿੰਮ ਦੌਰਾਨ ਸ਼ਰਾਬ ਤੇ ਮੁਰਗੇ ਆਦਿ ਵਰਤਾਉਣ ਵਿਚ ਕੀਤੀ ਕੰਜੂਸੀ ਸਾਰੀ ਚੋਣ ਮੁਹਿੰਮ ਦਾ ਸੱਤਿਆਨਾਸ ਕਰ ਸਕਦੀ ਹੈ।

ਦਰਸ਼ਨ ਸਿੰਘ ਦੀ ਹੱਥਲੀ ਨਾਵਲ-ਰਚਨਾ ਵਿਚੋਂ ਇਸ ਤਰ੍ਹਾਂ ਦੇ ਸਾਰੇ ਵੇਰਵੇ ਪ੍ਰਾਪਤ ਹਨ, ਜੋ ਅੱਜੋਕੇ ਭਾਰਤ ਦੀ ਰਾਜਨੀਤੀ 'ਤੇ ਸੁਨਿਸਚਤ ਜਾਣਕਾਰੀ ਵਾਲੇ ਮਿਹਨਤ ਨਾਲ ਲਿਖੇ ਖੋਜ-ਪ੍ਰਬੰਧ ਦਾ ਕੰਮ ਦੇ ਸਕਦੇ ਹਨ। ਪਰ ਉਸਦੀ ਗਲਪ ਕਲਾ ਦੀ ਇਹ ਖ਼ੂਬਸੂਰਤੀ ਹੈ ਕਿ ਇਸ ਤਰ੍ਹਾਂ ਦੀ ਗਿਆਨ-ਵਧਾਊ ਸਮੱਗਰੀ ਮੁਹੱਈਆ ਕਰਾਉਂਦਿਆਂ ਉਹ ਖੁਸ਼ਕ ਖੋਜਾਰਥੀ ਬਣਕੇ ਸਾਹਮਣੇ ਨਹੀਂ ਆਉਂਦਾ। ਸਾਰੀ ਸਮੱਗਰੀ ਏਨੀ ਯਥਾਰਥਕ ਹੈ ਕਿ ਉਹ ਆਮ ਪਾਠਕ ਦੀ ਸੂਝ ਸਮਝ ਦਾ ਸਹਿਜੇ ਹੀ ਹਿੱਸਾ ਬਣ ਸਕਦੀ ਹੈ। ਅਤੇ

ਇਸਦੀ ਪੇਸ਼ਕਾਰੀ ਏਨੀ ਰੌਚਿਕ ਹੈ ਕਿ ਪੜ੍ਹਨ ਲਈ ਇਕ ਵਾਰ ਛੋਹੇ ਨਾਵਲ ਨੂੰ ਛੱਡ ਸਕਣਾ ਪਾਠਕ ਲਈ ਸੰਭਵ ਨਹੀਂ। ਨਾਵਲ ਦੇ ਬਿਰਤਾਂਤ ਨੂੰ ਦਿਲਕਸ਼ ਬਣਾਉਣ ਵਿਚ ਦਰਸ਼ਨ ਸਿੰਘ ਦੀ ਪਾਤਰ ਉਸਾਰੀ ਕਰਨ ਦੀ ਅਸਾਧਾਰਨ ਯੋਗਤਾ ਦਾ ਬਹੁਤ ਦਖਲ ਹੈ। ਅਨੁਭਵ ਅਤੇ ਕਲਪਨਾ ਸ਼ਕਤੀ ਦੇ ਸਮੇਲ ਨਾਲ ਉਹ ਪਾਤਰ ਦੇ ਅੰਦਰੂਨੀ ਬਾਹਰੀ ਰੂਪ ਨੂੰ ਕਮਾਲ ਦੀ ਬਰੀਕੀ ਨਾਲ ਚਿਤਰ ਸਕਣ ਦੇ ਸਮਰੱਥ ਹੈ। ਪਾਤਰ ਚਿਤਰਨ ਦੀ ਇਹ ਵਿਸ਼ੇਸ਼ਤਾ ਉਸਦੇ ਏਸ ਨਾਵਲ ਵਿਚ ਪ੍ਰਤੱਖ ਨਜ਼ਰ ਆਉਂਦੀ ਹੈ ਜਿੱਥੇ ਗੁਆਂਢੀ ਸੁੰਦਰ ਦਾਸ ਤੇ ਕੁਝ ਹੋਰ ਉੱਘੇ ਸਿਆਸਤਦਾਨਾਂ ਤੋਂ ਬਿਨਾਂ ਗੁਰਦਿਆਲ ਸਿੰਘ ਦੀ ਪਤਨੀ ਦੀਪਾਂ ਅਤੇ ਸਾਲ਼ੀ ਲਾਡੀ ਦੇ ਪਰਿਵਾਰ ਸਮੇਤ ਨਿਕਟਵਰਤੀ ਰਿਸ਼ਤੇਦਾਰਾਂ ਦੇ ਖੁਲ੍ਹੇ ਦਰਸ਼ਨ ਦੀਦਾਰ ਹੁੰਦੇ ਹਨ।

ਬਿਰਤਾਂਤ ਸਿਰਜਣ ਵਿਚ ਆਮ ਕਰਕੇ ਅਤੇ ਪਾਤਰਾਂ ਦੇ ਆਪਸੀ ਸੰਵਾਦ ਵਿਚ ਖਾਸ ਕਰਕੇ ਹਲਕੀ-ਫੁਲਕੀ ਵਾਕ ਬਣਤਰ ਅਤੇ ਮਿੱਠੀ ਟਕੋਰ ਦੀ ਵਰਤੋਂ ਤਾਂ ਦਰਸ਼ਨ ਸਿੰਘ ਦੀ ਨਾਵਲ-ਕਲਾ ਦਾ ਪਛਾਣ-ਚਿੰਨ੍ਹ ਬਣ ਗਈ ਹੈ, ਜਿਸਦੀ ਇਸ ਨਾਵਲ ਵਿਚ ਵੀ ਭਰਪੂਰ ਵਰਤੋਂ ਹੋਈ ਹੈ। ਚੋਣਾਂ ਲਈ ਛਾਪੇ ਹਜ਼ੂਰ ਸਿੰਘ ਦੇ ਬ੍ਰੌਸ਼ਰ ਤੋਂ ਪਤਾ ਲਗਦਾ ਹੈ ਕਿ 'ਉਹ ਜੰਮਿਆ ਹੀ ਸੇਵਾ ਲਈ ਸੀ ਤੇ ਸੇਵਾ ਨਾਲ ਹੀ ਉਸਦੇ ਸਵਾਸ ਚੱਲ ਰਹੇ ਸਨ'! ਆਪਣੇ ਆਪ ਨੂੰ ਸਮਾਜ-ਸੇਵਾ ਦੇ ਲੇਖੇ ਲੱਗਿਆ ਦੱਸਣ ਵਾਲਾ ਇਹ ਬੰਦਾ ਇਸ ਗੱਲੋਂ ਸਪਸ਼ਟ ਹੈ ਕਿ 'ਕਿੰਨੇ ਹੀ ਲੋਕ ਡੁੱਬ ਮਰੇ ਜਿਹਨਾਂ ਨੇ ਗਲ਼ੋਂ ਅਸੂਲਾਂ ਦੇ ਪੱਥਰ ਨਹੀਂ ਲਾਹੇ'। ਸਮਾਜ-ਸੇਵੀ ਪਾਰਟੀ ਦੇ ਪ੍ਰਮੁਖ ਦੇ ਖਾਣੇ ਲਈ ਸੱਦੇ ਤੋਂ ਗੁਰਦਿਆਲ ਸਿੰਘ ਨੇ 'ਖਾ ਕੇ ਚੱਲਿਆ ਸਾਂ' ਕਹਿ ਕੇ ਰਸਮੀ ਇਨਕਾਰ ਕੀਤਾ ਸੀ, ਹਾਲਾਂਕਿ 'ਖਾਧੀ ਤਾਂ ਉਹਨੇ ਰਾਹ ਦੀ ਹਵਾ ਹੀ ਸੀ। ਭੁੱਖ ਲਾਉਣ ਵਾਲੀ ਨਹੀਂ, ਭੁੱਖ ਮਾਰਨ ਵਾਲੀ'। ਸੁੰਦਰ ਦਾਸ ਦੀ ਗੁਰਦਿਆਲ ਨੂੰ ਸਲਾਹ ਹੈ ਕਿ 'ਜੇ ਚੌਧਰੀ ਆਪਣੀ ਗਾਂ ਦਾ ਦੁੱਧ ਨਾ ਦੇਵੇ ਤਾਂ ਉਹ 'ਮਦਰ ਡੇਅਰੀ' ਦਾ ਪੀ ਲਿਆ ਕਰੇ'। ਸਕੂਲ ਦੀ ਪ੍ਰਿੰਸੀਪਲ ਤਕ ਸਿਫਾਰਸ਼ ਦੇ ਹਵਾਲੇ ਨਾਲ ਚੌਧਰੀ ਸਾਹਿਬ ਦਾ ਕਹਿਣਾ ਹੈ ਕਿ 'ਜੇ ਹਰ ਥਾਂ ਹੀ ਸਾਡੀ ਕੋਈ ਭਰਜਾਈ ਬੈਠੀ ਹੋਵੇ ਤਾਂ ਸਾਡਾ ਕੋਈ ਕੰਮ ਨਾ ਰੁਕੇ'। ਜਾਇਦਾਦਾਂ ਖਰੀਦਣ ਵੇਚਣ ਉਸਾਰਨ ਵਾਲਾ ਮਨਚੰਦਾ ਆਪਣੇ ਆਪ ਨੂੰ 'ਰਾਜ ਮਿਸਤਰੀ' ਦੱਸਦਾ ਹੈ, ਜਿਸ ਦੀ ਹੋਰ ਤਾਂ ਗੱਲ ਹੀ ਕੀ, ਕਾਰ ਦੀ ਕੀਮਤ ਹੀ ਚਾਰ ਕਰੋੜ ਰੁਪਏ ਹੈ। ਅਮੀਰ ਸ਼੍ਰੇਣੀ ਦੇ ਬੱਚਿਆਂ ਲਈ ਨਵੇਕਲੇ ਸਕੂਲਾਂ ਦਾ ਨਾਮਕਰਨ ਹੈ 'ਫਾਈਵ ਸਟਾਰ ਸਕੂਲ'।

ਸਿਆਸੀ ਨੇਤਾਵਾਂ ਤੇ 'ਲੋਟਿਆਂ' ਦੀ ਬਾਤ ਪਾਉਂਦੇ ਇਸ ਨਾਵਲ ਵਿਚੋਂ ਉਪਰਲਾ ਵਰਗ ਹੀ ਰੂਪਮਾਨ ਹੁੰਦਾ ਹੈ। ਜੀਤੇ ਡਰਾਇਵਰ ਜਾਂ ਰਛਪਾਲ ਵਰਗੇ ਜੀਵਨ ਵਿਚ ਸੰਘਰਸ਼ਸ਼ੀਲ ਨੌਜਵਾਨ ਤੋਂ ਬਿਨਾਂ ਜੇ ਇਸ ਨਾਵਲ ਵਿਚੋਂ ਆਮ ਆਦਮੀ ਦੀ ਝਲਕ ਨਹੀਂ ਪੈਂਦੀ ਤਾਂ ਇਸਦਾ ਚਿੰਨ੍ਹਾਤਮਕ ਅਰਥ ਇਹ ਹੋ ਸਕਦਾ ਹੈ ਕਿ ਸਮਾਜ ਦੀ ਉਪਰਲੀ ਪਰਤ ਵਿਚ ਵਿਚਰਦੇ ਸਿਆਸਤਦਾਨਾਂ, ਵੱਡੇ ਕਾਰੋਬਾਰੀਆਂ ਤੇ ਅਧਿਕਾਰੀਆਂ ਦਾ ਆਮ ਜਨਤਾ ਨਾਲ ਕੋਈ ਸਰੋਕਾਰ ਨਹੀਂ। ਵਿਅੰਗ ਤੇ ਕਟਾਖ ਦੀ ਸੁਰ ਵਾਲੇ ਅਸਲੋਂ ਯਥਾਰਥਕ ਇਸ ਨਾਵਲ ਵਿਚੋਂ ਪਰੋਖ ਰੂਪ ਵਿਚ ਇਹ ਪ੍ਰਸ਼ਨ ਵੀ ਉਭਰਦਾ ਹੈ ਕਿ 'ਲੋਟਿਆਂ' ਤੋਂ ਅਗਾਂਹ ਸਾਡੀ ਸਮੁੱਚੀ ਸਿਆਸਤ, ਸਾਡੇ ਸਮਾਜ ਅਤੇ ਰਾਜ-ਤੰਤਰ ਵਿਚ ਜੋ ਆਦਰਸ਼ਹੀਣਤਾ ਤੇ ਸਵਾਰਥੀ ਬਿਰਤੀ ਵਿਆਪਕ ਹੈ, ਕੀ ਉਸਤੋਂ ਕਦੇ ਛੁਟਕਾਰਾ ਪਾ ਸਕਣਾ ਸੰਭਵ ਹੋ ਸਕੇਗਾ? ❑❑

raghbirssirjana@yahoo.com

ਠੰਢੀ ਧਰਤੀ ਤਪਦੇ ਲੋਕ (ਸਫਰਨਾਮਾ) **ਨਿੰਦਰ ਘੁਗਿਆਣਵੀ**

ਪਿਛਲੇ ਅੱਠਾਂ ਦਸਾਂ ਸਾਲਾਂ ਵਿਚ ਨਿੰਦਰ ਘੁਗਿਆਣਵੀ ਨੇ ਏਨਾ ਕੁਝ ਲਿਖਿਆ ਹੈ ਕਿ ਉਹ ਇਕ ਹੰਢਿਆ ਹੋਇਆ ਤੇ ਵੱਖਰੇ ਲਿਖਣ ਢੰਗ ਦਾ ਸੁਆਮੀ ਬਣ ਗਿਆ ਹੈ। ਮੈਂ ਨਿੰਦਰ ਬਾਰੇ ਕਿਰਪਾਲ ਸਿੰਘ ਕਸੇਲ ਦੇ ਇਹ ਸ਼ਬਦ ਪੜ੍ਹ ਕੇ ਹਟਿਆ ਸਾਂ ਕਿ ਸਰਵਰਕ ਦਾ ਅਗਲਾ ਪੰਨਾ ਬੋਲ ਪਿਆ: ਪੜ੍ਹਦਿਆਂ ਮਹਿਸੂਸ ਹੁੰਦੈ ਜਿਵੇਂ ਨਿੰਦਰ ਗੱਲਾਂ ਕਰ ਰਿਹਾ ਹੋਵੇ,ਸਿੱਧ ਪੱਧਰੀਆਂ,ਭੋਲ਼ੀਆਂ,ਪਰ ਰੌਂਗਟੇ ਖੜ੍ਹੇ ਕਰਨ ਵਾਲੀਆਂ,ਰਸੀਲੀਆਂ, ਅਰਥਪੂਰਨ, ਯਥਾਰਥਕ,ਢੁਕਵੀਂ ਭਾਸ਼ਾ ਤੇ ਵਿਅੰਗ ਦੇ ਮੀਰੀ ਗੁਣ ਵਾਲੀਆਂ। ਇਹ ਸ਼ਬਦ ਮੋਹਨ ਭੰਡਾਰੀ ਦੇ ਹਨ। ਇਨ੍ਹਾਂ ਗੁਣਾਂ ਵਾਲੇ ਲੇਖਕ ਨਿੰਦਰ ਨੂੰ ਭਾਰਤ ਦੇ ਉਤਰ, ਦੱਖਣ, ਪੂਰਬ, ਪੱਛਮ ਤੋਂ ਹੀ ਨਹੀਂ, ਦੁਨੀਆਂ ਦੇ ਕੋਨੇ ਕੋਨੇ ਤੋਂ ਸੱਦੇ ਆਉਂਦੇ ਹਨ। ਟਿਕਟ ਸਮੇਤ। ਉਸਨੇ ਯੂਰਪ ਤੇ ਅਮਰੀਕਾ ਦੇ ਕਈ ਦੇਸ਼ ਗਾਹੇ ਹਨ, ਵੀਜ਼ੇ ਲਈ ਲੱਗੀਆਂ ਕਤਾਰਾਂ ਤੋੜੀਆਂ ਹਨ, ਤੇਜ਼ ਰਫਤਾਰ ਕਾਮਿਆਂ ਦੇ ਨਾਲ ਭੱਜਿਆ ਹੈ, ਜਹਾਜ਼ੀਂ ਚੜ੍ਹਿਆ ਹੈ ਤੇ ਰੇਲਵੇ ਸਟੇਸ਼ਨਾਂ 'ਤੇ ਹੈਰਾਨ ਹੋਇਆ ਹੈ। ਉਹ ਹਰ ਸਫਰ ਤੋਂ ਨਵੀਂ ਪੁਸਤਕ ਕੱਢ ਲੈਂਦਾ ਹੈ। ਡਿੱਕੋ ਡੋਲੇ ਖਾਂਦੇ ਸਮੁੰਦਰੀ ਜਹਾਜ਼ਾਂ ਦੇ ਡੈੱਕ ਉੱਤੇ ਬੈਠਾ ਵੀ ਲਿਖਦਾ ਰਹਿੰਦਾ ਹੈ। ਉਮਰਾ ਦੇ ਸਾਲ ਥੋੜ੍ਹੇ ਤੇ ਪੁਸਤਕਾਂ ਦੀ ਗਿਣਤੀ ਬਹੁਤੀ। ਸਾਹ ਲੈਂਦੀ ਤੇ ਸ਼ੂਕਦੀ ਸ਼ੈਲੀ। 'ਠੰਢੀ ਧਰਤੀ ਤਪਦੇ ਲੋਕ' (ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, ਪੰਨੇ 205, ਮੁੱਲ 350 ਰੁਪਏ) ਉਸਦੀ ਨਵੀਨਤਮ ਪੁਸਤਕ ਹੈ। ਇਕ ਤਰ੍ਹਾਂ ਦਾ ਸਫਰਨਾਮਾ ਜਿਸ ਵਿਚ ਰੰਗ ਬਰੰਗੀ ਵਲੈਤ ਵੀ ਹੈ, ਪਾਣੀਆਂ ਤੇ ਧਰਤੀਆਂ ਦਾ ਦੇਸ਼ ਆਸਟਰੇਲੀਆ ਵੀ ਅਤੇ ਕੈਨੇਡਾ ਦਾ ਕੰਧਾੜਾ ਵੀ।

ਏਥੇ ਮੈਂ ਆਪਣੀ ਗੱਲ ਨੂੰ ਖਿਲਾਰੇ ਤੋਂ ਬਚਾਉਣ ਲਈ ਉਸਦੇ ਅਮਰੀਕਾ ਵਿਚ ਕੱਟੇ ਨੱਬੇ ਦਿਨਾਂ ਦੀ ਗੱਲ ਕਰਦਾ ਹਾਂ। ਏਨੇ ਵੱਡੇ ਅਮਰੀਕਾ ਵਿਚੋਂ ਨਿਊਯਾਰਕ ਤੇ ਕੈਲੇਫੋਰਨੀਆ ਦੇ ਇਲਾਕੇ ਦੀ: 'ਲੋਕ ਪਾਰਕ ਦੀ ਸੈਰ ਕਰਨ ਆਏ ਲਾਗੇ-ਚਾਗੇ ਬੱਘੀਆਂ ਰਾਹੀਂ ਘੁੰਮਦੇ ਨੇ, ਇਕ ਵਾਰੀ ਬੈਠਣ ਦੇ ਚਾਲੀ ਡਾਲਰ ਦੇ ਕੇ। ਇਨ੍ਹਾਂ ਵਿਚ ਬੈਠਣ ਵਾਲੇ ਅਮੀਰ ਤੇ ਚੋਜੀ ਗੋਰੇ-ਗੋਰੀਆਂ ਹੁੰਦੇ ਨੇ, ਘੋੜੇ ਘੋੜੀਆਂ ਸ਼ਹਿਰ ਦੀ ਮਿਊਂਸਪਲ ਕਮੇਟੀ ਦੇ ਨੇ, ਡਰਾਈਵਰਾਂ ਨੂੰ ਤਨਖਾਹ ਮਿਲਦੀ ਹੈ। ਬੱਘੀਆਂ ਰੰਗ-ਬਰੰਗੇ ਫੁੱਲਾਂ ਤੇ ਕੱਪੜੇ ਨਾਲ ਸ਼ਿੰਗਾਰੀਆਂ ਹੋਈਆਂ। ਘੋੜੇ ਗਾਜਰ ਖਾ ਰਹੇ ਸਨ ਤੇ ਉਨ੍ਹਾਂ ਦੀ ਪਿੱਠ ਪਿੱਛੇ ਬਸਤੇ ਬੰਨ੍ਹੇ ਹੋਏ ਸਨ ਤਾਂ ਜੁ ਉਨ੍ਹਾਂ ਦੀ ਲਿੱਦ ਸੜਕ ਉੱਤੇ ਨਾ ਡਿੱਗੇ'।

ਅੱਖੀਂ ਡਿੱਠਾ ਸਮੁੰਦਰ ਕਿਵੇਂ ਲੱਗਿਆ: 'ਚੁਫੇਰਿਉਂ ਛੱਲ ਆ ਰਹੀ ਹੈ, ਭਰੀ ਭੁਕੰਨੀ, ਛੜੱਪੇ ਮਾਰਦੀ, ਕਲ-ਵਲਾਉਂਦੀ। ਛੱਲ ਕਿਨਾਰੇ ਉੱਤੇ ਆਣ ਕੇ ਪਤਲੀ ਹੋ ਜਾਂਦੀ ਹੈ। ਧੰਨ ਜਿਗਰਾ ਏ ਕਿਨਾਰੇ ਦਾ, ਕਿੰਨੇ ਵਰ੍ਹਿਆਂ ਤੋਂ ਛੱਲ ਨੂੰ ਆਪਣੇ ਗਲ਼ੇ ਲਗਾ ਰਿਹੈ। ਇਹ ਇਹਨੂੰ ਖੋਰ ਰਹੀ ਏ, ਸ਼ੋਰ ਪਾਉਂਦੀ, ਥਪੇੜੇ ਮਾਰਦੀ, ਉਹ ਹੱਸ ਹੱਸ ਆਖਦਾ ਏ, 'ਆ ਛੱਲ...ਆ...ਮੈਨੂੰ ਗਲ਼ੇ ਮਿਲ ਆ'।-- ਮੇਰੀ ਮਾਂ ਮਨੱਖੀ ਦਿਲ ਨੂੰ ਸਮੁੰਦਰ ਜਿੰਨਾ ਗਹਿਰਾ ਕਹਿੰਦੀ ਹੈ। ਮੈਂ ਸੋਚ ਰਿਹਾਂ: ਨਹੀਂ-ਨਹੀਂ, ਅੱਜ ਦੇ ਲੋਕਾਂ ਦਾ ਦਿਲ ਸਮੁੰਦਰ ਜਿੰਨਾ ਗਹਿਰਾ ਨਹੀਂ ਰਿਹਾ, ਸੁੱਕੀ ਛਪੜੀ ਜਿਹਾ ਹੋ ਗਿਆ ਜਾਪਦੈ। ਉਹ ਵਾਲੇ ਲੋਕ ਲੱਦ ਗਏ ਨੇ। ਮੈਨੂੰ ਆਪਣਾ ਉਸਤਾਦ ਯਮਲਾ ਜੱਟ ਚੇਤੇ ਆ ਜਾਂਦਾ ਹੈ। ਮੈਂ ਉਹਦੇ ਬੋਲ ਗੁਣਗੁਣਾਉਣ ਲੱਗ ਜਾਂਦਾ ਹਾਂ, ਦਿਲ ਦਰਿਆ ਸਮੁੰਦਰੋਂ ਡੂੰਘੇ, ਕੌਣ ਦਿਲਾਂ ਦੀਆਂ ਜਾਣੇ। ਪਿਆਰੀਆਂ ਪਿਆਰੀਆਂ ਲੱਗੀਆਂ ਨੇ ਅੱਜ ਇਹ ਸਤਰਾਂ'।

ਨਿੰਦਰ ਦੀਆਂ ਅੱਖਾਂ ਰਾਹੀਂ ਤੱਕੇ ਅਮਰੀਕਾ ਦੀ ਸੁਣ ਲਓ: 'ਅਮਰੀਕਾ... ਅਮਰੀਕਾ... ਅਮਰੀਕਾ। ਕਾਰਾਂ ਦੀ ਕਤਾਰ ਮੁੱਕ ਨਹੀਂ ਰਹੀ। ਦੌੜ ਰਹੀਆਂ ਨੇ ਸਭ ਤੇਜ਼ ਤੇਜ਼, ਆਪਣੀ ਮੰਜ਼ਲ ਵੱਲ। ਮੰਜ਼ਲ ਵੀ ਅਜਿਹੀ ਹੈ, ਉਹ ਅਗਾਂਹ ਅਗਾਂਹ ਹੀ ਵਧੀ ਤੁਰੀ ਜਾਂਦੀ ਏ...ਕਹਿੰਦੇ ਨੇ ਏਥੇ ਮੰਜ਼ਲ ਬੜੀ ਔਖੀ ਲੱਭਦੀ ਏ, ਬੜੀ ਹੀ ਔਖੀ। ਕਾਰਾਂ ਹਫਦੀਆਂ ਨਹੀਂ, ਰੁਕਦੀਆਂ ਨਹੀਂ, ਸਿਰਪੱਟ ਦੌੜ ਰਹੀਆਂ ਨੇ, ਜੀਕੂੰ ਦੌੜੀ ਜਾਣਾ ਹੀ ਇਹਨਾਂ ਦਾ ਜੀਵਨ ਹੋਵੇ, ਇਹ ਦੌੜਨ ਲਈ ਹੀ ਬਣੀਆਂ ਨੇ। ਸੜਕਾਂ ਦੇ ਦੋਵੇਂ ਪਾਸੇ ਪਰਬਤ ਖਲੋਤੇ ਹਨ, ਪਸਰੇ ਹੋਏ, ਉੱਚੇ ਅਤੇ ਚੌੜੇ ਚਕਲੇ ਪਰਬਤ। ਇਹ ਦੌੜਦੀਆਂ ਕਾਰਾਂ ਨੂੰ ਦੇਖਦੇ ਰਹਿੰਦੇ ਨੇ ਚੌਵੀ ਘੰਟੇ। ਹਿੱਲਦੇ ਤਕ ਨਹੀਂ ਆਪਣੀ ਥਾਵੇਂ...ਖਲੋਤੇ ਰਹਿਣਾ ਹੀ ਇਹਨਾਂ ਦਾ ਜੀਵਨ ਹੈ ਤੇ ਇਸੇ ਲਈ ਹੀ ਬਣੇ ਨੇ ਇਹ। ਕਾਰਾਂ ਦੌੜਦੀਆਂ ਹੋਈਆਂ ਆਖਦੀਆਂ ਜਾਂਦੀਆਂ ਨੇ, 'ਖਲੋਤੇ ਰਹੋ, ਖਲੋਤੇ ਰਹੋ ਭਰਾਓ, ਐਥੇ ਹੀ ਖਲੋਤੇ ਰਹੋ, ਤੁਹਾਡੀ ਕਿਸਮਤ ਵਿਚ ਖਲੋਣਾ ਹੀ ਲਿਖਿਆ ਹੈ'। ਇਹ ਵੀ ਅੱਗੋਂ ਜਵਾਬ ਦਿੰਦੇ ਨੇ, 'ਦੌੜੀ ਚੱਲੋ, ਦੌੜੀ ਚੱਲੋ ਭੈਣੋਂ, ਤੁਹਾਡੀ ਕਿਸਮਤ ਵਿਚ ਦੌੜਨਾ ਹੀ ਲਿਖਿਆ ਹੈ'। ...ਇਹ ਅਮਰੀਕਾ ਹੈ ਪਿਆਰੇ! ਇਹ ਹਮੇਸ਼ਾ ਜਾਗਦਾ ਰਹਿੰਦਾ ਹੈ। ਇਹਦੇ ਜਾਗਦੇ ਰਹਿਣ ਦੇ ਬਹੁਤ ਸਾਰੇ ਕਾਰਨ ਹਨ। ਇਹਨਾਂ ਕਾਰਨਾਂ ਬਾਰੇ ਇਹ ਆਪ ਹੀ ਦੱਸ ਸਕਦਾ ਹੈ...ਆਪ ਤੋਂ ਮਾੜੇ ਦੇ ਮੂੰਹ ਉੱਤੇ ਕੱਸ ਕੇ ਚਪੇੜ ਮਾਰ ਦਿੰਦਾ ਹੈ ਤੇ ਪੁੱਛਦਾ ਹੈ,'ਕਿਉਂ? ਕਿੱਦਾਂ ਹਾਲ? ਸੁਆਦ ਆਇਆ?'... ਇਹ ਅਮਰੀਕਾ ਹੈ ਪਿਆਰੇ! ਜਿੱਥੇ ਜਹਾਜ਼ ਪਰਬਤਾਂ ਦਾ ਦਰਦ ਵੰਡਾਣ ਲਈ ਉਡਦੇ ਨੇ, ਪਰਬਤ ਜਹਾਜ਼ਾਂ ਨੂੰ ਆਪਣੀ ਗਲਵੱਕੜੀ ਵਿਚ ਲੈਣ ਲਈ ਬਾਹਾਂ ਫੈਲਾਂਦੇ ਨੇ। ਜਦ ਜਹਾਜ਼ ਲੰਘਦਾ ਹੈ, ਉੱਚੀਆਂ ਬਿਲਡਿੰਗਾਂ ਨੀਵੀਂ ਪਾ ਲੈਂਦੀਆਂ ਨੇ, ਸਹਿਮ ਜਾਂਦੀਆਂ ਨੇ ਵਿਚਾਰੀਆਂ। ਜਹਾਜ਼ ਦੇ ਲੰਘ ਜਾਣ ਪਿੱਛੋਂ ਨੀਵੀਂ ਚੁੱਕ ਲੈਂਦੀਆਂ ਨੇ। ਹੁਸਨਾਂ ਲੱਦੀਆਂ, ਲਿਸ਼ਕਦੀਆਂ, ਚਮਕਦੀਆਂ ਉੱਚੀਆਂ ਬਿਲਡਿੰਗਾਂ'।

ਤੇ ਅੰਤ ਵਿਚ ਘਰ ਵਾਪਸੀ: 'ਸਵੇਰ ਦੇ ਚਾਰ ਵੱਜੇ ਸਨ ਜਦੋਂ ਜਹਾਜ਼ ਨੇ ਦਿੱਲੀ ਦੀ ਧਰਤੀ ਉੱਤੇ ਪੈਰ ਪਸਾਰੇ। ਸਫਰ ਚੰਗਾ ਅਤੇ ਖੁਸ਼ੀ ਖੁਸ਼ੀ ਨਾਲ ਬੀਤ ਜਾਣ ਉੱਤੇ ਮੁਸਾਫਰਾਂ ਨੇ ਤਾੜੀਆਂ ਵਜਾਈਆਂ। ਮੁਸਕਰਾਹਟਾਂ ਵੰਡੀਆਂ, ਸੀਟਾਂ ਛੱਡੀਆਂ। ...ਸਾਡੀ ਟਾਟਾ ਸੂਮੋ ਦਿੱਲੀ ਵਿਚੋਂ ਬਾਹਰ ਨਿਕਲੀ ਤਾਂ ਚਾਨਣਾ ਉਤਰ ਰਿਹਾ ਸੀ। ਠੰਢਾ ਸਵੇਰਾ ਆਪਣੀ ਮੰਜ਼ਲ ਵੱਲ ਵਧ ਰਿਹਾ ਸੀ... ਜਦੋਂ ਬਠਿੰਡਾ ਜ਼ਿਲ੍ਹੇ ਦੀ ਹੱਦ ਆ ਗਈ ਤਾਂ ਮੇਰੇ ਸਾਹਾਂ ਵਿਚ ਇਕ ਅਨੋਖੀ ਮਹਿਕ ਘੁਲ਼ ਗਈ ਤੇ ਮਨ ਕਪਾਹ ਦੀ ਫੁੱਟੀ ਵਾਂਗ ਖਿੜ ਗਿਆ। ਇਸ ਵਾਰੀ ਵਰਖਾ ਨੇ ਚੰਗਾ ਰੰਗ ਦਿਖਾਇਆ ਸੀ। ਆਸੇ-ਪਾਸੇ ਹਰਿਆਵਲ ਹੀ ਹਰਿਆਵਲ ਦਿਖਾਈ ਦੇ ਰਹੀ ਸੀ। ਰੁੱਖਾਂ ਦੀ ਸੰਘਣੀ ਛਾਂ ਸੀ। ਖੇਤਾਂ ਵਿਚ ਨਰਮਿਆਂ, ਕਪਾਹਾਂ, ਝੋਨਿਆਂ, ਮੱਕੀਆਂ, ਬਾਜਰਿਆਂ ਤੇ ਚਰ੍ਹੀਆਂ ਦੀਆਂ ਫਸਲਾਂ ਲਹਿਲਹਾ ਰਹੀਆਂ ਸਨ। ਸੜਕਾਂ ਉੱਤੇ ਖਲੋਤੇ ਲੰਮੇਂ ਕੱਦ ਵਾਲੇ ਸਫੈਦੇ, ਕਿੱਕਰਾਂ ਤੇ ਟਾਹਲੀਆਂ ਦੇ ਹੇਠਾਂ ਵੀ ਹਰਿਆਵਲ ਦਿਸਦੀ ਸੀ। ਟਾਹਣ ਝੂਮ ਰਹੇ ਸਨ ਤੇ ਨਵੇਂ ਪੱਤੇ ਨਿੱਸਰ ਰਹੇ ਸਨ। ਬੰਬੀਆਂ ਚੁਬੱਚਿਆਂ ਵਿਚ ਪਾਣੀ ਸੁੱਟ ਰਹੀਆਂ ਸਨ। ਅਸੀਂ ਇਕ ਬੰਬੀ ਕੋਲ ਰੁਕੇ। ਮੈਂ ਚੁਬੱਚੇ ਦੀ ਬੰਨੀ ਉਪਰ ਬੈਠ ਕੇ ਠੰਢੇ ਪਾਣੀ ਨੂੰ ਅੱਖਾਂ ਵਿਚ ਛੱਟਿਆ ਤੇ ਅਜਬ ਠੰਢਾ ਸਕੂਨ ਪ੍ਰਾਪਤ ਹੋਇਆ। ਮੈਂ ਵਗ ਰਹੇ ਚੁਬੱਚੇ ਵਿਚੋਂ ਬੁੱਕਾਂ ਭਰ ਭਰ ਪਾਣੀ ਪੀਣ ਲੱਗਿਆ ਤਾਂ ਪਲੋ ਪਲੀ ਦੋ ਤਿੰਨ ਡਕਾਰ ਵੱਜ ਗਏ। ਏਨੇ ਮਹੀਨੇ ਪਰਦੇਸਾਂ ਦਾ ਪਾਣੀ ਪੀਤਾ ਸੀ ਤੇ ਹੁਣ ਮਾਲਵੇ ਦੀ ਬੰਬੀ ਦਾ ਪਾਣੀ'।

ਹਵਾਈ ਤੇ ਸਮੁੰਦਰੀ ਜਹਾਜ਼ਾਂ ਦੇ ਇਸ ਸਫਰ ਤੋਂ ਘਰ ਪਹੁੰਚ ਕੇ ਨਿੰਦਰ ਆਪਣੀ ਮਾਂ ਨੂੰ ਮੱਥਾ ਟੇਕ ਕੇ ਕੰਧ ਨਾਲ ਖੜ੍ਹੇ ਆਪਣੇ ਸਾਈਕਲ ਕੋਲ਼ ਜਾ ਕੇ ਉਸਦਾ ਹਾਲ ਪੁੱਛਣ ਲਗਦਾ ਹੈ।

ਉਪਰੋਕਤ ਗੱਲਾਂ ਤੇ ਵਾਕ ਮੈਂ ਉਸਦੇ ਕੇਵਲ ਇਕ ਹੀ ਕਾਂਡ ਵਿਚੋਂ ਦਿੱਤੇ ਹਨ। ਕੁਝ ਹੋਰ ਕਾਂਡਾਂ ਦੇ ਨਾਂ ਹਨ:1. ਵਾਈਨ ਵਿਚ ਵਿਸਕੀ, 2. ਸੁਰਗਾਂ ਨੂੰ ਜਾਣ ਹੱਡੀਆਂ, 3.

ਚੁੱਪ ਦੀ ਬੁੱਕਲ ਵਿਚ, 4. ਵਲੈਤੀ ਅੰਕਲ ਦੇਸੀ ਧੱਕੇ, 5. ਸਾਰੀ ਰਾਤ ਜਾਗਦਾ ਲੰਡਨ, 6. ਵਲੈਤੀ ਲੇਖਕ ਵਲੈਤੀ ਪਾਠਕ, 7. ਮੇਲੇ ਗੇਲੇ ਮੈਲਬਰਨ ਦੇ, 8. ਇੰਝ ਵੇਖਿਆ ਜਹਾਜ਼ਾਂ ਦਾ ਮੇਲਾ, 9. ਓਥੇ ਨਹੀਉਂ ਮਾਂ ਲੱਭਣੀ ਅਤੇ 10. ਗੱਲ ਮੁੱਕੀ ਨਾ ਸੱਜਣ ਨਾਲ ਮੇਰੀ।

ਜਿਨ੍ਹਾਂ ਨੇ ਪਰਦੇਸ ਵੇਖਿਆ ਹੈ ਉਹ ਹੱਥਲੀ ਪੁਸਤਕ ਪੜ੍ਹ ਕੇ ਕਹਿਣਗੇ ਕਿ ਉਹ ਦੂਜੀ ਵਾਰ ਦੇਖ ਰਹੇ ਹਨ ਤੇ ਜਿਨ੍ਹਾਂ ਨੇ ਉੱਕਾ ਨਹੀ ਦੇਖਿਆ ਉਨ੍ਹਾਂ ਨੂੰ ਜਾਣ ਦੀ ਲੋੜ ਹੀ ਨਹੀਂ, ਨਿੰਦਰ ਦੀਆਂ ਅੱਖਾਂ ਰਾਹੀਂ ਵੇਖਿਆ,ਕਲਮ ਰਾਹੀਂ ਇਨ੍ਹਾਂ ਵਰਕਿਆਂ 'ਤੇ ਉਤਰਿਆ ਦੇਖ ਸਕਦੇ ਹਨ। ਜੇ ਹੋਰ ਪੁੱਛੋਗੇ ਤਾਂ 'ਜਹਾਜ਼ ਕਾਵਾਂ ਵਾਂਗੂੰ ਉਡ ਅਤੇ ਲੱਥ ਰਹੇ ਸਨ' ਕਹਿ ਕੇ ਉਹ ਤੁਹਾਨੂੰ ਕਿਸੇ ਹੋਰ ਦੇਸ ਲੈ ਜਾਵੇਗਾ। ਨਿੰਦਰ ਨੂੰ ਉਸਦੀ ਲੇਖਣੀ ਮੁਬਾਰਕ! ❑❑

–ਗੁਲਜ਼ਾਰ ਸਿੰਘ ਸੰਧੂ

ਬੇਗਾਨੇ (ਨਾਵਲ) **ਜਰਨੈਲ ਸਿੰਘ ਸੇਖਾ**

'ਬੇਗਾਨੇ' (ਸਫ਼ੇ 216, ਮੁੱਲ 250 ਰੁਪਏ, ਚੇਤਨਾ ਪ੍ਰਕਾਸ਼ਨ ਲੁਧਿਆਣਾ) ਜਰਨੈਲ ਸਿੰਘ ਸੇਖਾ ਦਾ ਚੌਥਾ ਨਾਵਲ ਹੈ। ਸੇਖਾ ਇਸ ਨਾਵਲੀ ਕਿਰਤ ਰਾਹੀਂ ਪੰਜਾਬੋਂ ਬਾਹਰ ਵਸਦੇ ਪੰਜਾਬੀਆਂ ਦਾ ਪ੍ਰਤੀਨਿਧ ਨਾਵਲਕਾਰ ਬਣ ਜਾਂਦਾ ਹੈ, ਜਿਵੇਂ ਕਿ ਡਾ ਸਾਧੂ ਸਿੰਘ ਵੱਲੋਂ ਉਸਨੂੰ 'ਮਲੂਕਾ ਨਾਵਲ ਦੇ ਸਿਰਜਕ ਸਾਧੂ ਸਿੰਘ ਧਾਮੀ ਦਾ ਹੱਕੀ ਜਾਨਸ਼ੀਨ' ਪਹਿਲਾਂ ਹੀ ਆਖਿਆ ਗਿਆ ਹੈ। ਸੇਖਾ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਭਾਂਜਵਾਦੀ ਨਾ ਹੋ ਕੇ ਕੈਨੇਡਾ ਦੇ ਗਰੇਟਰ ਵੈਨਕੂਵਰ, ਵਿਨੀਪੈਗ ਅਤੇ ਟੋਰਾਂਟੋ ਇਲਾਕੇ ਵਿਚ ਵੱਸਦੇ ਅਤੇ ਵਿਚਰਦੇ ਪੰਜਾਬੀਆਂ ਦੀਆਂ ਮੁਸ਼ਕਲਾਂ, ਦੁੱਖਾਂ-ਸੁੱਖਾਂ ਭਰੀ ਰਹਿਣੀ-ਬਹਿਣੀ ਅਤੇ ਮਾਨਸਿਕ, ਭਾਵੁਕ ਸੰਘਰਸ਼ ਨੂੰ ਸਿੱਧਾ ਸੰਬੋਧਤ ਹੁੰਦਾ ਹੈ। ਇਸ ਨਾਵਲ ਵਿਚ ਬ੍ਰਿਟਿਸ਼ ਕੋਲੰਬੀਆ ਸਟੇਟ ਦੇ ਕਈ ਸ਼ਹਿਰਾਂ ਤੇ ਵਿਸ਼ੇਸ਼ ਥਾਵਾਂ ਦੀ ਸੈਰ ਵੀ ਨਾਵਲਕਾਰ ਸਹਿਜ ਸੁਭਾਅ ਹੀ ਕਰਾ ਦਿੰਦਾ ਹੈ। ਉੱਥੇ ਜੀਵਿਆ ਜਾਂਦਾ ਕੈਨੇਡੀਅਨ-ਪੰਜਾਬੀ ਜੀਵਨ ਹੀ ਜਰਨੈਲ ਸਿੰਘ ਸੇਖਾ ਦੇ ਸਾਰੇ ਨਾਵਲਾਂ ਦਾ ਵਿਸ਼ਾ ਵਸਤੂ ਬਣਿਆ ਹੈ। ਉਸ ਨੂੰ ਪਿਛਲੇ ਪੰਜਾਬ ਦਾ ਉਦਰੇਵਾਂ ਨਹੀਂ ਤੜਫਾਉਂਦਾ। ਸਗੋਂ ਪਰਵਾਸੀ ਪੰਜਾਬੀ ਜੀਵਨ ਹੀ ਉਸਦੀ ਅਸਲੀ ਕਰਮ ਭੂਮੀ ਬਣਦਾ ਹੈ। ਭਾਰਤੀ ਪੰਜਾਬ ਕੁਝ ਪਾਤਰਾਂ ਦੇ ਪਿਛੋਕੜ ਵਜੋਂ ਜ਼ਰੂਰ ਪੇਸ਼ ਹੁੰਦਾ ਹੈ।

ਨਾਵਲ ਦਾ ਅਸਲੀ ਆਰੰਭ ਬੜਾ ਨਾਟਕੀ ਤੇ ਦਿਲਚਸਪ ਹੁਲਾਰੇ ਭਰਿਆ ਹੈ। ਬੈਂਕ ਦਾ ਇਕ ਅਫਸਰ ਹਰਬੰਸ ਹੈਰੀ, ਜੋ ਨਾਵਲ ਦਾ ਅਸਲੀ ਆਦਰਸ਼ਵਾਦੀ ਨਾਇਕ ਅਖਵਾਉਣ ਦਾ ਹੱਕਦਾਰ ਹੈ, ਕਾਰ ਹਾਦਸੇ ਵਿਚ ਮਾਰੀ ਗਈ ਆਪਣੀ ਪਹਿਲੀ ਘਰ ਵਾਲੀ ਦਾ ਸੋਗ ਮਨਾ ਕੇ ਇੰਡੀਆ ਤੋਂ ਮੁੜਿਆ ਬੈਂਕ ਵਿਚ ਦਾਖਲ ਹੁੰਦਾ ਹੈ। ਸਾਰੇ ਮੁਲਾਜ਼ਮ ਉਸ ਨੂੰ ਰਿਵਾਜਨ ਮਿਲਦੇ ਹਨ ਪਰ ਉਸਦੀ ਗ਼ੈਰ ਹਾਜ਼ਰੀ ਸਮੇਂ ਬੈਂਕ ਵਿਚ ਬਦਲੀ ਕਰਵਾ ਕੇ ਡਿਊਟੀ 'ਤੇ ਹਾਜ਼ਰ ਹੋਈ ਨਸੀਬ ਗਿੱਲ ਉਰਫ਼ ਸੀਬੀ, ਜੋ ਵਿਆਹ ਦੇ ਨਾਂ ਉੱਤੇ ਪਹਿਲਾਂ ਦੋ ਵਾਰ ਠੱਗੀ ਜਾ ਚੁੱਕੀ ਹੈ, ਦੀ ਉਸ ਵਿਚ ਦਿਲਚਸਪੀ ਜਾਗ ਪੈਂਦੀ ਹੈ। ਕਾਰ ਹਾਦਸੇ ਵਿਚ ਮਰੀ ਉਸਦੀ ਪਤਨੀ ਬਾਰੇ ਅਫਸੋਸ ਕਰਦੀ, ਪਿੱਛੇ ਬਚੀ ਗੋਦ ਲਈ ਜਵਾਕੜੀ ਲਈ ਤਿਉਹ ਦਿਖਾਉਂਦੀ, ਉਹ ਤੀਜੀ ਵਾਰ ਮੋਹ ਮਾਇਆ ਦੀਆਂ ਨਵੀਆਂ ਤੰਦਾਂ ਵਿਚ ਉਲਝ ਜਾਂਦੀ ਹੈ।

ਸੀਬੀ ਦਾ ਜੀਵਨ ਪਹਿਲਾਂ ਹੀ ਤੀਹਰੇ ਧੋਖੇ ਦਾ ਸ਼ਿਕਾਰ ਹੋ ਚੁੱਕਾ ਹੈ। ਉਸਦੇ ਪਿਤਾ ਸਮਾਨ ਫੁੱਫੜ ਨੇ ਉਸਦੀ ਇੱਜ਼ਤ ਨਾਲ ਖਿਲਵਾੜ ਕੀਤਾ। ਫੇਰ ਉਸ ਫੁੱਫੜ ਦੇ ਜਿਸ ਭਤੀਜੇ ਬਲਵੰਤ ਗਿੱਲ ਨੂੰ ਉਸ ਨਾਲ ਪੱਕਾ ਵਿਆਹ ਕਰਵਾ ਕੇ ਕੈਨੇਡਾ ਕੱਢਿਆ, ਉਹ ਵੀ ਸੀਬੀ ਨੂੰ ਭੇਲਸੇ ਵਿਚ ਲੈ ਕੇ ਤਲਾਕ ਲੈਂਦਾ, ਆਪਣੇ ਮਾਮੇ ਦੀ ਕੁੜੀ ਨਾਲ ਦੂਜਾ ਵਿਆਹ ਰਚਾ ਕੇ, ਆਪਣੇ ਤੁਖ਼ਮ ਤੋਂ

ਪੈਦਾ ਹੋਏ ਇਕੋ ਇਕ ਪੁੱਤਰ ਬੱਲੀ ਨੂੰ ਸਵੀਕਾਰਨ ਤੋਂ ਮੁਨਕਰ ਹੋਇਆ, ਮੁੰਡੇ ਨੂੰ ਸੀਬੀ ਮੂਹਰੇ ਸਿੱਟ ਕੇ, ਸਿਰਫ ਕੈਨੇਡਾ ਪਹੁੰਚਾਉਣ ਲਈ ਵਿਆਹ ਕੇ ਲਿਆਂਦੀ ਆਪਣੇ ਮਾਮੇ ਦੀ ਲੜਕੀ ਪ੍ਰੀਤੀ ਦਾ ਅਸਲੀ ਖਾਵੰਦ ਬਣ ਕੇ, ਲੰਬੀ ਉਡਾਰੀ ਮਾਰ ਗੁਆਚ ਜਾਂਦਾ ਹੈ। ਆਪਣੀ ਗੁਆਂਢਣ ਮਾਈ ਨੂੰ ਮਾਂ ਸਮਝਦੀ, ਉਸਦੀ ਨੂੰਹ ਬੀਰੀ ਦੀ ਚਾਲ ਵਿਚ ਆਈ ਸੀਬੀ, ਉੱਚੇ ਮਨਸੂਬਿਆਂ ਵਾਲੀ ਮਤਲਬੀ ਬੀਰੀ ਦੇ ਇੰਡੀਆ ਵਿਚਲੇ ਦੁਹਾਜੂ ਮਾਸਟਰ ਭਾਈ ਸਤਵੰਤ ਸੱਤੀ ਨਾਲ ਸ਼ਾਦੀ ਕਰਦੀ ਹੈ ਪਰ ਉਹ ਵੀ ਵੈਨਕੂਵਰ ਉਤਰਨ ਦੀ ਬਜਾਏ ਮੌਨਟਰੀਅਲ ਜਾ ਉਤਰਦਾ ਹੈ। ਬੇਸ਼ੱਕ ਅਭਾਗਣ ਸੀਬੀ ਨੂੰ ਏਥੇ ਵੀ ਸੱਤੀ ਦੇ ਕੈਨੇਡਾ ਆਉਣ ਲਈ ਵਰਤਿਆ ਗਿਆ ਹੈ।

ਆਪਣੀ ਬੈਂਕ ਵਿਚਲੇ ਕੁਲੀਗ ਹਰਬੰਸ ਸਿੱਧੂ ਉਰਫ਼ ਹੈਰੀ ਨਾਲ ਕੋਰਟ ਮੈਰਿਜ ਕਰਾਉਣ ਨਾਲ ਇਕ ਵਾਰੀ ਤਾਂ ਇੰਝ ਜਾਪਦਾ ਹੈ ਕਿ ਸੀਬੀ ਦੇ ਮਾੜੇ ਦਿਨ ਲੰਘ ਚੁੱਕੇ ਹਨ। ਹੁਣ ਰਹਿੰਦੀ ਜ਼ਿੰਦਗੀ ਉਹ ਸੁੱਖ ਆਰਾਮ ਨਾਲ ਬਤੀਤ ਕਰੇਗੀ। ਪਰ ਭਾਵੀ ਨੂੰ ਇਹ ਵੀ ਮਨਜ਼ੂਰ ਨਹੀਂ। ਹੈਰੀ ਦੀ ਪਿਛਲੇ ਵਿਆਹ ਤੋਂ ਮਗਰੋਂ ਗੋਦ ਲਈ ਆਪਣੇ ਇੰਡੀਆ ਵਿਚ ਮਾਸਟਰੀ ਕਰਦੇ ਵੱਡੇ ਭਰਾ ਚਰਨ ਬਾਈ ਦੀ ਇਕ ਨਿੱਕੀ ਧੀ ਸਿੰਮੀ ਅਤੇ ਪਿਛਲੇ ਵਿਆਹ ਵਿਚੋਂ ਸੀਬੀ ਦਾ ਸੱਤ ਕੁ ਸਾਲਾਂ ਦਾ ਲੜਕਾ ਬੱਲੀ ਨਵੀਆਂ ਮੁਸ਼ਕਲਾਂ ਖੜ੍ਹੀਆਂ ਕਰਦੇ ਹਨ। ਚਹੁੰ ਜਣਿਆਂ ਦੇ ਇਸ ਟੱਬਰ ਵਿਚ ਸਾਰੇ ਇਕ ਦੂਜੇ ਲਈ ਬੇਗਾਨੇ ਹਨ। ਸੀਬੀ ਤੇ ਬੱਲੀ ਤੋਂ ਬਿਨਾਂ ਕਿਸੇ ਦੀ ਆਪਸ ਵਿਚ ਖ਼ੂਨ ਦੀ ਸਾਂਝ ਨਹੀਂ। ਸੁਭਾਵਾਂ ਵਿਚ ਵੀ ਬੇਗਾਨਗੀ ਪੈਦਾ ਹੋ ਜਾਂਦੀ ਹੈ। ਇਹੀ ਨਹੀਂ, ਉਹ ਬਾਹਰਲੀ ਦੁਨੀਆਂ ਲਈ ਵੀ ਬੇਗਾਨੇ ਹਨ। ਹੈਰੀ ਸਿੱਧੂ ਦੀ ਮਗਰੋਂ ਇਕ ਨਿਗੂਣੇ ਜਿਹੇ ਕਾਰਨ ਕਰਕੇ ਆਪਣੇ ਬਹੁਤ ਪਿਆਰੇ ਸਕੇ ਵੱਡੇ ਭਰਾ ਲੈਕਚਰਾਰ ਚਰਨ ਬਾਈ ਨਾਲ ਵੀ ਭਾਵੁਕ ਦੂਰੀ ਪੈਦਾ ਹੋ ਜਾਂਦੀ ਹੈ ਅਤੇ ਲਗਦਾ ਹੈ ਕਿ ਕੈਨੇਡਾ ਆ ਪਹੁੰਚਿਆ ਚਰਨ ਬਾਈ ਆਪਣੇ ਛੋਟੇ ਭਰਾ ਹੈਰੀ ਨੂੰ ਗੋਦ ਦਿੱਤੀ ਆਪਣੀ ਬੇਟੀ ਸਿੰਮੀ ਨੂੰ ਵੀ ਉਸਤੋਂ ਵਾਪਸ ਮੰਗ ਲਵੇਗਾ।

ਬੱਲੀ ਕਦੇ ਵੀ ਹਰਿੰਦਰ ਹੈਰੀ ਨੂੰ ਪਿਤਾ ਨਹੀਂ ਸਮਝਦਾ। ਨਾ ਹੀ ਸਿੰਮੀ ਆਪਣੀ ਮਤੇਰ ਮਾਂ ਉੱਪਰ ਪੂਰੀ ਧਿਜਦੀ ਹੈ। ਬੇਗਾਨਗੀ ਦਾ ਅਹਿਸਾਸ ਇਸ ਪਰਿਵਾਰ ਵਿਚ ਹਮੇਸ਼ਾ ਕਾਇਮ ਰਹਿੰਦਾ ਹੈ। ਕਿੱਤੇ ਜਾਂ ਰੁਜ਼ਗਾਰ ਪੱਖੋਂ ਪਰਿਵਾਰ ਨੂੰ ਕੋਈ ਚਿੰਤਾ ਨਹੀਂ। ਇੱਥੋਂ ਤਕ ਕਿ ਕੁਝ ਸਮੇਂ ਮਗਰੋਂ ਇੰਡੀਆ ਤੋਂ ਪੀ ਆਰ ਵੀਜ਼ਾ ਲੈਕੇ ਕੈਨੇਡਾ ਆਏ ਹੈਰੀ ਦੇ ਵੱਡੇ ਭਰਾ ਚਰਨ ਬਾਈ ਦੇ ਵੀ ਅਜਿਹਾ ਫਿਕਰ ਨੇੜੇ ਨਹੀਂ ਫਟਕਦਾ। ਉਹ ਆਉਂਦਾ ਹੀ ਟਰਾਂਟੋ ਵਿਚ ਨਵਾਂ ਘਰ ਵੀ ਖਰੀਦ ਲੈਂਦਾ ਹੈ, ਜਿਸ ਦੇ ਹੀਲੇ ਸਿਰ ਉਸਦੇ ਦਲਾਲ ਜਾਂ ਰਿਆਲਟਰ ਬਲਵੰਤ ਗਿੱਲ ਅਥਵਾ ਸੀਬੀ ਦੇ ਪਹਿਲੇ ਪਤੀ ਤੇ ਬੱਲੀ ਦੇ ਅਸਲੀ ਪਿਉ ਨੂੰ ਆਪਣੇ ਪੁੱਤਰ ਬੱਲੀ ਦੀ ਉੱਘ ਸੁੱਘ ਮਿਲਦੀ ਹੈ ਅਤੇ ਉਹ ਅਸਲੀ ਬਾਪ ਵਜੋਂ ਪੁੱਤਰ ਨੂੰ ਵਾਪਸ ਲੈਣ ਲਈ ਕਾਨੂੰਨੀ ਚਾਰਾਜੋਈ ਕਰਨੀ ਸ਼ੁਰੂ ਕਰ ਦਿੰਦਾ ਹੈ। ਇਥੇ ਆ ਕੇ ਨਾਵਲ ਫਿਲਮੀ ਰੁਖ਼ ਅਖ਼ਤਿਆਰ ਕਰਦਾ ਜਾਪਦਾ ਹੈ, ਜਦੋਂ ਏਨੇ ਵਰ੍ਹਿਆਂ ਤੋਂ ਆਪਣੇ ਮਤਰੇਏ ਬਾਪ ਨੂੰ 'ਡੈਡੀ' ਮੰਨਣੋਂ ਮੂਲੋਂ ਮੁਨਕਰ ਹੋਇਆ ਬੱਲੀ, ਆਪਣੇ ਅਸਲੀ ਪਿਉ ਦੀ ਸੂਹ ਮਿਲਣ ਅਤੇ ਆਪਣੇ ਜਮਾਤੀ ਐਡਰੀਅਨ ਵੱਲੋਂ ਸਕੇ ਪਿਉ ਕੋਲੋਂ ਮਿਲਦੀਆਂ "ਮੌਜਾਂ ਹੀ ਮੌਜਾਂ" ਆਖ ਭਰਮਾਏ ਜਾਣ ਦੇ ਬਾਵਜੂਦ ਅਤੇ ਮਾਂ ਵੱਲੋਂ ਸਕੇ ਬਾਪ ਦੀ ਦੱਸ ਪਾਉਣ ਦੇ ਬਾਵਜੂਦ ਹੈਰੀ ਸਿੱਧੂ ਨੂੰ 'ਡੈਡੀ' ਆਖ ਕੇ ਚਿੰਬੜ ਜਾਂਦਾ ਹੈ। ਜਿਉਂਦੇ ਜਾਗਦੇ, ਜੀਵਨ ਨਾਲ ਦੋ-ਚਾਰ ਹੁੰਦੇ ਰੰਗਦਾਰ ਪਾਤਰ ਹੈਰੀ ਸਿੱਧੂ ਤੇ ਸੀਬੀ ਦਾ ਮਾਨਸਿਕ ਗੁੰਝਲਾਂ ਨਾਲ ਉਲਝਿਆ ਸੰਘਰਸ਼ਮਈ ਜੀਵਨ ਪਾਠਕ ਨੂੰ ਆਪਣੇ ਨਾਲ ਅਜਿਹਾ ਜੋੜਦਾ ਹੈ ਕਿ ਹਾਲਾਤ ਦੀ ਝੁੰਜਲਾਈ ਤੇ ਝੰਬੀ ਹੋਣ ਦੇ ਬਾਵਜੂਦ ਇਹ ਇਕ ਦੂਜੇ ਨੂੰ ਸਮਰਪਤ ਆਦਰਸ਼ ਗ੍ਰਹਿਸਤੀ

ਜੋੜੀ ਸਾਬਤ ਹੁੰਦੀ ਹੈ। ਇਸ ਜੋੜੀ ਨਾਲ ਪਾਠਕ ਦੀ ਗੂੜ੍ਹੀ ਨੇੜਤਾ ਸਥਾਪਤ ਹੋ ਜਾਂਦੀ ਹੈ ਅਤੇ ਉਹ ਉਸ ਅਲਕਤ ਤੇ ਸਦਮੇ ਨੂੰ ਭੁੱਲ-ਭੁਲਾ ਜਾਂਦਾ ਹੈ, ਜਿਹੜਾ ਨਾਵਲ ਦੇ ਸ਼ੁਰੂ ਵਿਚ ਸੀਬੀ ਨਾਲ ਹੋਈਆਂ ਵਧੀਕੀਆਂ ਕਾਰਨ ਕੁੱਝ ਕਿਰਦਾਰਾਂ ਦੇ ਘਿਨਾਉਣੇ ਪੱਖ ਨਾਲ ਉਸਨੂੰ ਹੋਇਆ ਸੀ।

ਅਸਲ ਵਿਚ ਸੀਬੀ ਉਰਫ਼ ਨਸੀਬ ਗਿੱਲ ਦੇ ਪਿਛੋਕੜ ਵਜੋਂ ਉਸ ਨਾਲ ਸਕੇ ਫੁੱਫੜ ਵੱਲੋਂ ਕੀਤਾ ਵਿਸ਼ਵਾਸਘਾਤ, ਪਹਿਲੇ ਪਤੀ ਤੇ ਫੁੱਫੜ ਦੇ ਭਤੀਜੇ ਬਲਵੰਤ ਗਿੱਲ ਵੱਲੋਂ ਵਰਤਕੇ ਸਿੱਟੀ ਭੋਗਣ ਜੋਗ ਵਸਤੂ ਵਾਲਾ ਵਰਤਾਉ ਅਤੇ ਬੀਰੀ ਦੇ ਦੁਹਾਜੂ ਭਰਾ ਸਤਵੰਤ ਵੱਲੋਂ ਕੀਤਾ ਨੰਗਾ ਚਿੱਟਾ ਧੋਖਾ ਗੌਲਣਯੋਗ ਅਤੇ ਨਾਵਲੀ ਵਰਤਾਰੇ ਲਈ ਲੋੜੀਂਦਾ ਯਥਾਰਥ ਸੀ। ਪਰ ਇਸ ਮਗਰੋਂ ਪੇਸ਼ ਹੋਇਆ ਉਸਦਾ ਅਤੇ ਹੈਰੀ ਸਿੱਧੂ ਦਾ ਕਿਰਦਾਰ ਬੜਾ ਸੁਖਾਵਾਂ ਪ੍ਰਭਾਵ ਸਿਰਜਦਾ ਹੈ। ਹੈਰੀ ਸਿੱਧੂ ਵੱਲੋਂ ਆਪਣੇ ਭਰਾ ਚਰਨ ਬਾਈ ਦੇ ਦੋਸਤ ਦੀ ਕੁਆਰੀ ਕੰਜਕ ਭੈਣ ਨੂੰ ਦੂਜੇ ਵਿਆਹ ਰਾਹੀਂ ਜੀਵਨ ਸਾਥਣ ਬਣਾਉਣ ਦੀ ਥਾਂ ਆਪਣੀ ਸੁਸ਼ੀਲ, ਬੇਕਸੂਰ ਪਰ ਸਮਾਜ ਵੱਲੋਂ ਤੜਫਾਈ-ਸਤਾਈ-ਠੁਕਰਾਈ ਕੁਲੀਗ ਸੀਬੀ ਨੂੰ ਸਾਥਣ ਵਜੋਂ ਅਪਣਾਉਣਾ ਅਤੇ ਭਾਈਚਾਰੇ ਵੱਲੋਂ ਮਾਰੇ ਮਿਹਣੇ-ਤਾਹਨਿਆਂ ਦੇ ਬਾਵਜੂਦ ਤੋੜ ਤਕ ਉਸ ਦਾ ਸਾਥ ਨਿਭਾਉਣਾ, ਪਾਠਕ ਉੱਤੇ ਬੇਹੱਦ ਉਸਾਰੂ ਪ੍ਰਭਾਵ ਪਾਉਂਦਾ, ਉਸਦਾ ਇਨਸਾਨੀ ਰਿਸ਼ਤਿਆਂ ਵਿਚ ਵਿਸ਼ਵਾਸ ਦ੍ਰਿੜਾਉਂਦਾ ਹੈ। ਪਰ ਇਸ ਮਾਨਸਿਕ ਸੰਤੁਸ਼ਟੀ ਦੇ ਨਾਲ ਉਸਨੂੰ ਹੋਰ ਖੁਤਖੁਤੀ ਵੀ ਲੱਗ ਜਾਂਦੀ ਹੈ ਕਿ ਜੇ ਕਾਨੂੰਨੀ ਕਾਰਵਾਈ ਦੇ ਨਤੀਜੇ ਵਜੋਂ ਸੀਬੀ ਦਾ ਇਕੋ ਇਕ ਭਾਵੁਕ ਸਹਾਰਾ ਬੱਲੀ ਉਸਦੇ ਅਸਲੀ ਪਿਉ ਬਲਵੰਤ ਨੂੰ ਸੌਂਪ ਦਿੱਤਾ ਗਿਆ ਜਾਂ ਜੇ ਚਰਨ ਬਾਈ ਨੇ ਆਪਣੀ ਛੋਟੀ ਭਾਬੀ, ਜਿਸ ਨੂੰ ਉਹ 'ਚਗਲ' ਸਮਝਦਾ ਤੇ 'ਛੁੱਟੜ' ਆਖ ਕੇ ਭੰਡਦਾ ਹੈ, ਪਾਸੋਂ ਆਪਣੀ ਧੀ ਸਿੰਮੀ ਵਾਪਸ ਮੰਗ ਲਈ ਤਾਂ ਬੇਗਾਨੇ ਬੱਚਿਆਂ ਨੂੰ ਜੀਵਨ ਦਾ ਇਕੋ ਇਕ ਠੁੰਮਣਾ ਸਮਝਦੀ, ਸਾਕਾਦਾਰੀ ਨਾਲੋਂ ਟੁੱਟੀ ਹੋਈ ਇਸ ਜੋੜੀ ਦਾ ਕੀ ਬਣੇਗਾ। ਇੱਥੇ ਪਹੁੰਚ ਕੇ ਹੈਰੀ ਨੂੰ ਇਕ ਰਾਤ ਆਇਆ ਭਿਆਨਕ ਸੁਫਨਾ ਸੱਚ ਮੁੱਚ ਇਸ ਨਾਜ਼ੁਕ ਸਥਿਤੀ ਦਾ ਗਲਪੀ ਚਿੰਨ੍ਹ ਬਣ ਜਾਂਦਾ ਹੈ, ਜਿਸ ਸੁਫਨੇ ਵਿਚ ਉਹ ਬਰਫ਼ ਦਾ ਉਲਝਾਇਆ, ਸਾਹਮਣੇ ਦਿਸਦੇ ਪੁਲ਼ ਤਕ ਪਹੁੰਚਣ ਦੀ ਥਾਂ ਹਾਦਸਾ ਕਰ ਬੈਠਦਾ ਹੈ। ਰਿਸ਼ਤਿਆਂ ਦੇ ਉਸ ਪੁਲ਼ ਦੀ ਨਿਸ਼ਾਨਦੇਹੀ ਕਰਨਾ ਹੀ ਨਾਵਲ ਦਾ ਅਸਲ ਮਕਸਦ ਹੈ। ਪੁਲ਼ ਦੇ ਉਰਾਰ ਪਾਰ ਖਿੰਡੀ ਹੋਈ ਬਰਫ਼ ਹੀ ਬਰਫ਼ ਇਨਸਾਨੀ ਵਰਤ-ਵਿਹਾਰ ਅਤੇ ਸਾਕਾਦਾਰੀ ਵਿਚ ਆਈ ਖੁਸ਼ਕੀ ਅਤੇ ਖੜੋਤ ਦੀ ਸੂਚਕ ਹੈ। ਇੰਝ ਨਾਵਲ ਨੂੰ ਇਸ ਪੰਜਾਂ ਛੇਆਂ ਵਰ੍ਹਿਆਂ ਦੇ ਕਰੂਰ ਯਥਾਰਥ ਤੋਂ ਅੱਗੇ ਵੀ ਸਹਿਜੇ ਹੀ ਤੋਰਿਆ ਜਾ ਸਕਦਾ ਹੈ। ਇਹ ਨਾਵਲ ਜਰਨੈਲ ਸਿੰਘ ਸੇਖਾ ਦੀ ਪ੍ਰਾਪਤੀ ਹੈ।❑❑

-ਅਵਤਾਰ ਸਿੰਘ ਬਿਲਿੰਗ

ਸੁਪਨੀਂਦੇ (ਕਾਵਿ-ਸੰਗ੍ਰਹਿ) **ਪ੍ਰਮਿੰਦਰਜੀਤ**

'ਸੁਪਨੀਂਦੇ' (ਪੰਨੇ 96,ਮੁੱਲ 120 ਰੁਪਏ, ਰੂਪੀ ਪ੍ਰਕਾਸ਼ਨ, ਅੰਮ੍ਰਿਤਸਰ) ਜਾਣੀ ਪਛਾਣੀ ਕਾਵਿ ਸ਼ਖ਼ਸੀਅਤ ਦੇ ਸੁਆਮੀ' ਪ੍ਰਮਿੰਦਰਜੀਤ ਦਾ ਨਵਾਂ ਕਾਵਿ-ਸੰਗ੍ਰਹਿ ਹੈ, ਜਿਸ ਵਿਚ ਦੋਹਾ ਕਾਵਿ-ਰੂਪ ਵਰਗੀ ਨੁਹਾਰ ਵਾਲੀ ਛੰਦਮਈ ਚਾਰ ਸਤਰੀਆ ਕਾਵਿ-ਰਚਨਾ ਵੇਖਣ ਨੂੰ ਮਿਲਦੀ ਹੈ ।ਸਰਲ ਪ੍ਰਤੀਤ ਹੁੰਦੀ ਇਸ ਰਚਨਾ ਰਾਹੀਂ ਉਸਨੇ ਆਪਣੇ ਆਪ ਨੂੰ ਸਮਾਜਕ ਤੌਰ ਉੱਤੇ ਨਿਹਾਰ ਕੇ ਅਤੇ ਕਲਾਤਮਕ ਤੌਰ ਉੱਤੇ ਨਿਖਾਰ ਕੇ ਸਮਕਾਲੀ ਜੀਵਨ ਨੂੰ ਬੇਚੈਨ ਕਰ ਦੇਣ ਵਾਲੀਆਂ ਵਰਤਮਾਨ ਸਥਿਤੀਆਂ ਦੇ ਸਨਮੁਖ ਕੀਤਾ ਹੈ। ਇਹਨਾਂ

ਦੋਹਿਆਂ ਵਿਚ ਵਿਚਾਰਧਾਰਕ ਗਹਿਰਾਈ ਵੀ ਸਹਿਜ ਰੂਪ ਵਿਚ ਪੇਸ਼ ਹੋਈ ਹੈ। ਪ੍ਰਮਿੰਦਰਜੀਤ ਦੀ ਵਿਚਾਰਧਾਰਾ ਦੀ ਪ੍ਰਤੀਨਿੱਧਤਾ ਕਰਦਾ ਇਕ ਦੋਹਾ ਲੈਂਦੇ ਹਾਂ:

ਕੁਝ ਸੁਪਨੇ ਛਿਲਤਰਾਂ ਵਰਗੇ ਖਰ੍ਹਵੇ ਤੇ ਨਿਰਮੋਹੇ
ਕੁਝ ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਕੁਝ ਗੁਰੂ ਕਬੀਰ ਦੇ ਦੋਹੇ

ਪ੍ਰਮਿੰਦਰਜੀਤ ਨੇ ਸੁਪਨਿਆਂ ਦੀ ਸੁਹਜ-ਸਿਰਜਣਈ ਪ੍ਰਗੀਤਕ ਵਿਧੀ ਦਾ ਸਹਾਰਾ ਲੈਂਦਿਆਂ ਅੱਜੋਕੇ ਦੌਰ ਦੀ ਪਛਾਣ ਤਾਂਡਵ ਕਰਦੇ ਅਜਿਹੇ ਹੰਕਾਰੀ ਚਿਹਰੇ ਵਜੋਂ ਕੀਤੀ ਹੈ ਜੋ ਮਨੁੱਖ ਦੇ ਚੇਤਨ ਤੇ ਅਵਚੇਤਨ ਉੱਤੇ ਗਹਿਰਾ ਪ੍ਰਭਾਵ ਪਾਉਂਦਾ ਹੈ। ਇਹਨਾਂ ਗਹਿਰੇ ਪ੍ਰਭਾਵਾਂ ਦੇ ਵਿਵਿਧ ਰੂਪਾਂ ਨੂੰ ਸਾਕਾਰ ਕਰਨ ਅਤੇ ਇਹਨਾਂ ਤੋਂ ਮੁਕਤ ਹੋਣ ਦੇ ਗੁਰ ਸਿਖਾਉਣ ਲਈ ਪ੍ਰਮਿੰਦਰਜੀਤ ਨੇ ਸੁਪਨਿਆਂ ਨੂੰ ਕਾਵਿ-ਮਾਧਿਅਮ ਦੇ ਤੌਰ ਉੱਤੇ ਵਰਤ ਕੇ ਪੰਜਾਬੀ ਕਵਿਤਾ ਦੀ ਸਿਰਜਣਸ਼ੀਲਤਾ ਨੂੰ ਇਕ ਨਵਾਂ ਕਲਾਤਮਕ ਪਸਾਰ ਦਿੱਤਾ ਹੈ।

ਸੁਪਨੇ ਆਉਣੇ ਤੇ ਸੁਪਨੇ ਲੈਣੇ ਇਕ ਕੁਦਰਤੀ ਵਰਤਾਰਾ ਹੈ। ਜਦੋਂ ਇਸ ਕੁਦਰਤੀ ਵਰਤਾਰੇ ਨੂੰ ਸੋਚੇ ਸਮਝੇ ਅਮਾਨਵੀ ਵਰਤਾਰੇ ਛਲਦੇ ਤੇ ਡੰਗਦੇ ਹਨ ਤਾਂ ਪ੍ਰਮਿੰਦਰਜੀਤ ਵਰਗੇ ਡੂੰਘੇ ਤੇ ਵਿਸ਼ਾਲ ਅਨੁਭਵ ਵਾਲੇ ਪੱਕੇ ਰਸੇ ਕਵੀ ਨੂੰ ਵਿਅਕਤੀ ਦੇ ਸੁਪਨਈ ਸੰਸਾਰ ਦੀ ਵੀ ਸਾਰ ਲੈਣੀ ਪੈਂਦੀ ਹੈ। ਜਿਵੇਂ ਉਸਨੇ 'ਸੁਪਨੀਂਦੇ' ਕਾਵਿ-ਸੰਗ੍ਰਹਿ ਵਿਚ ਸੁਪਨਿਆਂ ਨੂੰ ਨੀਂਦ ਦੇ ਪੰਖੇਰੂ,ਬਿਨ ਸਿਰਨਾਵੇਂ ਖ਼ਤ, ਅਣਬੁੱਝ ਬੁਝਾਰਤ,ਬੰਦੇ ਦੀਆਂ ਇੱਛਾਵਾਂ ਦੇ ਪਰਛਾਵੇਂ,ਮਨ ਦਾ ਸੰਤਾਪ,ਰੂਹਾਂ ਦੀ ਬੇਚੈਨੀ,ਗਿਰਝਾਂ,ਸਾਗਰ ਦਾ ਪਾਣੀ,ਦਿਲ ਦੇ ਦਰ ਦਰਵਾਜ਼ੇ,ਰੂਹਾਂ ਦੀ ਅਰਜੋਈ,ਪੌਣਾਂ ਦੀ ਪਗਡੰਡੀ,ਸੁੱਚੀ ਤੇਹ ਦਾ ਪਾਣੀ, ਘਰ,ਤੀਰਥ,ਦਰਗਾਹ,ਜਗਦੇ ਦੀਵੇ ਇਤਿਆਦਿ ਸ਼ਬਦਾਂ ਰਾਹੀਂ ਪਰਿਭਾਸ਼ਤ ਕੀਤਾ ਹੈ। ਕਾਵਿਕ ਰੂਪ ਵਿਚ ਘੜੀ ਸੁਪਨਿਆਂ ਦੀ ਇਸ ਪਰਿਭਾਸ਼ਾ ਰਾਹੀਂ ਪ੍ਰਮਿੰਦਰਜੀਤ ਨੇ ਮਨੁੱਖੀ ਜੀਵਨ ਨੂੰ ਇਕ ਮਾਤਰ ਸੁਪਨੇ ਦੀ ਤਰ੍ਹਾਂ ਅਤੇ ਸੁਪਨੇ ਨੂੰ ਇਕ ਸੰਪੂਰਨ ਜੀਵਨ ਦੀ ਤਰ੍ਹਾਂ ਵੇਖ ਕੇ ਇਕ ਆਮ ਵਿਅਕਤੀ ਦੇ ਜੀਵਨ-ਦਰਸ਼ਨ ਨੂੰ ਪੇਸ਼ ਕੀਤਾ ਹੈ:

ਅਰਧ ਜੂਨ ਸੁਪਨੀਂਦੀ ਜੀਅ ਕੇ ਪੂਰਨ ਕਿਵੇਂ ਕਹਾਈਏ
ਸੁਪਨੀਂਦੇ ਹੀ ਆਈਏ ਤੇ ਸੁਪਨੀਂਦੇ ਤੁਰ ਜਾਈਏ

ਪ੍ਰਮਿੰਦਰਜੀਤ ਮਨੁੱਖੀ ਜੀਵਨ ਵਿਚ ਪੂਰਨਤਾ ਦੇ ਰੰਗ ਭਰੇ ਵੇਖਣਾ ਚਾਹੁੰਦਾ ਹੈ। ਉਸਦੀ ਨਿਗਾਹ ਵਿਚ ਮਨੁੱਖ ਆਪਣੀ ਪੂਰੀ ਹੋਂਦ ਨਹੀਂ ਹੰਢਾਉਂਦਾ। ਇਕਾਗਰਤਾ ਸਹਿਤ ਗਿਆਨ ਪ੍ਰਾਪਤੀ ਦੇ ਰਾਹ ਨਹੀਂ ਪੈਂਦਾ। ਪ੍ਰਮਿੰਦਰਜੀਤ ਨੇ ਜੀਵਨ ਨੂੰ ਗੰਭੀਰ ਦ੍ਰਿਸ਼ਟੀ ਰਾਹੀਂ ਤੱਕ ਕੇ ਇਸ ਉੱਤੇ ਪਹੇਲੀਆਂ ਦੇ ਰੂਪ ਵਾਲੀਆਂ ਅਜਿਹੀਆਂ ਸਾਰਥਕ ਕਾਵਿ-ਟਿੱਪਣੀਆਂ ਦਿੱਤੀਆਂ ਹਨ ਜਿਹੜੀਆਂ ਵਿਅਕਤੀ ਨੂੰ ਸਵੈ-ਵਿਸ਼ਵਾਸ ਦੇ ਸੁਪਨੇ ਨਾਲ ਬੱਝਣ ਦਾ ਸੁਨੇਹਾ ਦਿੰਦੀਆਂ ਹੋਈਆਂ ਸਬਰ ਸਿਦਕ ਤੇ ਧੀਰਜ ਦੇ ਸੁਪਨਿਆਂ ਸੰਗ ਜਿਊਣ ਦੀ ਪ੍ਰੇਰਨਾ ਦਿੰਦੀਆਂ ਹਨ। 'ਸੁਪਨੀਂਦੇ' ਕਾਵਿ-ਸੰਗ੍ਰਹਿ ਵਿਚਲੀਆਂ ਅਨੇਕਾਂ ਕਾਵਿ-ਟਿੱਪਣੀਆਂ ਅਜਿਹੇ ਸੁਪਨਿਆਂ ਨੂੰ ਸਿਰਜਣ ਦਾ ਸੰਦੇਸ਼ ਦਿੰਦੀਆਂ ਹਨ ਜਿਸ ਨਾਲ ਵਿਅਕਤੀ ਮਨੁੱਖੀ ਦੇਹ ਨੂੰ ਪੁਨੀਤ ਰੱਖ ਕੇ ਮੋਹ ਦੀ ਚੋਗ ਚੁਗ ਸਕੇ ਅਤੇ ਸਮਾਜਕ ਯਥਾਰਥ ਦੀ ਧਰਤੀ ਉੱਤੇ ਵਿਚਰ ਕੇ ਅਨੇਕਾਂ ਆਦਰਸ਼ਮੁਖੀ ਸੁਪਨਿਆਂ ਦੀ ਸਿਰਜਣਾ ਕਰ ਸਕੇ। ਆਦਰਸ਼ ਤੇ ਯਥਾਰਥ ਦੇ ਵਿਰੋਧੀ ਕਾਵਿਕ ਜੁੱਟਾਂ ਦੀ ਕੜੀ ਵਿਚ ਬੱਝ ਕੇ ਇਕ ਇਕ ਦੋਹੇ ਦੀ ਸੰਗਲੀਬੱਧ ਸਿਰਜਣਾ ਕਰਦੇ ਹੋਏ 'ਸੁਪਨਿਆਂ ਦੀ ਕਾਵਿ-ਸ਼ਾਰ' ਬਣ ਜਾਂਦੇ ਹਨ। ਯਥਾਰਥ ਦੀ ਕਰੂਰਤਾ ਨੂੰ ਸੁਪਨੇ ਨਿਗਲ਼ ਰਹੇ ਹਨ ਅਤੇ ਸੁਪਨਿਆਂ ਦੇ ਸੰਸਾਰ ਨੂੰ ਯਥਾਰਥ ਦੇ ਕਰੂਰ ਵਾਵਰੋਲੇ:

ਸੁਪਨੇ ਰੂਹਾਂ ਦੀ ਬੇਚੈਨੀ ਸੁਪਨੇ ਰੂਹਾਂ ਦੀ ਅਰਜੋਈ
ਹਰ ਸੰਤਾਪੀ ਰੂਹ ਨੂੰ ਸ਼ਾਇਦ ਸੁਪਨੇ ਵਿਚ ਹੀ ਮਿਲਦੀ ਢੋਈ

ਪ੍ਰਮਿੰਦਰਜੀਤ ਨੇ ਬਹੁਰੰਗੇ ਜੀਵਨ ਯਥਾਰਥ ਦੇ ਜ਼ਾਹਿਰ ਤੇ ਬਾਤਨ ਭੇਦਾਂ ਨੂੰ ਸੁਪਨਿਆਂ ਦੇ ਕੁਦਰਤੀ ਵਰਤਾਰੇ ਰਾਹੀਂ ਪਕੜਣ ਵਾਲਾ ਨਿਵੇਕਲਾ ਕਲਾ-ਸ਼ਾਸਤਰ ਸਿਰਜਿਆ ਹੈ। ਜਿਸ ਰਾਹੀਂ ਉਸਨੇ 'ਇਕ ਜੋਤ ਦੋਇ ਮੂਰਤੀ' ਵਾਲੀ ਅਧਿਆਤਮਵਾਦੀ ਆਦਰਸ਼ਮੁਖ ਧਾਰਨਾ ਨੂੰ ਔਰਤ ਤੇ ਮਰਦ ਉੱਤੇ ਲਾਗੂ ਕਰਕੇ ਪ੍ਰਕ੍ਰਿਤੀ ਵਿਚ ਚੱਲਦੇ ਮਨੁੱਖੀ ਜੀਵਨ ਦੀ ਸ੍ਰਿਸ਼ਟੀ ਦੇ ਚੱਕਰ ਨੂੰ ਕਾਵਿਬੱਧ ਕਰਦਿਆਂ ਇਹ ਧਾਰਨਾ ਦਿੱਤੀ ਹੈ ਕਿ ਹਰ ਮਰਦ ਅੰਦਰ ਔਰਤ ਤੇ ਹਰ ਔਰਤ ਅੰਦਰ ਮਰਦ ਵਾਲੇ ਤੱਤ ਮੌਜੂਦ ਹੁੰਦੇ ਹਨ। ਇਹਨਾਂ ਤੱਤਾਂ ਦੀ ਖਿੱਚ ਹੀ ਔਰਤ ਮਰਦ ਨੂੰ ਇਕ ਦੂਜੇ ਦੇ ਨੇੜੇ ਲਿਆ ਕੇ ਉਹਨਾਂ ਦੀਆਂ ਹੋਂਦਾਂ ਨੂੰ ਸੰਪੂਰਨਤਾ ਪ੍ਰਦਾਨ ਕਰਦੀ ਹੈ:

ਨਰ 'ਚ ਨਾਰੀ ਨਾਰੀ ਵਿਚ ਨਰ ਇਸ ਰਿਸ਼ਤੇ ਦੀ ਕੀ ਪਰਿਭਾਸ਼ਾ
ਨਰ ਦੀ ਕਾਇਆ ਨਾਰੀ ਹੋ ਕੇ ਪੂਰੀ ਕਰੇ ਦੇਹ ਦੀ ਅਭਿਲਾਸ਼ਾ

ਪ੍ਰਮਿੰਦਰਜੀਤ ਦੀ ਕਾਵਿ-ਦ੍ਰਿਸ਼ਟੀ ਤਾਂ ਦੇਹ ਦੀ ਅਭਿਲਾਸ਼ਾ ਤੋਂ ਪਾਰਲੀਆਂ ਕਈ ਅਜਿਹੀਆਂ ਮਨੁੱਖੀ ਅਭਿਲਾਸ਼ਾਵਾਂ ਦੀ ਸਿਰਜਣਾ ਕਰਦੀ ਹੈ ਜਿਹੜੀਆਂ ਔਰਤ ਤੇ ਮਰਦ ਦੇ ਤਨ ਤੇ ਮਨ ਨੂੰ ਇਕ ਕਰਕੇ ਅਰਧਨਾਰੀਸ਼ਵਰੀ ਰੂਪ ਪ੍ਰਦਾਨ ਕਰਦੀਆਂ ਹਨ। ਔਰਤ ਤੇ ਮਰਦ ਦਾ ਇਹ ਰੂਪ ਗ਼ਰੀਬੀ ਦੀ ਅਵਸਥਾ ਵਿਚ ਵੀ ਸੰਤੋਖ ਸਬਰ ਨਾਲ ਰਹਿ ਸਕਦਾ ਹੈ,ਰਿਸ਼ਤਿਆਂ ਦੇ ਤਿੱਖੇ ਤੇ ਨੁਕੀਲੇ ਵਾਰਾਂ ਨੂੰ ਸਹਿ ਸਕਦਾ ਹੈ,ਬਚਪਨ ਲਈ ਲੋਰੀ ਤੇ ਬੁਢੇਪੇ ਲਈ ਡੰਗੋਰੀ ਬਣ ਸਕਦਾ ਹੈ,ਸੰਸੇ ਚਿੰਤਾ ਫ਼ਿਕਰ ਵਿਗੋਚੇ ਨੂੰ ਤਾੜ ਸਕਦਾ ਹੈ,ਮਨ ਦੇ ਸੰਤਾਪ ਨੂੰ ਜਰ ਸਕਦਾ ਹੈ,ਘਰ ਦੀ ਘੁਟਣ ਉਦਾਸੀ ਨੂੰ ਘਟਾ ਸਕਦਾ ਹੈ,ਆਪਣੀ ਸੁਰਤੀ ਵਿਚ ਵਿਸਮਾਦ ਦੀ ਸੁਰਤਾਲ ਖੜਕਾ ਸਕਦਾ ਹੈ। ਐਪਰ ਇਸ ਰੂਪ ਤੋਂ ਸੱਖਣੇ ਵਿਅਕਤੀ ਦੀਆਂ ਇੱਛਾਵਾਂ ਸਾਰੀ ਉਮਰ ਅਪੂਰਨ ਹੀ ਰਹਿੰਦੀਆਂ ਹਨ:

ਸੁਪਨੇ ਕੀ ਕੀ ਬੰਦਾ ਲਵੇ ਹਰ ਸੁਪਨਾ ਖੰਡਤ ਕਰਦਾ
ਕਰਦਿਆਂ ਜੀਣ ਜੀਣ ਦੀ ਇੱਛਾ ਇੱਛਾ ਵਿਚ ਹੀ ਮਰਦਾ

ਸੁਪਨੇ ਤੇ ਯਥਾਰਥ ਦੇ ਕੁਦਰਤੀ ਦਵੰਦ ਨੂੰ ਦਾਰਸ਼ਨਿਕ, ਮਨੋਵਿਗਿਆਨਕ ਤੇ ਸਮਾਜ-ਸ਼ਾਸਤਰੀ ਦ੍ਰਿਸ਼ਟੀਕੋਣਾਂ ਤੋਂ ਸਮਝਣ ਤੇ ਸਮਝਾਉਣ ਲਈ ਪੁਖ਼ਤਾ ਕਲਾਕਾਰੀ ਲੋੜੀਂਦੀ ਹੈ। ਅਜਿਹੀ ਕਲਾਕਾਰੀ ਨੂੰ ਉਜਾਗਰ ਕਰਨ ਲਈ ਕਿਸੇ ਕਵੀ ਕੋਲ ਸਾਹਿਤ ਤੇ ਸਮਾਜ ਦਾ ਡੂੰਘਾ ਤੇ ਵਿਸ਼ਾਲ ਅਨੁਭਵ ਹੋਣਾ ਜ਼ਰੂਰੀ ਹੈ ਅਤੇ ਇਸ ਅਨੁਭਵ ਨੂੰ ਮਨੋਵਿਗਿਆਨਕ ਤੇ ਸਮਾਜ-ਸ਼ਾਸਤਰੀ ਦ੍ਰਿਸ਼ਟੀਆਂ ਰਾਹੀਂ ਗੰਭੀਰਤਾ ਸਹਿਤ ਪ੍ਰਗਟਾਉਣ ਲਈ ਉਸ ਕੋਲ ਕਲਾਤਮਕ ਜਾਚ ਵੀ ਹੋਣੀ ਚਾਹੀਦੀ ਹੈ। ਪੁਰਾਤਨ ਕਾਵਿ-ਰੂਪ ਦੋਹਾ ਦੀ ਵਰਤੋਂ ਰਾਹੀਂ ਆਧੁਨਿਕ ਸੰਵੇਦਨਾ ਨੂੰ ਪ੍ਰਗਟਾਉਂਦੀ ਹਥਲੀ ਕਾਵਿ-ਕਿਤਾਬ ਇਸ ਵਿਚਾਰ ਦਾ ਪੁਖ਼ਤਾ ਪ੍ਰਮਾਣ ਹੈ। ❑❑ **-ਚੰਦਰ ਮੋਹਨ**

ਬਾਤਾਂ ਸ਼ਾਤਾਂ (ਕਾਵਿ-ਸੰਗ੍ਰਹਿ) **ਮੁਸ਼ਤਾਕ**

ਇੰਗਲੈਂਡ ਵਾਸੀ ਕਵੀ ਮੁਸ਼ਤਾਕ ਲਗਪਗ ਚਾਰ ਦਹਾਕਿਆਂ ਤੋਂ ਪੰਜਾਬੀ ਕਾਵਿ ਦੀ ਸਿਰਜਣਾ ਕਰਦਾ ਆ ਰਿਹਾ ਹੈ। ਜ਼ਿੰਦਾ ਜ਼ਮੀਰ ਨਾਲ ਉਸਨੇ ਆਪਣੇ ਦਿਲ ਦੀਆਂ ਬਾਤਾਂ ਆਪਣੀਆਂ ਕਵਿਤਾਵਾਂ ਵਿਚ ਉਤਾਰੀਆਂ ਹਨ। ਕਵਿਤਾਵਾਂ ਵਿਚ ਉਤਾਰੀਆਂ ਉਹਦੀਆਂ ਬਾਤਾਂ ਸ਼ਾਤਾਂ ਕੰਡਿਆਂ ਵਿਚ ਛੁਪੇ ਬੇਸ਼ੁਮਾਰ ਲੋਕਾਂ ਦੀ ਕੰਡਿਆਲੀ ਦੁਨੀਆਂ ਨੂੰ

ਪਾਠਕਾਂ ਸਾਹਵੇਂ ਸਾਕਾਰ ਕਰ ਦਿੰਦੀਆਂ ਹਨ। ਉਹ ਇਕੱਲਤਾ ਵਿਚ ਉੱਕਰੇ ਜਜ਼ਬਿਆਂ ਦੇ ਹੜ੍ਹ ਨੂੰ ਆਪਣੀਆਂ ਕਵਿਤਾਵਾਂ ਵਿਚ ਨਹੀਂ ਡੱਕਦਾ ਬਲਕਿ ਆਪਣੇ ਆਸੇ ਪਾਸੇ ਦੇ ਪਛਾਣੇ ਤੇ ਅਣਪਛਾਣੇ ਦਰਦ ਭਰੇ ਚਿਹਰਿਆਂ ਦੀਆਂ ਅੱਖਾਂ 'ਚੋਂ ਵਗਦੇ ਹੰਝੂਆਂ ਦੇ ਦਰਿਆਵਾਂ ਨੂੰ ਆਪਣੀ ਵਿਚਾਰਧਾਰਾ ਦਾ ਬੰਨ੍ਹ ਮਾਰਦਾ ਹੈ। ਆਪਣੇ ਪਹਿਲੇ ਕਾਵਿ-ਸੰਗ੍ਰਹਿਆਂ 'ਤੁਰਦੇ ਜਾਵਣ ਪੈਰ-1977' ਤੇ 'ਧਾਰ'ਤੇ ਤੁਰਦੇ ਪੈਰ-1978' ਵਿਚ ਮੁਸ਼ਤਾਕ ਨੇ ਜਿਸ ਕਿਸਮ ਦੀ ਲੋਕ-ਹਿਤੈਸ਼ੀ ਵਿਚਾਰਧਾਰਕ ਸੋਚ ਦਾ ਇਸਤੇਮਾਲ ਕੀਤਾ ਹੈ, ਲਗਪਗ ਓਹੋ ਜਿਹੀ ਹੀ 'ਬਾਤਾਂ ਸ਼ਾਤਾਂ' (ਪੰਨ 103, ਮੁੱਲ 200 ਰੁਪਏ, ਐਸਥੈਟਿਕ ਪਬਲੀਕੇਸ਼ਨਜ਼, ਲੁਧਿਆਣਾ) ਕਾਵਿ-ਸੰਗ੍ਰਹਿ ਵਿਚ ਵੇਖਣ ਨੂੰ ਮਿਲਦੀ ਹੈ। ਇਸ ਪ੍ਰਸੰਗ ਲਈ 'ਬਾਤਾਂ ਸ਼ਾਤਾਂ' ਸੰਗ੍ਰਹਿ ਵਿਚ ਅੰਕਿਤ ਹੇਠ ਲਿਖੀਆਂ ਕਾਵਿ-ਸਤਰਾਂ ਨੂੰ ਵਿਚਾਰਿਆ ਜਾ ਸਕਦਾ ਹੈ:

ਦੋਸਤੋ ! ਮੈਂ ਜੋ ਸੋਚਦਾਂ
ਮੈਂ ਜੋ ਸ਼ਹਿਰ ਦੀਆਂ ਗਲੀਆਂ 'ਚ ਤੱਕਦਾਂ, ਮੈਂ ਤੇ ਉਹੀ ਲਿਖਦਾਂ
ਮੈਂ ਨਹੀਂ ਸ਼ਾਹਾਂ ਦੇ ਕਿਸੇ ਬਲੂੰਗੜੇ ਤੋਂ
ਕਿਸੇ ਸ਼ਕਲ ਵਿਚ ਕੋਈ ਲੁਕਵੀਂ ਵਸੂਲੀ ਕਰਦਾ

ਕਾਵਿ-ਸੰਗ੍ਰਹਿ 'ਬਾਤਾਂ ਸ਼ਾਤਾਂ' ਮੁਸ਼ਤਾਕ ਦੀ ਗਹਿਰੀ ਰਾਜਸੀ ਸੂਝ ਅਤੇ ਵਿਚਾਰਧਾਰਕ ਚੇਤਨਾ 'ਚੋਂ ਜਨਮ ਲੈਂਦਾ ਹੈ। ਇਕਰਾਰ, ਹੋਰਾਂ ਵਾਂਗ, ਚੰਗਾ ਮੰਦਾ, ਮੇਰਾ ਸ਼ਹਿਰ, ਵਾਰਦਾਤਾਂ, ਕਾਲੀ ਬੋਲੀ ਰਾਤ ਆਦਿ ਕਵਿਤਾਵਾਂ ਵਿਚ ਉਸਨੇ ਲੋਕਤੰਤਰਕ ਵਿਵਸਥਾ ਵਾਲੇ ਭਾਰਤੀ ਰਾਜ ਦੀ ਚਾਰ ਸੌ ਬੀਸੀ ਨੂੰ ਵਿਅੰਗ ਤੇ ਮਸ਼ਕਰੀ ਜਿਹੇ ਨਸ਼ਤਰਾਂ ਰਾਹੀਂ ਚੀਰ ਕੇ ਆਮ ਲੋਕਾਂ ਦੀ ਇਸ ਫ਼ਿਕਰਮੰਦੀ ਨੂੰ ਦਰਸਾਇਆ ਹੈ:

ਦੁੱਖ ਤਾਂ ਮੇਰੇ ਰੱਬਾ! ਏਸੇ ਗੱਲ ਦਾ ਹੈ!
ਰਾਤ ਵੀ ਤਾਂ ਬਹੁਤ ਕਾਲੀ ਕਲੂਟੀ
ਬ੍ਰਹੱਮਪੁੱਤਰ ਜਿੰਨੀ ਲੰਮੀ ਹੈ!
ਕੀ ਬਣੇਗਾ ਮੇਰੀਆਂ ਸੋਚਾਂ ਦਾ ਮੇਰੇ ਖ਼ਾਬਾਂ ਦਾ?

ਮੁਸ਼ਤਾਕ ਸ਼ੁੱਧ ਲੋਕ-ਹਿਤੈਸ਼ੀ ਵਿਚਾਰਧਾਰਾ ਨੂੰ ਪਰਨਾਇਆ ਹੋਣ ਕਰਕੇ ਸਹਿਜੇ ਹੀ ਰਾਜਨੀਤਕ ਪਾਰਟੀਆਂ ਦੀਆਂ ਕੋਝੀਆਂ ਚਾਲਾਂ ਨੂੰ ਸਮਝਣ ਦੇ ਸਮਰੱਥ ਹੈ। ਉਸਨੇ ਰਾਹ ਬਦਲ,ਤੂੰ ਜਦ ਵੀ ਚਾਹਵੇਂ,ਜੱਗ ਕਥਾਵਾਂ,ਤੂੰ ਤੇ ਮੈਂ, ਰੱਬ ਦੀ ਤਲਾਸ਼,ਮਜਬੂਰੀ,ਹੁਕਮ ਅਦੂਲੀ,ਨਵੀਂ ਸਾਇੰਸ,ਟੁੱਟ ਗਿਆ ਜੇ ਵਾਦਿਆਂ ਦਾ ਆਦਿ ਕਵਿਤਾਵਾਂ ਵਿਚ ਮਾਰਕਸਵਾਦੀ ਵਿਚਾਰਧਾਰਾ ਨੂੰ ਨਿੱਤ ਨਵੇਂ ਰਹਿਣੇ ਸੂਰਜ ਦੇ ਰੂਪ ਵਿਚ ਸਵੀਕਾਰ ਕੀਤਾ ਹੈ।

ਸੂਰਜ ਦਾ ਚਿਹਰਾ ਤਾਂ ਹਰ ਸਵੇਰ ਨਵਾਂ ਹੁੰਦਾ ਹੈ
ਸਿਰਫ਼ ਜੰਗਲਾਂ, ਜਾਂ ਪਹਾੜਾਂ ਦੀਆਂ ਟੀਸੀਆਂ ਹੀ
ਪੁਰਾਣੀਆਂ ਦਿਸਦੀਆਂ ਹਨ

ਭੌਤਿਕਵਾਦੀ ਵਿਚਾਰਧਾਰਾ ਦਾ ਪ੍ਰਵੱਕਤਾ ਹੋਣ ਕਰਕੇ ਮੁਸ਼ਤਾਕ ਬੰਦੇ ਦੇ ਬਣਾਏ ਰੱਬ ਵਿਚ ਨਹੀਂ ਸਗੋਂ ਸਥਿਤੀਆਂ ਦੇ ਪੈਦਾ ਕੀਤੇ ਬੰਦੇ ਦੀ ਹੋਂਦ ਤੇ ਹੋਣੀ ਵਿਚ ਯਕੀਨ ਰੱਖਦਾ ਹੈ। ਸਮਾਜ ਵਿਚ ਚਲਦੇ ਰੱਬ ਦੇ ਕਾਰੋਬਾਰ ਨੂੰ ਨਕਾਰ ਕੇ ਨੰਗੇ ਤੇ ਪੇਟੋਂ ਭੁੱਖੇ ਵਿਅਕਤੀ ਦੀਆਂ ਸਮਾਜਕ ਤੇ ਆਰਥਿਕ ਦੁਸ਼ਵਾਰੀਆਂ ਦੀਆਂ ਬਾਤਾਂ ਪਾਉਂਦਾ ਹੈ। ਬਾਬਿਆਂ,ਗੁਰੂਆਂ ਤੇ ਰਿਸ਼ੀਆਂ ਦੇ ਡੇਰਿਆਂ ਵਿਚ ਵੋਟਾਂ ਮੰਗਦੇ ਰਾਜਨੀਤਕ ਆਗੂਆਂ ਦੇ ਦਰਸ਼ਨ ਕਰਵਾਉਂਦਾ ਹੈ। ਰੱਬ ਨੂੰ ਗਵਾਹ ਬਣਾ ਕੇ ਦੇਸ਼ ਤੇ ਕੌਮ ਦੀਆਂ ਜੜ੍ਹਾਂ ਵੱਢਦੇ

ਸਿਆਸਤਦਾਨਾਂ ਅਤੇ ਰਿਸ਼ਵਤਖੋਰ,ਭੱਤਾਖੋਰ ਤੇ ਬੇਈਮਾਨ ਸਰਕਾਰੀ ਅਫ਼ਸਰਾਂ ਦੀਆਂ ਕਾਲੀਆਂ ਕਰਤੂਤਾਂ ਨੂੰ ਕਵਿਤਾ ਦਾ ਜਾਮਾ ਪਹਿਨਾਉਂਦਾ ਹੈ। ਰੱਬ ਦੀ ਤਲਾਸ਼,ਇਕ ਬੱਚੇ ਦੀ ਪੁਕਾਰ, ਕਾਸ਼!,ਇਨਸਾਨ ਆਦਿ ਕਵਿਤਾਵਾਂ ਵਿਚ ਕਵੀ ਨੇ ਭੌਤਿਕਵਾਦੀ ਮਾਨਵੀ ਵਿਚਾਰਧਾਰਾ ਦੇ ਅੰਤਰਗਤ ਧਾਰਮਿਕ ਪਾਖੰਡਾਂ ਦੇ ਖ਼ਿਲਾਫ਼ ਆਪਣੀ ਆਵਾਜ਼ ਬੁਲੰਦ ਕੀਤੀ ਹੈ। ਭਾਰਤ ਦੇਸ਼ ਦੇ ਧਰਮਤੰਤਰ ਨੂੰ ਲੋਕਤੰਤਰ ਲਈ ਵੱਡਾ ਖਤਰਾ ਮੰਨਿਆ ਹੈ। ਰੱਬ ਦੇ ਸੰਕਲਪ ਨੂੰ ਸ੍ਰਿਸ਼ਟੀ ਦੇ ਵਿਨਾਸ਼ ਦਾ ਅਤੇ ਮਜ਼ਦੂਰ ਵਰਗ ਨੂੰ ਸ੍ਰਿਸ਼ਟੀ ਦਾ ਸਿਰਜਣਹਾਰ ਮੰਨ ਕੇ ਧਾਰਮਿਕ,ਸਮਾਜਕ ਤੇ ਰਾਜਨੀਤਕ ਭ੍ਰਿਸ਼ਟ ਆਗੂਆਂ ਦੇ ਆਰ ਖੋਭੀ ਹੈ:

ਰੱਬ ਹੈ... ਹੋਵੇਗਾ/ ਨਹੀਂ ਹੈ...ਸ਼ਾਇਦ! ਮੈਂ ਕੀ ਜਾਣਾ?
ਸਾਰੀ ਦੁਨੀਆਂ 'ਚ ਜਿੰਨੇ ਗੁਰੂ-ਘਰ ਦਿਸਦੇ ਹਨ
ਉਹ ਤਾਂ ਮਜ਼ਦੂਰਾਂ ਦੇ ਹੱਥਾਂ ਦੇ ਕਮਾਲ ਹਨ
ਜੋ ਗ੍ਰੰਥ ਹਨ,ਉਹ ਵੀ ਤਾਂ ਕਲਮ-ਘਾੜਾਂ ਨੇ ਹੀ ਤਿਆਰ ਕੀਤੇ ਹਨ
ਨਹੀਂ ਤਾਂ ਰੱਬ ਦਾ ਕਾਰੋਬਾਰ ਸਾਰੀ ਦੁਨੀਆਂ ਵਿਚ ਕਿਵੇਂ ਤਰੱਕੀਆਂ ਕਰਦਾ?
ਜਿਸ ਦਿਨ ਰੱਬ ਦੇ ਹੱਥਾਂ ਦੀ ਬਣਾਈ ਕੋਈ ਸ਼ੈਅ ਨਜ਼ਰ ਆਈ
ਉਸ ਦਿਨ,ਹਾਂ ਉਸ ਦਿਨ,ਰੱਬ ਨੂੰ ਤਲਾਸ਼ ਕਰਨ ਤੁਰਾਂਗਾ।

ਮੁਸ਼ਤਾਕ ਸੱਚੇ-ਸੁੱਚੇ ਇਨਸਾਨ ਨੂੰ ਪਿਆਰ ਕਰਨ ਵਾਲਾ ਕਵੀ ਹੈ। ਏਸੇ ਲਈ ਉਹ ਇਨਸਾਨ ਤੇ ਸ਼ੈਤਾਨ ਨੂੰ ਖ਼ਾਨਿਆਂ ਵਿਚ ਵੰਡ ਕੇ ਵੇਖਦਾ ਹੈ। 'ਪਹਿਲੀ ਚੀਕ' ਕਵਿਤਾ ਵਿਚ ਕੁੜੀ-ਮਾਰ ਪੰਜਾਬ ਨੂੰ ਪਛਾਣਿਆ ਹੈ, 'ਖ਼ਾਹਸ਼ਾਂ' ਵਿਚ ਪਰ-ਇੱਛਾ ਲਈ ਸਵੈ-ਇੱਛਾ ਨੂੰ ਤਿਆਗਣ ਦਾ ਸੁਨੇਹਾ ਦਿੱਤਾ ਹੈ, 'ਸੁਣ ਨੀ ਕੁੜੀਏ' ਵਿਚ ਜੀਵਨ ਵਿਚ ਮਾਂ ਦੀ ਮਹੱਤਤਾ ਨੂੰ ਦ੍ਰਿੜਾਇਦਾ ਹੈ। 'ਸਵੇਰ ਸ਼ਾਮ', 'ਖਾਲੀ ਬਾਟਾ', 'ਜ਼ਮੀਰ ਦਾ ਚਿਰਾਗ', 'ਪਿੰਡ ਦਾ ਬੋਹੜ', 'ਅਧੂਰੀ ਕਹਾਣੀ' ਆਦਿ ਕਵਿਤਾਵਾਂ ਵਿਚ ਦੁਨੀਆਂ ਨੂੰ ਜਾਂਚ-ਪਰਖ ਕੇ ਆਪਣੇ ਭਾਵ-ਜਗਤ ਤੇ ਅਨੁਭਵ ਦੀ ਦੁਨੀਆਂ ਦਾ ਹਿੱਸਾ ਬਣਾ ਕੇ ਨਿੱਜ ਤੋਂ ਪਰ ਤੇ ਪਰ ਤੋਂ ਨਿੱਜ ਦਾ ਸਫ਼ਰ ਤੈਅ ਕਰਦਿਆਂ ਮੁਸ਼ਤਾਕ ਨੇ ਇਕ ਸਮਾਜਵਾਦੀ-ਦਾਰਸ਼ਨਿਕ ਕਵੀ ਵਾਲੀ ਭੂਮਿਕਾ ਨਿਭਾਈ ਹੈ। ਇਹਨਾਂ ਕਵਿਤਾਵਾਂ 'ਚੋਂ ਬਹੁਤ ਹੀ ਚੰਗਾ ਪ੍ਰਮਾਣ 'ਅਧੂਰੀ ਕਹਾਣੀ' ਕਵਿਤਾ ਵਿਚ ਵੇਖਿਆ ਜਾ ਸਕਦਾ ਹੈ। ਜਿਸ ਵਿਚ ਮੁਸ਼ਤਾਕ ਨੇ ਰਾਂਝਾ, ਮਿਰਜ਼ਾ, ਮਹੀਂਵਾਲ, ਫ਼ਰਹਾਦ ਵਰਗੇ ਮੱਧਕਾਲੀ ਕਾਵਿ-ਨਾਇਕਾਂ ਦੀ ਵਰਤੋਂ ਮਸ਼ਕਰੀ ਦੇ ਤੌਰ ਉੱਤੇ ਕਰਕੇ ਅੱਜੋਕੇ ਦੌਰ ਦੇ ਨੀਤੀਵਾਨਾਂ,ਬੁੱਧੀਜੀਵੀਆਂ, ਬਗ਼ਾਵਤਕਾਰੀਆਂ ਆਦਿ ਦੀ ਸਮਰੱਥਾ-ਸੀਮਾ ਨੂੰ ਦਰਸਾ ਕੇ ਸਮਾਜ ਵਿਚ ਨਿਰੰਤਰ ਚੱਲਣ ਵਾਲੀ ਜ਼ੁਲਮ ਦੀ ਕਥਾ ਬਿਆਂ ਕੀਤੀ ਹੈ:

ਹਰ ਕਹਾਣੀ ਦਾ ਅੰਤ ਤਾਂ ਹੋਣਾ ਹੀ ਹੈ
ਪਰ ਉਸਦੇ ਇੰਤਜ਼ਾਰ ਦੀ ਉਮਰ
ਕਿਸੇ ਜੁਗਰਾਫ਼ੀਏ ਦੇ ਗਿਆਨ ਸਾਗਰ ਵਿਚ ਨਹੀਂ ਵਿਚਰਦੀ

ਉਸ ਵਿਚ ਤਾਂ ਕਾਲੀਆਂ ਬੋਲੀਆਂ ਰਾਤਾਂ ਦੀਆਂ ਕਹਾਣੀਆਂ ਹੁੰਦੀਆਂ ਹਨ
ਮਨ ਦੀਆਂ ਤ੍ਰਾਟਾਂ ਹੁੰਦੀਆਂ ਹਨ
ਵਿਸ਼ਾਲ ਹਉਕਿਆਂ'ਤੇ ਹਾਸਿਆਂ ਦੇ ਬੀਆਬਾਨ ਹੁੰਦੇ ਹਨ
ਇਸ ਇੰਤਜ਼ਾਰ ਦੀ ਖ਼ੂਨੀ ਨਦੀ ਵਿਚ
ਟੁੱਟਦਾ,ਬਣਦਾ,ਖ਼ਾਬਾਂ ਦਾ,ਇਕਰਾਰਾਂ ਦਾ ਤਾਜ ਮਹੱਲ ਹੁੰਦਾ ਹੈ।
ਪਰ ਅੱਜ ਦੇ ਰਾਂਝੇ ਕੋਲ ਬਾਰਾਂ ਵਰ੍ਹੇ ਮੱਝਾਂ ਚਾਰਨ ਦਾ ਵਕਤ ਕਿੱਥੇ
ਮਿਰਜ਼ੇ ਦੇ ਤਰਕਸ਼ ਵਿਚ ਤੀਰ ਗ਼ਾਇਬ!

ਮਹੀਂਵਾਲ ਕੋਲ ਨਾ ਮੱਝਾਂ ਨਾ ਚਰਾਂਦ
ਪੁਨੂੰ ਦੇ ਕੂਲੇ ਪੈਰ,ਕੂਲਾ ਜਿਸਮ,ਰੇਤ ਦਾ ਸੇਕ ਨਹੀਂ ਸਹਾਰਦਾ
ਫ਼ਰਹਾਦ ਕੋਲ ਨਾ ਹਥੌੜਾ ਨਾ ਸਾਹਮਣੇ ਖੜ੍ਹਾ ਕੋਈ ਪਹਾੜ
ਤਾਈਂਓ ਮੈਂ ਕਹਿਨਾਂ:ਇਹ ਕਹਾਣੀ ਸਿਰੇ ਨਹੀਂ ਚੜ੍ਹਨੀ
ਇਹਨੂੰ ਕੋਈ ਅੰਜਾਮ ਨਹੀਂ ਮਿਲਣਾ
ਇੰਤਜ਼ਾਰ ਇਹਦੇ ਮੱਥੇ ਦੀ ਝਰੀਟ ਹੈ।

ਐਪਰ ਮੁਸ਼ਤਾਕ ਅਜਿਹੇ ਗੰਧਲੇ ਮਾਹੌਲ ਵਿਚ ਵੀ ਆਸ ਦਾ ਪੱਲਾ ਨਹੀਂ ਛੱਡਦਾ। 'ਮੇਹਰ', 'ਮਜਬੂਰੀ', 'ਤਕਰਾਰ', 'ਕਵੀਓ', 'ਗੁੰਮਨਾਮੀ', 'ਹੁਕਮ ਅਦੂਲੀ', 'ਉਦਾਸੀ ਦੀ ਲਕੀਰ', 'ਯਾਦਾਂ' ਆਦਿ ਕਵਿਤਾਵਾਂ ਵਿਚ ਮੁਸ਼ਤਾਕ ਨੇ ਕਵਿਤਾ ਦੇ ਅਸਲ ਧਰਮ ਨੂੰ ਸਪਸ਼ਟ ਕਰਦਿਆਂ ਸਾਹਿਤ ਦੇ ਇਸ ਰੂਪ ਨੂੰ ਯੁੱਗ ਦੇ ਵਹਿਸ਼ੀਪਨ ਦੇ ਵਿਪਰੀਤ ਚੱਲਣ ਵਾਲੀ ਵਿਧਾ ਮੰਨਿਆ ਹੈ। ਕਵੀ ਨੂੰ ਗਿਲਾ ਹੈ ਕਿ ਅੱਜੋਕੇ ਦੌਰ ਵਿਚ ਵਿਚਾਰਧਾਰਕ ਪੱਖ ਤੋਂ ਉੱਚ-ਪਾਏ ਦੀ ਕਵਿਤਾ ਨਹੀਂ ਲਿਖੀ ਜਾ ਰਹੀ। ਮੁਸ਼ਤਾਕ ਦੇ ਵਿਅੰਗ-ਬਾਣ ਕੱਚੇ-ਪਿੱਲੇ ਕਵੀਆਂ ਅਤੇ ਖੁੰਭਾਂ ਵਾਂਗ ਉੱਗਦੇ ਆਲੋਚਕਾਂ ਉੱਤੇ ਵਰ੍ਹਦੇ ਹਨ। ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਕਵੀਆਂ,ਆਲੋਚਕਾਂ,ਭ੍ਰਿਸ਼ਟ ਸਿਆਸਤਦਾਨਾਂ, ਧਾਰਮਿਕ ਆਗੂਆਂ ਤੇ ਆਮ ਵਿਅਕਤੀਆਂ ਨੂੰ ਉਹਨਾਂ ਦੇ ਕਰਮ-ਖੇਤਰਾਂ ਤੋਂ ਚੰਗੀ ਤਰ੍ਹਾਂ ਜਾਣੂ ਕਰਵਾਉਂਦੀਆਂ ਕਾਵਿਰੂਪੀ ਇਹ 'ਬਾਤਾਂ ਸ਼ਾਤਾਂ' ਸੱਚਮੁੱਚ ਦੀ ਦੁਨੀਆਂ ਨੂੰ ਸੱਚੀਂ ਹੀ ਸਾਕਾਰਦੀਆਂ ਹਨ। ❑❑

- ਚੰਦਰ ਮੋਹਨ

ਰਾਹਾਂ ਦੀ ਤਪਸ਼ (ਕਾਵਿ ਸੰਗ੍ਰਹਿ) **ਸਰਬਜੀਤ ਕੌਰ ਜਸ**

ਪੰਜਾਬੀ ਵਿਚ ਬੜੀ ਕਵਿਤਾ ਅਜਿਹੀ ਲਿਖੀ ਜਾ ਰਹੀ ਹੈ ਜਿਹੜੀ ਪ੍ਰਦੂਸ਼ਤ ਸਾਹਿਤ ਦੀ ਮਾਤਰਾ ਹੀ ਵਧਾ ਰਹੀ ਹੈ, ਜਿਸ ਤਰ੍ਹਾਂ ਦੀ ਕਵਿਤਾ ਬਿਲਕੁਲ ਪੜ੍ਹਨਯੋਗ ਨਹੀਂ। ਪਰ ਸਰਬਜੀਤ ਜਸ ਅਜਿਹਾ ਪ੍ਰਦੂਸ਼ਣ ਫੈਲਾਉਣ ਵਾਲਿਆਂ ਵਿਚ ਸ਼ੁਮਾਰ ਨਹੀਂ ਹੁੰਦੀ, ਉਹ ਸੱਚਮੁਚ ਦੀ ਕਵਿਤਰੀ ਹੈ। ਉਸ ਦੀਆਂ ਕਵਿਤਾਵਾਂ ਪੜ੍ਹਨਯੋਗ ਹਨ ਤੇ ਸਾਡਾ ਧਿਆਨ ਖਿੱਚਦੀਆਂ ਹਨ। 'ਬਲਦੀਆਂ ਛਾਵਾਂ' ਤੋਂ ਬਾਅਦ 'ਰਾਹਾਂ ਦੀ ਤਪਸ਼ (ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ, ਲੁਧਿਆਣਾ, ਪੰਨੇ 119, ਮੁੱਲ 150 ਰੁਪਏ) ਉਸਦੀ ਨਵੀਂ ਕਾਵਿ ਰਚਨਾ ਹੈ, ਜਿਸ ਵਿਚ ਅੱਜੋਕੇ ਗਲੋਬਲੀ ਸਮਾਜ ਨੂੰ ਚੁੱਪ ਤੇ ਜੰਗਲ ਦੇ ਚਿਹਨ 'ਚੋਂ ਵੇਖਦਿਆਂ ਬੜਾ ਕੁਝ ਇਸ ਵਿਸ਼ਵ ਮੰਡੀ ਦੇ ਪ੍ਰਭਾਵਾਂ ਬਾਰੇ ਕਿਹਾ ਗਿਆ ਹੈ। ਏਸੇ ਪ੍ਰਸੰਗ ਵਿਚ ਸਭ ਤੋਂ ਪਹਿਲਾਂ 'ਘਰ ਤੇ ਬਾਜ਼ਾਰ' ਨਾਂ ਦੀ ਕਵਿਤਾ ਦਾ ਜ਼ਿਕਰ ਕਰਨਾ ਚਾਹਾਂਗੇ ਜਿਸ ਵਿਚ ਵਿਸ਼ਵੀਕਰਨ ਕਰ ਕੇ ਸਾਡੇ ਅੰਦਰ ਵਿਆਪੀ ਵਪਾਰਕ ਬਿਰਤੀ ਨੂੰ ਬੜੀ ਤੀਬਰਤਾ ਨਾਲ ਉਘਾੜਿਆ ਗਿਆ ਹੈ:

ਬਾਜ਼ਾਰ ਜਦੋਂ ਦਾ ਸਾਡੇ ਘਰਾਂ ਦੀਆਂ
ਦਹਿਲੀਜ਼ਾਂ ਲੰਘ ਆਇਆ ਹੈ
ਅਸੀਂ ਵੇਖਣ ਲੱਗੇ ਹਾਂ , ਹਰ ਰਿਸ਼ਤੇ ਨੂੰ ਵਪਾਰੀ ਅੱਖ ਨਾਲ
ਤੋਲਣ ਲੱਗੇ ਹਾਂ, ਮੁਹੱਬਤ ਨੂੰ ਵੀ ਨਫੇ ਨੁਕਸਾਨ ਦੇ ਤਰਾਜ਼ੂ ਵਿਚ

ਵੈਸੇ ਹੱਥਲੇ ਸੰਗ੍ਰਹਿ ਦੀ ਕਵਿਤਾ 'ਚੁੱਪ ਦਾ ਜੰਗਲ' ਵਿਸ਼ੇਸ਼ ਧਿਆਨ ਖਿੱਚਦੀ ਹੈ ਜਿਸ ਵਿਚੋਂ ਸ਼ਾਇਰਾ ਦੇ ਸਾਰੇ ਥੀਮੈਟਿਕ ਪਾਸਾਰਾਂ ਦੀ ਬਹੁਤ ਖ਼ੂਬਸੂਰਤ ਟੋਹ ਲਗਦੀ ਹੈ। ਇਸ ਕਵਿਤਾ ਦੀਆਂ ਸਤਰਾਂ ਹਨ:

ਜਦੋਂ ਦਾ ਸਾਡੇ ਹੋਠਾਂ 'ਤੇ
ਚੁੱਪ ਦਾ ਜੰਗਲ ਉੱਗ ਆਇਆ ਹੈ
ਸਾਡੀਆਂ ਜ਼ੁਬਾਨਾਂ 'ਤੇ ਹੀ ਪਥਰਾ ਗਈਆਂ ਨੇ
ਤਸੀਹੇ ਸਹਿੰਦੀਆਂ ਰੀਝਾਂ ਦੀਆਂ ਚੀਕਾਂ
ਕੇਹਾ ਜੰਗਲ ਹੈ
ਜਿਸਦੇ ਪੱਤੇ ਪੱਤੇ 'ਚੋਂ ਚੋਂਦਾ ਹੈ, ਦਰਦ ਦਾ ਹੰਝੂ
ਜਿਸਦੀਆਂ ਟਾਹਣੀਆਂ ਨੂੰ ਪੈਂਦੇ ਨੇ, ਪੀੜਾਂ ਦੇ ਕੜਵੱਲ
ਜਿਸਦੇ ਸੰਘਣੇ ਹਨੇਰੇ 'ਚ ਗੁਆਚ ਗਿਆ, ਚਾਨਣ ਦਾ ਬੀਜ

ਇਹ ਚੁੱਪ ਦਾ ਜੰਗਲ ਹੋਠਾਂ 'ਤੇ ਤਾਂ ਹੀ ਉੱਗਿਆ ਹੈ ਕਿਉਂਕਿ ਏਥੇ ਬੜੀ ਆਪਾ ਧਾਪੀ ਮੱਚੀ ਹੋਈ ਹੈ। ਚੁੱਪ ਨੂੰ ਜ਼ਿਆਦਾਤਰ ਹਾਂ ਦੇ ਅਰਥਾਂ ਵਿਚ ਲਿਆ ਜਾਂਦਾ ਹੈ ਪਰ ਇਸਦੇ ਅਰਥ ਨਾਂਹ ਦੇ ਵੀ ਹੋ ਸਕਦੇ ਹਨ ਅਤੇ ਵਿਰੋਧ ਦੇ ਵੀ। ਆਪਣੀਆਂ ਰੀਝਾਂ ਦਾ ਕਤਲ ਵੇਖ ਕੇ ਉਹ ਚੁੱਪ ਹੈ ਅਤੇ ਇਸ ਚੁੱਪ 'ਚੋਂ ਵਿਰੋਧ ਵੀ ਝਲਕਾਰੇ ਮਾਰ ਰਿਹਾ ਹੈ। ਖਾਮੋਸ਼ੀ ਦੀ ਰੰਗਤ ਨੂੰ ਵਿਸਥਾਰਦੀ ਹੋਈ ਉਹ ਲਿਖਦੀ ਹੈ:

ਖਾਮੋਸ਼ੀ ਸਿਰਫ ਹਾਂ ਦੀ ਮੁਦਰਾ ਵਿਚ, ਝੁਕੀ ਹੋਈ ਧੌਣ ਨਹੀਂ ਹੁੰਦੀ
ਬੇਖੌਫ ਖੜ੍ਹੇ ਬੰਦੇ ਦੀ ਧੌਣ ਦਾ ਅਕੜਾਅ ਵੀ ਹੁੰਦੀ ਹੈ
ਜਿਨ੍ਹਾਂ ਦੀ ਜ਼ੁਬਾਨ 'ਚ ਨਹੀਂ, ਬਾਹਾਂ 'ਚ ਦਮ ਹੁੰਦਾ ਹੈ
ਉਹ ਬੇਜ਼ੁਬਾਨ ਹੁੰਦੇ ਹੋਏ ਵੀ, ਦਮਦਾਰ ਭਾਸ਼ਾ ਦੇ ਉਸਰੱਈਏ ਹੁੰਦੇ ਹਨ
ਜਿਨ੍ਹਾਂ ਦੀ ਚੁੱਪ ਅੱਗੇ ਹਰ ਬੋਲ ਗੂੰਗਾ ਹੋ ਜਾਂਦਾ ਹੈ
ਉਹ ਬੋਲਾਂ ਦੇ ਦੁਆਰ 'ਤੇ, ਖਾਮੋਸ਼ ਮੁਦਰਾ 'ਚ ਬੈਠੇ ਤਪੱਸਵੀ ਹੁੰਦੇ ਹਨ

ਇਸ ਤਰ੍ਹਾਂ ਸ਼ਾਇਰਾ ਚੁੱਪ ਦੇ ਬਿੰਬ ਰਾਹੀਂ ਪੂੰਜੀਵਾਦੀ ਜਗਤ ਦੀ ਹਕੀਕਤ ਪੇਸ਼ ਕਰਕੇ ਆਪਣੇ ਅਰਥ ਸੰਚਾਰਦੀ ਹੈ। ਉਸਦੀ ਵੱਡੀ ਖੂਬੀ ਇਹ ਹੈ ਕਿ ਭਾਵੇਂ ਅੱਜੋਕੇ ਹਾਲਾਤ ਵੇਖਕੇ ਉਹ ਦੁਖੀ ਹੋ ਜਾਂਦੀ ਹੈ ਪਰ 'ਜੰਗਲ ਦੇ ਸੰਘਣੇ ਹਨੇਰੇ ਵਿਚ ਗੁਆਚੇ ਚਾਨਣ ਦੇ ਬੀਜ' ਢੂੰਡਣ ਦਾ ਕੰਮ ਵੀ ਕਰਦੀ ਹੈ। 'ਰੂਹਾਂ ਦੀ ਮੌਤ' ਕਵਿਤਾ ਵਿਚ ਅੱਜੋਕੇ ਰਾਜਸੀ ਤੰਤਰ ਦਾ ਤਾਂਡਵੀ ਨਾਚ ਏਸੇ ਚੇਤਨ ਸੁਰ ਨਾਲ ਪ੍ਰਚੰਡ ਰੂਪ ਵਿਚ ਉਭਰਦਾ ਹੈ:

ਕੇਹਾ ਮਹਾਂ ਯੁੱਧ ਹੈ ਦੋਸਤੋ, ਜ ਇਨਸਾਨੀਅਤ ਨੂੰ ਮਿਟਾ ਰਿਹੈ
ਹਰ ਬੰਦੇ ਨੂੰ ਰੋਬੋਟ ਬਣਾ ਰਿਹੈ
ਇਸ ਤੋਂ ਪਹਿਲਾਂ ਕਿ ਸਾਡੀਆਂ ਰੂਹਾਂ 'ਤੇ ਵਾਰ ਹੋਵੇ
ਇਹਨਾਂ ਮੁਰਦਾ ਸਰੀਰਾਂ ਨੂੰ, ਏਨਾ ਕੁ ਡੂੰਘਾ ਦਫਨਾ ਆਈਏ
ਕਿ ਇਹ ਮੁੜ ਕੰਡਿਆਲੀ ਥੋਰ ਬਣ
ਸਾਡੀਆਂ ਰਾਹਵਾਂ 'ਤੇ ਉੱਗ ਨਾ ਸਕਣ

ਇਸ ਰਾਜਸੀ ਤੰਤਰ ਵਿਚ ਅਸੀਂ ਕਿਸ ਤਰ੍ਹਾਂ ਦੀਆਂ ਵਿਰੋਧਤਾਵਾਂ ਹੰਢਾ ਰਹੇ ਹਾਂ, ਇਸਦੀ ਸੁੰਦਰ ਪੇਸ਼ਕਾਰੀ 'ਪੌਸ਼ਟਿਕ ਭੋਜਨ' ਕਵਿਤਾ ਵਿਚ ਅਧਿਆਪਕਾ ਦੇ ਵਿਦਿਆਰਥੀਆਂ ਨੂੰ ਦਿੱਤੇ ਵਿਖਿਆਨ ਰਾਹੀਂ ਇੰਝ ਹੋਈ ਹੈ:

ਕਿੰਨੀ ਅਣਜਾਣ ਹਾਂ ਮੈਂ
ਉਹਨਾਂ ਨੂੰ ਕਰਦੀ ਹਾਂ, ਮੀਟ ਖਾਣ ਦੀ ਸਿਫਾਰਸ਼
ਜਿਨ੍ਹਾਂ ਦੇ ਦਿਹਾੜੀਦਾਰ ਬਾਪ, ਖਾਂਦੇ ਨੇ ਸੁੱਕੀਆਂ ਰੋਟੀਆਂ

ਕਿੰਨੀ ਹਾਸੋਹੀਣੀ ਹੈ ਇਹ ਗੱਲ
ਮੈਂ ਉਨ੍ਹਾਂ ਨੂੰ ਕਹਿੰਦੀ ਹਾਂ, ਬਹੁਤ ਸਾਰਾ ਪਾਣੀ ਪੀਣ ਲਈ
ਜੋ ਪਾਣੀ ਪੀ ਪੀ ਕੇ ਬੁਝਾਉਂਦੇ ਨੇ, ਢਿੱਡ ਦੀ ਅੱਗ

ਸਰਬਜੀਤ ਜਸ ਵਿਚਾਰਧਾਰਕ ਤੌਰ 'ਤੇ ਬੜੀ ਸੁਜੱਗ ਸ਼ਾਇਰਾ ਹੈ, ਜਿਸਦੀਆਂ ਕਵਿਤਾਵਾਂ ਵਿਚੋਂ ਆਰਥਿਕ ਪਾੜੇ ਦੀ ਪੇਸ਼ਕਾਰੀ ਸਹਿਜੇ ਹੀ ਵੇਖੀ ਜਾ ਸਕਦੀ ਹੈ। ਪੰਜਾਬੀ ਵਿਚ ਜਦੋਂ ਦੀ ਧਾਰਾਵਾਂ ਦੀ ਕਵਿਤਾ ਖਤਮ ਹੋਈ ਹੈ, ਸਾਡੇ ਬਹੁਤ ਕਵੀ ਇਸ ਤਰ੍ਹਾਂ ਦੀ ਪ੍ਰਤੀਬੱਧਤਾ ਤੋਂ ਟੁੱਟ ਗਏ ਹਨ। ਅਜਿਹੇ ਕਲਮਕਾਰਾਂ ਨੂੰ ਉਹ ਆਪਣੀ ਕਵਿਤਾ 'ਕਿਰਤ ਦਾ ਦਰਿਆ' ਵਿਚ ਬੜੀ ਜੁਰਅਤ ਨਾਲ ਵੰਗਾਰਦੀ ਹੋਈ ਕਹਿੰਦੀ ਹੈ:

ਜੇ ਤੁਸੀਂ ਕਰ ਨਹੀਂ ਸਕਦੇ, ਗ਼ੁਰਬਤ ਦੇ ਹਨੇਰੇ 'ਚ ਖੇੜਿਆਂ ਦਾ ਚਾਨਣ
ਤਾਂ ਜਾਓ, ਆਪਣੀਆਂ ਮਰੀਆਂ ਜ਼ਮੀਰਾਂ ਸਮੇਤ, ਦਫਨ ਹੋ ਜਾਓ

ਕਿਹਾ ਜਾ ਸਕਦਾ ਹੈ ਕਿ ਸਾਡੀ ਕਵਿਤਰੀ ਏਥੇ ਵਿਆਪੀ ਆਪਾ ਧਾਪੀ ਤੋਂ ਬਹੁਤ ਪਰੇਸ਼ਾਨ ਹੈ। ਏਸੇ ਲਈ ਉਹ ਆਪਣੀਆਂ ਉਹਨਾਂ ਭਾਵਨਾਵਾਂ ਦਾ ਵੀ ਜ਼ਿਕਰ ਕਰਦੀ ਹੈ ਕਿ ਸਭ ਕੁਝ ਇਕ ਤਰਤੀਬ ਨਾਲ ਕਿਉਂ ਨਹੀਂ ਚੱਲਦਾ? ਉਸਨੂੰ ਇਹ ਤਰਤੀਬ ਵਿਆਪਦੀ ਸੰਭਵ ਵੀ ਨਹੀਂ ਲਗਦੀ। ਇਸੇ ਲਈ ਮਨੁੱਖੀ ਵਿਕਾਸ ਬਾਰੇ ਲੰਬੀ ਕਵਿਤਾ 'ਤਰਤੀਬ' ਵਿਚ ਉਹ ਇਹ ਲਿਖਣ ਲਈ ਮਜਬੂਰ ਹੋ ਜਾਂਦੀ ਹੈ:

ਬਾਂਦਰ-ਨੁਮਾ ਮਨੁੱਖਾ ਜਾਤ ਵਿਚ
ਇਹ ਜੋ ਨਿੱਤ ਦਿਨ ਆਉਂਦੇ ਹਨ, ਮਨੁੱਖਤਾ ਦਾ ਘਾਣ ਕਰਨ
ਸਾਡੇ ਵਿਵਹਾਰ ਵਿਚ ਪਸ਼ੂ ਤੇ ਵਹਿਸ਼ੀ ਪ੍ਰਵਿਰਤੀਆਂ ਦੇ
ਜਵਾਰਭਾਟੇ, ਭੁਚਾਲ ਤੇ ਤੁਫਾਨ
ਰੋਜ਼ ਲਟਕਾਇਆ ਜਾਂਦਾ ਹੈ ਪਵਿੱਤਰ ਰਿਸ਼ਤਿਆਂ ਨੂੰ
ਬੇਹਯਾਈ ਦੀ ਸੂਲੀ 'ਤੇ
ਕਿੰਨਾ ਭਿਆਨਕ ਹੋ ਗਿਐ ਮਨੁੱਖੀ ਚਿਹਰਾ
ਉਹ ਮਨੁੱਖ ਜੋ ਡਰਦਾ ਸੀ, ਜੰਗਲੀ ਜਾਨਵਰ ਦੀ ਦਹਿਸ਼ਤ ਤੋਂ
ਅੱਜ ਤ੍ਰਭਕ ਜਾਂਦਾ ਹੈ, ਆਪਣੀ ਹੀ ਸ਼ਕਲ ਸ਼ੀਸ਼ੇ 'ਚ ਵੇਖ

ਸਰਬਜੀਤ ਜਸ ਦੀ ਕਵਿਤਾ ਬਾਰੇ ਸਾਰ ਤੱਤ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਸਮਾਜ ਵਿਚ ਹੁੰਦੇ ਕਿਸੇ ਵੀ ਤਰ੍ਹਾਂ ਦੇ ਅਨਿਆਂ ਨੂੰ ਵੇਖਦਿਆਂ ਉਹ ਆਪਣੀ ਕਲਮ ਚੁੱਕਦੀ ਹੈ। ਉਹ ਹਨੇਰੇ ਜੰਗਲ ਵਿਚ ਖਾਮੋਸ਼ੀ ਨਾਲ ਚਾਨਣ ਦੀਆਂ ਚਿਣਗਾਂ ਭਾਲ ਰਹੀ ਹੈ ਅਤੇ ਇਸ ਤਪਸ਼ ਭਰੇ ਮਾਰੂਥਲ ਤੋਂ ਪਾਰ ਜਾਣ ਦੇ ਯਤਨ ਵਿਚ ਹੈ। ਉਸਦੀ ਸਾਰੀ ਸਿਰਜਣਾਤਮਕ ਪ੍ਰਕਿਰਿਆ ਹਾਂ-ਪੱਖੀ ਹੈ। ਉਸਤੋਂ ਬੜੀਆਂ ਆਸਾਂ ਹਨ। ਸ਼ਾਲਾ ਉਹ ਕਾਵਿ-ਸਿਰਜਣਾ ਵਾਲੇ ਪਾਸੇ ਸਰਗਰਮੀ ਨਾਲ ਲੱਗੀ ਰਹੇ ਅਤੇ ਉਸਦੀ ਕਵਿਤਾ ਵਿਚ ਹੋਰ ਡੂੰਘਾਈ ਆਵੇ।□□

-ਮਨਦੀਪ ਸਿੰਘ

ਮਾਟੀ ਕੁਦਮ ਕਰੇਂਦੀ ਯਾਰ (ਸਵੈ ਜੀਵਨੀ) **ਖ਼ਾਲਿਦ ਹੁਸੈਨ**

'ਮਾਟੀ ਕੁਦਮ ਕਰੇਂਦੀ ਯਾਰ' ਖ਼ਾਲਿਦ ਹੁਸੈਨ ਦੀ ਲਿਖੀ ਸਵੈ-ਜੀਵਨੀ ਹੈ।ਖ਼ਾਲਿਦ ਹੁਸੈਨ ਉਰਦੂ ਅਤੇ ਪੰਜਾਬੀ ਸਾਹਿਤ ਦਾ ਚਰਚਤ ਕਹਾਣੀਕਾਰ ਹੈ।ਖ਼ਾਲਿਦ ਹੁਸੈਨ

ਨੇ ਪੰਜਾਬੀ ਵਿਚ ਪਹਿਲੀ ਕਹਾਣੀ 'ਠੰਡੀ ਕਾਂਗੜੀ' ਦੀ ਰਚਨਾ 1971 ਈ ਵਿਚ ਕੀਤੀ ਜਿਹੜੀ ਤਤਕਾਲੀ ਚਰਚਤ ਮਾਸਕ ਪਰਚੇ 'ਨਾਗਮਣੀ' ਵਿਚ ਛਪੀ। ਉਸ ਤੋਂ ਬਾਅਦ ਖ਼ਾਲਿਦ ਨੇ ਪੰਜ ਕਹਾਣੀ ਸੰਗ੍ਰਹਿ ਪੰਜਾਬੀ ਅਤੇ ਤਿੰਨ ਉਰਦੂ ਵਿਚ ਪ੍ਰਕਾਸ਼ਤ ਕਰਵਾਏ।

ਸਵੈ-ਜੀਵਨੀ ਬਾਰੇ ਫਰੈਂਚ ਲੇਖਿਕਾ ਸੀਮਾਨ ਦੀ ਬੂਵੋ ਆਪਣੇ ਇਕ ਲੇਖ ਵਿਚ ਕਹਿੰਦੀ ਹੈ ਕਿ 'ਸਵੈ-ਜੀਵਨੀ ਲਿਖਣਾ ਐਨਾ ਸੌਖਾ ਵੀ ਨਹੀਂ ਜਿੰਨਾ ਉਪਰੋਂ ਦੇਖਣ ਨੂੰ ਲੱਗਦਾ ਹੈ ਕਿਉਂਕਿ ਇਸ ਕਾਰਜ ਲਈ ਲੇਖਕ ਨੂੰ ਭੂਤਕਾਲੀ ਘਟਨਾਵਾਂ ਦਾ ਵਿਸਥਾਪਨ ਕਰਨਾ ਪੈਂਦਾ ਹੈ'। ਇਸੇ ਤਰ੍ਹਾਂ ਸਵੈ-ਜੀਵਨੀ ਨੂੰ ਪਰਿਭਾਸ਼ਤ ਕਰਦਿਆਂ ਰੋਲਾ ਬਾਰਤ ਨੇ ਆਪਣੇ ਆਪ ਨੂੰ 'ਰੀਰਾਇਟ' ਕਰਨਾ ਕਿਹਾ ਹੈ। ਉਪਰੋਕਤ ਦੋਵੇਂ ਪਰਿਭਾਸ਼ਾਵਾਂ ਅਧੀਨ ਜਦੋਂ ਅਸੀਂ ਹੱਥਲੀ ਸਵੈ-ਜੀਵਨੀ 'ਮਾਟੀ ਕੁਦਮ ਕਰੇਂਦੀ ਯਾਰ' (ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪੰਨੇ 229, ਕੀਮਤ 300 ਰੁਪਏ) ਨੂੰ ਵਿਚਾਰਦੇ ਹਾਂ ਤਾਂ ਸੁਆਲ ਪੈਦਾ ਹੁੰਦਾ ਹੈ ਕਿ ਇਸ ਦਾ ਰਚੇਤਾ ਆਪਣੇ ਆਪ ਨੂੰ ਕਿਵੇਂ ਰੀਰਾਇਟ ਕਰਦਾ ਹੈ ਜਾਂ ਆਪਣੇ ਭੂਤਕਾਲ ਨੂੰ ਕਿਵੇਂ ਬਿਆਨਦਾ ਹੈ। ਪੁਸਤਕ ਪੜ੍ਹਦਿਆਂ ਸਾਡਾ ਪਹਿਲਾ ਵਾਹ ਡਾ. ਮਨਮੋਹਨ ਦੀ ਭੂਮਿਕਾ 'ਮਾਟੀ ਕੁਦਮ ਕਰੇਂਦੀ ਯਾਰ: ਪੰਜਾਬੀ ਸਵੈਜੀਵਨੀ ਸਾਹਿਤ ਦੀ ਕਾਬਿਲ-ਏ-ਗ਼ੌਰ ਲਿਖਤ' ਨਾਲ ਪੈਂਦਾ ਹੈ, ਜੋ ਇਸ ਸਵੈ-ਜੀਵਨੀ ਨੂੰ ਵਿਸ਼ੇਸ਼ ਵਿਧਾਗਤ ਅਤੇ ਦ੍ਰਿਸ਼ਟੀਗਤ ਹਵਾਲੇ ਨਾਲ ਪੇਸ਼ ਕਰਨ ਦਾ ਤਰੱਦਦ ਕਰਦੀ ਹੈ।

ਖ਼ਾਲਿਦ ਹੁਸੈਨ ਦੀ ਸਵੈ-ਜੀਵਨੀ 'ਮਾਟੀ ਕੁਦਮ ਕਰੇਂਦੀ ਯਾਰ' ਨੂੰ ਅਸੀਂ ਸਿਮਰਤੀ ਗ੍ਰੰਥ ਮੂਲਕ ਸਵੈ-ਜੀਵਨੀ ਕਹਿ ਸਕਦੇ ਹਾਂ ਕਿਉਂਕਿ ਇਸ ਵਿਚ ਬਿਰਤਾਂਤਕ ਘਟਨਾਵਾਂ ਵਿਅਕਤੀ-ਵਿਸ਼ੇਸ਼ 'ਤੇ ਕੇਂਦਰਤ ਹਨ। ਦੂਜਾ ਉਹਨਾਂ ਘਟਨਵਾਂ ਨੂੰ ਖ਼ਾਲਿਦ ਹੁਸੈਨ ਦੀ ਮੌਤ ਉਪਰੰਤ ਬਿਆਨਿਆ ਗਿਆ ਹੈ ਅਤੇ ਬਿਰਤਾਂਤਕ ਵਕਤਾ ਵੀ ਵੱਖੋ ਵੱਖਰੇ ਅਨੁਭਵਾਂ ਨੂੰ ਰੇਖਾਂਕਤ ਕਰਦੇ ਹਨ ਜਿਹਨਾਂ ਵਿਚ ਖ਼ਾਲਿਦ ਹੁਸੈਨ ਦੇ ਜੀਵਨ ਦੀਆਂ ਅਨੇਕਾਂ ਪਰਤਾਂ ਦਾ ਵਿਸਤਾਰ ਮਿਲਦਾ ਹੈ। ਭਾਵੇਂ ਖ਼ਾਲਿਦ ਹੁਸੈਨ ਨੇ ਆਪਣੇ ਜੀਵਨ ਦੇ ਉਹਨਾਂ ਸਾਰੇ ਪੱਖਾਂ ਹੀ ਆਧਾਰ ਬਣਾਇਆ ਹੈ ਜਿਸ ਨੂੰ ਰਵਾਇਤੀ ਸਵੈ-ਜੀਵਨੀਕਾਰ ਬਣਾਉਂਦਾ ਰਿਹਾ ਹੈ ਪਰ ਜਿਹੜੀ ਗੱਲ ਉਸਨੂੰ ਪੂਰਵਲੇ ਸਵੈ-ਜੀਵਨੀਕਾਰਾਂ ਤੋਂ ਨਿਖੇੜਦੀ ਹੈ ਉਹ ਹੈ ਇਸ ਸਵੈ-ਜੀਵਨੀ ਦੀ ਵਿਧਾ 'ਤੇ ਕੀਤਾ ਤਜਰਬਾ, ਜਿਹੜਾ ਨਵੀਨ ਬਿਰਤਾਂਤਕ ਜੁਗਤ ਨੂੰ ਅਪਣਾਉਂਦਾ ਹੈ। ਜਿਸ ਵਿਚ ਖ਼ਾਲਿਦ ਹੁਸੈਨ ਆਪਣੀ ਕਾਲਪਨਿਕ ਮੌਤ ਉਪਰੰਤ ਆਪਣੇ ਸਨੇਹੀਆਂ, ਰਿਸ਼ਤੇਦਾਰਾਂ, ਲੇਖਕਾਂ ਅਤੇ ਸਹਿਕਰਮੀਆਂ ਰਾਹੀਂ ਆਪਣੇ 'ਸਵੈ' ਨੂੰ ਬਿਆਨਦਾ ਹੈ। ਇਸੇ ਕਾਰਨ ਅਸੀਂ ਇਸ ਸਵੈ-ਜੀਵਨੀ ਨੂੰ ਸਿਮਰਤੀ ਗ੍ਰੰਥ ਮੂਲਕ ਸਵੈ-ਜੀਵਨੀ ਕਿਹਾ ਹੈ ਜੋ ਸ਼ਇਦ ਪੰਜਾਬੀ ਭਾਸ਼ਾ ਵਿਚ ਪਹਿਲਾ ਨਵੀਨ ਤਜਰਬਾ ਹੈ।

ਰੋਲਾਂ ਬਾਰਤ ਆਪਣੀ ਸਵੈ-ਜੀਵਨੀ ਵਿਚ ਲਿਖਦਾ ਹੈ ਕਿ 'ਤੁਹਾਡਾ ਵਾਸਤਵਿਕ ਵਜੂਦ ਕਿੱਥੇ ਹੈ? ਇਹ ਸਿਰਫ ਤੁਸੀਂ ਹੀ ਹੋ ਜਿਹੜੇ ਆਪਣੇ ਆਪ ਨੂੰ ਇਕ ਬਿੰਬ ਤੋਂ ਇਲਾਵਾ ਕਿਧਰੇ ਨਹੀਂ ਦੇਖ ਸਕਦੇ'। ਇਸੇ ਤਰ੍ਹਾਂ ਖ਼ਾਲਿਦ ਹੁਸੈਨ ਅਜਿਹੀ ਬਿੰਬ-ਸਿਰਜਣਾ ਕਰਦਾ ਹੈ ਜਿਸ ਦੇ ਕੇਂਦਰ ਵਿਚ ਉਸ ਦੀ 'ਸਵੈ-ਪਛਾਣ' ਹੀ ਹੈ ਪਰ ਵਿਭਿੰਨ ਨਿਮਨ ਪੁਰਖੀ ਪਾਤਰਾਂ ਰਾਹੀਂ ਸਿਰਜਤ ਬਿੰਬ ਹੈ। ਜਿਸਦੇ ਅਨੇਕਾਂ ਪਹਿਲੂਅਜਿਹੇ ਹਨ ਜਿਹਨਾਂ ਦਾ ਸਰੋਕਾਰ ਖ਼ਾਲਿਦ ਦੀ ਨਿੱਜੀ ਜ਼ਿੰਦਗੀ, ਵੰਡ ਦਾ ਦੁਖਾਂਤ, ਲੋੜਾਂ ਥੋੜਾਂ ਭਰਿਆ ਜੀਵਨ,ਤੇ ਫਿਰ ਸੰਘਰਸ਼ ਰਾਹੀਂ ਉਚ ਆਹੁਦਿਆਂ 'ਤੇ ਕੰਮ ਕਰਨ ਦੇ ਅਨੁਭਵ ਅਤੇ ਚਣੌਤੀਆਂ, ਸਾਹਿਤਕ ਰੁਚੀਆਂ ਤੇ ਪ੍ਰਾਪਤੀਆਂ ਦਾ ਲੇਖਾ ਜੋਖਾ, ਯਾਰੀਆਂ ਦੋਸਤੀਆਂ ਤੇ ਬੇਵਫਾਈਆਂ ਆਦਿ ਸ਼ਾਮਲ ਹੈ।

ਖ਼ਾਲਿਦ ਹੁਸੈਨ ਬਾਰੇ ਉਸਦੇ ਇਕ ਸਾਹਿਤਕਾਰ ਦੋਸਤ ਜਾਵੇਦ ਅਹਿਮਦ ਨਰਵਰੀ ਨੇ 'ਉੱਚੀਆਂ ਬਾਂਗਾਂ ਚਾਂਗਾਂ ਮਾਰਨ' ਨਾਮਕ ਅਧਿਆਇ ਵਿਚ ਲਿਖਿਆ ਹੈ, "ਉਹ (ਖ਼ਾਲਿਦ ਹੁਸੈਨ) ਆਪਣੀ ਲੇਖਣੀ ਵਿਚ ਕਦੇ ਮੁਸਲਮਾਨ, ਹਿੰਦੂ ਜਾਂ ਸਿੱਖ ਜਾਂ ਭਾਰਤੀ ਤੇ ਪਾਕਿਸਤਾਨੀ ਨਹੀਂ ਬਣੇ। ਉਹਨਾਂ ਦਾ ਖ਼ਿਆਲ ਸੀ ਕਿ ਫਸਾਦੀ ਲੋਕ ਧਰਮ ਨੂੰ ਆਪਣੇ ਜ਼ਾਤੀ ਮੁਫਾਦਾਂ ਲਈ ਇਸਤੇਮਾਲ ਕਰਦੇ ਹਨ।" ਇਸੇ ਤਰ੍ਹਾਂ ਦੇ ਕਥਨ ਥਾਂ ਪੁਰ ਥਾਂ ਇਸ ਸਵੈ-ਜੀਵਨੀ ਵਿਚ ਮਿਲਦੇ ਹਨ ਜਿਹਨਾਂ ਦਾ ਵਿਸ਼ਾ ਇਕ ਜਾਂ ਦੂਜੀ ਪੱਧਰ 'ਤੇ ਪਾਕਿਸਤਾਨ ਤੇ ਭਾਰਤ ਦੇ ਆਪਸੀ ਸੰਬੰਧਾਂ, ਸਮਾਜਕ ਜਨ-ਜੀਵਨ ਤੇ ਰਾਜਨੀਤੀ ਨਾਲ ਹੈ। ਮਸਲਨ ਹੁਣ ਇਕ ਕਥਨ ਦੀ ਪੱਧਰ 'ਤੇ ਇਹ ਗੱਲ ਜਾਵੇਦ ਅਹਿਮਦ ਨਰਵਰੀ ਦੀ ਕਹੀ ਹੋਈ ਹੈ ਪਰ ਪ੍ਰਵਚਨ ਦੀ ਪੱਧਰ 'ਤੇ ਇਹ ਗੱਲ ਖ਼ਾਲਿਦ ਹੁਸੈਨ ਨਾਲ ਜਾ ਜੁੜਦੀ ਹੈ ਕਿਉਂਕਿ ਉਸ ਨੇ ਇਸ ਬਿਰਤਾਂਤ ਨੂੰ ਨਿਮਨ ਪੁਰਖੀ ਪਾਤਰ ਰਾਹੀਂ ਬਿਆਨਿਆ ਹੈ। ਇਸ ਬਾਰੇ ਡਾ. ਮਨਮੋਹਨ ਦਾ ਵਿਚਾਰ ਹੈ ਕਿ 'ਦਰਅਸਲ ਵਕਤਿਆਂ ਰਾਹੀਂ ਸਵੈਜੀਵਨੀਕਾਰ ਦੀ 'ਮੈਂ' ਹੀ ਬੋਲਦੀ ਹੈ ਪਰ ਨਿੱਜ ਤੋਂ ਵਿੱਥ ਹੋਣ ਕਾਰਨ ਭਾਵ ਦੂਜੇ/ਹੋਰ ਦੇ ਪਰਿਪੇਖ ਤੋਂ ਦੇਖਦਿਆਂ ਸਬਜੈਕਟ ਦੀ ਹੋਂਦ ਬਹੁਵਚਨੀ ਹੋ ਨਿਬੜਦੀ ਹੈ, ਕਿਉਂਕਿ ਇਹ 'ਮੈਂ' ਸੰਬੋਧਕ ਵੀ ਹੈ ਤੇ ਸੰਬੋਧਨ ਵੀ। ਇਸ ਨੂੰ ਜੀਵਨ/ਤੱਥ ਤੇ ਸਿਰਜਣਾ/ਗਲਪ ਵਿਚਲੀ ਹੱਦ ਸਮਝਣੀ ਪੈਂਦੀ ਹੈ। ਇਸ ਲਈ 'ਮੈਂ' ਕਦੋਂ ਗਲਪ ਹੋ ਜਾਂਦੀ ਹੈ ਤੇ ਕਦੋਂ ਯਥਾਰਥ, ਇਸੇ ਕਾਰਨ ਇਸ ਸੰਤੁਲਨ ਨੂੰ ਬਣਾਈ ਰੱਖਣਾ ਜ਼ਰੂਰੀ ਹੋ ਜਾਂਦਾ ਹੈ। ਇੱਥੇ ਹੀ ਖਾਲਿਦ ਸਾਹਿਬ ਦੀ ਲੇਖਕੀਯ ਰਾਜਨੀਤੀ ਉਭਰਦੀ ਹੈ'। ਪਰ ਜਿਸ ਸਵੈ-ਅਨੁਭਵ ਨੂੰ ਖ਼ਾਲਿਦ ਹੁਸੈਨ ਨੇ ਸਵੈ-ਪ੍ਰਗਟਾਵੇ ਲਈ ਇਸ ਰੂਪਾਕਾਰ ਰਾਹੀਂ ਕਲਮਬੱਧ ਕਰਨਾ ਸੀ, ਉਹ 'ਸੱਚ' ਜਾਂ 'ਸਵੈ-ਪਛਾਣ' ਦਾ ਮਸਲਾ ਇਕ ਵਾਰ ਮੁੜ ਤੋਂ ਸਥਗਤ ਹੋ ਗਿਆ। ਇਸ ਤਰ੍ਹਾਂ ਸਥਗਤ ਹੋਇਆ ਸੱਚ ਗਲਪੀ ਸੱਚ ਵਿਚ ਰੂਪਾਂਤਰਤ ਹੋ ਕੇ ਨਵੇਕਲੇ ਪਾਠ ਦਾ ਰੂਪ ਧਾਰਨ ਕਰ ਗਿਆ, ਜਿਸ ਵਿਚ ਜੀਵਨੀਕਾਰ ਦਾ ਆਤਮ ਗ਼ੈਰਹਾਜ਼ਰ ਹੈ ਕਿਉਂਕਿ ਇਹ ਗਲਪ ਅਤੇ ਵਾਸਤਵਿਕਤਾ ਦੇ ਸੁਮੇਲ ਵਿਚੋਂ ਆਪਣੇ ਪ੍ਰਵਚਨ ਦੀ ਉਸਾਰੀ ਕਰਦਾ ਹੈ।

ਆਜ਼ਾਦੀ ਉਪਰੰਤ ਜੰਮੂ-ਕਸ਼ਮੀਰ ਦੇ ਅਤੇ ਪੰਜਾਬ ਦੇ ਇਲਾਕੇ ਵਿਚ ਨਾ ਕੇਵਲ ਖੇਤਰੀ ਭਿੰਨਤਾ ਵਧੀ ਹੈ ਸਗੋਂ ਅਨੇਕਾਂ ਸਭਿਆਚਾਰਕ ਅਤੇ ਸਮਾਜਕ ਰਹੁ- ਰੀਤਾਂ ਵਿਚ ਵੀ ਢੇਰ ਅੰਤਰ ਬਣਿਆ ਹੈ। ਦੂਜੇ ਪਾਸੇ ਪੱਛਮੀ ਤੇ ਪੂਰਬੀ ਪੰਜਾਬ ਵਿਚ ਵੀ ਇਹ ਫਰਕ ਸਪਸ਼ਟ ਨਜ਼ਰ ਆਉਂਦਾ ਹੈ ਪਰ ਫਿਰ ਵੀ ਪੰਜਾਬੀ ਬੋਲਦੇ ਪਰਿਵਾਰਾਂ ਅਤੇ ਉਹਨਾਂ ਦੀਆਂ ਰਹੁ-ਰੀਤਾਂ ਵਿਚ ਸਮਾਨਤਾ ਵੀ ਨਾਲੋ ਨਾਲ ਦਿਖਾਈ ਦਿੰਦੀ ਹੈ। ਦੋਹਾਂ ਦੇਸ਼ਾਂ ਪਕਿਸਤਾਨ ਅਤੇ ਭਾਰਤ ਦੀ ਅਵਾਮ ਅਤੇ ਸਰਕਾਰ ਬਾਰੇ ਜਦੋਂ ਵੀ ਖ਼ਾਲਿਦ ਕੋਈ ਗੱਲ ਕਰਦਾ ਹੈ ਤਾਂ ਉਹਨਾਂ ਦੀ ਸਾਂਝੀ ਸਭਿਆਚਾਰਕ ਵਿਰਾਸਤ ਨੂੰ ਆਧਾਰ ਬਣਾ ਕੇ ਹੀ ਗੱਲ ਕਰਦਾ ਹੈ। ਮਸਲਨ ਉਸਦੀ ਮਨਸ਼ਾ ਹੈ ਕਿ 'ਭਾਰਤ-ਨੇਪਾਲ ਅਤੇ ਅਮਰੀਕਾ-ਕੈਨੇਡਾ ਵਾਂਗ ਦੋਵਾਂ ਮੁਲਕਾਂ (ਭਾਰਤ ਅਤੇ ਪਕਿਸਤਾਨ) ਵਿਚ ਪਾਸਪੋਰਟ ਤੇ ਵੀਜ਼ਾ ਸਿਸਟਮ ਖਤਮ ਕੀਤਾ ਜਾਵੇ। ਵਪਾਰ ਵਧਾਇਆ ਜਾਵੇ। ਇਹ ਉਹ ਉਪਰਾਲੇ ਹਨ ਜਿਹਨਾਂ ਨਾਲ ਦੋਵੇਂ ਮੁਲਕਾਂ ਵਿਚ ਦੋਸਤੀ, ਭਾਈਚਾਰੇ ਤੇ ਅਮਨ-ਸ਼ਾਂਤੀ ਨੂੰ ਬਲ ਮਿਲੇਗਾ। ਤਲਖੀਆਂ ਖਤਮ ਹੋਣਗੀਆਂ ਤੇ ਵੈਰ ਅਤੇ ਪੁਆੜੇ ਮੁੱਕ ਜਾਣਗੇ, ਕਿਉਂਕਿ ਇਕ ਨਸਲ, ਇਕ ਬੋਲੀ ਤੇ ਇਕ ਸਭਿਆਚਾਰਕ ਪਿਛੋਕੜ ਨੂੰ ਧਾਰਮਿਕ ਬੁਨਿਆਦ 'ਤੇ ਵੱਖ ਨਹੀਂ ਕੀਤਾ ਜਾ ਸਕਦਾ'। ਇਸ ਤਰ੍ਹਾਂ ਖ਼ਲਿਦ ਹੁਸੈਨ ਧਰਮ ਦੇ ਨਾਮ 'ਤੇ ਹੁੰਦੀ ਸੌੜੀ ਸਿਆਸਤ ਪ੍ਰਤਿ ਹਮੇਸ਼ਾ ਸੁਚੇਤ ਰਿਹਾ। ਉਸਦਾ ਵਿਚਾਰ ਹੈ ਕਿ 'ਮੁਸਲਮਾਨਾਂ ਵਿਚ ਧਰਮ ਦੇ ਨਾਂ 'ਤੇ ਲੋਕਾਂ ਦਾ ਸ਼ੋਸ਼ਣ ਹੋ ਰਿਹਾ ਹੈ,

ਖ਼ਾਸਕਰ ਬੱਚਿਆਂ ਵਿਚ ਜੱਨਤ ਦੇ ਸਬਜ਼ ਬਾਗ਼ ਵਿਖਾ ਕੇ ਜਹਾਦ ਲਈ ਪ੍ਰੇਰਿਆ ਜਾ ਰਿਹਾ ਹੈ'। ਜੰਮੂ-ਕਸ਼ਮੀਰ ਦੀ ਅਵਾਮ ਨੇ 1989 ਈ. ਤੋਂ ਬਾਅਦ ਜਿਸ ਆਤੰਕੀ ਮਾਹੌਲ ਨੂੰ ਆਪਣੇ ਨੂੰ ਹੱਡੀਂ ਹੰਢਾਇਆ ਹੈ ਉਸ ਦਾ ਵਿਵਰਣ ਵਿਸਤਾਰ ਖ਼ਾਲਿਦ ਦੇ ਨਿਕਟ ਦੁਖਦ ਅਨੁਭਵ ਦਾ ਵੀ ਅੰਗ ਬਣਿਆ ਹੈ, ਜਦੋਂ ਆਤੰਕੀ ਚਾਲਸਾਜ਼ੀਆਂ ਨੇ ਉਸਦੇ ਪੁੱਤਰ ਜ਼ਾਕਿਰ ਹੁਸੈਨ ਨੂੰ ਵੀ 'ਵਰਗਲਾ ਲਿਆ ਅਤੇ ਆਪਣੀ ਜਥੇਬੰਦੀ ਵਿਚ ਸ਼ਾਮਲ ਕਰ ਲਿਆ'। ਉਸ ਵਕਤ ਜ਼ਾਕਿਰ ਹੁਸੈਨ ਦੀ ਉਮਰ ਪੰਦਰਾਂ ਸਾਲ ਸੀ। ਖ਼ਾਲਿਦ ਉਸ ਵੇਲੇ ਬਤੌਰ ਐਸਿਸਟੈਂਟ ਕਮਿਸ਼ਨਰ ਡਿਵੈਲਪਮੈਂਟ, ਪੁਣਛ ਵਿਚ ਕੰਮ ਕਰ ਰਿਹਾ ਸੀ। ਪ੍ਰਸ਼ਾਸ਼ਨੀ ਅਹੁਦੇ 'ਤੇ ਇਕ ਅਧਿਕਾਰੀ ਵਜੋਂ ਕੰਮ ਕਰਦਿਆਂ ਉਹ ਦੇਸ਼-ਵਿਰੋਧੀ ਸ਼ਕਤੀਆਂ ਦੀਆਂ ਕੂਟ ਨੀਤੀਆਂ ਤੋਂ ਭਲੀ-ਭਾਂਤ ਜਾਣੂ ਸੀ। ਪਰ ਇਸ ਕੇਸ ਦੇ ਸੰਬੰਧ ਵਿਚ ਕਰੀਬ ਪੰਜ ਸਾਲਾਂ ਦੇ ਕਾਲ ਵਿਚ ਜਿਹੜੀ ਮਾਨਸਿਕ ਪ੍ਰੇਸ਼ਾਨੀ ਉਸ ਨੂੰ ਝੱਲਣੀ ਪਈ, ਉਸ ਦਾ ਅੰਦਾਜ਼ਾ ਸਹਿਜੇ ਹੀ ਲੱਗ ਸਕਦਾ ਹੈ। ਬੜੀ ਲੰਮੀ ਜਦੋ-ਜਾਹਦ ਬਾਅਦ ਉਸਦੇ ਪੁੱਤਰ ਨੂੰ ਨਿਰਦੋਸ਼ ਪਇਆ ਗਿਆ। ਇਸ ਸਮੇਂ ਦੌਰਾਨ ਉਸ ਨੇ ਅਫਸਰਸ਼ਾਹੀ ਅਤੇ ਰਾਜਸੀ ਲੋਕਾਂ ਦੇ ਕਿਰਦਾਰ ਨੂੰ ਨੇੜੇ ਤੋਂ ਦੇਖਿਆ ਅਤੇ ਮਹਿਸੂਸ ਕੀਤਾ ਕਿ ਬਰਤਾਨਵੀ ਸ਼ਾਸਕਾਂ ਵੱਲੋਂ ਫੈਲਾਇਆ ਹਿੰਦੂ ਅਤੇ ਮੁਸਲਮ ਕੱਟੜਵਾਦ ਲੋਕਾਂ ਵਿਚ ਵੱਖ ਵੱਖ ਪੱਧਰਾਂ 'ਤੇ ਉਹਨਾਂ ਦੇ ਅਵਚੇਤਨ ਦਾ ਅਟੁੱਟ ਅੰਗ ਬਣ ਚੁੱਕਿਆ ਹੈ। ਇਸ ਸਵੈ-ਜੀਵਨੀ ਵਿਚ ਅਨੇਕਾਂ ਥਾਂਵਾਂ 'ਤੇ ਅਜਿਹੇ ਵੇਰਵੇ ਦਰਜ ਹਨ ਜਿੱਥੇ ਜੀਵਨੀਕਾਰ ਨੇ ਜਾਤੀ ਅਤੇ ਧਰਮ ਆਧਾਰਤ ਸਿਆਸਤ ਨੂੰ ਇਕ ਤੋਂ ਵਧੇਰੇ ਵਾਰ ਸੰਪਰਦਾਇਕਤਾ ਤੇ ਕੱਟੜ ਮਾਨਸਿਕਤਾ ਦਾ ਸ਼ਿਕਾਰ ਦੱਸਿਆ ਹੈ।

ਇਹ ਸਵੈ-ਜੀਵਨੀ ਇਕ ਸੰਘਰਸ਼ਮਈ ਜੀਵਨ ਦਾ ਚਿਤਰ ਵੀ ਪੇਸ਼ ਕਰਦੀ ਹੈ ਜਿਸ ਵਿਚ ਆਮ ਆਦਮੀ ਦੇ ਸੰਘਰਸ਼ ਦੀ ਗਾਥਾ ਹੈ ਕਿ ਕਿਸ ਤਰ੍ਹਾਂ ਉਸ ਨੇ ਥੁੜਾਂ ਮਾਰੀ ਜ਼ਿੰਦਗੀ ਵਿਚੋਂ ਡਿਪਟੀ ਕਮਿਸ਼ਨਰ ਦੇ ਆਹੁਦੇ ਤਕ ਤਰੱਕੀ ਕੀਤੀ। ਜੇਕਰ ਕਮਲਦੀਪ ਸਿੰਘ ਦੇ ਸ਼ਬਦਾਂ ਵਿਚ ਇਸ ਕਥਨ ਨੂੰ ਦਰਸਾਉਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ, 'ਉਹਨਾਂ (ਖ਼ਲਿਦ ਹੁਸੈਨ ਨੇ) ਜ਼ਿੰਦਗੀ ਦੀਆਂ ਥੁੜਾਂ, ਮਾਯੂਸੀਆਂ, ਉਦਾਸੀਆਂ ਤੇ ਮਸੀਬਤਾਂ ਝੱਲੀਆਂ। ਸੰਘਰਸ਼-ਮਈ ਜੀਵਨ ਜੀਉਂਦਿਆਂ ਤੇ ਮਿੱਟੀ ਵਿਚ ਰੁਲਦਿਆਂ-ਰੁਲਦਿਆਂ ਧੁਰ ਟੀਸੀ 'ਤੇ ਪਹੁੰਚੇ ਤੇ ਫਿਰ ਵੇਖਦੇ ਹੀ ਵੇਖਦੇ ਉਹਨਾਂ ਆਪਣੇ ਹਿੱਸੇ ਦਾ ਅਸਮਾਨ ਛੂਹ ਲਿਆ'। ਇਸ ਸਵੈ-ਜੀਵਨੀ ਦੀ ਵਿਧਾ ਬਾਰੇ ਹੋਰ ਵਿਸ਼ਲੇਸ਼ਣ ਦੀ ਲੋੜ ਹੈ। ਚੰਗਾ ਹੋਵੇ ਜੇ ਕੋਈ ਖੋਜਾਰਥੀ ਇਸ ਬਾਰੇ ਨਿਠ ਕੇ ਅਧਿਐਨ ਕਰੇ। ਪਰ ਫਿਲਹਾਲ ਅਸੀਂ ਪੰਜਾਬੀ ਦੇ ਗੰਭੀਰ ਪਾਠਕਾਂ ਨੂੰ ਇਸ ਸਵੈ-ਜੀਵਨੀ ਨੂੰ ਪੜ੍ਹਨ ਦਾ ਨਿਮੰਤਰਣ ਦਿੰਦੇ ਹਾਂ ਤਾਂ ਜੁ ਸੰਵਾਦ ਨੂੰ ਅਗੇ ਤੋਰਿਆ ਜਾ ਸਕੇ। ❑❑

-ਸਤਿੰਦਰਪਾਲ ਸਿੰਘ ਬਾਵਾ

ਪ੍ਰਾਪਤ ਪੁਸਤਕਾਂ

ਕੁੱਲ ਕਹਾਣੀਆਂ (ਕਹਾਣੀ ਸੰਗ੍ਰਹਿ) ਗੁਲਜ਼ਾਰ ਸਿੰਘ ਸੰਧੂ
ਪੰਨੇ 495, ਮੁੱਲ 800 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ
ਮਿੱਟੀ ਬੋਲਦੀ ਹੈ (ਕਹਾਣੀ ਸੰਗ੍ਰਹਿ) ਅਨੁਵਾਦਕ ਤੇ ਸੰਪਾਦਕ: ਬਲਬੀਰ ਮਾਧੋਪੁਰੀ
ਪੰਨੇ 243, ਮੁੱਲ 350 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ
ਅਖੀਰਲਾ ਹੰਝੂ (ਕਹਾਣੀ ਸੰਗ੍ਰਹਿ) ਤੌਕੀਰ ਚੁਗ਼ਤਾਈ
ਪੰਨੇ 104, ਮੁੱਲ 125 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
ਆਵਾਜ਼ਾਂ (ਕਹਾਣੀ ਸੰਗ੍ਰਹਿ) ਜਿੰਦਰ
ਪੰਨੇ 108, ਮੁੱਲ 150 ਰੁਪਏ, ਸੰਗਮ ਪਬਲੀਕੇਸ਼ਨਜ਼, ਪਟਿਆਲਾ
ਜਿੱਲ੍ਹਣ (ਕਹਾਣੀ ਸੰਗ੍ਰਹਿ) ਗੁਰਦਿਆਲ ਦਲਾਲ
ਪੰਨੇ 200, ਮੁੱਲ 300 ਰੁਪਏ, ਨੈਸ਼ਨਲ ਬੁੱਕ ਸ਼ਾਪ, ਚਾਂਦਨੀ ਚੌਕ, ਦਿੱਲੀ

ਖੋਜ (ਕਹਾਣੀ ਸੰਗ੍ਰਹਿ) ਹਰਮਹਿੰਦਰ ਚਹਿਲ
ਪੰਨੇ 144, ਮੁੱਲ 180 ਰੁਪਏ, ਸੰਗਮ ਪਬਲੀਕੇਸ਼ਨਜ਼, ਪਟਿਆਲਾ
ਲਸਰਾਂ ਵਾਲਾ ਪਰਦਾ (ਕਹਾਣੀ ਸੰਗ੍ਰਹਿ) ਤਰਸਪਾਲ ਕੌਰ
ਪੰਨੇ 104, ਮੁੱਲ 150 ਰੁਪਏ, ਸੰਗਮ ਪਬਲੀਕੇਸ਼ਨਜ਼, ਸਮਾਣਾ
ਹਾਥੀ ਦਾ ਪੈਰ (ਕਹਾਣੀ ਸੰਗ੍ਰਹਿ) ਬਲਦੇਵ ਸਿੰਘ ਲੰਡਨ
ਪੰਨੇ 183, ਮੁੱਲ 350 ਰੁਪਏ, ਲੋਕਗੀਤ ਪ੍ਰਕਾਸ਼ਨ, ਸੈਕਟਰ 34-ਏ, ਚੰਡੀਗੜ੍ਹ
ਮੋਰ ਉਡਾਰੀ (ਨਾਵਲ) ਹਰਜੀਤ ਅਟਵਾਲ
ਪੰਨੇ 191, ਮੁੱਲ 200 ਰੁਪਏ, ਸੰਗਮ ਪਬਲੀਕੇਸ਼ਨਜ਼, ਸਮਾਣਾ
ਤਿੜਕੀਆਂ ਸੱਧਰਾਂ (ਨਾਵਲ) ਹਰਵਿੰਦਰ ਸਿੰਘ ਚਹਿਲ
ਪੰਨੇ 88, ਮੁੱਲ 150 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਪਟਿਆਲਾ
ਇਹ ਕਿਹੇ ਸੁਪਨੇ (ਨਾਵਲ) ਡਾ. ਅਮਰਜੀਤ ਸਿੰਘ
ਪੰਨੇ 126, ਮੁੱਲ 225 ਰੁਪਏ, ਨੈਸ਼ਨਲ ਬੁੱਕ ਸ਼ਾਪ, ਚਾਂਦਨੀ ਚੌਕ, ਦਿੱਲੀ
ਇਕ ਭਰੂਣ ਦੀ ਹੱਤਿਆ (ਨਾਵਲ) ਡਾ. ਅਮਰਜੀਤ ਸਿੰਘ
ਪੰਨੇ 112, ਮੁੱਲ 200 ਰੁਪਏ, ਨੈਸ਼ਨਲ ਬੁੱਕ ਸ਼ਾਪ, ਚਾਂਦਨੀ ਚੌਕ, ਦਿੱਲੀ
ਬੇਦਖਲ (ਨਾਵਲ) ਐੱਸ. ਸਾਕੀ
ਪੰਨੇ 219, ਮੁੱਲ 300 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ
ਪੋਰਸ (ਇਤਿਹਾਸਕ ਨਾਵਲ) ਸੁਰਿੰਦਰ ਸਿੰਘ ਨੇਕੀ
ਪੰਨੇ 77, ਮੁੱਲ 150 ਰੁਪਏ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ
ਬਲਜੀਤ (ਨਾਵਲ) ਬਲਵੰਤ ਸਿੰਘ ਮੁਸਾਫਿਰ
ਪੰਨੇ 240, ਮੁੱਲ 300 ਰੁਪਏ, ਲੋਕਗੀਤ ਪ੍ਰਕਾਸ਼ਨ, ਸੈਕਟਰ 34-ਏ, ਚੰਡੀਗੜ੍ਹ
ਪੱਕੀਆਂ ਵੇਟਾਂ (ਨਾਵਲ) ਉਜਾਗਰ ਲਲਤੋਂ
ਪੰਨੇ 104, ਮੁੱਲ 100 ਰੁਪਏ, ਬਾਦਬਾਨ ਪ੍ਰਕਾਸ਼ਨ, ਪੱਖੋਵਾਲ, ਲੁਧਿਆਣਾ
ਮਾਰੂਥਲ ਦੀ ਝੀਲ (ਗ਼ਜ਼ਲ ਸੰਗ੍ਰਹਿ) ਰਾਜਿੰਦਰ ਜਿੰਦ
ਪੰਨੇ 80, ਮੁੱਲ 80 ਰੁਪਏ, ਕਿਰਤ ਪ੍ਰਕਾਸ਼ਨ, ਪਟਿਆਲਾ
ਸਿਸਕੀਆਂ (ਗ਼ਜ਼ਲ ਸੰਗ੍ਰਹਿ) ਰਾਜਿੰਦਰ ਜਿੰਦ
ਪੰਨੇ 80, ਮੁੱਲ 80 ਰੁਪਏ, ਕਿਰਤ ਪ੍ਰਕਾਸ਼ਨ, ਪਟਿਆਲਾ
ਬਿੜਕ (ਸਮੁੱਚੀ ਕਵਿਤਾ) ਹਰਜੀਤ ਦੌਧਰੀਆ
ਪੰਨੇ 310, ਮੁੱਲ 495 ਰੁਪਏ, ਲੋਕਗੀਤ ਪ੍ਰਕਾਸ਼ਨ, ਸੈਕਟਰ 34-ਏ, ਚੰਡੀਗੜ੍ਹ
ਵਣਜ (ਕਾਵਿ ਸੰਗ੍ਰਹਿ) ਸਿਮਰਜੀਤ ਸਿੰਮੀ
ਪੰਨੇ 96, ਮੁੱਲ 150 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
ਦਾਨਾਬਾਦ ਬਨਾਮ ਸਿੰਘੋਵਾਲ (ਕਾਵਿ ਸੰਗ੍ਰਹਿ) ਮੋਹਣ ਮਤਿਆਲਵੀ
ਪੰਨੇ 112 ਮੁੱਲ 420 ਰੁਪਏ, ਪਰਵਾਜ਼ ਪ੍ਰਕਾਸ਼ਨ, ਜਲੰਧਰ
ਸਵਾਲ ਨਾ ਕਰ (ਕਾਵਿ ਸੰਗ੍ਰਹਿ) ਮਲਵਿੰਦਰ
ਪੰਨੇ 120, ਮੁੱਲ 195 ਰੁਪਏ, ਲੋਕਗੀਤ ਪ੍ਰਕਾਸ਼ਨ, ਸੈਕਟਰ 34-ਏ, ਚੰਡੀਗੜ੍ਹ
ਬੁੱਲਾ ਨੱਚੇ ਤਾਰ ਦਵੱਲੇ (ਕਾਵਿ ਸੰਗ੍ਰਹਿ) ਯੋਧ ਸਿੰਘ
ਪੰਨੇ 200 ਮੁੱਲ 300 ਰੁਪਏ, ਲੋਕਗੀਤ ਪ੍ਰਕਾਸ਼ਨ, ਸੈਕਟਰ 34-ਏ, ਚੰਡੀਗੜ੍ਹ
ਸਰਵਰ (ਗੀਤ ਸੰਗ੍ਰਹਿ) ਉਜਾਗਰ ਸਿੰਘ ਕੰਵਲ
ਪੰਨੇ 135, ਮੁੱਲ 200 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
ਮਾਂ ਧੀ ਦਾ ਸੰਵਾਦ (ਲੰਮੀ ਕਵਿਤਾ) ਬਖਸ਼
ਪੰਨੇ 93, ਮੁੱਲ 100 ਰੁਪਏ, ਨਵੀਂ ਦੁਨੀਆਂ ਪਬਲੀਕੇਸ਼ਨਜ਼, ਦੋਧਨਾ, ਪਟਿਆਲਾ
ਵੇਈਂ ਨਾਮਾ (ਕਾਵਿ ਰਚਨਾ) ਜਸਬੀਰ ਸਿੰਘ
ਪੰਨੇ 120, ਮੁੱਲ 225 ਰੁਪਏ, ਪੰਜ ਆਬ ਪ੍ਰਕਾਸ਼ਨ, ਜਲੰਧਰ
ਡੂੰਘੇ ਵਹਿਣਾਂ ਦੇ ਭੇਤ (ਮੁਲਾਕਾਤਾਂ) ਸਤਨਾਮ ਸਿੰਘ ਢਾਅ
ਪੰਨੇ 324, ਮੁੱਲ 495 ਰੁਪਏ, ਲੋਕਗੀਤ ਪ੍ਰਕਾਸ਼ਨ, ਸੈਕਟਰ 34-ਏ, ਚੰਡੀਗੜ੍ਹ
ਸਾਊਥਾਲ ਦਾ ਸੂਰਜ (ਵਾਰਤਕ) ਰਣਜੀਤ ਧੀਰ
ਪੰਨੇ 189, ਮੁੱਲ 300 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ
ਚੰਡੀਗੜ੍ਹ ਵਾਇਆ ਨਵਾਂਸ਼ਹਿਰ (ਸਵੈ ਜੀਵਨੀ) ਜਿੰਦਰ
ਪੰਨੇ 137, ਮੁੱਲ 300 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ
ਸੰਗੀਤਾਚਾਰੀਆ ਭਾਈ ਕਾਨ੍ਹ ਸਿੰਘ ਨਾਭਾ (ਵਾਰਤਕ) ਡਾ. ਰਵਿੰਦਰ ਕੌਰ ਰਵੀ
ਪੰਨੇ 288, ਮੁੱਲ 500 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ
ਸ਼ੇਰ ਸਿੰਘ ਕੰਵਲ:ਵਿਚਾਰਧਾਰਾ ਅਤੇ ਮੂਲ ਪਾਠ ਡਾ.ਭਗਵੰਤ ਸਿੰਘ,ਡਾ.ਰਮਿੰਦਰ ਕੌਰ
ਪੰਨੇ 728, ਮੁੱਲ 999 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ
A Study in Romantic Medieval Punjabi Poetry Dr. Amarjit Singh
Pp 239, Rs. 275, National Book Shop, Chandni Chowk, Delhi

ਪੱਤਰ

'ਸਿਰਜਣਾ-174' (ਅਕਤੂਬਰ-ਦਸੰਬਰ 2014) ਮਿਲਿਆ, ਤਾਂ ਸਭ ਤੋਂ ਪਹਿਲਾਂ ਸੰਪਾਦਕੀ ਦੇ ਸਿਰਲੇਖ ਉਤੇ ਨਿਗ੍ਹਾ ਪਈ। ਪੜ੍ਹਨਾ ਸ਼ੁਰੂ ਕੀਤਾ ਤਾਂ ਪਹਿਲੇ ਹੀ ਫਿਕਰੇ ਨਾਲ ਜਾਨ ਨਿਕਲ ਗਈ। ਇਸ ਫਿਕਰੇ ਵਿਚ ਲੁਕਿਆ ਦੁੱਖ ਅਤੇ ਤੜਫਾਹਟ ਮੈਂ ਭਲੀ-ਭਾਂਤ ਸਮਝ ਸਕਦਾ ਹਾਂ। ਅਸੀਂ ਲੋਕ ਪੰਜਾਬ, ਪੰਜਾਬੀ ਤੇ ਪੰਜਾਬੀਅਤ ਬਾਰੇ ਜਿੰਨੀਆਂ ਮਰਜ਼ੀ ਫੜ੍ਹਾਂ ਮਾਰੀ ਜਾਈਏ, ਪਰ ਸੱਚ ਉਹੀ ਹੈ ਜੋ ਤੁਸੀਂ ਬਿਆਨ ਕੀਤਾ ਹੈ। ਸੱਚੀ ਗੱਲ ਹੈ, ਕੁਝ ਵੀ ਕੀਤੇ ਬਗੈਰ, ਪੰਜਾਬੀ ਦਾ ਕੁਝ ਕਿਵੇਂ ਸੰਵਾਰਿਆ ਜਾ ਸਕਦਾ ਹੈ? ਤੁਸੀਂ ਚੇਤਨਾ ਦੀ ਘਾਟ, ਹਾਕਮਾਂ ਦੇ ਜਮਾਤੀ ਹਿਤਾਂ ਅਤੇ ਪੰਜਾਬੀ ਦਾ ਦਮ ਭਰਨ ਵਾਲੇ ਕੁਝ ਲੋਕਾਂ ਦੇ ਅਸਲੋਂ ਝੂਠੇ ਵਿਹਾਰ ਦੀ ਠੀਕ ਹੀ ਨਿਸ਼ਾਨਦੇਹੀ ਕੀਤੀ ਹੈ, ਪਰ ਮੈਂ ਇਸ ਵਿਚ ਇਕ ਨੁਕਤਾ ਹੋਰ ਜੋੜਨਾ ਚਾਹੁੰਦਾ ਹਾਂ। ਉਹ ਹੈ ਕੁਰਬਾਨੀ ਦਾ ਮਾਦਾ ਜਿਹੜਾ ਪਿਛਲੇ ਦਹਾਕਿਆਂ ਦੌਰਾਨ ਸਭ ਦੇ ਦੇਖਦਿਆਂ-ਦੇਖਦਿਆਂ ਛੂ-ਮੰਤਰ ਹੋ ਗਿਆ ਹੈ। ਅਸੀਂ ਲੋਕ ਹਰ ਸੁੱਖ-ਸਹੂਲਤਾਂ ਤਾਂ ਲੋੜਦੇ ਹਾਂ, ਪਰ ਇਸ ਦੇ ਲਈ ਕੋਈ ਕੀਮਤ ਤਾਰਨ ਲਈ ਤਿਆਰ ਨਹੀਂ, ਤੇ ਕੀਮਤ ਤਾਰੇ ਬਗੈਰ ਕੋਈ ਗੱਲ ਕਦੋਂ ਬਣੀ ਹੈ? ਅਸਲੋਂ ਝੂਠੇ ਵਿਹਾਰ ਵਾਲੀ ਜਿਹੜੀ ਗੱਲ ਹੈ, ਉਸ ਦਾ ਸਿੱਧਾ ਸੰਬੰਧ ਕੁਰਬਾਨੀ ਵਾਲੇ ਇਸ ਮੁੱਦੇ ਨਾਲ ਹੀ ਜੁੜਿਆ ਹੋਇਆ ਹੈ। ਸੌਖ ਅਤੇ ਸ਼ਾਰਟ-ਕੱਟਾਂ ਨੇ ਸਾਡੇ ਰਾਹ ਬੁਰੀ ਤਰ੍ਹਾਂ ਡੱਕੇ ਹੋਏ ਹਨ। ਪਿਛਾਂਹ ਝਾਤ ਮਾਰੀਏ ਤਾਂ ਅਜਿਹਾ ਨਹੀਂ ਸੀ। ਸਾਡਾ ਨਾਇਕ ਸਦਾ ਹੀ ਚੌਥੀ ਕੂਟ ਦਾ ਰਾਹੀ ਹੁੰਦਾ ਸੀ। ਹੁਣ ਅਸੀਂ ਚੌਥੀ ਕੂਟ ਉਤੇ ਕਾਟਾ ਫੇਰ ਛੱਡਿਆ ਹੈ। ਨਤੀਜਾ ਤੁਸੀਂ ਸਾਰੇ ਦਾ ਸਾਰੇ ਖੋਲ੍ਹ ਕੇ ਸਾਹਮਣੇ ਰੱਖ ਹੀ ਦਿੱਤਾ ਹੈ। ਜਮਾਤੀ ਹਿਤਾਂ ਦੇ ਨੁਕਤੇ ਬਾਰੇ ਸੋਚਦਿਆਂ ਮੇਰੀ ਤਾਂ ਸਗੋਂ ਇਹ ਰਾਏ ਵੀ ਬਣਦੀ ਹੈ ਕਿ ਪਿਛਲੇ ਸਮੇਂ ਦੌਰਾਨ ਕਮਿਊਨਿਸਟਾਂ ਦੇ ਹਾਸ਼ੀਏ ਉੱਤੇ ਜਾਣ ਦਾ ਵੱਡਾ ਕਾਰਨ ਵੀ ਕੁਰਬਾਨੀ ਤੋਂ ਹਿਚਕਚਾਹਟ ਅਤੇ ਸ਼ਾਰਟ-ਕੱਟ ਅਪਨਾਉਣਾ ਹੈ। ਇਸੇ ਕਰ ਕੇ ਹੀ ਹੁਣ ਬੇਵਸੀ ਦੇ ਸਿਵਾਏ ਕੁਝ ਪੱਲੇ ਨਹੀਂ ਬਚਿਆ ਹੈ, ਜਾਂ ਅਸੀਂ ਇਕ-ਦੂਜੇ ਦੀਆਂ ਖਾਮੀਆਂ ਗਿਣਾਉਣ ਵਿਚ ਹੀ ਲੱਗੇ ਰਹਿੰਦੇ ਹਾਂ। ਸਮੁੱਚੇ ਸਿਸਟਮ ਦੇ ਖਿਲਾਫ ਜਾਨਦਾਰ ਲੋਕ ਹਿਤੂ ਸਿਸਟਮ ਖੜ੍ਹਾ ਕਰਨ ਦਾ ਸੁਪਨਾ, ਸੁਪਨਾ ਹੀ ਲੱਗਣ ਲੱਗ ਪਿਆ ਹੈ।

ਇਸੇ ਅੰਕ ਵਿਚ ਸੁਰਜੀਤ ਹਾਂਸ ਦਾ ਲੇਖ 'ਪੰਜਾਬੀ ਦਾ ਵਿਕਾਸ' ਵੀ ਮੈਂ ਸੰਪਾਦਕੀ ਨਾਲ ਜੋੜ ਕੇ ਪੜ੍ਹਿਆ ਹੈ। ਉਨ੍ਹਾਂ ਇਸ ਲੇਖ ਵਿਚ ਪੰਜਾਬੀ ਦੇ ਨਿਕਾਸ ਅਤੇ ਵਿਨਾਸ਼ ਬਾਰੇ ਬੜੀਆਂ ਬਾਰੀਕ ਗੱਲਾਂ ਕੀਤੀਆਂ ਹਨ। ਉਨ੍ਹਾਂ ਦੇ ਕਈ ਨੁਕਤੇ ਇਸ਼ਾਰੇ ਮਾਤਰ ਹੀ ਸਾਹਮਣੇ ਆਏ ਹਨ, ਪਰ ਉਨ੍ਹਾਂ ਨੇ ਪੰਜਾਬੀ ਬਾਰੇ ਜਿਹੜੀ ਗੱਲ ਚਲਾਈ ਹੈ, ਉਸ ਵੱਲ ਧਿਆਨ ਦਿੱਤੇ ਬਗੈਰ ਸ਼ਾਇਦ ਸਰਨਾ ਨਹੀਂ। ਉਂਝ ਇਸ ਦੇ ਲਈ ਸਿਰੇ ਦੀ ਈਮਾਨਦਾਰੀ ਦਰਕਾਰ ਹੈ। ਅੱਜ ਜਿਸ ਤਰ੍ਹਾਂ ਦਾ ਮਾਹੌਲ ਚੱਲ ਰਿਹਾ ਹੈ, ਉਸ ਵਿਚ ਪੰਜਾਬੀ ਦਾ ਠੁੱਕ ਬੰਨ੍ਹਣ ਲਈ ਸਮਝੋ ਸਿਰ ਉੱਤੇ ਕੱਫਣ ਬੰਨ੍ਹਣ ਵਾਲਾ ਮਸਲਾ ਬਣਦਾ ਹੈ। ਨਹੀਂ ਤਾਂ ਹਾਂਸ ਹੁਰਾਂ ਦੇ ਲੇਖ ਦੇ ਅਖੀਰ ਵਿਚ ਜਿਸ ਤਰ੍ਹਾਂ ਫਰਾਂਸੀਸੀ ਸਾਇੰਸਦਾਨਾਂ ਦੇ ਡੋਲ ਜਾਣ ਬਾਰੇ ਲਿਖਿਆ ਗਿਆ ਹੈ, ਪੰਜਾਬੀ ਫਿਰ ਕਿਸ ਬਾਗ ਦੀ ਮੂਲੀ ਹਨ! ❑❑

–ਕੁਲਵੰਤ ਸਿੰਘ ਸੰਘਾ, ਪਟਿਆਲਾ

ਸਵੈਜੀਵਨੀ ਮੂਲਕ ਰਚਨਾ 'ਮੇਰੀ ਸਾਹਿਤਕਾਰੀ ਦਾ ਸਫਰ' ਲਿਖਦਿਆਂ ਅਤਰਜੀਤ ਨੇ ਜਾਤ-ਪਾਤ, ਆਰਥਿਕ ਪਾੜਾ, ਔਰਤ ਦੀ ਦੁਰਦਸ਼ਾ,ਦਲਿਤ ਸਮੱਸਿਆ, ਖੱਬੀਆਂ ਧਿਰਾਂ ਦੀ ਮਾੜੀ ਸਥਿਤੀ,ਕਾਰਪੋਰੇਟ ਸੈਕਟਰ ਦੀ ਭੁੱਖ ਕਰਕੇ ਆਦਿਵਾਸੀਆਂ ਦਾ ਘਾਣ ਆਦਿ ਕਈ ਅਹਿਮ ਮਸਲਿਆਂ 'ਤੇ ਬਹੁਤ ਵਧੀਆ ਗੱਲ ਕੀਤੀ ਹੈ। ਮਾਣ ਸਨਮਾਨਾਂ

ਬਾਰੇ ਸਰਕਾਰੀ ਦਖਲ ਦੇ ਅੰਤਰਗਤ ਉਹ ਵਿਅੰਗ ਨਾਲ ਕਹਿੰਦਾ ਹੈ ਕਿ ਸਰਕਾਰ ਨੂੰ ਦਲਿਤ ਲੇਖਕਾਂ ਦੇ ਇਨਾਮਾਂ ਦਾ ਵੀ ਕੋਈ ਰਿਜ਼ਰਵ ਕੋਟਾ ਨਿਸ਼ਚਤ ਕਰ ਦੇਣਾ ਚਾਹੀਦਾ ਹੈ। ਪੰਜਾਬੀ ਬੋਲੀ ਦੀ ਦੁਰਦਸ਼ਾ ਬਾਰੇ ਵੀ ਉਸਨੇ ਠੀਕ ਕਿਹਾ ਹੈ ਕਿ ਕਿਵੇਂ ਇਹ ਸਮਰੱਥਾਵਾਨ ਤੇ ਸਮਰੱਥਾਹੀਣ ਲੋਕਾਂ ਦਾ ਜਮਾਤੀ ਮਸਲਾ ਬਣ ਚੁੱਕੀ ਹੈ। ਸਾਡੇ ਸਿੱਖਿਆ-ਪ੍ਰਬੰਧ ਦੀ ਹਾਲਤ, ਵਿਆਪਕ ਭ੍ਰਿਸ਼ਟਾਚਾਰ, ਕਹਾਣੀ-ਰਚਨਾ ਵਿਚ ਪਨਪ ਰਹੇ ਨੰਗੇਜਵਾਦ, ਗੁਰਬਾਣੀ ਦੇ ਮਾਨਵਵਾਦੀ ਸਰੂਪ ਨੂੰ ਪਿੱਛੇ ਧੱਕਕੇ ਸਿੱਖੀ ਅਮਲ ਵਿਚ ਵਿਆਪੀ ਗੜਬੜੀ ਆਦਿ ਸਾਰੇ ਹੀ ਛੋਹੇ ਮਸਲੇ ਉਸਦੇ ਫਿਕਰਾਂ ਨੂੰ ਦਰਸਾਉਂਦੇ ਹੋਏ ਇਹਨਾਂ ਦੇ ਹੱਲ ਦੀ ਲੋੜ ਉੱਤੇ ਬਲ ਦਿੰਦੇ ਹਨ। ਪਰ ਏਨੀਆਂ ਚੰਗੀਆਂ ਗੱਲਾਂ ਕਰਦੀ ਉਸਦੀ ਰਚਨਾ ਸਵੈ-ਪ੍ਰਸ਼ੰਸਾ ਦਾ ਸ਼ਿਕਾਰ ਹੋ ਜਾਂਦੀ ਹੈ, ਜਦੋਂ ਇਹੋ ਜਿਹੇ ਵਾਕ ਪੜ੍ਹਨ ਨੂੰ ਮਿਲਦੇ ਹਨ: 'ਅਧਿਆਪਕ ਹੋਵੇ ਤਾਂ ਅਤਰਜੀਤ ਵਰਗਾ ਹੋਵੇ', ਕਹਾਣੀਕਾਰਾਂ ਨਾਲੋਂ ਮੈਂ ਕਿਸੇ ਕੋਲੋਂ ਵੀ ਮਾੜੀ ਕਹਾਣੀ ਨਹੀਂ ਲਿਖਦਾ', 'ਮੈਂ ਹਰ ਗੱਲ ਨੂੰ ਵਿਗਿਆਨਕ ਨਜ਼ਰੀਏ ਤੋਂ ਨਿਰਖਦਾ ਪਰਖਦਾ ਹਾਂ ਜਦੋਂ ਕਿ ਬਹੁਤੇ ਦਲਿਤ ਲੇਖਕ ਸੰਸਾਰ ਵਿਗਿਆਨਕ ਨਜ਼ਰੀਆ ਨਹੀਂ ਰੱਖਦੇ', ਅਤੇ ਲੰਮੀ ਕਹਾਣੀ ਦੇ ਸੰਬੰਧ ਵਿਚ 'ਮੇਰੇ ਕੋਲ ਜੇ ਗੁਰਜ ਨਹੀਂ ਤਾਂ ਮਲਵਈ ਟੰਬੇ ਵਰਗੀ ਕੋਈ ਚੀਜ਼ ਜ਼ਰੂਰ ਹੈਗੀ ਆ'। ਉਸਦਾ ਇਹ ਕਹਿਣਾ ਵੀ ਕੋਈ ਬਹੁਤ ਮਾਣ ਵਾਲੀ ਗੱਲ ਨਹੀਂ ਹੋ ਸਕਦੀ ਕਿ 'ਮੈਂ ਮਾਰਕਸਵਾਦ ਦਾ ਊੜਾ ਐੜਾ ਨਹੀਂ ਪੜ੍ਹਿਆ ਪਰ ਮਾਓ ਤੇ ਲੈਨਿਨ ਬੜੇ ਚੰਗੇ ਲੱਗਦੇ ਹਨ'। ਕਿਤੇ ਇਹੀ ਗੱਲ ਹੀ ਸਾਡੇ 'ਮਾਰਕਸਵਾਦੀਆਂ' ਦੀ ਕਚਿਆਈ ਦਾ ਕਾਰਨ ਤਾਂ ਨਹੀਂ?

ਏਸ ਅੰਕ ਵਿਚ ਜਸਵਿੰਦਰ ਨੀਲੂ ਦੀਆਂ ਕਵਿਤਾਵਾਂ ਨੇ ਧਿਆਨ ਖਿੱਚਿਆ ਹੈ। ਔਰਤ ਦੇ ਮਨ ਅਤੇ ਪਿਆਰ ਦੇ ਜਜ਼ਬੇ ਨੂੰ ਉਹ ਬਹੁਤ ਸੋਹਣਾ ਪ੍ਰਗਟਾਅ ਦਿੰਦੀ ਹੈ। ਅਨੁਭਵ ਵਿਚ ਹੋਰ ਵਿਸ਼ਾਲਤਾ ਆਉਣ ਨਾਲ ਉਸ ਦੇ ਜ਼ਿਆਦਾ ਕੁਸ਼ਲ ਕਵਿਤਰੀ ਵਜੋਂ ਉਭਰਨ ਦੀ ਉਮੀਦ ਕੀਤੀ ਜਾ ਸਕਦੀ ਹੈ। ਪੰਜਾਬੀ ਬੋਲੀ ਦੇ ਭਵਿੱਖ ਨੂੰ ਲੈ ਕੇ 'ਸਿਰਜਣਾ' ਵਿਚ ਸਮੇਂ ਸਮੇਂ ਬੜੀਆਂ ਗੱਲਾਂ ਹੋਈਆਂ ਹਨ। ਇਸ ਵਾਰ ਵੀ ਸੰਪਾਦਕੀ ਵਿਚ ਇਸ ਸੰਬੰਧ ਵਿਚ ਫਿਕਰਮੰਦੀ ਦਾ ਇਜ਼ਹਾਰ ਹੋਇਆ ਹੈ ਅਤੇ ਸੁਰਜੀਤ ਹਾਂਸ ਨੇ ਆਪਣੇ ਨਿਬੰਧ ਵਿਚ ਇਸ ਸਮੱਸਿਆ ਦਾ ਬੌਧਿਕਤਾ ਨਾਲ ਲੇਖਾ-ਜੋਖਾ ਕੀਤਾ ਹੈ। ❑❑

–ਅਮਰਜੀਤ ਕੌਰ,ਮੁਖੀ ਪੰਜਾਬੀ ਵਿਭਾਗ, ਡੀ.ਏ.ਵੀ.ਕਾਲਿਜ,ਕਰਨਾਲ

ਸਿਰਜਣਾ-173 ਵਿਚ ਤ੍ਰਿਪਤਾ ਕੇ. ਸਿੰਘ ਦੀ ਕਹਾਣੀ 'ਭਲਾ ਆਦਮੀ' ਚੰਗੀ ਲੱਗੀ। ਕਹਾਣੀ ਕਹਿਣ ਦੀ ਤਕਨੀਕ ਸਦਕਾ ਹੀ ਇਹ ਕਹਾਣੀ ਵਲਗਰ ਹੋਣ ਤੋਂ ਬਚ ਗਈ। ਕਹਾਣੀਕਾਰਾ ਨੇ ਆਪਣੀ ਗੱਲ ਵੀ ਕਹਿ ਦਿੱਤੀ ਤੇ ਸੋਟੀ ਵੀ ਨਾ ਟੁੱਟਣ ਦਿੱਤੀ। ਕਹਾਣੀ ਦੇ ਦੋਵੇਂ ਪਾਤਰ ਆਪਣੀ ਆਪਣੀ ਇਮਾਨਦਾਰੀ ਦੀਆਂ ਤੰਦਾਂ ਉਣਦੇ ਹੋਏ ਸਮੁੱਚੀ ਕਹਾਣੀ ਦੀ ਟੈਕਸਟ ਤਿਆਰ ਕਰ ਦਿੰਦੇ ਹਨ। ਇਸੇ ਹੀ ਤਰ੍ਹਾਂ ਖੂਨ ਦੇ ਰਿਸ਼ਤਿਆਂ ਨਾਲੋਂ ਪਿਆਰ ਦੇ ਰਿਸ਼ਤਿਆਂ ਦੀ ਮਜ਼ਬੂਤੀ ਦਰਸਾਉਂਦੀ ਹੈ ਕੈਨੇਡਾ ਵਾਸੀ ਹਰਪ੍ਰੀਤ ਸੇਖਾ ਦੀ ਕਹਾਣੀ -'ਪੈਂਗੂਇਨ'। ਵਿਸ਼ੇ ਦਾ ਨਿਭਾਅ ਚੰਗਾ ਹੈ, ਦਿਲੋ-ਦਿਮਾਗ ਨੂੰ ਹਲੂਣਨ ਵਾਲਾ। ਸੁਰਿੰਦਰ ਰਾਮਪੁਰੀ ਤੇ ਬਲਦੇਵ ਸਿੰਘ ਢੀਂਡਸਾ ਦੀਆਂ ਕਹਾਣੀਆਂ ਵੀ ਚੰਗੀਆਂ ਹਨ। ਪ੍ਰਮਿੰਦਰਜੀਤ ਦੀ ਲੰਮੀ ਕਵਿਤਾ 'ਅਜੇ ਉਡੀਕ 'ਚ ਹਾਂ' ਚੰਗੀ ਲੱਗੀ। ਬਲਜੀਤ ਬਾਸੀ ਦੇ 'ਸ਼ਬਦ ਝਰੋਖੇ' ਤਾਂ ਹਮੇਸ਼ਾ ਵਾਂਗ ਵਾਹ ਵਾਹ ਖੱਟ ਜਾਂਦੇ ਨੇ। ਗੁਰਦਾਸ ਰਾਮ ਆਲਮ ਬਾਰੇ ਲਿਖਿਆ ਚੰਦਰ ਮੋਹਨ ਦਾ ਲੇਖ ਵੀ ਚੰਗਾ ਲੱਗਿਆ। ਬਲਦੇਵ ਦੂਹੜੇ ਦਾ ਲੇਖ 'ਮਾਰਕਸਵਾਦੀ ਇਨਕਲਾਬ : ਇਕ ਅਸੰਭਵ ਸੁਪਨਾ' ਅੱਜੋਕੇ ਸੰਸਾਰੀਕਰਨ ਦੇ ਦੌਰ ਵਿਚ ਮਾਰਕਸਵਾਦ ਨੂੰ ਠੀਕ ਪਰਿਪੇਖ ਵਿਚ ਸਮਝਣ ਅਤੇ ਇਸਦੀ ਪ੍ਰਸੰਗਕਤਾ ਜਾਨਣ ਵਿਚ ਸਹਾਈ ਹੋ ਸਕਦਾ

ਹੈ। 'ਸਿਰਜਣਾ' ਵਿਚ ਛਪਦੀਆਂ ਸਿਰਜਣਾਤਮਕ ਤੇ ਵਿਚਾਰਧਾਰਕ ਕਿਸਮ ਦੀਆਂ ਰਚਨਾਵਾਂ ਅਜਿਹੀ ਚੇਤਨਾ ਨੂੰ ਉਭਾਰਨ ਤੇ ਪਰਸਾਰਨ ਵਿਚ ਅਹਿਮ ਭੂਮਿਕਾ ਨਿਭਾਅ ਰਹੀਆਂ ਹਨ।□□

-ਬਰਿੰਦਰ ਕੌਰ, ਪੰਜਾਬੀ ਲੈਕਚਰਾਰ, ਸ. ਸੀ. ਸੈ. ਸਕੂਲ, ਰਾਮ ਦਰਬਾਰ, ਚੰਡੀਗੜ੍ਹ

ਅਤਰਜੀਤ ਸਿੰਘ ਦਾ 'ਮੇਰੀ ਸਾਹਿਤਕਾਰੀ ਦਾ ਸਫਰ' ਲੇਖਕ ਦੀ ਸਮੁੱਚੀ ਸਾਹਿਤਕ ਸ਼ਖਸੀਅਤ ਉੱਤੇ ਝਾਤ ਪੁਆਉਂਦਾ ਕਥਾ ਰਸ ਵਰਗਾ ਪ੍ਰਭਾਵ ਛੱਡਦਾ ਹੈ। ਨਵੀਂ ਉਭਰਦੀ ਕਵਿਤਰੀ ਵਜੋਂ ਜਸਵਿੰਦਰ ਨੀਲੂ ਦਾ ਪਰਿਚਯ ਬਹੁਤ ਖੁਸ਼ਗਵਾਰ ਸੀ। ਜਸਵਿੰਦਰ ਨੀਲੂ ਵਿਚ ਸੱਚਮੁਚ ਸੰਭਾਵਨਾ ਨਜ਼ਰ ਆਉਂਦੀ ਹੈ। ਉਸ ਦੀਆਂ ਕਵਿਤਾਵਾਂ ਔਰਤ ਦੀ ਵਰਤਮਾਨ ਸਮਾਜਕ ਸਥਿਤੀ ਨਾਲ ਪਾਠਕਾਂ ਦੀ ਸਾਂਝ ਪੁਆਉਂਦੀਆਂ ਹਨ। ਜਿਸ ਨਾਲ ਸਮਕਾਲੀ ਪੰਜਾਬੀ ਕਵਿਤਾ ਦੇ ਖੇਤਰ ਵਿਚ ਨਵੀਆਂ ਸੰਭਾਵਨਾਵਾਂ ਉਜਾਗਰ ਹੋਣ ਦੀ ਆਸ ਬੱਝੀ ਹੈ। ਉਮਰ ਦੇ ਚੌਥੇ ਪਹਿਰ ਵਿਚ ਪ੍ਰਵੇਸ਼ ਕਰ ਚੁੱਕੇ ਸੁਰਿੰਦਰ ਗਿੱਲ ਦੀਆਂ ਤਿੰਨੇ ਕਵਿਤਾਵਾਂ ਜ਼ਿੰਦਗੀ ਦੇ ਇਸ ਅਹਿਮ ਪੜਾਅ ਦੇ ਅਨੁਭਵਾਂ ਨੂੰ ਸਾਖਿਆਤ ਕਰਦੀਆਂ ਹਨ।□□ **-ਡਾ. ਗੁਰਦੀਪ ਕੌਰ, ਸਰਕਾਰੀ ਕਾਲਿਜ, ਸੈਕਟਰ 11, ਚੰਡੀਗੜ੍ਹ**

ਸਿਰਜਣਾ-174 ਵਿਚ ਸ਼ਾਮਲ ਜਸਵਿੰਦਰ ਨੀਲੂ ਦੀਆ ਕਵਿਤਾਵਾਂ ਵਿਚ ਬੜੀ ਰਵਾਨੀ ਸੀ।। 'ਮੇਰੀ ਸਾਹਿਤਕਾਰੀ ਦਾ ਸਫਰ' ਵਿਚ ਅਤਰਜੀਤ ਹੋਰਾਂ ਦਾ ਸੱਚ ਦਾ ਬਿਆਨ ਬਾਕਮਾਲ ਹੈ। ਰੌਂਗਟੇ ਖੜ੍ਹੇ ਕਰਨ ਵਾਲਾ ਏਡਾ ਸੋਹਣਾ ਚਿਤਰਨ-ਜਾਪਿਆ ਜਿਵੇਂ ਨਾਵਲ ਪੜ੍ਹ ਲਿਆ ਹੋਵੇ। ਬੇਬਾਕ ਹੋ ਕੇ ਧੀਆਂ ਪੁੱਤਾਂ ਬਾਰੇ ਵੀ ਸਭ ਕੁਝ ਦੱਸਣ ਵਾਲਾ ਕਹਾਣੀਕਾਰ ਅਤਰਜੀਤ ਬਹੁਤ ਉੱਚਾ ਨਜ਼ਰ ਆਉਂਦੈ। ਸਾਧੂ ਸਿੰਘ ਹੁਰਾਂ ਦੀ ਕਹਾਣੀ 'ਗੇਰੂਏ ਵਸਤਰ' ਨੇ ਡੇਰਿਆਂ ਦੇ ਬਾਬਿਆਂ ਦੀ ਅਸਲੀ ਹਕੀਕਤ ਨੂੰ ਬਹੁਤ ਸਹਿਜ ਨਾਲ ਪਰ ਬਾਖੂਬੀ ਦਰਸਾਇਆ ਹੈ। 'ਪਰਵਾਸੀ ਪੰਜਾਬੀ ਨਾਰੀ ਅਤੇ ਨਾਰੀਵਾਦੀ ਪਰਿਪੇਖ' ਗੁਰਪ੍ਰੀਤ ਕੌਰ ਦਾ ਲੇਖ ਬੜਾ ਨਿੱਠ ਕੇ ਬਹੁਤ ਮਿਹਨਤ ਨਾਲ ਲਿਖਿਆ ਜਾਪਦਾ ਹੈ। ਸੰਪਾਦਕੀ 'ਮੁੜ ਪੰਜਾਬੀ ਦੀ ਗੱਲ' ਵਿਚ ਤਾਂ ਜਿਵੇਂ ਸਾਡੀ ਜ਼ੁਬਾਨ ਦੇ ਭਵਿੱਖ ਲਈ ਹਾਅ ਦਾ ਨਾਅਰਾ ਹੈ। ਸ਼ਾਇਦ ਕਿਤੇ ਕੋਈ ਅਸਰ ਹੋਵੇ।□□

-ਡਾ. ਕਰਮਜੀਤ ਸਿੰਘ, ਵਾਲੀਆ ਹਸਪਤਾਲ, ਨਡਾਲਾ, ਕਪੂਰਥਲਾ

ਸਿਰਜਣਾ-172 ਵਿਚ ਬਲਬੀਰ ਮਾਧੋਪੁਰੀ ਅਤੇ ਹਰਬੰਸ ਸਿੰਘ ਚਾਹਲ ਦੇ ਲੇਖ ਚੰਗੇ ਹਨ। ਗ਼ਦਰ ਲਹਿਰ ਦੇ ਮਾਣ-ਮੱਤੇ ਇਤਿਹਾਸ ਵਿਚ ਦਲਿਤਾਂ ਦਾ ਯੋਗਦਾਨ ਕਿਸੇ ਵੀ ਤਰ੍ਹਾਂ ਘੱਟ ਨਹੀਂ ਹੈ। ਸਤਨਾਮ ਚਾਨਾ ਦੀ ਪੁਸਤਕ 'ਸਿੱਖ ਇਤਿਹਾਸ ਦਾ ਰਾਜਨੀਤਕ ਏਜੰਡਾ ਤੇ ਪੰਜਾਬੀ ਕਮਿਊਨ ਬਾਰੇ ਹਰਬੰਸ ਸਿੰਘ ਚਾਹਲ ਦਾ ਲੇਖ ਜਿਸ ਤਰ੍ਹਾਂ ਪੁਸਤਕ ਨੂੰ ਖੋਲ੍ਹਦਾ ਹੈ ਅਤੇ ਤਾਰਕਿਕ ਪੜਚੋਲ ਕਰਦਾ ਹੈ, ਉਹ ਕਾਬਲੇ ਤਾਰੀਫ ਹੈ। ਕਹਾਣੀਆਂ ਵੀ ਚੰਗੀਆਂ ਹਨ। ਉਂਕਾਰਪ੍ਰੀਤ ਨੇ ਆਪਣੀ ਨਜ਼ਮ 'ਮੇਰੀ ਸਟਰੀਟ 'ਤੇ ਵਿਚ ਕੈਨੇਡਾ ਦੇ ਅਸਲੀ ਦਰਸ਼ਨ ਕਰਵਾ ਦਿੱਤੇ ਹਨ। ਕੈਨੇਡਾ ਦੇ ਬਦਲ ਰਹੇ ਜੀਵਨ ਨੂੰ ਖੂਬ ਪੇਸ਼ ਕੀਤਾ ਹੈ।□□ **-ਜੈ ਪਾਲ, ਡੇਰਾ ਬਸੀ**

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਸ਼ੋਅਰੂਮ ਨੰਬਰ 443, ਸੈਕਟਰ 70, ਮਟੌਰ, ਮੋਹਾਲੀ ਤੋਂ ਛਪਵਾ ਕੇ, 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।

ਸੰਪਾਦਕ : **ਰਘਬੀਰ ਸਿੰਘ** **ਪ੍ਰਕਾਸ਼ਨ ਮਿਤੀ : 1 ਜਨਵਰੀ, 2015**

ਗ਼ਦਰ ਪਾਰਟੀ ਦੀ ਸ਼ਤਾਬਦੀ ਮੌਕੇ ਪ੍ਰਕਾਸ਼ਤ ਹੋਈ
ਡਾ. ਰਘਬੀਰ ਸਿੰਘ ਦੀ ਖੋਜ-ਪੁਸਤਕ

ਗ਼ਦਰ ਪਾਰਟੀ ਲਹਿਰ : ਸੰਖੇਪ ਇਤਿਹਾਸ



ਗ਼ਦਰ ਪਾਰਟੀ ਲਹਿਰ ਸਾਡੇ ਸੁਤੰਤਰਤਾ ਸੰਗਰਾਮ ਦੇ ਇਤਿਹਾਸ ਦਾ ਸੁਨਿਹਰੀ ਅਧਿਆਏ ਹੈ। ਅਮਰੀਕਾ ਵਿਚ ਸ਼ੁਰੂ ਹੋਈ ਇਸ ਲਹਿਰ ਦਾ ਮਨੋਰਥ ਭਾਰਤ ਵਿਚੋਂ ਬਰਤਾਨਵੀ ਰਾਜ ਦਾ ਮੁਕੰਮਲ ਖਾਤਮਾ ਕਰਨਾ ਸੀ। ਇਸ ਉਦੇਸ਼ ਲਈ ਗ਼ਦਰੀ ਸੂਰਬੀਰਾਂ ਨੇ ਫਾਂਸੀ ਅਤੇ ਕਾਲ਼ੇ ਪਾਣੀਆਂ ਦੀ ਸਜ਼ਾ ਸਮੇਤ ਭਾਰੀ ਕੁਰਬਾਨੀ ਦਿੱਤੀ। ਇਤਿਹਾਸ ਦੀ ਮੁੱਖ ਧਾਰਾ ਵਿਚ ਗ਼ਦਰ ਪਾਰਟੀ ਨੂੰ ਯੋਗ ਮਾਨਤਾ ਪ੍ਰਾਪਤ ਨਹੀਂ ਹੋਈ। ਹੱਥਲੀ ਪੁਸਤਕ ਇਸ ਲਹਿਰ ਦਾ ਇਤਿਹਾਸਕ ਲੇਖਾ- ਜੋਖਾ ਵਿਲੱਖਣ ਜੁਗਤ ਨਾਲ ਪੇਸ਼ ਕਰਦੀ ਹੈ, ਪਰ ਸਾਧਾਰਨ ਭਾਸ਼ਾ ਵਿਚ।

ਪੰਨੇ 236 **ਸੁੰਦਰ ਦਿੱਖ** **ਮੁੱਲ 165 ਰੁਪਏ**

ਪ੍ਰਕਾਸ਼ਨ ਵਿਭਾਗ, ਸੂਚਨਾ ਤੇ ਪ੍ਰਸਾਰਨ ਮੰਤਰਾਲਾ, ਭਾਰਤ ਸਰਕਾਰ, ਨਵੀਂ ਦਿੱਲੀ

SIRJANA Literary Punjabi Quarterly Chandigarh

No. 175 January-March 2015

Registered with the Registrar of Newspapers for India vide R.N. 10215/65

ਗੁਲਜ਼ਾਰ ਸਿੰਘ ਸੰਧੂ ਦੀ ਸਮੁੱਚੀ ਕਹਾਣੀ ਰਚਨਾ ਇਕੋ ਜ਼ਿਲਦ ਵਿਚ



ਮੇਰੀ ਪਹਿਲੀ ਕਹਾਣੀ 'ਸੀਤ ਪੋਟੇ' ਸੀ। 1953 ਦੀ ਲਿਖੀ ਹੋਈ। ਮੇਰੀ ਆਖਰੀ ਕਹਾਣੀ 'ਬਿਜੂ ਵਾੜਾ' ਹੈ। 2013 ਦੀ ਰਚਨਾ। ਮੈਂ ਦੱਸਾਂ ਭਾਵੇਂ ਨਾ ਦੱਸਾਂ, ਮੇਰੀਆਂ ਕੁੱਲ ਕਹਾਣੀਆਂ 98 ਤੋਂ ਵੱਧ ਨਹੀਂ। ਵਧਣੀਆਂ ਵੀ ਨਹੀਂ। ਹੱਥਲੀ ਪੁਸਤਕ ਮੇਰੀ ਨਿੱਕੀ ਕਹਾਣੀ ਨੂੰ ਅਲਵਿਦਾ ਮਾਤਰ ਹੈ। ਛੇ ਦਹਾਕੇ ਦੀ ਰਚਨਾਕਾਰੀ ਨੂੰ। ਕੱਲ੍ਹ ਨੂੰ ਕੀ ਕਰਾਂਗਾ? ਕੱਲ ਜਾਣੇ!

– ਗੁਲਜ਼ਾਰ ਸਿੰਘ ਸੰਧੂ

ਪੰਨੇ 495 ਸੁੰਦਰ ਦਿੱਖ ਮੁੱਲ 800 ਰੁਪਏ

ਨਵਯੁਗ ਪਬਲਿਸ਼ਰਜ਼, ਕੇ-24, ਹੌਜ਼ ਖ਼ਾਸ, ਨਵੀਂ ਦਿੱਲੀ-110 016